੧ ਓ ਸ੍ਰੀ ਵਾਹਿਗੁਰੂ ਜੀ ਕੀ ਫ਼ਤਹ ॥

ਸ੍ਰੀ ਅਰਜਨ ਪ੍ਰਕਾਸ਼

ਦੋਹਰਾ—ਆਦਿ ਪੁਰਖ ਪਰਮਾਤਮਾ ਸਭ ਦੇਵਨ ਕੇ ਦੇਵ।
ਕਰੌਂ ਬੰਦਨਾ ਆਦਿ ਮੈਂ ਬਖ਼ਸ਼ੋ ਕਵਿਤਾ ਭੇਵ ॥ ੧ ॥
ਦੋਹਰਾ—ਗੁਰ ਨਾਨਕ ਥੀਂ ਆਦਿ ਲੈ ਦਸ ਗੁਰ ਪ੍ਰਿਥਮ ਮਨਾਇ।
ਚਰਿਤ ਰਚੋਂ ਅਰਜਨ ਗੁਰੂ ਬਿਘਨ ਪਵੈ ਨਹਿੰ ਕਾਇ॥੨॥
ਦੋਹਰਾ—ਗਾਥਾ ਪੰਚਮ ਗੁਰੂ ਕੀ ਕਵਿਤਾ ਸਾਫ਼ ਬਨਾਇ।
ਭੇਟ ਕਰੌਂ ਗੁਰ ਪੰਥ ਕੀ ਆਦਿਰ ਸਭ ਥਾਂ ਪਾਇ ॥੩॥
ਦੋਹਰਾ—ਬਲ ਕਵਿਤਾ ਕਾ ਬਖ਼ਸ਼ਣਾ ਘਰ ਕਾ ਦਾਸ ਪਛਾਨ।
ਸਤਿਗੁਰ ਲੱਜਾ ਰਾਖਨੀ ਮੇਰੀ ਬੁੱਧ ਅੰਞਾਨ ॥ ੪ ॥
ਦੋਹਰਾ—ਨਾਮ ਵਾਹਿਗੁਰੂ ਮੁੱਖ ਥੀਂ ਜਿਸ ਥਾਂ ਹੋਇ ਉਚਾਰ।
ਕੋਟ ਵਿਘਨ ਸਭ ਨਾਸ ਹੋਹਿੰ ਹਰ ਥਾਂ ਮੰਗਲ ਚਾਰ॥੫॥

(ਬੇਨਤੀ)

ਆਦਿਪੁਰਖ ਪਰਮਾਤਮਾ ਪਰੀਪੂਰਨਤੇਰੀਆਸ ਮੈਂ ਰਿਦੇਵਿੱਚਧਰੀ ਹੋਈ ਏ
ਦੇਵੀਦੇਵਤੇ ਕਿਸ਼ਨਤੇ ਬਿਸ਼ਨਦੇ ਥਾਂ ਇੱਕ ਓਟਤੇਰੀ ਸਦਾ ਫੜੀ ਹੋਈ ਏ
ਮਾਤਾਪਿਤਾ ਤੂੰਹੇਂ ਭਾਈਬੰਦ ਮੇਰਾ ਸੁਰਤ ਚਰਨ ਤੇਰੇਵਿੱਚ ਜੜੀ ਹੋਈ ਏ
ਤੇਰੇ ਬਾਝ ਸਹਾਈ ਨ ਕੋਈ ਕਿਧਰੇ ਮੇਰੇ ਰਿਦੇ ਵਿੱਚ ਸਿੱਖਯਾ ਭਰੀ ਹੋਈ ਏ
ਤੇਰੇ ਬਿਨਾ ਕੋਈਸਾਕ ਤੇਅੰਗਨਾਹੀਂ ਅਜ਼ਮਾਇਸ਼ ਮੇਰੀਪੂਰੀ ਕਰੀ ਹੋਈ ਏ
ਛੱਡੀ ਸਭਦੀ ਆਸ ਕਰਤਾਰ ਸਿੰਘਾ ਚੰਗੀ ਕਿਸੇਪਾਸੋਂ ਨਹੀਂ ਸਰੀ ਹੋਈ ਏ

(ਤਥਾ)

ਪੂਰਨਜੋਤ ਤੇਰੀ ਹਰ ਥਾਂ ਨਜ਼ਰ ਆਵੇ ਜਿਸਤਰਫ਼ ਹੀ ਨਿਗ੍ਹਾ ਪਸਾਰ ਦੇਖਾਂ
ਜ਼ੱਰਰੇ ਜ਼ੱਰਰੇ ਤੇਅਕਲ ਹੈਰਾਨ ਹੋਵੇ ਤੇਰੀ ਕੁਦਰਤ ਅਜਬ ਕਰਤਾਰ ਦੇਖਾਂ
ਨਿੱਕੀਕੀੜੀ ਦੇਵਿੱਚ ਤੂੰ ਜਿਵੇਂ ਦਿੱਸੇਂ ਓਵੇਂ ਹਾਥੀ ਦੇ ਵਿੱਚ ਆਕਾਰ ਦੇਖਾਂ
ਜਿਵੇਂ ਵੱਸਯੋਂ ਵਿੱਚ ਪ੍ਰਮਾਣੂਆਂ ਦੇ ਤਿਵੇਂ ਰਮਯੋਂ ਵਿੱਚ ਪਹਾਰ ਦੇਖਾਂ

ਜਲਾਂਥਲਾਂ ਅੰਦਰ ਤੂੰਹੇਂ ਨਜ਼ਰਆਵੇਂ ਕਿਤੇ ਨਰ ਕਿਤੇ ਹੋਯਾ ਨਾਰ ਦੇੱਖਾਂ
ਕਿਤੇ ਮੋਮਨ,ਸਿੱਖ,ਈਸਾਈਹਿੰਦੂ ਕਿਤੇ ਮਜ਼੍ਹਬਾਂ ਤੋਂ ਫਿਰਦਾ ਬਾਹਰ ਦੇੱਖਾਂ
ਭੱਠਾਂ ਲੌਂਦਿਆਂਵਿਚ ਭੀ ਤੂਹੇਂ ਵੱਸੇਂ ਤੂੰਗੁੰਜ਼ਾਰਦਾ ਵਿਚ ਗੁਲਜ਼ਾਰ ਦੇੱਖਾਂ
ਸਾਰੀ ਧਰਤ ਉੱਤੇ ਪਰਕਾਸ਼ ਤੇਰਾ ਕਰਦਾ ਵਿੱਚ ਆਕਾਸ਼ ਚਮਕਾਰ ਦੇੱਖਾਂ
ਚੰਦਾਂ ਸੂਰਜਾਂ ਤਾਰਯਾਂ ਵਿੱਚ ਰੋਸ਼ਨ ਤੇਰਾ ਨੂਰ ਜ਼ਹੂਰ ਅਪਾਰ ਦੇੱਖਾਂ
ਵਿੱਚ ਤਾਣੇ ਪੇੱਟੇ ਇੱਕੋ ਸੂਤ ਵਗਯਾ ਵਿੱਚ ਮਣਕਯਾਂ ਦੇ ਇੱਕੋ ਤਾਰ ਦੇੱਖਾਂ
ਸਾਰੀ ਧਰਤ ਆਕਾਸ਼ ਪਾਤਾਲ ਅੰਦਰ ਤੂੰਹੀਂ ਤੂੰ ਵਸਦਾ ਕਰਤਾਰ ਦੇੱਖਾਂ
ਦੂਈ ਮਿਟਗਈ ਵਿੱਚੋਂ ਕਰਤਾਰਸਿੰਘਾ ਹਰ ਸਮੇ ਹਰ ਥਾਂ ਦੀਦਾਰ ਦੇੱਖਾਂ

(ਵਾਕ ਕਵੀ)

ਮੈਨੂੰ ਚਾਉ ਗੁਰ ਪੰਥਦੇ ਜੱਸ ਦਾ ਏ ਦਿਲਚਾਹਿ ਸਦਾਗੀਤ ਗਾਉਂਦਾ ਰਹਾਂ
ਦੁਨਯਾਂਦਾਰੀਵਿੱਚੋਂਜਦੋਂ ਵਿਹਲਹੋਵੇਂਘਰਬੈਠ ਇਤਹਾਸਫੁਲਾਉਂਦਾ ਰਹਾਂ
ਨਹੀਂ ਚਾਉ ਕਿਸੇ ਖੇਡ ਖੇਡਣੇ ਦਾ ਗੁਰੂ ਪੰਥ ਦੇ ਗ੍ਰੰਥ ਬਨਾਉਂਦਾ ਰਹਾਂ
ਜਿਵੇਂ ਬਾਲਕ ਖੇਡਦੇ ਮੌਜ ਅੰਦਰ ਘੋੜੇ ਬੁੱਧ ਦੇ ਤਿਵੇਂ ਦੁੜਾਉਂਦਾ ਰਹਾਂ
ਪਤਾਨਹੀਂਕੁਝਡਿੰਗੀਆਂ ਸਿੱਧੀਆਂਦਾ ਬੈਠਾਖੂਹਕਿਆਰੀਆਂਪਾਉਂਦਾ ਰਹਾਂ
ਲੋਕ ਵਿੱਚ ਵਿਹਾਰਾਂ ਦੇ ਰਹਿਣ ਰੁੱਝੇ ਮੈਂ ਇਹੋ ਵਿਹਾਰ ਚਲਾਉਂਦਾ ਰਹਾਂ
ਗੁਰੂ ਪੰਥ ਦੇ ਯੱਸ ਦੇ ਫੁੱਲਾਂ ਉੱਤੇ ਗੁੰਜਾਰ ਕਰ ਸਮਾਂ ਟਪਾਉਂਦਾ ਰਹਾਂ
ਮੇਰੇ ਰੰਗ ਤਮਾਸ਼ੇ ਤੇ ਸੈਰ ਇਹੋ ਰਚ ਕਵਿਤਾ ਦਿਲ ਪਰਚਾਉਂਦਾ ਰਹਾਂ
ਇਹੋ ਅਮਲ ਤੇ ਇਹੋ ਖ਼ੁਰਾਕ ਮੇਰੀ ਇਹੋ ਸ਼ੁਗ਼ਲ ਹਮੇਸ਼ ਮਨਾਉਂਦਾ ਰਹਾਂ
ਸਭਮਜਲਸਾਂਭੁੱਲੀਆਂ ਚਿਰਾਂਦੀਆਂ ਇਹੋਮਜਲਸ ਘਰੇਹੀ ਲਾਉਂਦਾ ਰਹਾਂ
ਪੰਥ ਵਾਸਤੇ ਬੁੱਧ ਅਨੁਸਾਰ ਬਹਿਕੇ ਚੁਣ ਫੁੱਲਾਂ ਦੇ ਹਾਰ ਪੁਰਾਉਂਦਾ ਰਹਾਂ
ਪਤਾਨਹੀਂ ਗੁਲਾਬ ਕਿ ਅੱਕਦੇਫੁੱਲ ਲੜੀਆਂਜੋੜਕੇ ਨਿੱਤਰਖਾਉਂਦਾ ਰਹਾਂ
ਕਦਰਦਾਨ ਗ਼ਰੀਬ ਨਿਵਾਜ ਪੰਥਾ ਤੂੰ ਮਨਜ਼ੂਰ ਕਰੀਂਲਲਚਾਉਂਦਾ ਰਹਾਂ
ਜੋ ਕੁਝ ਸਰੇ ਮੈਥੋਂ ਕਰਤਾਰ ਸਿੰਘਾ ਤੇਰੇ ਚਰਨਾਂ ਵਿੱਚ ਪਹੁਚਾਉਂਦਾ ਰਹਾਂ

(ਕੁਦਰਤੀ ਖੇਲ)

ਕੁਝ ਦਿਨ ਜੇ ਕਵਿਤਾ ਛੱਡ ਦੇਵਾਂ ਉੱਤੇ ਜੀਭ ਦੇ ਸੁੱਤਯਾਂ ਵਾਲ ਦਿਸਦੇ
ਵਿੱਚ ਸੁਪਨੇ ਬਹੁਤ ਤਕਲੀਫ਼ਹੁੰਦੀ ਲੰਮੇ ਵਾਲਉੱਗੇ ਜੀਭਨਾਲ ਦਿਸਦੇ
ਚਿੱਤ ਲੱਗਦਾ ਕਿਸੇ ਭੀ ਕੰਮ ਤੇ ਨ ਮੁਨਤਸ਼ਿਰ ਹੋਇ ਸਾਰੇ ਖ਼ਯਾਲ ਦਿਸਦੇ
ਦਿਲਵਿੱਚਉਦਾਸੀਆਂ ਰਹਿਨਭਰੀਆਂਤੇ ਉਦਾਸਆਕਾਸ਼ਪਾਤਾਲ ਦਿਸਦੇ

ਜਿਵੇਂ ਬਾਲਕ ਦੁੱਧ ਆਧਾਰ ਜੀਵੇ ਓਸੇ ਤਰਾਂ ਦੇ ਹੀ ਮੇਰੇ ਹਾਲ ਦਿਸਦੇ
ਕਵਿਤਾਜ਼ਿੰਦਗੀਮੇਰੀ ਕਰਤਾਰਸਿੰਘਾਮੇਰੇਲਈਇਹਹੁਕਮਅਕਾਲ ਦਿਸਦੇ

(ਬੇਨਤੀ)

ਏਸੇ ਵਾਸਤੇ ਕਰੋ ਇਮਦਾਦ ਮੇਰੀ ਦੀਨਾਨਾਥ ਕਰਤਾਰ ਦਾਤਾਰ ਪ੍ਰਭ ਜੀ
ਗੁਰੂ ਯੱਸ ਅਥਾਹ ਸਮੁੰਦ ਸਾਗਰ ਮੈਂ ਨਾ ਜਾ ਸੱਕਾਂ ਐਵੇਂ ਪਾਰ ਪ੍ਰਭ ਜੀ
ਮੇਰੀ ਬੁੱਧ ਅੰਞਾਣ ਗੁਮਾਨ ਕੋਈਨ ਮੋਟੀਅਕਲ,ਹਾਂਮੂੜ੍ਹਗਵਾਰ ਪ੍ਰਭ ਜੀ
ਡਰ ਆਵੰਦਾ ਸੈਂਕੜੇ ਵਿਗਨਾਂਤੋਂਤੇਰੇ ਬਾਝ ਕੋਈ ਨ ਮਦਦਗਾਰ ਪ੍ਰਭ ਜੀ
ਦੁਨਯਾਂਦਾਰੀਖ਼ਵਾਰੀਲਾਚਾਰੀਭਾਰੀਖੁਸ਼ੀਰਹਿਨਾ ਹੈ ਚਿਤਦੁਸ਼ਵਾਰ ਪ੍ਰਭ ਜੀ
ਚਾਹੁੰਦਾਕਵੀਦਾਚਿੱਤਆਜ਼ਾਦੀਆਂਨੂੰਪਏ ਗ੍ਰਿਸਥਦੇ ਸਿਰ ਤੇ ਭਾਰ ਪ੍ਰਭ ਜੀ
ਪੈਰ ਪੈਰ ਉੱਤੇ ਠੇਡੇ ਲੱਗਦੇ ਨੇ ਕਈ ਵਾਰ ਡਿੱਗਾ ਮੂੰਹ ਦੇ ਭਾਰ ਪ੍ਰਭ ਜੀ
ਜਾਲ ਫਿਕਰਾਂ ਦੇ ਵਿੱਚ ਵਾਂਗ ਪੰਛੀ ਫਸ ਗਿਆ, ਰਿਹਾ ਫੱਟਕਾਰ ਪ੍ਰਭ ਜੀ
ਤੰਗ ਹੋਈ ਦੁਨੀਆਦਾਰੀ ਬਹੁਤ ਭਾਰੀਔਖੇਰਾਹਹੋਗਏ ਰੁਜ਼ਗਾਰ ਪ੍ਰਭ ਜੀ
ਸਾਹ ਸੌਖਾ ਨ ਆਵੇ ਕਰਤਾਰ ਸਿੰਘਾ ਚਿੱਤਫਿਕਰੀਂ ਰਹੇ ਉਡਾਰ ਪ੍ਰਭ ਜੀ

(ਤਥਾ)

ਲਿਖੀ ਨੌਕਰੀ ਮੇਰਿਆਂ ਵਿਚ ਕਰਮਾਂ ਸਦਾ ਵੱਸ ਬੇਗਾਨਿਆਂ ਪਾ ਛੱਡਯਾ
ਦਿੱਤਾ ਦਿਲ ਬੇ-ਕੀਮਤੀ ਲਾਲ ਹੈ ਸੀ ਪਰਾਧੀਨਤਾ ਵਿਚ ਫਸਾ ਛੱਡਯਾ
ਕੌਣ ਕਦਰ ਪਾਵੇਦਿਲਸ਼ਾਇਰ ਦੇ ਦੀ ਸੋਨਾ ਰਤੀਆਂ ਨਾਲ ਤੁਲਾ ਛੱਡਯਾ
ਇਕਦਰ ਨੌਕਰੀ ਮੇਰੇ ਨਸੀਬ ਲਿਖੀ ਦਿਲ ਬੇ ਪ੍ਰਵਾਹ ਬਣਾ ਛੱਡਯਾ
ਹੁੰਦੀ ਨੌਕਰੀ ਬਿਨ੍ਹਾ ਖੁਸ਼ਾਮਦੋਂ ਨ ਚੰਗੀ ਤਰ੍ਹਾਂ ਇਹ ਹੈ ਅਜ਼ਮਾ ਛੱਡਯਾ
ਫਿਕਰ ਰਾਤ ਦਿਨ ਸਿਰ ਅਸਵਾਰ ਰਹਿੰਦੇ ਆਜ਼ਾਦੀਨੂੰਜੰਦਰਾ ਲਾ ਛੱਡਯਾ
ਇਹਨਾਂਧੱਕਯਾਂਧੋੜਯਾਂ ਵਿੱਚਭੀ ਇਹ ਵੱਡਾਸ਼ਿਅਰਦਾਬਹਿਰ ਵਗਾ ਛੱਡਯਾ
ਪੂਰਾ ਲੈ ਕਰਾ ਕਰਤਾਰ ਸਿੰਘਾ ਜਿਹੜਾ ਫਰਜ਼ ਮੇਰੇ ਜ਼ੁੱਮੇ ਲਾ ਛੱਡਯਾ

(ਤਥਾ)

ਕਵਿਤਾ ਕਰਨ ਵਾਲਾ ਦਿੱਲ ਦਿੱਤਾ ਸੀ ਜੇ ਖੁਲੀ ਦੌਲਤ ਬੇਸ਼ੁਮਾਰ ਦੇਂਦੋਂ
ਪੈਂਦੇ ਫਿਕਰ ਨ ਖਾਨ ਤੇ ਪੀਨ ਸੰਦੇ ਬੈਠੇ ਸੁੱਤੇ ਨੂੰ ਭੇਜ ਆਹਾਰ ਦੇਂਦੋਂ
ਖੁੱਲੀ ਧਰਤ ਹੀ ਕਿਧਰੇ ਦੇ ਛੱਡਦੋਂ ਯਾ ਬਣਾ ਮੈਨੂੰ ਸ਼ਾਹੂਕਾਰ ਦੇਂਦੋਂ
ਕਿਸੇ ਰਾਜੇ ਦੇ ਤਈਂ ਪ੍ਰੇਰਨਾ ਕਰ ਮਿਹਰਬਾਨ ਬਣਾ ਤੂੰ ਯਾਰ ਦੇਂਦੋਂ
ਬੈਠਾ ਲਿਖਦਾਆਵੰਦੀ ਦਿਲਜਿਹੜੀ ਕਰ ਚਿੱਤਦੇ ਫ਼ਿਕਰ ਉਡਾਰ ਦੇਂਦੋਂ

ਕੀਹ ਘਾਟਾ ਸੀ ਤੈਨੂੰ ਕਰਤਾਰਸਿੰਘਾ ਜੇ ਮਿਹਰ ਇਹ ਕਰ ਕਰਤਾਰ ਦੇਂਦੋਂ

(ਤਥਾ)

ਯਾਂ ਦਿਹ ਹੁਣ ਕੋਈ ਜਾਗੀਰ ਮੈਨੂੰ ਯਾ ਚਿੱਤ ਨੂੰ ਸ਼ਾਂਤ ਕਰਾ ਦਿਹ ਤੂੰ
ਹੀਲਾ ਕੋਈ ਵਸੀਲਾ ਬਣਾ ਜਲਦੀ ਪਰਾਧੀਨਤਾ ਹੱਥੋਂ ਛੁੜਾ ਦਿਹ ਤੂੰ
ਜੇੜ੍ਹੀਗੁਜ਼ਰਗਈ ਏ ਸੋ ਤਾਂ ਗੁਜ਼ਰਗਈਏ ਹੁਣਅਗਲੀਗੱਲਬਣਾ ਦਿਹ ਤੂੰ
ਰਹਿੰਦੀ ਬੀਤ ਜਾਵੇ ਨਿਸਚਿੰਤ ਹੋ ਕੇ ਭੈੜੀ ਭਟਕਣਾ ਸਭ ਮੁਕਾ ਦਿਹ ਤੂੰ
ਗੁਰੂ ਪੰਥ ਦੇ ਬੈਠਕੇ ਗੀਤ ਗਾਵਾਂ ਮਾਲਾ ਨਾਮ ਦੀ ਹੱਥ ਫੜਾ ਦਿਹ ਤੂੰ
ਕਰਲੈ ਆਪਣਾਦਾਸ ਕਰਤਾਰਸਿੰਘਨੂੰ ਸਿਰੋਂਛੱਟਗੁਲਾਮੀ ਲੁਹਾ ਦਿਹ ਤੂੰ

(ਤਥਾ)

ਤੇਰਾ ਫੇਰ ਭੀ ਸ਼ੁਕਰ ਹਜ਼ਾਰ ਆਖਾਂ ਮੈਥੋਂ ਕੁਝ ਨ ਕੁਝ ਕਰਵਾਈ ਜਾਵੇਂ
ਤੇਰੀ ਮਿਹਰ ਤੂੰ ਦਿਹ ਅਰੋਗ ਬਖਸ਼ੀ ਤੰਦਰੁਸਤੀ ਉਮਰ ਲੰਘਾਈ ਜਾਵੇਂ
ਹਰਸਾਲ ਗੁਰਪੰਥ ਦੇ ਯੱਸ ਦਾ ਜੀ ਗ੍ਰੰਥ ਕੋਈ ਨ ਕੋਈ ਬਣਵਾਈ ਜਾਵੇਂ
ਹੈ ਬਖਸ਼ਯਾ ਧੁਰੋਂ ਜੋ ਆਹਰ ਮੈਨੂੰ ਉਹ ਮਾੜਾ ਚੰਗਾ ਨਿਭਵਾਈ ਜਾਵੇਂ
ਮੇਰੇਵਿਚ ਨ ਬੁੱਧ ਨ ਸ਼ਕਤਕੋਈ ਕਲਮ ਮਿਹਰਦੇਨਾਲ ਚਲਵਾਈ ਜਾਵੇਂ
ਮੈਂ ਨਾਚੀਜ਼ ਦੇ ਤਈਂਕਰਤਾਰਸਿੰਘਾਨੀਚੋਂਉਚਕਰ ਸ਼ਾਨ ਵਧਾਈ ਜਾਵੇਂ

(ਸਤਿਗੁਰਾਂ ਦੇ ਪਾਸ ਬੇਨਤੀ)

ਸ੍ਰੀ ਪੰਚਮ ਪਾਤਸ਼ਾਹ ਗੁਰੂਅਰਜਨ ਮੇਰੀਅਰਜ਼ਇਹ ਖਾਸ ਮਨਜ਼ੂਰ ਕਰਯੋ
ਯੱਸ ਆਪਦਾ ਕਲਮਫੜ ਲਿਖਣਲੱਗਾ ਮਾਰਵਿਘਨ ਉਪੱਦ੍ਰਵਦੂਰ ਕਰਯੋ
ਸੋਹਣੇ ਆਪ ਪ੍ਰਸੰਗ ਲਿਖਵਾ ਲੈਣੇ ਚਮਤਕਾਰ ਤੇ ਰਸ ਭਰਪੂਰ ਕਰਯੋ
ਕਰਦਾ ਸ਼ੁਰੂ ਪ੍ਰਸੰਗ ਕਰਤਾਰ ਸਿੰਘਾ, ਮੇਰੀ ਮੱਦਦ ਆਪ ਜ਼ਰੂਰ ਕਰਯੋ

(ਪ੍ਰਸੰਗ ਸ਼ੁਰੂ)

ਇਹ ਸਤਿਗੁਰੂ ਸੋਲਾਂ ਸੋ ਦਸ ਬਿਕ੍ਰਮ ਢਲੀ ਰਾਤ ਹੈਸਨ ਅਵਿਤਾਰ ਹੋਏ
ਮੰਗਲਵਾਰ ਵੈਸਾਖੋਂ ਅਠਾਰਵੀਂ ਸੀ ਪੂਰਨ ਜੋਤ ਪ੍ਰਗਟ ਸੰਸਾਰ ਹੋਏ
ਪੰਦ੍ਰਾਂ ਸੋ ਚੁਰੰਜਵਾਂ ਈਸਵੀ ਸੀ ਹਿਜਰੀ ਨ ਸੋ ਬਿਆਸੀ ਇਜ਼ਹਾਰ ਹੋਏ
ਗੁਰੂ ਨਾਨਕ ਚੌਰਾਸੀਆਂ ਸਾਲ ਹੈਸੀ ਦਿੱਲੀ ਤਖ਼ਤ ਚੁਗੱਤੇ ਸਰਦਾਰ ਹੋਏ
ਬਾਦਸ਼ਾਹੀ ਹਿਮਾਯੂੰ ਦੀ ਹਿੰਦ ਅੰਦਰ ਤੇ ਪਠਾਨ ਸਨ ਦੇਸ ਤੋਂ ਬਾਹਰ ਹੋਏ
ਰਾਮਦਾਸ ਸਤਿਗੁਰੂ ਦੇ ਘਰ ਆਕੇ ਮਾਤਾਭਾਨੀ ਦੀ ਕੁੱਖ ਤੋਂ ਜ਼ਾਹਰ ਹੋਏ
ਗੋਇੰਦਵਾਲ ਬਿਆਸ ਦਰਿਆ ਕੰਢੇ ਰੱਬੀ ਨੂਰ ਜ਼ਹੂਰ ਦਾਤਾਰ ਹੋਏ

ਵਰਤੀ ਸ਼ਾਂਤੀ ਜੱਗ ਕਰਤਾਰ ਸਿੰਘਾ ਅੰਬਰ ਧਰਤ ਤੇ ਮੰਗਲਾਚਾਰ ਹੋਏ

(ਵਾਕ ਕਵੀ)

ਸਾਰੀ ਜਨਮ ਕਥਾ ਅਤੇ ਬਾਲਲੀਲ੍ਹਾ ਏਥੇ ਲਿਖਣੀ ਨਹੀਂ ਦਰਕਾਰ ਦੇਖੋ
ਰਾਮਦਾਸ ਸਤਿਗੁਰੂਦੀ ਕਥਾਅੰਦਰ ਸਾਰੇ ਹਾਲ ਪੜ੍ਹ ਨਾਲ ਵਿਸਥਾਰ ਦੇਖੋ
ਓਥੇ ਥਾਂ ਪਰ ਥਾਂ ਸਿਰ ਸਭ ਗੱਲਾਂ ਹੈਨ ਲਿਖੀਆਂ ਕਰ ਵਿਚਾਰ ਦੇਖੋ
ਏਥੇ ਗੱਦੀ ਤੇ ਬੈਠਣੋਂ ਲੈ ਕਰਕੇ ਜੋਤੀ ਜੋਤ ਸਮਾਉਨ ਤੱਕ ਸਾਰ ਦੇਖੋ
ਚੁਣ ਚੁਣ ਪ੍ਰਸੰਗ ਸਭ ਲਿਖੇ ਜਾਵਨ ਠੀਕ ਕਰ ਇਤਹਾਸ ਅਨੁਸਾਰ ਦੇਖੋ
ਸਤਿਗੁਰਾਂ ਦਾ ਯੱਸ ਕਰਤਾਰ ਸਿੰਘਾ ਪੜ੍ਹੋ ਸੁਣੋ ਤੇ ਨਾਲ ਪਯਾਰ ਦੇਖੋ

(ਤਥਾ)

ਰਾਮਦਾਸ ਸਤਿਗੁਰੂ ਦੇ ਤਿੰਨ ਬੇਟੇ ਪ੍ਰਿਥੀ ਚੰਦ ਵੱਡਾ ਆੱਕੜਖਾਨ ਭਾਈ
ਕਾਰਬਾਰ ਸਪੁਰਦ ਸਭ ਓਸਦੇ ਸਨ ਸਾਰੇ ਹੱਥ ਵਿੱਚ ਸਾਜ ਸਮਾਨ ਭਾਈ
ਮਾਯਾ ਧਾਰੀ ਹੋ ਗਿਆ ਗੁਮਾਨ ਵਾਲਾ ਮਗ਼ਰੂਰ ਤੇ ਨਾ ਫ਼ਰਮਾਨ ਭਾਈ
ਮਹਾਂ ਦੇਵ ਵਿਚਘਾਰਲਾ ਬੜਾ ਭੋਲਾ ਪੂਰਨ ਸੰਤ ਸੁਭਾਵ ਮਸਤਾਨ ਭਾਈ
ਅੱਠੇ ਪਹਿਰ ਸਮਾਧ ਸਥਿੱਤ ਰਹਿੰਦਾ ਕਾਰਬਾਰ ਦਾ ਨ ਸੀ ਧਯਾਨ ਭਾਈ
ਸ੍ਰੀ ਅਰਜਨ ਤੀਸਰੇ ਥਾਂ ਛੋਟੇ ਸ਼ਾਂਤ ਰੂਪ ਵੱਡੇ ਭਾਗਵਾਨ ਭਾਈ
ਮੱਥੇ ਤੇਜ ਪ੍ਰਤਾਪ ਦੀ ਚਮਕ ਭਾਰੀ ਅਵਿਤਾਰਾਂ ਦੇ ਸਭ ਨਿਸ਼ਾਨ ਭਾਈ
ਨਿੰਮ੍ਰਤਾਈ ਤੇ ਸੀਲ ਸੁਭਾਵ ਮਿਠਾ ਰਸ ਕੁਦਰਤੀ ਵਿੱਚ ਜ਼ਬਾਨ ਭਾਈ
ਮੁੱਖ ਵਿਹੰਦਯਾਂ ਚਿੱਤ ਤੇ ਸ਼ਾਂਤਵਰਤੇ ਗੱਲਾਂ ਉੱਚੀਆਂ ਸਦਾ ਸੁਣਾਨ ਭਾਈ
ਗੁਰ ਗੱਦੀ ਦੇ ਯੋਗਕਰਤਾਰਸਿੰਘਾ ਇਹੋ*ਗੁਰਾਂ ਕਰ ਲਈ ਪਛਾਨ ਭਾਈ

(ਤਥਾ)

ਮਹਾਂ ਦੇਵ ਨੂੰ ਇਛਯਾ ਕੋਈ ਨ ਸੀ ਓਹਦਾਮੁੱਢਤੋਂ ਮਸਤ ਸੁਭਾਇ ਡਿੱਠਾ
ਪ੍ਰਿਥੀਚੰਦਅੰਦਰ ਚੰਚਲਤਾਈ ਭਾਰੀ ਬਹੁਤਕੰਮਾਂਦੇਵਿੱਚ ਅਜ਼ਮਾਇ ਡਿੱਠਾ
ਗੁਰ ਗੱਦੀ ਅਮੋਲਕ ਦਾਤ ਰੱਬੀ ਦੋਹਾਂ ਪੁੱਤਰਾਂ ਦੇ ਤਈਂ ਤਾਇ ਡਿੱਠਾ
ਦੋਇ ਯੋਗ ਨ ਗੱਦੀਦੇ ਸਮਝ ਲਏ ਚੌਥੇਪਾਤਸ਼ਾਹ ਸੁਰਤਟਿਕਾਇ ਡਿੱਠਾ
ਸ੍ਰੀ ਅਰਜਨਦੇਵ ਨੂੰ ਯੋਗ ਪਾਯਾ ਚੰਗੀ ਤਰ੍ਹਾਂ ਬਹੁ ਵਾਰ ਠੁਣਕਾਇ ਡਿੱਠਾ
ਜਿਦੀ ਵਸਤ ਸੀ ਓਸ ਨੂੰ ਦੇਵਨੀ ਸੀ ਸੁੱਧ ਪਾਤ੍ਰ ਸੋਧ ਸੁਧਾਇ ਡਿੱਠਾ
ਵੱਡਾ ਸਿੱਖੀ ਜਹਾਜ਼ ਚਲਾਵਨੇ ਲਈ ਸ੍ਰੀ ਅਰਜਨ ਖ਼ਾਸ ਮਲਾਹਿ ਡਿੱਠਾ

---

*ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ।

ਦਿੱਤੀਸੋਂ ਪਗੁਰਿਆਈ ਕਰਤਾਰਸਿੰਘਾ ਹੀਰਾਜੌਹਰੀਪਰਖਪਰਖਾਇ ਡਿੱਠਾ

(ਸ੍ਰੀ ਅਰਜਨ ਦੇਵ ਜੀ ਨੇ ਗੁਰ ਗਦੀ ਸੰਭਾਲਨੀ)

ਸੋਲਾਂ ਸੌ ਅਠੱਤੀਆਂ ਸਾਲ ਹੈਸੀ ਭਾਦੋਂ ਸੁਦੀ ਦੀ ਏਕਮ ਜਾਨ ਲਵੋ
ਸ੍ਰੀ ਅੰਮ੍ਰਿਤਸਰ ਦੇ ਵਿਚ ਗੱਦੀ ਬੈਠੇ ਅਰਜਨ ਦੇਵ ਪਛਾਨ ਲਵੋ
ਬਾਣੀ ਬੋਹਿਥ ਸ਼ਕਤ ਭੰਡਾਰ ਵੱਡੇ ਪੂਰਨ ਪੁਰਖ ਮਹਾਂ ਰਿਖੀ ਸੰਵਾਨ ਲਵੋ
ਝੁਕੀਆਂ ਸੰਗਤਾਂ ਸਭ ਕਰਤਾਰ ਸਿੰਘਾ ਗੁਰੂ ਰੂਪ ਪਛਾਨ ਸਿਆਨ ਲਵੋ

(ਪ੍ਰਿਥੀ ਚੰਦ ਦੀਆਂ ਕੁਚਾਲਾਂ)

ਰਾਮਦਾਸ ਸਤਿਗੁਰੂਜੀ*ਸੁਧਾਸਰਤੋਂ ਗੋਇੰਦਵਾਲਜਾ ਜੋਤਸਮਾਇ ਹੈਸਨ
ਸ੍ਰੀ ਅਰਜਨ ਦੇਵ ਜੀ ਗਏ ਓਥੇ ਸਾਰੇ ਅੰਤਮ ਕਰਮ ਨਿਬਾਹਿ ਹੈਸਨ
ਕੁਝ ਦਿਨ ਓਸੇ ਥਾਂ ਲੱਗ ਗਏ ਪ੍ਰਿਥੀ ਚੰਦ ਪਾਖੰਡ ਖਿੰਡਾਇ ਹੈਸਨ
ਪਹੁੰਚਅੰਮ੍ਰਿਤਸਰ ਆ ਬੈਠ ਗੱਦੀ ਵੱਡੇ ਮਾਯਾ ਦੇ ਜਾਲ ਫੈਲਾਇ ਹੈਸਨ
ਕਈ ਮੁਫ਼ਤ ਖ਼ੋਰੇ ਤੇ ਮਸੰਦ ਲੋਭੀ ਖਿੱਚ ਆਪਣੇ ਵੱਲ ਕਰਾਇ ਹੈਸਨ
ਵੱਡਾ ਪੁੱਤ ਗੱਦੀ ਮੇਰਾ ਹੱਕ ਜੱਦੀ ਮੈਂ ਹਾਂ ਗੁਰੂ, ਹੰਕਾਰ ਜਤਾਏ ਹੈਸਨ
ਲਿਖ ਹੁਕਮ ਨਾਮੇ ਨਾਮ ਆਪਣੇ ਦੇ ਵਿੱਚ ਦੇਸਾਂ ਪ੍ਰਦੇਸਾਂ ਫੈਲਾਇ ਹੈਸਨ
ਗੁਰੂ ਬਣਨ ਦੇ ਲਈ ਕਰਤਾਰਸਿੰਘਾ ਜ਼ੋਰ ਓਸਨੇ ਬਹੁਤ ਹੀ ਲਾਇ ਹੈਸਨ

(ਤਥਾ)

ਕਈਆਂ ਚਿਰਾਂ ਤੋਂ ਘਰਦਾ ਕੰਮ ਸਾਰਾ ਪ੍ਰਿਥੀਚੰਦ ਹੀ ਨਿਰਾ ਚਲਾਵੰਦਾ ਸੀ
ਆਈਆਂ ਸੰਗਤਾਂ ਤਈ ਸੰਭਾਲਦਾ ਸੀ ਕਾਰਭੇਟ ਸਾਰੀ ਉਗਰਾਹਵੰਦਾ ਸੀ
ਇਹਦੇ ਹੱਥਸੀ ਆਮਦਨ ਖ਼ਰਚਸਾਰਾ ਆਪੇਰੱਖਦਾ ਆਪੇ ਖ਼ਰਚਾਵੰਦਾ ਸੀ
ਰਾਮਦਾਸਪੁਰ ਦੀ ਹੈਸੀਆਮਦਨ ਜੋ ਸਾਰੀ ਇਹੋ ਹੀ ਲੈਂਦਾ ਲਵਾਵੰਦਾ ਸੀ
ਵਿੱਚ ਸਿੱਖੀਸੀ ਵਾਕਫ਼ੀਬਹੁਤਭਾਰੀ ਨਾਲੇਟਿੱਕਾਸਾਹਿਬ ਅਖਵਾਵੰਦਾ ਸੀ
ਮੇਲ ਜੋਲ ਸੀ ਸਾਰੀਆਂ ਸੰਗਤਾਂ ਦਾ ਹਰਇਕ ਓਸੇਨੂੰ ਪੁੱਛ ਪੁਛਾਵੰਦਾ ਸੀ
ਓਸ ਵਾਕਫ਼ੀਦਾ ਲਾਭਹੁਣਲਿਆ ਪੂਰੀਖ਼ਾਹਿਸ਼ਹੋਈਜਿਹੜੀਚਾਹਵੰਦਾ ਸੀ
ਗੁਰੂ ਬਣ ਬੈਠਾ ਕਰਤਾਰ ਸਿੰਘਾ ਦਿਲੋਂ ਖੁਸ਼ੀਆਂ ਬਹੁਤ ਮਨਾਵੰਦਾ ਸੀ

(ਵਾਕ ਕਵੀ)

ਭੋਲੇ ਭਾਲੇ ਸਿੱਖਾਂ ਗੁਰੂ ਮੰਨ ਲਿਆ ਪੂਰੇ ਸਿੱਖਾਂ ਨੇ ਚਿੱਤ ਡੁਲਾਇਆ ਨ
ਗੁਰੂ ਅੰਸ਼ ਕਰ ਅਦਬ ਅਦਾਬ ਰੱਖਦੇ ਗੁਰੂ ਮੰਨਕੇ ਸੀਸ ਝੁਕਾਇਆ ਨ
ਜਿਨ੍ਹੂੰ ਮਿਲੀ ਗੱਦੀ ਓਹੋ ਗੁਰੂ ਪੂਰਾ ਆਪੇ ਗੁਰਤਾ ਨੂੰ ਕਿਸੇ ਪਾਇਆ ਨ

*ਪਹਿਲਾਂਗੁਰੂ ਚੱਕ ਯਾ ਰਾਮਦਾਸ ਪੁਰਾ ਨਾਮ ਸੀ।

ਇਹ ਦਾਤ ਕਰਤਾਰ ਤੇ ਬਖਸ਼ ਧੁਰਦੀ ਕੋਈ ਕਿਸੇਦਾ ਏਸਤੇ ਸਾਇਆ ਨ
ਨਾਮ ਧਨ ਤੇ ਭਗਤ ਭੰਡਾਰ ਰੱਬੀ ਜਾਵੇ ਜ਼ੋਰ ਦੇ ਨਾਲ ਵੰਡਾਇਆ ਨ
ਚੰਦ ਚੜ੍ਹਯਾ ਵਿੱਚ ਅਕਾਸ਼ ਪੂਰਾ ਜਾਇ ਕਿਸੇ ਤੋਂ ਮੂਲ ਛਪਾਇਆ ਨ
ਪ੍ਰਿਥੀ ਚੰਦ ਗੁਰੂ ਆਪੇ ਬਣ ਬੈਠਾ ਮਨ ਵਿੱਚ ਵਿਚਾਰ ਲਿਆਇਆ ਨ
ਅੱਗੇ ਸੱਚ ਦੇ ਕੱਚ ਕਰਤਾਰਸਿੰਘਾ ਦਾਨੇ ਆਖਦੇ ਕਦੇ ਠਹਿਰਾਇਆ ਨ

(ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੋਇੰਦਵਾਲ ਤੋਂ ਆਵਨਾ)

ਕੁਝ ਦਿਨ ਰਹਿਕੇਗੋਇੰਦਵਾਲਅੰਦਰਗੁਰੂ ਚੱਕ ਨੂੰ ਸਤਿਗੁਰੂ ਆਵੰਦੇ ਜੀ
ਵੱਡੇ ਗੁਰਾਂ ਦੀ ਪਕੜੀ ਚਾਲ ਸਾਰੀ ਯਥਾ ਸ਼ਕਤ ਆ ਲੰਗਰ ਲਾਵੰਦੇ ਜੀ
ਆਯਾਂ ਸਿੱਖਾਂ ਦਾ ਆਦਰ ਮਾਨ ਕਰਦੇ ਸਤਿਨਾਮ ਉਪਦੇਸ਼ ਸੁਣਾਵੰਦੇ ਜੀ
ਰਾਤ ਪਿਛਲੀ ਨਿੱਤ ਅਸ਼ਨਾਨ ਕਰਦੇ ਬਿਰਤੀ ਸ੍ਵੈ ਸ੍ਵਰੂਪ ਟਿਕਾਵੰਦੇ ਜੀ
ਦਿਨ ਚੜ੍ਹਦਾਲਾਇ ਦੀਵਾਨ ਬਹਿੰਦੇਕਰਦੇ ਕੀਰਤਨਅਤੇਕਰਵਾਵੰਦੇ ਜੀ
ਗੁਰੂ ਘਰ ਦੇ ਪੂਰਨ ਸਿੱਖ ਸਾਰੇ ਗੁਰੂ ਮੰਨ ਕੇ ਸੇਵ ਕਮਾਵੰਦੇ ਜੀ
ਗੁਰੂ ਸ਼ਾਂਤ ਸੁਭਾਵਵਿੱਚਮਸਤ ਰਹਿੰਦੇਜਿਵੇਂ ਨਿਭਦਾ ਖ਼ਰਚ ਨਿਭਾਵੰਦੇ ਜੀ
ਪ੍ਰਿਥੀਚੰਦਨੂੰ ਆਖਦੇ ਕੁਝ ਭੀ ਨ ਵੱਡਾ ਸਮਝਕੇ ਅਦਬ ਰਖਾਵੰਦੇ ਜੀ
ਭਾਵੇਂ ਓਸਦੇਆਦਮੀ ਰਾਤਦਿਨੇ ਫਿਰਨਸਿੱਖਾਂਤਾਈਂ ਵਰਗਲਾਵੰਦੇ ਜੀ
ਆਈਆਂ ਸੰਗਤਾਂ ਨੂੰ ਰਾਹੋਂ ਘੇਰਕਹਕੇ ਕਈਮ ਕਰ ਫ਼ਰੇਬ ਫੈਲਾਵੰਦੇ ਜੀ
ਵੇਲਾ ਜਦੋਂ ਪ੍ਰਸਾਦਿ ਦਾ ਆਣਹੁੰਦਾ ਲੰਗਰਗੁਰਾਂ ਦੇ ਲਿਆ ਬੈਠਾਵੰਦੇ ਜੀ
ਕਈ ਕਰਕੇ ਹੋਰ ਅਯੋਗ ਕਾਰਾਂ ਹਰ ਤਰ੍ਹਾਂ ਨੁਕਸਾਨ ਪੁਚਾਵੰਦੇ ਜੀ
ਗੁਰੂ ਅਰਜਨ ਦੇਵ ਕਰਤਾਰ ਸਿੰਘਾਂ ਸਮਾ ਸ਼ਾਂਤੀ ਨਾਲ ਲੰਘਾਵੰਦੇ ਜੀ

(ਸ੍ਰੀ ਗੁਰੂ ਜੀ ਨੇ ਪ੍ਰਿਥੀ ਚੰਦ ਤੋਂ ਲਾਂਭੇ ਹੋਕੇ ਕੁਝ ਦਿਨ ਗੁਜਾਰਨੇ)

ਪ੍ਰਿਥੀਆਬਹੁਤ ਬਖਾਂਧ ਵਧਾਈ ਜਾਂਦਾ ਭਾਰਾ ਜ਼ੋਰ ਕੁਪੱਤ ਦਿਖਾਇਕੇ ਜੀ
ਗੁਰੂ ਅਰਜਨ ਸ਼ਾਂਤ ਸਰੂਪ ਭਾਰੇ ਕੁਝ ਦਿਨ ਇਸ ਤਰ੍ਹਾਂ ਲੰਘਾਇਕੇ ਜੀ
ਗੁਰੂ ਚੱਕ ਨੂੰ ਛੱਡਕੇ ਨਿਕਲਟੁਰੇ ਥੋੜਾ ਬਹੁਤ ਸਾਮਾਨ ਲਦਵਾਇਕੇ ਜੀ
ਸੋਲਾਂ ਸੋ ਇਕਤਾਲੀਆਂ ਸਾਲ ਜਾਂਦਾ ਪੂਰਬ ਦੱਖਣ ਰੁਖ ਰਖਾਇ ਕੇ ਜੀ
ਜਿੱਥੇ ਤਰਨਤਾਰਨ ਓੱਥੇ ਉੱਤਰੇ ਜਾ ਦੁਪਹਿਰਦਾ ਸਮਾ ਬਤਾਇ ਕੇ ਜੀ
ਏਥੇ ਤੀਰਥ ਪ੍ਰਗਟੇ ਕਿਸੇ ਸਮੇ ਇਹ ਭਵਿਖੱਤ ਵਾਕ ਸੁਣਾਇ ਕੇ ਜੀ
ਓਥੋਂ ਚੱਲ ਕੇ ਛੱਪਰੀ ਜਾਇ ਠਹਿਰੇ ਭਾਈ ਹੇਮੇ ਦਾ ਖੂਹ ਪੁਛਾਇਕੇ ਜੀ

ਕੀਤੀ ਓਸ ਸੇਵਾ ਮਨਚਿੱਤਲਾਕੇ*ਸ਼ਬਦ ਉਚਾਰਯਾ ਗੁਰਾਂ ਸੁਭਾਇਕੇ ਜੀ
ਅੱਗੇ ਪਾਸ ਸਿਰਹਾਲੀ ਦੇ ਉੱਤਰੇ ਜਾ ਸਿੱਖ ਮਿਲੇ ਪ੍ਰੀਤ ਵਧਾਇਕੇ ਜੀ
ਕੁਝ ਦਿਨ ਓਥੇ ਸਤਿਗੁਰੂ ਠਹਿਰੇ ਆਈਆਂ ਸੰਗਤਾਂ ਹੁੰਮ ਹੁਮਾਇਕੇ ਜੀ
ਜੋਗੀ ਵਿੱਚ ਸਿਰਹਾਲੀਦੇਇੱਕ ਰਹਿੰਦਾਵੱਡੀ ਈਰਖਾ ਓਸ ਵਧਾਇਕੇ ਜੀ
ਕੁਝ ਜੱਟਾਂ ਨੂੰ ਆਪਣੇਵੱਲ ਕੀਤਾ ਉਲਟ ਪੁਲਟ ਗੱਲਾਂ ਸਿਖਲਾਇਕੇ ਜੀ
ਓਹਨਾਂ ਮੂੜ੍ਹਾਂ ਨੇ ਆਇਕੇ ਆਖ ਦਿੱਤਾ ਏਥੋਂ ਹੁਣੇ ਸਾਮਾਨ ਉਠਾਇਕੇ ਜੀ
ਕਿਤੇ ਹੋਰ ਥਾਂ ਜਾਇਕੇ ਕਰੋ ਡੇਰਾ ਨ ਸਮਝੇ ਰਹੇ ਸਮਝਾਇਕੇ ਜੀ
ਅੰਤ ਗੁਰੂ ਜੀ ਨੇ ਇਕ ਇੱਟ ਲੈਕੇ ਟੋੱਟੇ ਓਸ ਦੇ ਚਾਰ ਕਰਾਇ ਕੇ ਜੀ
ਓਹ ਚੌਹੀਂ ਪਾਸੀਂ ਦੂਰ ਫੈਂਕ ਦਿੱਤੇ ਆਪ ਉੱਠ ਬੈਠੇ ਮੁਸਕ੍ਰਾਇਕੇ ਜੀ
ਫੇਰ ਕੁਝ ਕੂ ਜੱਟਾਂ ਨੇ ਹੋ ਅੱਗੇ ਚਰਨ ਫੜ ਲਏ ਘਬਰਾਇਕੇ ਜੀ
ਗੁੱਸੇ ਹੋ ਨ ਗੁਰੂ ਜੀ ਜਾਓ ਏਥੋਂ ਕਹਯਾ ਮੂਰਖਾਂ ਨੇ ਐਵੇਂ ਆਇਕੇ ਜੀ
ਗੁਰਾਂ ਆਖਿਆ ਟੋੱਟੇ ਓਹ ਕਰੋ ਕੱਠੇ ਜੱਟ ਢੂੰਡ ਲਿਆਉਂਦੇ ਜਾਇਕੇ ਜੀ
ਲੱਭੇ ਤਿੰਨ ਚੋਥਾ ਕਿਤੇ ਗੁੰਮ ਹੋਯਾ ਕਹਿੰਦੇ ਗੁਰੂ ਮੁਖੋਂ ਫੁਰਮਾਇ ਕੇ ਜੀ
ਖੇਤੀ ਤਿੰਨ ਪਾਸੇ ਏਸ ਪਿੰਡ ਹੋਵੇ ਚੋਥਾ ਕੱਲਰ ਹੋਇ ਸਮਾ ਪਾਇ ਕੇ ਜੀ
ਓਹ ਬਚਨਹੁਣ ਠੀਕ ਕਰਤਾਰ ਸਿੰਘਾਭਾਵੇਂ ਗਏ ਨੇ ਸਮੇ ਵਿਹਾਇਕੇ ਜੀ

(ਸ੍ਰੀ ਗੁਰੂ ਜੀ ਨੇ ਸਿਰਹਾਲੀ ਤੋਂ ਭੈਣੀ (ਚੋੱਲ੍ਹੇ) ਜਾਨਾ)

ਓਥੋਂ ਉੱਠ ਸਤਿਗੁਰੂ ਜੀ ਗਏ ਭੈਣੀ ਇੱਕ ਸਿੱਖ ਲਏ ਅੱਟਕਾ ਭਾਈ
ਓਹਦੇ ਘਰ ਪ੍ਰੇਮ ਦੇ ਵੱਸ ਹੋ ਕੇ ਸਤਿਗੁਰੂ ਜੀ ਉੱਤਰੇ ਜਾ ਭਾਈ
ਓਸ ਪਿੰਡ ਦੇ ਪੈਂਚ ਨੇ ਪ੍ਰੇਮ ਕੀਤਾ ਸੇਵਾ ਕਰਨ ਲੱਗਾ ਚਿੱਤ ਲਾ ਭਾਈ
ਗੁਰਾਂ ਆੱਖਯਾ ਅਸਾਂ ਕੁਝ ਚਿਰ ਰਹਿਨਾ ਕੋਈ ਵੱਖਰੀ ਜਗਾ ਦਵਾ ਭਾਈ
ਓਸ ਆੱਖਯਾ ਸਭ ਕੁਝ ਆਪ ਦਾ ਹੈ ਜਿੱਥੇ ਚਾਹੁ ਲੋ ਮੋੜੀ ਗਡਵਾ ਭਾਈ
ਜਿਸ ਥਾਂ ਉੱਤੇ ਹੁਣ †ਗੁਰਦਵਾਰਾ ਗੁਰ ਬੈਠ ਗਏ ਡੇਰਾ ਪਾ ਭਾਈ
ਮਾਤ੍ਰਾ ‡ਰਾਮ ਦੱਈ ਘਰ ਪੈਂਚ ਦੇ ਜੀ ਜਾ ਉੱਤਰੀ ਚਿੰਤ ਗਵਾ ਭਾਈ
ਸੇਵਾ ਕਰਦੇ ਲੋਕ ਕਰਤਾਰ ਸਿੰਘਾ ਬਹੁ ਪ੍ਰੇਮ ਪ੍ਰੀਤ ਵਧਾ ਭਾਈ

*ਭਾਈ ਹੇਮਾ ਬੜਾ ਪ੍ਰੇਮੀ ਸੀ, ਓਸ ਨੇ ਆਪਣੇ ਖੂਹ ਤੇ ਛੱਪਰ ਸੰਤਾਂ ਵਾਸਤੇ ਪਾ ਰੱਖੇ ਸਨ, ਆਇ ਗਏ ਦੀ ਬੜੀ ਸੇਵਾ ਕਰਦਾ ਸੀ,ਸੋਉਸਨੇ ਸਤਿਗੁਰਾਂ ਦੀ ਭੀ ਬਹੁਤ ਸੇਵਾ ਕੀਤੀ। ਉਸ ਦਾ ਪ੍ਰੇਮ ਵੇਖ ਕੇ ਸਤਿਗੁਰਾਂ ਨੇ ਸੂਹੀ ਰਾਗ ਵਿੱਚ ਸ਼ਬਦ ਉਚਾਰਨ ਕੀਤਾ। ਯਥਾ:—
ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ।ਕਿਤਹੀ ਕਾਮਿ ਨ ਧਉਲਹਰਜਿਤੁਹਰਿਬਿਸਰਾਏ।

†ਗੁਰਦੁਆਰਾ ਚੋੱਲ੍ਹਾ ਸਾਹਿਬ। ‡ਮਾਤਾ ਰਾਮਦਈ ਜੀ ਸਤਿਗੁਰ ਜੀ ਦੇ ਘਰੋਂ ਸਨ।

(ਭੈਣੀ ਤੋਂ ਚੋੱਲ੍ਹਾ ਸਾਹਿਬ ਬਣਨਾ)

ਇੱਕ ਦਿਨ ਉਸ ਪੈਂਚ ਦੇ ਘਰਵਾਲੀਛੰਨਾ ਚੂਰੀ ਦਾ ਕੁੱਟ ਲਿਆਵੰਦੀ ਏ
ਬੜੇਪ੍ਰੇਮ ਦੇ ਨਾਲ ਸਤਿਗੁਰੂ ਜੀ ਨੂੰ ਆਪ ਬੈਠ ਕੇ ਪਾਸ ਖੁਲਾਵੰਦੀ ਏ
ਗੁਰਾਂ ਆੱਖਯਾ ਬੜਾ ਸਵਾਦ ਚੋੱਲ੍ਹਾ ਇਹ ਤਾਂ ਚੂਰੀਸੀ ਮਾਈਸੁਨਾਵੰਦੀ ਏ
ਗੁਰ ਮੋੜ ਕਹਿੰਦੇ ਮਾਈ ਆਖ ਚੋੱਲ੍ਹਾ ਚੋੱਲ੍ਹਾ ਬਣੇ ਕਰਤਾਰਨੂੰ ਭਾਵੰਦੀ ਏ
ਓਸ ਮਾਈ ਵਿਚਾਰੀ ਨੂੰ ਸਮਝ ਕੀਹ ਸੀ ਚੰਗਾ ਆਖਕੇ ਸਿਰ ਝੁਕਾਵੰਦੀ ਏ
ਉੱਠ ਖੁਸ਼ੀ ਦੇ ਨਾਲ ਕਰਤਾਰ ਸਿੰਘਾ ਮਾਈ ਆਪਣੇ ਘਰਨੂੰ ਜਾਵੰਦੀ ਏ

(ਤਥਾ)

ਪਾਸ ਪੈਂਚ ਤੇ ਹੋਰ ਸਣ ਲੋਕ ਬੈਠੇ ਗੁਰ ਆਖਦੇ ਪਿੰਡ ਦਾ ਨਾਂ ਦੱਸੋ
ਪੈਂਚ ਆਖਦਾ ਏਸ ਦਾ ਨਾਮ ਭੈਣੀ ਗੁਰ ਆਖਦੇ ਚੋੱਲ੍ਹਾ ਗਿਰਾਂ ਦੱਸੋ
ਅੱਗੋਂ ਏਸਨੂੰ ਹਰ ਕੋਈ ਕਹੇ ਚੋੱਲ੍ਹਾ ਭੈਣੀ ਨਾਮ ਨ ਕਿਸੇ ਭੀ* ਥਾਂ ਦੱਸੋ
ਹੋਯਾ ਗੁਰਾਂਦਾਚੋੱਲ੍ਹਾਕਰਤਾਰਸਿੰਘਾ ਚੋੱਲ੍ਹਾ ਸਾਹਿਬਸਭਤਾਈਂ ਨਿਸ਼ਾਂ ਦੱਸੋ

(ਵਾਕ ਕਵੀ)

ਦੋ ਬਰਸ ਕਰੀਬ ਇਉਂ ਗੁਜ਼ਰ ਗਏ ਸਮਾ ਨਾਲ ਆਨੰਦ ਲੰਘਾਇਆ ਜੀ
ਪਤਾ ਲੱਗਦਾ ਹੈ ਮਾਤਾ ਰਾਮ ਦਈ ਏਸੇ ਥਾਂ ਸਮਾਇ, ਲਿਖਾਇਆ ਜੀ
ਮੁੜ ਗੁਰੂ ਜੀ ਅੰਮ੍ਰਿਤਸਰ ਆ ਗਏ ਹੌਲੀ ਹੌਲੀ ਪ੍ਰਤਾਪ ਵਿਖਾਇਆ ਜੀ
ਕਰ ਚੋਜ ਬੇਅੰਤ ਕਰਤਾਰ ਸਿੰਘਾ ਜੀਵਾਂ ਪਾਪੀਆਂ ਤਈਂ ਤਰਾਇਆ ਜੀ

(ਭਾਈ ਗੁਰਦਾਸ ਜੀ ਦਾ ਆਉਣਾ)

ਏਸੇ ਤਰ੍ਹਾਂ ਸਮਾ ਕੁਝ ਗੁਜ਼ਰ ਗਿਆ ਪ੍ਰਿਥੀਚੰਦਨੂੰ ਨ ਸੀ ਕਿਆਸ ਆਯਾ
ਦਿਨੋ ਦਿਨ ਵਿਰੋਧ ਵਧਾਈ ਜਾਂਦਾ ਓਹਦਾ ਕੰਮ ਏਸੇ ਤਰ੍ਹਾਂ ਰਾਸ ਆਯਾ
ਗੁਰੂ ਘਰ ਵਧੀ ਤੰਗੀ ਬਹੁਤ ਭਾਰੀ ਹਰ ਤਰਫ ਗਰੀਬੀ ਦਾ ਵਾਸ ਆਯਾ
ਤ੍ਰਿਤਾਲੀਏ ਸਾਲ ਕਰਤਾਰ ਸਿੰਘਾ ਚੱਲ ਆਗਰੇ ਵੱਲੋਂ ਗੁਰਦਾਸ ਆਯਾ

(ਵਾਕ ਕਵੀ)

ਬਹੁਤ ਚਿਰਾਂ ਦੇਗਏਸਨ ਭਾਈਹੋਰੀ ਮਧਹਿੰਦਵਿਚ ਸਿੱਖੀ ਪ੍ਰਚਾਰ ਕਰਦੇ

---

*ਗੁਰ ਬਿਲਾਸ ਛੇਵੀਂ ਪਾਤਸ਼ਾਹੀ ਦੇ ਅਧਜਾਯ ਅਠਾਰ੍ਹਾਂ ਵਿੱਚ ਲਿਖ੍ਯਾਹੈ ਕਿ ਜਦ ਪੈਂਚ ਦਿੱਲੀ ਟਕੇ ਤਾਰਨ ਗਿਆ ਤਾਂ ਓਥੇ ਭੀ ਓਸਨੇ ਜਾਕੇ ਕਹਯਾ ਕਿ ਮੈਂ ਚੋੱਲ੍ਹੇ ਦੇ ਟਕੇ ਤਾਰਨ ਆਯਾ ਹਾਂ। ਤਦ ਹਾਕਮ ਹੈਰਾਨ ਹੋਏ ਕਿ ਓਸ ਇਲਾਕੇ ਵਿੱਚ ਚੋੱਲ੍ਹਾ ਕੋਈ ਗ੍ਰਾਮ ਨਹੀਂ ਹੈ। ਜਦ ਦਫਤਰ ਵਿੱਚ ਕਿਤਾਬ ਫੋੱਲੀ ਤਦ ਭੈਣੀ ਦੇ ਥਾਂ ਚੋੱਲ੍ਹਾ ਹੀ ਲਿਖਿਆ ਪਾਯਾ, ਜਿਸ ਤੋਂ ਸਭ ਹੈਰਾਨ ਹੋਗਏ।

ਕਾਹਨਪੁਰਲਖਨਊਤੇਆਗਰੇ ਦੇਇਰਦਗਿਰਦਗੁਰਬਾਨੀਵਿਸਥਾਰਕਰਦੇ
ਗੁਰੂ ਨਾਨਕ ਧਰਮਦਾ ਦੇ ਹੋੱਕਾ ਭੁੱਲੇ ਭਟਕਿਆਂ ਤਈਂ ਹੁਸ਼ਯਾਰ ਕਰਦੇ
ਆਇ ਸਾਲ ਤ੍ਰਿਤਾਲੀਏਂਵਿਚਮੁੜਕੇਗੁਜ਼ਰਾਨਵਿਚ ਬਹਿ ਪਰਵਾਰ ਕਰਦੇ
ਗੋਇੰਦਵਾਲਰਿਹਾਇਸ਼ ਹੀ ਰਖੀਉਨ੍ਹੇ ਸਤਿਸੰਗਤ ਭਜਨ ਕਰਤਾਰ ਕਰਦੇ
ਆਇ ਗੁਰਾਂਨੂੰਮਿਲਨ ਕਰਤਾਰ ਸਿੰਘਾਨਿੰਮ੍ਰ ਭਾਵਹੋਕੇ ਨਿਮਸਕਾਰ ਕਰਦੇ

(ਭਾਈ ਜੀ ਦੀ ਹੈਰਾਨੀ)

ਮਿਲਨ ਗਏ ਜਦੋਂ ਘਰ*ਭੈਣ ਜੀ ਨੂੰ ਭੁਖ ਨੰਗ ਸਾਰੇਨਜ਼ਰ ਆਈ ਅੱਗੇ
ਦਿਲ ਵਿਚ ਹੈਰਾਨਗੀ ਛਾਇ ਗਈ ਮਾਯਾ ਸਤਿਗੁਰਾਂਕੀਵਰਤਾਈ ਅੱਗੇ
ਗੱਲਾਂ ਕਰਦਿਆਂਵਕਤਪ੍ਰਸਾਦਿ ਹੋਯਾਮਾਤਾ ਭਾਨੀਪ੍ਰਸਾਦਿਲਿਆਈ ਅੱਗੇ
ਰੋੱਟੀ ਛੋੱਲਯਾਂ ਦੀ ਕਰਤਾਰ ਸਿੰਘਾ ਰੱਖ ਥਾਲੀ ਦੇ ਵਿਚ ਟਿਕਾਈ ਅੱਗੇ

(ਭਾਈ ਜੀ ਨੇ ਮਾਤਾ ਭਾਨੀ ਜੀ ਤੋਂ ਪੁੱਛਣਾ)

ਮਾਤਾ ਭਾਨੀ ਸ਼ਰੀਕਯੋਂ ਭੈਣ ਲਗਦੀ ਕਹਿੰਦੇਭਾਈਜੀ ਭੇਦ ਖੁਲ੍ਹਾ ਬੀਬੀ
ਤੰਗੀ ਕਿਉਂ ਹੈ ਏਤਨੀ ਵਰਤ ਰਹੀ ਜਾਂਦਾ ਆਮਦਨ ਨੂੰਕੌਣ ਖਾ ਬੀਬੀ
ਜੋ ਕੁੱਝ ਕਰ ਰਿਹਾ ਪ੍ਰਿਥੀਆ ਸੀ ਦੇਂਦੀ ਸਾਰਾ ਹੀ ਹਾਲ ਸੁਣਾ ਬੀਬੀ
ਘਰ ਦਾ ਹੀਲ ਪਿਆਜ ਕਰਤਾਰ ਸਿੰਘਾ ਰੱਖ ਦੇਵੰਦੀ ਅੱਗੇ ਭਰਾ ਬੀਬੀ

(ਭਾਈ ਗੁਰਦਾਸ ਜੀ ਦੇ ਹੀੱਲੇ)

ਭਾਈ ਗੁਰਦਾਸ ਜੀ ਦੇਖ ਨ ਜਰ ਸੱਕੇ ਡਾੱਢੇ ਸੁਣਕੇ ਹਾਲ ਲਾਚਾਰ ਹੋਏ
ਪ੍ਰਿਥੀਚੰਦਦੀਆਂਚਾੱਲਾਂ ਸਮਝਲੱਈਆਂ ਅੱਛੀਤਰ੍ਹਾਂਫਿਰਕੇਵਾਕਫਕਾਰ ਹੋਏ
ਬਾਬੇ ਬੁੱਢੇ ਜੀ ਨਾਲ ਸਲਾਹ ਕਰਨੇ ਬਾਸਰਕਿਯਾਂ ਦੇ ਵੱਲ ਤਿਆਰ ਹੋਏ
ਗਏ ਬੀੜ ਦੇ ਵਿਚ ਕਰਤਾਰ ਸਿੰਘਾ ਮਿਲ ਗਿਲ ਕੇ ਖੁਸ਼ੀ ਅਪਾਰ ਹੋਏ

(ਤਥਾ)

ਬੈਠ ਦੱਸਯਾ ਫੋਲਕੇ ਹਾਲ ਸਾਰਾ ਪ੍ਰਿਥੀ ਚੰਦ ਨੁਕਸਾਨ ਪੁਚਾਇ ਰਿਹਾ
ਮਾਯਾ ਸੰਗਤਾਂ ਤੋਂ ਉਗ੍ਰਾਹਿ ਸਾਰੀ ਗੁਰੂ ਆਪਣੇ ਤਈਂ ਕਹਾਇ ਰਿਹਾ
ਗੁਰੂ ਘਰ ਤਾਂ ਗੁਜ਼ਾਰਦੇ ਹੈਨ ਫਾੱਕੇ ਪ੍ਰਿਥੀ ਚੰਦ ਹੈ ਮੌਜਾਂ ਉਡਾਇ ਰਿਹਾ
ਗੁਰੂ ਅਰਜਨ ਸ਼ਾਂਤ ਸੁਭਾਵ ਮੁੱਢੋਂ ਉਹ ਵਧੀਕੀਆਂ ਕਰਦਾ ਜਾਇ ਰਿਹਾ
ਇਉਂ ਤਾਂ ਸਿੱਖੀ ਨੂੰ ਲੱਗੇਗਾ ਬਹੁਤਧੱਕਾ ਪੈਰ ਕਰ ਪਾਖੰਡਪੁਜਾਇ ਰਿਹਾ
ਓਹਦੇ ਵੱਲ ਮਸੰਦ ਹੋ ਰਹੇ ਸਾਰੇ ਕਾਰ ਭੇਟ ਓਹੋ ਉਗਰਾਹਿ ਰਿਹਾ

*ਮਾਤਾ ਭਾਨੀ ਜੀ ਦੇ ਸ਼ਰੀਕੇ ਵਿਚੋਂ ਭਰਾ ਲਗਦੇ ਸਨ।

ਤੁਸੀਂ ਬੀੜ ਦੇ ਵਿਚ ਬੇ ਫਿਕਰ ਬੈਠੇ ਮੀਣਾ ਬੜਾ ਅਧਮੂਲਮਚਾਇ ਰਿਹਾ
ਗੁਰੂ ਚੱਕ ਨੂੰ ਚੱਲੋਕਰਤਾਰਸਿੰਘਾ ਘਾਟਾਸਿੱਖੀ ਨੂੰ ਦਿਨੋਦਿਨਆਇ ਰਿਹਾ

(ਬਾਬੇ ਬੁੱਢੇ ਨੇ ਤੇ ਭਾਈ ਗੁਰਦਾਸ ਜੀ ਨੇ ਅੰਮ੍ਰਿਤਸਰ ਆਉਣਾ)

ਬਾਬਾ ਬੁੱਢਾ ਤੇ ਭਾਈ ਗੁਰਦਾਸ ਦੋਵੇਂ ਰਾਮਦਾਸ ਪੁਰੇ ਚੱਲ ਆਵੰਦੇ ਨੇ
ਗੋਇੰਦਵਾਲ ਵਿਚ ਭੇਜਕੇ ਆਦਮੀਨੂੰ ਓਥੋਂ*ਮੋਹਿਰੀਜੀਨੂੰਬੁਲਾਵੰਦੇ ਨੇ
ਭਾਈ ਸੱਲ੍ਹੋ ਪੈੜੇ ਜੇਠੇ ਗੁਰੀਏ ਜਹੇ ਸੱਦ ਸਭ ਦਾ ਕੱਠ ਕਰਾਵੰਦੇ ਨੇ
ਸ੍ਰੀ ਅਰਜਨ ਦੇਵ ਦੀ ਸ਼ਾਂਤੀ ਤੇ ਪ੍ਰਿਥੀ ਚੰਦ ਦਾ ਧੱਕਾ ਸੁਣਾਵੰਦੇ ਨੇ
ਜਿਵੇਂ ਜਾਲ ਫਰੇਬ ਦਾ ਝੱਬ ਟੁੱਟੇ ਓਹ ਬਨਤਾਂ ਬੈਠ ਸੁਚਾਵੰਦੇ ਨੇ
ਗੁਰ ਮਤੇ ਕੱਠੇ ਬੈਠ ਕਰ ਲਏ ਥਾਉਂ ਥਾਂ ਪ੍ਰਚਾਰ ਹਿਲਾਵੰਦੇ ਨੇ
ਕੁਝ ਸਿਆਣੇ ਮਸੰਦ ਮਿਲਾਇਲਏ ਬਾਬਾ ਬੁੱਢਾ ਜੀ ਬੈਠ ਸਮਝਾਵੰਦੇ ਨੇ
ਕਿੰਨਾਂਚਿਰਇਹ ਝੂਠਦੀਚਾਲਚੱਲੂ ਸੱਚਜ਼ਾਹਿਰ ਹੋਇਆਅੰਤ ਜਤਾਵੰਦੇ ਨੇ
ਤੁਸੀਂ ਲੋਭ ਪਿੱਛੇ ਕਾਹਨੂੰ ਧਰਮ ਹਾਰੇ ਓਹ ਮਸੰਦ ਸਾਰੇ ਸ਼ਰਮਾਵੰਦੇ ਨੇ
ਸਤਿਗੁਰਾਂ ਦੀ ਸ਼ਰਨਓਹ ਆਨਿਲੱਗੇ ਕੀਤੀ ਪਿਛਲੀਭੁੱਲਬਖਸ਼ਾਵੰਦੇ ਨੇ
ਫੇਰ ਦੇਸ ਪ੍ਰਦੇਸਾਂ ਦੇ ਵਿੱਚ ਜਾ ਕੇ ਸਿਆਣੇ ਸਿੱਖ ਪ੍ਰਚਾਰ ਵਧਾਵੰਦੇ ਨੇ
ਗੁਰੂ ਅਰਜਨ ਦੇਵ ਨੂੰ ਮਿਲੀ ਗੱਦੀ ਭੋਲੇ ਸਿੱਖਾਂਦਾ ਭਰਮ ਮਿਟਾਵੰਦੇ ਨੇ
ਪੈ ਸਿੱਖਾਂ ਮਸੰਦਾਂ ਦਾ ਜ਼ੋਰ ਗਿਆ ਸਾਥੀ ਪ੍ਰਿਥੀਏ ਦੇ ਘਬਰਾਵੰਦੇ ਨੇ
ਬਾਹਰੋਂ ਕਾਰ ਭੇਟਾ ਸਿੱਖਾਂ ਬੰਦ ਕੀਤੀ ਸੱਚੇ ਗੁਰੂ ਤੇ ਸਿਦਕ ਲਿਆਵੰਦੇ ਨੇ
ਆਉਣ ਸੰਗਤਾਂ ਜੋ ਰਾਮਦਾਸ ਪੁਰੇ ਅੱਗੋਂ ਵਾਲੀ ਜਾ ਮਿਲ ਮਿਲਾਵੰਦੇ ਨੇ
ਗੁਰੂ ਸਾਹਿਬਦੀ ਸ਼ਰਨ ਕਰਤਾਰਸਿੰਘਾ ਲਿਆ ਸੰਗਤਾਂ ਤਾਈਂ ਝੁਕਾਵੰਦੇ ਨੇ

(ਵਾਕ ਕਵੀ)

ਬੱਬੇ ਬੁੱਢੇ ਜੀ ਦਾ ਮਾਨ ਵਿਚ ਸਿੱਖੀ ਸਿੱਖ ਕਰਦੇ ਬੜਾ ਸਤਿਕਾਰ ਭਾਈ
ਸਿੱਖ ਦੇਸਾਂ ਪ੍ਰਦੇਸਾਂ ਦੇ ਜਾਣਦੇ ਸਨ ਆ ਆ ਵੇਖਗਏ ਸਨ ਕਈਵਾਰ ਭਾਈ
ਗੁਰੂ ਘਰ ਦੇ ਖ਼ਾਸ ਵਜ਼ੀਰ ਵੱਡੇ ਗੁਰ ਗੱਦੀ ਦੇ ਰੁਕਨ ਵਿਚਾਰ ਭਾਈ
ਜਿੱਧਰ ਓਹ ਝੁਕੇ ਓਧਰ ਝੁਕੀ ਸਿੱਖੀ ਸਿੱਖਾਂ ਕਰ ਲਿਆ ਇਤਬਾਰ ਭਾਈ
ਮੂੰਹ ਮੋੜ ਲਿਆ ਪ੍ਰਿਥੀਚੰਦ ਵੱਲੋਂ ਆਖ਼ਰ ਸੱਚ ਹੋਯਾ ਜੱਗ ਜ਼ਾਹਿਰ ਭਾਈ
ਪ੍ਰਿਥੀ ਚੰਦ ਫੋਕਾ ਹੈ ਕਰਤਾਰਸਿੰਘਾ ਵੇਖਲਿਆ ਸਿੱਖਾਂ ਆਖ਼ਰਕਾਰ ਭਾਈ

---

*ਸ੍ਰੀ ਗੁਰੂ ਅਮਰਦਾਸ ਜੀ ਦੇ ਬੇਟੇ।

(ਤਥਾ)

ਗੁਰੂ ਬਣਯਾਂ ਕੋਈ ਨ ਬਣ ਸੱਕੇ ਜ਼ੋਰੀ ਮਿਲਦੀਦਾਤ ਕਰਤਾਰ ਦੀ ਨਹੀਂ
ਹਰੀ ਧਨ ਲੇਵੇਹਰੀ ਦੇਇਜਿਨੂੰ ਇਹਗੁਰਿਆਈ ਮਾਯਾ ਸੰਸਾਰ ਦੀ ਨਹੀਂ
ਧਿੰਗੋਜ਼ੋਰੀ ਨ ਕਿਸੇ ਦੇ ਹੱਥ ਆਵੇ ਜੱਦੀਵਿਰਸਾ ਕਿਸੇਪਰਵਾਰ ਦੀ ਨਹੀਂ
ਇਹਮੁਹਤਾਜਹਕੂਮਤ ਜ਼ੋਰ ਦੀ ਨ ਸਾਂਝੀਵਾਲਇਹਕਿਸੇਵਿਹਾਰ ਦੀ ਨਹੀਂ
ਧੱਕੇ ਜ਼ੋਰਦੇ ਨਾਲ ਨ ਜਾਇਵੰਡੀ ਸਨਦ ਚੱਲਦੀਕਿਸੇਸਰਕਾਰ ਦੀ ਨਹੀਂ
ਰੱਬੀਦਾਤਹੈ ਸਮਝਕਰਤਾਰਸਿੰਘਾਆਸ ਨਾ ਇਹਕਿਬਰਹੰਕਾਰ ਦੀ ਨਹੀਂ

(ਤਥਾ)

ਸ੍ਰੀ ਚੰਦ ਤੇ ਲੱਖਮੀ ਦਾਸ ਦੋਵੇਂ ਨਾਲ ਜ਼ੋਰ ਗੁਰਿਆਈ ਨ ਪਾ ਸੱਕੇ
ਦਾੱਤੂ, ਦਾੱਸੂ ਅਤੇ ਦੋਵੇਂ ਮੋਹਨ ਮੋਹਰੀ ਰੱਬੀ ਬਰਕਤਾਂ ਨਾਹਿੰ ਵੰਡਾ ਸੱਕੇ
ਮਹਾਂ ਦੇਵ ਤੇ ਪ੍ਰਿਥੀਆ ਰਹੇ ਖਾੱਲੀ ਸੱਚ ਸੂਰਜ ਨੂੰ ਨਹੀਂ ਛਪਾ ਸੱਕੇ
ਮਿਲੇ ਟਹਿਲ ਤੋਂ ਮਹਿਲ ਕਰਤਾਰ ਸਿੰਘਾ ਸੱਕੇ ਪੁੱਤ ਨ ਕੁਝ ਬਣਾ ਸੱਕੇ

(ਸ੍ਰੀ ਗੁਰੂ ਅਰਜਨ ਦੇਵ ਜੀ)

ਕੀਤਾ ਉੱਦਮ ਰਲਕੇ ਬਹੁਤ ਸਿੱਖਾਂ ਝੂਠ ਲੋਪ, ਹੋਯਾ ਸੱਚ ਜ਼ਾਹਰ ਭਾਈ
ਗੁਰੂ ਪੰਚਮ ਖੁਸ਼ ਨ ਏਸ ਗੱਲੋਂ ਪਾਸ ਸੱਦੇ ਸਭ ਨਾਲ ਪਯਾਰ ਭਾਈ
ਕਹਿੰਦੇ ਕਿਉਂ ਤੁਸੀਂ ਪਏ ਭਟਕਦੇ ਹੋ ਹੀੱਲੇ ਕਰਦੇ ਫਿਰੋ ਹਜ਼ਾਰ ਭਾਈ
ਦੁਨੀਆਂਦੌਲਤਨੂੰਕੱਠੀਕਰਨਖ਼ਾਤਰਇਹਗੁਰਿਆਈਨ,ਕਰੋਵਿਚਾਰ ਭਾਈ
ਇਹ ਮਾਯਾ ਹੀ ਮੁੱਢ ਉਪਾਧ ਦਾ ਏ ਲੜਦੇ ਏਸ ਪਿੱਛੇ ਦੁਨਯਾਂਦਾਰ ਭਾਈ
ਸਾਨੂੰ ਚਾਹੀਦਾ ਨਹੀਂ ਕਰਤਾਰਸਿੰਘਾ ਮਾਯਾਵਾਸਤੇ ਕਰਨ ਤਕਰਾਰ ਭਾਈ

(ਭਾਈ ਗੁਰਦਾਸ ਜੀ)

ਗੁਰਗੱਦੀ ਨੂੰ ਮਾਯਾਦੀ ਲੋੜ ਕੋਈਨ ਪਰ ਕਾਰਜ ਕਿਸਤਰ੍ਹਾਂ ਸਰਨਗੇ ਜੀ
ਲੰਗਰ ਕਿਸਤਰ੍ਹਾਂਚੱਲੇਗਾਸੰਗਤਾਂਲਈਪੇਟਕਿਥੋਂ ਪਰਿਵਾਰ ਦੇਭਰਨਗੇ ਜੀ
ਹੁਕਮ ਆਪਨੂੰ ਤਾਲ ਲਵਾਵਨੇਦਾ ਆਵੇ ਸੈਂਕੜੇ ਕਿਸਤਰ੍ਹਾਂ ਚੜ੍ਹਨਗੇ ਜੀ
ਬਿਨਾ ਮਾਯਾਦੇ ਕਿਵੇਂ ਕਰਤਾਰਸਿੰਘਾ ਕਾਰੀਗਰਮਜ਼ਦੂਰੀਆਂ ਕਰਨਗੇ ਜੀ

(ਸ੍ਰੀ ਗੁਰੂ ਜੀ)

ਗੁਰੂਨਾਨਕ ਦੀਗੱਦੀ ਅਮਰ ਸਦਾ ਮਾਯਾ ਆੱਪੇਚਲੀ ਏਥੇ ਆਇਗੀ ਜੀ
ਕਿਸੇ ਹੀੱਲੇਦੀ ਏਸਨੂੰ ਲੋੜਕੋਈ ਨ ਮਾਯਾ ਟਹਿਲਨਕਾਰ ਕਮਾਇਗੀ ਜੀ
ਨਾਮ ਅੱਨ ਦੇ ਲੰਗਰ ਸਦਾ ਚੱਲਨ ਆੱਪੇ ਦੁਨੀਆਂ ਸਿਰ ਝੁਕਾਇਗੀ ਜੀ

ਏਥੇ ਪਰਸਨ ਭੌਨ ਕਰਤਾਰ ਸਿੰਘਾ ਬੁੜ ਕਦੇ ਨ ਮੂੰਹ ਦਿਖਾਇਗੀ ਜੀ

(ਵਾਕ ਕਵੀ)

ਗੁਰਚਰਨਾਂ ਦੀ ਮਾਯਾ ਸਦਾ ਦਾਸੀ ਰਿਧ ਸਿੱਧ ਰਹੇ ਆਗਯਾਕਾਰ ਸਮਝੋ
ਮਾਯਾ ਪਤੀਕੀਹ ਮਾਯਾਦੀ ਚਾਹਰੱਖੇ ਜਿਧੀ ਤਾਬਿਆ ਸੱਚ ਭੰਡਾਰ ਸਮਝੋ
ਥੋੜ੍ਹੇ ਦਿਨਾਂ ਦੇ ਵਿਚ ਹੀ ਚਾਲ ਸੌਰੀ ਹੋਯਾ ਸੰਗਤਾਂ ਵਿਚ ਪ੍ਰਚਾਰ ਸਮਝੋ
ਨਾਲੇਭਾਈਜੀ ਕਰਨਪਰਚਾਰ ਚੜ੍ਹਪਏ ਫਿਰੇਦੂਰਦੇਸੀਂਪੰਧ ਮਾਰ ਸਮਝੋ
ਭਰਮਸਿੱਖਾਂ ਦੇ ਦਿਲਾਂ ਦੇ ਦੂਰ ਕੀਤੇ ਸੱਚ ਕਰ ਦਿੱਤਾ ਸਾਰੇ ਜ਼ਾਹਰ ਸਮਝੋ
ਧੁੰਧ ਭਰੰਮ ਦੀ ਮਿਟੀ ਕਰਤਾਰਸਿੰਘਾ ਸੂਰਜ ਸੱਚ ਆਯਾ ਚਮਕਾਰ ਸਮਝੋ

(ਪ੍ਰਿਥੀ ਚੰਦ)

ਪ੍ਰਿਥੀਚੰਦ ਦੇ ਮਕਰ ਦਾ ਜਾਲ ਟੁੱਟਾ ਮਾਯਾ ਆਵਨੀ ਬਾਹਰ ਤੋਂ ਬੰਦ ਹੋਈ
ਸਾਰੇ ਮੁਫ਼ਤ ਖ਼ੋਰੇ ਸਾਥ ਛੱਡ ਗਏ ਵਿਚ ਦਿਨਾਂ ਦੇ ਹਾਲਤ ਮੰਦ ਹੋਈ
ਥੁੜਾਂਆਇਪੱਈਆਂ ਸਭਨਾਂਪਾਸਿਆਂਥੀਂਢਿਲੀਤਾਣੀਦੀ ਆਕੇਤੰਦ ਹੋਈ
ਬਰਕਤ ਗੁਰਾਂ ਦੇ ਘਰ ਕਰਤਾਰਸਿੰਘਾ ਆਇ ਅੱਗੇਨਾਲੋਂ ਦਹਿ ਚੰਦ ਹੋਈ

(ਸਤਿਗੁਰਾਂ ਦੀ ਦਯਾਲਤਾ)

ਸਤਿਗੁਰ ਸੁਭਾਵ ਦੇ ਦਯਾਲ ਸਦਾ ਪ੍ਰਿਥੀਚੰਦ ਦਾ ਸਦਾ ਹੀ ਮਾਨ ਰੱਖਦੇ
ਰਸਦ ਬਸਦ ਪੁਚਾਵੰਦੇ ਬਿਨਾ ਮੰਗੇ ਲੀੜੇ ਕੱਪੜੇ ਦਾ ਭੀ ਧਿਆਨ ਰੱਖਦੇ
ਅੱਗੋਂ ਕਦੇ ਨ ਮੋੜ ਜਵਾਬ ਦੇਂਦੇ ਵੱਡਾ ਸਮਝ ਹਰ ਥਾਂ ਸਨਮਾਨ ਰੱਖਦੇ
ਸਦਾ ਖਿਮਾ ਸਰੂਪ ਕਰਤਾਰ ਸਿੰਘਾ ਮਾਲਕ ਬਰਕਤਾਂਦੇ ਵੱਡਾ ਤਾਨ ਰੱਖਦੇ

(ਪ੍ਰਿਥੀ ਚੰਦ ਦੇ ਘਰ ਪੁਤ੍ਰ ਪੈਦਾ ਹੋਣਾ)

ਚੜ੍ਹਦੇ ਸਾਲ ਚੋਤਾਲੀਏਂ ਪ੍ਰਿਥੀਏ ਦੇ ਮਿਹਰਵਾਨ ਬੇਟਾ ਪੈਦਾਵਾਰ ਹੋਯਾ
ਪ੍ਰਿਥੀ ਚੰਦ ਦੀ ਨੀਯਤ ਬਹੁਤ ਖੋਟੀ ਮਨ ਓਸਦੇ ਵਿਚ ਵਿਚਾਰ ਹੋਯਾ
ਗੁਰੂ ਅਰਜਨ ਦੇ*ਘਰੋਂ ਗੁਜ਼ਰ ਗਈ ਓਹ ਬਿਨਾ ਔਲਾਦ ਸ਼ੁਮਾਰ ਹੋਯਾ
ਜਾਇਦਾਦ ਦਾ ਵਾਰਸ ਬਣੂ ਏਹੋ ਖੁਸ਼ੀ ਚੰਦਰੀ ਨੀਤ ਨੂੰ ਧਾਰ ਹੋਯਾ
ਮਿਹਰਵਾਨ ਦੇ ਨਾਲ ਸਤਿਗੁਰੂ ਜੀ ਦਾ ਜਾਣ ਅਨਸਾ ਬੜਾ ਪਯਾਰ ਹੋਯਾ
†ਗਹਿਣੇ ਕੱਪੜੇਦੇਣ ਕਰਤਾਰਸਿੰਘਾ ਕਰਨ ਪਾਲਨਾਬਾਲ ਹੁਸ਼ਯਾਰ ਹੋਯਾ

---

*ਪਹਿਲੀ ਸ਼ਾਦੀ ਸ੍ਰੀ ਗੁਰੂ ਜੀ ਦੀ ਮੌੜ ਪਿੰਡ ਵਾਲੇ ਚੰਦਰਦਾਸ ਸੂੜ੍ਹੀ ਖਤ੍ਰੀ ਦੀ ਬੇਟੀ ਰਾਮ ਦਈ ਨਾਲ ਹੋਈ ਸੀ। ਮਾਤਾ ਰਾਮ ਦਈ ੧੬੪੧ ਨੂੰ ਬਿਨਾ ਔਲਾਦ ਦੇ ਗੁਜ਼ਰ ਗਈ।

†ਪ੍ਰਿਥੀ ਚੰਦ ਦੇ ਖ਼ਰਚ ਵਾਸਤੇ ਕੁਝਕੂ ਗੁਰੂ ਚੱਕ ਦੇ ਖੂਹਾਂ ਦੀ ਆਮਦਨੀ ਤੇ ਹੋਰ ਲੰਗਰ ਆਦਿ ਦਾ ਖ਼ਰਚ ਤੇ ਕੱਪੜੇ ਗੁਰੂ ਜੀ ਖ਼ਜ਼ਾਨੇ ਵਿਚੋਂ ਦਵਾਯਾ ਕਰਦੇ ਸਨ।

(ਵਾਕ ਕਵੀ)

ਮਹਾਂ ਪੁਰਸ਼ਾਂ ਦਾ ਆਵਨਾ ਜੱਗ ਉੱਤੇ ਕੇਵਲ ਹੋਵੰਦਾ ਪ੍ਰਰਉਪਕਾਰ ਖ਼ਾਤਰ
ਖ਼ਾਤਰ ਆਪਨੀ ਕਰਨ ਨ ਕੋਈ ਹੀੱਲਾ ਜੋ ਕਰਨ ਸੋ ਭਲੇ ਸੰਸਾਰ ਖ਼ਾਤਰ
ਕਰਨ ਰਚਨਾਂ ਤੀਰਥਾਂ ਮੰਦਰਾਂ ਦੀ ਸਤਿ ਸੰਗਤ ਧਰਮ ਪਰਚਾਰ ਖ਼ਾਤਰ
ਸਭ ਸੁਖ ਆਰਾਮ ਕੁਰਬਾਨ ਕਰਦੇ ਸਤਿ ਧਰਮ ਦੇ ਰਾਹ ਸੁਧਾਰ ਖ਼ਾਤਰ
ਕਸ਼ਟ ਝੱਲਕੇ ਸਿਰ, ਹਕੂਮਤਾਂ ਦੇ ਜ਼ੁਲਮ ਦੂਰ ਕਰਦੇ ਨਰ ਨਾਰ ਖ਼ਾਤਰ
ਬਾਗ,ਬਾਉਲੀਆਂ,ਤਾਲ ਲਵਾ ਜਾਂਦੇ ਮਾਯਾ ਖ਼ਰਚਦੇ ਭਲੇਦੀ ਕਾਰ ਖ਼ਾਤਰ
ਪੈਰ*ਉੱਮਤਾਂ ਦੇ ਪੱਕੇ ਗੱਡ ਜਾਂਦੇ ਕੰਮ ਕਰ ਜਾਂਦੇ ਯਾਦਗਾਰ ਖ਼ਾਤਰ
ਨੇਕ ਰਾਹ ਚਲਾਉਂਦੇ ਵਿਚ ਦੁਨੀਆਂ ਜੋ ਕਰਨ,ਜੀਆਂਦੇ ਉੱਧਾਰ ਖ਼ਾਤਰ
ਓਹਬਜ਼ੁਰਗਸਦਾਉਨਦੇਯੋਗ ਨਾਹੀਂ ਮਾਯਾਕਰਨਕੱਠੀਜੋਪਰਿਵਾਰ ਖ਼ਾਤਰ
ਗੁਰੂ ਨਾਨਕ ਘਰ ਕਰਤਾਰ ਸਿੰਘਾ ਤਨ ਧਨ ਸਭ ਰਾਹਿ ਕਰਤਾਰ ਖ਼ਾਤਰ

(ਤਥਾ)

ਅਮਰਦਾਸ ਸਤਿਗੁਰੂਜੀ ਹੁਕਮ ਕਰਗਏ ਤੀਰਥਅੰਮ੍ਰਿਤਸਰ ਰਚਾਵਨਾ ਜੀ
ਸਤਿਯੁਗਦਾ ਪਿਆਹੈ ਗੁਪਤਤੀਰਥ ਪਰਗਟਓਸਦੇ ਤਈਂ ਕਰਾਵਨਾ ਜੀ
ਲੱਖਾਂ ਜੀਆਂ ਦਾ ਹੋਇ ਉੱਧਾਰ ਏਥੋਂ ਵੱਡਾ ਤੀਰਥ ਰਾਜ ਬਨਾਵਨਾ ਜੀ
ਅੱਠੇ ਪਹਿਰ ਹੀ ਨਾਮ ਦਾਜਾਪ ਹੋਵੇ ਲੰਗਰ ਅੱਨ ਦਾ ਨਾਲ ਚਲਾਵਨਾ ਜੀ
ਕਲਯੁਗ ਵਿਚਪਾਪ ਦੀਅਗਨ ਬਰਸੇਜੀਆ ਜੰਤ ਨੂੰ ਜਿਸ ਜਲਾਵਨਾ ਜੀ
ਏਥੇ ਨਾਮ ਦੀ ਬਰਖਾਹੋਇ ਹਰਿਦਮ ਪਾਪ ਤਪਸ਼ ਨੂੰ ਜਿਸ ਮਿਟਾਵਨਾ ਜੀ
ਅੰਮ੍ਰਿਤਸਰ ਦੀ ਸ਼ਰਨ ਅਠ੍ਹਾਠ ਤੀਰਥ ਜੋ ਨ੍ਹਾਇ ਤਿਸ ਬੰਸ ਤਰਾਵਨਾ ਜੀ
ਏਥੇ ਬਗਲੇ ਨ੍ਹਾਇਕੇ ਹੰਸ ਹੋਵਨ ਪਰਮ ਪਦ ਨੂੰ ਪੱਪੀਆਂ ਪਾਵਨਾ ਜੀ
ਕਲੂਕਾਲ ਵਿਚ ਹੋਇ ਜਹਾਜ਼ ਭਾਰਾ ਪਾਰ ਭਵਜਲੋਂ ਜਗਤ ਲੰਘਾਵਨਾ ਜੀ

(ਤਥਾ)

ਰਾਮਦਾਸ ਸਤਿਗੁਰਾਂਨੂੰ ਹੁਕਮਮਿਲਯਾਓਹਨਾਂ ਉੱਦਮ ਤਾਲ ਕਰਾਯਾ ਸੀ
ਸੱਤ ਕੱਤਕ ਸੋਲਾਂ ਸੌ ਤੀਸਵੇਂ ਨੂੰ ਤਾਲ ਖੋਦਨੇ ਨੂੰ ਟੱਪ ਲਾਯਾ ਸੀ
ਦੁੱਖਭੰਜਨੀ ਤਰਫ ਪਹਾੜ ਵਲੋਂ ਥਾਂ ਥੋੜਾ ਜਿਹਾ ਖੁਦਵਾਯਾ ਸੀ
ਫੇਰ ਚਲੇ ਗਏ ਗੋਇੰਦਵਾਲ ਗੁਰ ਜੀ ਏਸੇ ਤਰਾਂ ਕਰਤਾਰ ਨੂੰ ਭਾਯਾ ਸੀ
ਓਹਦੋਹਾਂ ਪਿੱਛੋਂ ਮੀਂਹ ਦੇ ਪਾਣੀਆਂ ਨੇ ਦਿੱਤਾਭਰ ਨਿਸ਼ਾਨਮਿਟਾਯਾ ਸੀ

*ਆਪਣੇ ਚਲਾਇ ਹੋਇ ਮਜ਼ੂਬ ਦੇ ਲੋਕ।

ਸਮਾ ਲੰਘਯਾ ਕੁਝ ਕਰਤਾਰ ਸਿੰਘਾ ਘਰ ਦੇ ਝੇੜਯਾਂ ਵਕਤ ਗੁਵਾਯਾ ਸੀ

(ਤਥਾ)

ਚੌਥੇਪਾਤਸ਼ਾਹਭੀਓਵੇਂ*ਹੁਕਮਦੇਗਏਤੀਰਥਰਚਨਦੀਕਰਨੀਕਾਰ ਜਲਦੀ
ਓਸ ਗੱਲ ਨੂੰ ਸਤਿਗੁਰਾਂ ਯਾਦ ਕੀਤਾ ਕਰ ਉੱਦਮ ਹੋਇ ਤੱਯਾਰ ਜਲਦੀ
ਸਿੱਖਾਂ ਸੇਵਕਾਂਤੇ ਸੱਦ ਬਾਬੇ ਜੀਨੂੰ ਕੀਤੀ ਸਾਰਿਆਂ ਨਾਲ ਵਿਚਾਰ ਜਲਦੀ
ਕਰਨ ਬੇਨਤੀ ਸਭ ਕਰਤਾਰਸਿੰਘਾ ਕਰੋ ਸਤਿਗੁਰੋ ਪਰਉਪਕਾਰ ਜਲਦੀ

(ਸ੍ਰੀ ਅੰਮ੍ਰਿਤਸਰ (ਤਾਲ)ਦੀ ਖੁਦਾਈ ਦਾ ਉੱਦਮ)

ਸੋਲਾਂ ਸੌ ਚੁਤਾਲੀਏਂ ਸਾਲ ਚੜ੍ਹਦੇ ਓਸ ਟੋਇ ਦੀ ਕਰ ਪਛਾਨ ਭਾਈ
ਸਤਿਗੁਰਾਂ ਹੱਥੀਂ ਟੱਪ ਆਪ ਲਾਯਾ ਖੁਸ਼ੀ ਹੋਇ ਕੀਤਾ ਪੁੰਨ ਦਾਨ ਭਾਈ
ਜਿਹੜੇ ਸਿੱਖਹਾਜ਼ਰਹੈਸਨ ਲੱਗ ਪਏਕਹੀਆਂਫੜਕੇ ਮਿੱਟੀ ਪੁਟਾਨ ਭਾਈ
ਕਈ ਪੁੱਟਦੇ ਤੇ ਕਈ ਸਿਰਾਂ ਉੱਤੇ ਚੁੱਕ ਟੋਕਰੇ ਮਿੱਟੀ ਸੁਟਾਨ ਭਾਈ
ਕੰਮ ਸ਼ੁਰੂ ਕੀਤਾ ਓਟ ਰੱਖ ਭਾਰੀ ਸਿੱਖ ਕਰਨ ਸੇਵਾ ਨਿਰਮਾਨ ਭਾਈ
ਹੌਲੀ ਹੌਲੀ ਇਹ ਖਬਰਾਂਦੂਰਨੇੜੇਜਾਨਲੱਗ ਪਈਆਂ ਧਰੇ ਧਯਾਨ ਭਾਈ
ਸਿੱਖ ਆਉਣ ਲੱਗੇ ਸੇਵਾ ਕਰਨ ਖਾਤਰਕੱਹੀ ਟੋਕਰੀਸਣੇ ਸਾਮਾਨ ਭਾਈ
ਗੁਰੂ ਚੱਕ ਦੇ ਵਿੱਚ ਕਰਤਾਰ ਸਿੰਘਾ ਲੱਗੀ ਰੌਣਕ ਵਧਨ ਪਛਾਨ ਭਾਈ

(ਸੰਗਤਾਂ ਦੀਆਂ ਭੀੜਾਂ)

ਇਸੇ ਹੁਕਮ ਨਾਮੇਦੇਸ ਦੇਸਅੰਦਰਦੇਇ ਮਸੰਦਾਂ ਨੂੰ ਕਹਯਾ ਸੁਣਾਉ ਸਾਰੇ
ਤੀਰਥ ਰਾਜ ਦੀ ਰਚਨਾ ਹੋਣ ਲੱਗੀ ਆਉ ਸਫਲੇ ਜਨਮ ਕਰਾਉ ਸਾਰੇ
ਤਨ ਧਨ ਤੇ ਮਨ ਕਰ ਕਰੋ ਸੇਵਾ ਮਨੋ ਕਾਮਨਾ ਗੁਰ ਘਰੋਂ ਪਾਉ ਸਾਰੇ
ਕਲਯੁਗ ਦੇ ਵਿਚ ਹੈ ਪੁਰਬ ਲੱਗਾ ਜਨਮ ਮਰਨ ਦੇ ਗੇੜ ਮੁਕਾਉ ਸਾਰੇ
ਪੂਰਬ ਪੱਛਮੋਂ ਉੱਤਰੋਂ ਦਖਨਾਇਨ ਸਿੱਖ ਚਲੇ ਆਉਣ ਧਰ ਭਾਉ ਸਾਰੇ
ਹੋਈਆਂ ਸੰਗਤਾਂਖੁਸ਼ੀਕਰਤਾਰਸਿੰਘਾ ਕਰਨ ਨਾਲ ਤੱਯਾਰੀਆਂ ਚਾਉ ਸਾਰੇ

(ਤਥਾ)

ਚਹੁਵਾਂ ਪੱਾਸਯਾਂਤੋਂ ਸਿੱਖੀ ਆਉਣ ਲੱਗੀ ਅੰਤ ਨਹੀਂ ਪ੍ਰੇਮ ਦਾ ਆਇ ਕੋਈ
ਵਿਚ ਰਾਹਾਂਦੇਟੋਲੀਆਂਆਉਣਲਗੀਆਂ ਇਕਦੂਜੇਨੂੰਖ਼ਬਰਸੁਣਾਇ ਕੋਈ
ਵਧੀਆਂ ਰੌਣਕਾਂ ਆ ਗੁਰੂ ਚੱਕ ਅੰਦਰਪਾਰਾਵਾਰਾ ਨ ਗਿਣਕੇ ਪਾਇ ਕੋਈ
ਕੋਈ ਪੁੱਟਦਾ ਟੋਕਰੀ ਭਰੇ ਕੋਈ ਇੱਕ ਦੂਸਰੇ ਤਈਂ ਚੁਕਾਇ ਕੋਈ

---

*ਸ੍ਰੀ ਗੁਰੂ ਅਰਜਨ ਦੇਵ ਜੀ ਨੂੰ।

ਕੋਈ ਰਾਹ ਵਿਚੋਂ ਅੱਗੋਂ ਫੜ ਲੈਂਦਾ ਚੁੱਕ ਦੂਰ ਜਾ ਨਾਲ ਸੁਟਾਇ ਕੋਈ
ਸਿੱਖ ਪੜ੍ਹਨਬਾਨੀ ਕਰਨ ਕਾਰ ਹੱਥੀਂ ਸੱਤਿਨਾਮ ਦਾ ਜਾਪ ਜਪਾਇ ਕੋਈ
ਸਿੱਖ ਬਿਨਾ ਮਜ਼ਦੂਰੀਉਂ ਕਰਨ ਕਾਰਾਂ ਮਜ਼ਦੂਰੀਲੈਣੀ ਨਾਹਿੰਚਾਹਿ ਕੋਈ
ਦੋਨੋਂ ਵਕਤ ਅਤੁੱਟ ਹੀ ਚਲੇ ਲੰਗਰ ਕੋਈ ਖਾਇ ਤੇ ਬੈਠਾ ਪਕਾਇ ਕੋਈ
ਆੱਪੇਲਾਂਗਰੀਆੱਪੇਵਰਤਾਉਣਵਾਲੇ ਭਾਂਡੇ ਸਾਫ਼ ਕਰਲਿਆ ਰਖਾਇ ਕੋਈ
ਪੱਖਾ ਝੱਲਦਾ ਕੋਈ ਪਰੋਸਦਾ ਆ ਠੰਢਾ ਜਲ ਲਿਆਇ ਛਕਾਇ ਕੋਈ
ਆਉਂਦੇਸਿੱਖ ਤੇ ਰਸਦਾਂ ਲਈਆਉਂਦੇ ਯਥਾਸ਼ਕਤ,ਨਫ਼ਰਕਰਖਾਇ ਕੋਈ
ਮੂੰਦਾ ਗੱਲ ਕੀਹ ਰਾਤਦਿਨ ਹੋਇਸੇਵਾ ਕੋਈ ਥੱਕਯਾ ਸੇਵ ਕਮਾਇ ਕੋਈ
ਬੀਸ ਆਉਂਦੇ ਤੇ ਦਸ ਚਲੇ ਜਾਂਦੇ ਪਰ ਆੱਗਯਾ ਬਿਨਾ ਨ ਜਾਇ ਕੋਈ
ਸੇਵਾ ਤਾਲ ਦੀ ਹੋਇ ਕਰਤਾਰਸਿੰਘਾ ਮੰਦਭਾਗ ਹੀ ਦਿਲ ਚੁਰਾਇ ਕੋਈ

(ਤਥਾ)

ਦੁੱਖ ਭੰਜਨੀ ਤੋਂ ਪਰੇ ਥੜਾ ਰਚਯਾ ਓਥੇ ਬੈਠ ਗੁਰ ਕਾਰਕਰਾਵੰਦੇ ਸਨ
ਜਹੀ ਭਾਵਨਾ ਕਰ ਕੋਈਕਰੇ ਸੇਵਾ ਮਜ਼ਦੂਰੀ ਓਹਦੀ ਝੋਲੀ ਪਾਵੰਦੇ ਸਨ
ਜਹੀ ਵਾਸ਼ਨਾ ਜਿਸ ਦੀ ਦੇਖਦੇ ਸੀ ਆਸਾ ਓਸਦੀ ਝੱਟ ਪੁਰਾਵੰਦੇ ਸਨ
ਦੋਨੋਂਵਕਤ ਹੀਓਥੇ ਦੀਵਾਨਲੱਗੇ ਵਾਰ ਸੱਤਾਬਲਵੰਡ ਆ ਲਾਵੰਦੇ ਸਨ
ਥੋੜ੍ਹੇ ਇੱਛ ਤੇ ਬਹੁਤੇ ਨਿਰਇੱਛ ਹੋਕੇ ਗੁਰੂ ਸਰ ਦੀ ਕਾਰ ਕਮਾਵੰਦੇ ਸਨ
ਇੱਛਾਂ ਵਾਲਯਾਂਦੀ ਪੂਰੀਕਾਮਨਾ ਹੋਇ ਨਿਰਇੱਛ ਗਯਾਨਨੂੰਪਾਵੰਦੇ ਸਨ
ਗੁਰ ਭਾਵਨਾ ਸਭ ਦੀ ਕਰਨ ਪੂਰੀ ਭੋਗ ਮੋਖ ਗੱਫੇ ਵਰਤਾਵੰਦੇ ਸਨ
ਓਥੋਂ ਤਰਫ਼ ਪਹਾੜ ਦੀ ਬੁੱਢਾਸਾਹਿਬ ਬੇਰੀਹੇਠਬਹਿ ਕਾਰ ਕਢਾਵੰਦੇ ਸਨ
ਹੋਰ ਸਿੱਖ ਜਿੰਨੇ ਮੁਹਿਤਬਿਰ ਆਹੇ ਜੋ ਵੇਖਦੇ ਕੰਮ ਨਿਬਾਹਵੰਦੇ ਸਨ
ਵਧੀਆਂਰੌਣਕਾਂ ਬਹੁਤਕਰਤਾਰਸਿੰਘਾ ਫਿਰਦੇਦੇਵਤੇ ਹੀਨਜ਼ਰਆਵੰਦੇ ਸਨ

(ਵਾਕ ਕਵੀ)

ਬੇ ਸ਼ੁਮਾਰ ਸਿੱਖ ਆਨਿਕੇ ਕਾਰ ਕਰਦੇ ਕਈ ਕੱਲੇ ਤੇ ਸਣੇ ਪਰਿਵਾਰ ਬਹੁਤੇ
ਫਲ ਪਾਉਂਦੇ ਆਪਣੇ ਨਿਹਚਯਾਂ ਦੇ ਭਵ ਸਾਗਰੋਂ ਹੋ ਗਏ ਪਾਰ ਬਹੁਤੇ
ਨਹੀਂ ਸਾਰਯਾਂਦੀਘਾਲ ਗਿਣੀਜਾਂਦੀ ਵਿਚਆਉਂਦੇ ਨਹੀਂਸ਼ੁਮਾਰ ਬਹੁਤੇ
ਜਿਹੜੇ ਹੋਇ ਉਘੇਘਾੱਲੀਘਾਲ ਭਾਰੀਪਾੱਲੀਗੁਰ ਸਿੱਖੀ ਤਾ ਸਹਾਰ ਬਹੁਤੇ
ਗੁਰ ਘਰਦੇ ਦੇ ਖਾਸ ਵਜ਼ੀਰ ਬਣ ਗਏਹੋਇਪਰਗਟ ਵਿਚਸੰਸਾਰ ਬਹੁਤੇ

ਲਿਖਾਂ ਉਨ੍ਹਾਂਦੇ ਨਾਮ ਕਰਤਾਰਸਿੰਘਾ ਝੱਲੇਸਿੱਖੀਦੇ ਜਿਨ੍ਹਾਂਨੇ ਭਾਰ ਬਹੁਤੇ

(ਹਜ਼ੂਰੀਏ ਸਿੱਖ)

ਭਾਈ *ਭਗਤੂ†ਸੱਲੋ,ਲੰਗਾਹਾ,ਪੈੜਾ,ਜੇਠਾ ਚੂੜ੍ਹ ਤੇਭੱਲਣ ਜਾਨ ਭਾਈ
ਧਾਰੀ, ਭੂੰਦੜ ਅਤੇ ਗੁਰਦਾਸ,ਮੂਲਾ,ਕਾਲਾ,ਪੁਰੀਆ ਸਿੱਖ ਪਛਾਨ ਭਾਈ
ਗੋਂਦਾਮੋਹਨਕਿਦਾਰਾ ਤੇ ਲੱਲੂ ਬੱਲੂਬਹਿਲੋਚੰਡੀ ਭਾਗੀਰਥਾਆਨ ਭਾਈ
ਭਾਈ ਕਿਸ਼ਨਾ,ਤ੍ਰਿਲੋਕਾ ਤੇ ਜਾਣ ਸੁਘੜੂ ਗੁਰਸਿੱਖ ਭਾਰੇ ਨਿਰਮਾਨ ਭਾਈ
ਜੈਤਾ,ਨੰਦਾ,ਪਿਰਾਗਾਤੇਮਹਿਤਾਤੋਤਾ,ਸਾਈਂਦਾਸਜੜੀਆਬਹੁਸੁਜਾਨਭਾਈ
ਮਲਕ ਪੈੜਾ ਸੀਗਾਕੋਹਲੀ ਜ਼ਾਤਵਿੱਚੋਂ ਤੇ ਜਮਾਲ ਹੈਸੀਮੁਸਲਮਾਨ ਭਾਈ
ਦਰਗਾਹਾ ‡ਭੰਡਾਰੀਜਹੇ ਸਿਦਕ ਵਾਲੇ ਇਹਹਜ਼ੂਰੀਏ ਸਿੱਖਮਹਾਨ ਭਾਈ
ਬੱਬੇ ਬੁੱਢੇ ਜੈਸੇ ਕਰਤਾਰ ਸਿੰਘਾ ਹੱਥੀਂ ਤਾਲ ਦੀ ਸੇਵ ਕਮਾਨ ਭਾਈ

(ਵਾਕ ਕਵੀ)

ਦੂਰਾਂਦੂਰਾਂਤੋਂ ਸੰਗਤਾਂਆਉਣਚਲੀਆਂਲੱਗੀ ਰਾਤਦਿਨੇ ਆਵਾਜਾਈ ਭਾਰੀ
ਅੰਨ ਧਨ ਦੀ ਤੋਟ ਨ ਕਿਸੇ ਪਾਸੇ ਵਰਤ ਰਹੀ ਸੀ ਬੇਪਰਵਾਹੀ ਭਾਰੀ
ਦੁੱਧ,ਦਹੀਂ,ਮਿੱਠਾ,ਘਿਉ ਚਲਾ ਆਵੇ ਸੇਵਾ ਹੋਇ ਰਹੀ ਵਾਹੋਦਾਹੀ ਭਾਰੀ
ਥਾਂ ਥਾਂ ਉੱਤੇ ਲੰਗਰ ਵਰਤ ਰਹੇ ਕੱਠੀ ਹੋ ਰਹੀ ਗਿਰਦ ਨਿਵਾਹੀ ਭਾਰੀ
ਆਟੇ ਪੀਸੇ ਪਿਸਾਇ ਭੀ ਚਲੇ ਆਉਂਦੇ ਨਹੀਂ ਤਾਂਕਰਨਸੇਵਾਮਾਈ ਭਾਰੀ
ਵਿੱਚ ਜੰਗਲਾਂ ਦੇ ਮੰਗਲ ਲੱਗਗਿਆ ਕਰ ਸੰਗਤਾਂ ਰਹੀਆਂਕਮਾਈ ਭਾਰੀ
ਪਈਆਂ ਛੌਣੀਆਂ ਤਾਲ ਦੀਚੌਹੀਂ ਪਾਸੀਂ ਹੋ ਰਹੀ ਪੁਟਾਈ ਖੁਦਾਈ ਭਾਰੀ
ਆਵੇ ਕੋਈ ਨ ਅੰਤ ਕਰਤਾਰ ਸਿੰਘਾ ਵਧੀ ਰੌਣਕ ਦੂਣ ਸਵਾਈ ਭਾਰੀ

(§ਤਾਲ ਵਿਚੋਂ ਇੱਕ ¶ਯੋਗੀ ਦਾ ਮੱਠ ਨਿਕਲਣਾ)

ਤਾਲ ਖੋਦਦੇ ਖੋਦਦੇ ਹੋਯਾ ਡੂੰਘਾ ਕਈ ਥਾਵਾਂ ਤੋਂ ਪੂਰੀ ਪੁਟਾਈ ਹੋਈ
ਜਿਸ ਥਾਂ ਉੱਤੇ ਬਣਯਾਂ ਹਰੀਮੰਦ੍ਰ ਜਦ ਓਸ ਥਾਂ ਡੂੰਘੀ ਖੁਦਾਈ ਹੋਈ

---

*ਭਾਈ ਭਗਤੂ ਦੀ ਕਥਾ ਚੌਥੇ ਗੁਰੂ ਜੀ ਦੀ ਕਥਾ ਵਿਚ ਆਵੇਗੀ।

†ਭਾਈ ਸਾਲ੍ਹੋ ਸ੍ਰੀ ਅੰਮ੍ਰਤਸਰ ਵਿੱਚ ਬਹੁਤ ਮਸ਼ਹੂਰ ਹੋਯਾ ਹੈ।

‡ਭੰਡਾਰੀ ਖੱਤ੍ਰੀਆਂ ਦੀ ਜ਼ਾਤ ਹੈ।

§ਸੂਰਜਪ੍ਰਕਾਸ਼ ਰਾਸ਼ ੨,ਅ: ੩੪ ਵਿਚ ਏਸ ਯੋਗੀ ਦਾ ਨਿਕਲਣਾ ਸੰਤੋਖ ਸਰ ਵਿਚੋਂ ਲਿਖਯਾ ਹੈ।

¶ਯੋਗ ਮਾਰਗ ਦੇ ਸਾਧਣੇ ਵਾਲੇ ਦਾ ਨਾਮ ਯੋਗੀ ਹੈ, ਕੰਨ ਪਾੱਟਯਾਂ ਦਾ ਨਾਮ ਯੋਗੀ ਨਹੀਂ।

ਵਿਚੋਂ ਮੱਠ ਦਾ ਜ਼ਾਹਿਰ ਨਿਸ਼ਾਨ ਹੋਯਾ ਸਾਰੀ ਵੇਖ ਹੈਰਾਨ ਲੁਕਾਈ ਹੋਈ
ਜਦ ਹੋਰ ਥੋੜ੍ਹਾ ਜਿਹਾ ਪੁੱਟਯੋ ਨੇ ਨੰਗੀ ਗੁੰਬਜ਼ ਦੀ ਆ ਗੁਲਾਈ ਹੋਈ
ਗੁਰੂ ਲਾਚੀ ਬੇਰੀ ਵਾਲੇ ਥਾਂ ਬੈਠੇ ਓਸ ਥਾਂ ਆ ਹੁੱਮ ਹੁਮਾਈ ਹੋਈ
ਮੱਠ ਨਿਕਲਯਾ ਇੱਕ ਕਰਤਾਰ ਸਿੰਘਾ ਵਿੱਚ ਸੰਗਤਾਂ ਧੁੱਮ ਧੁਮਾਈ ਹੋਈ

(ਮੱਠ ਵਿਚੋਂ ਯੋਗੀ ਰਾਜ ਦਾ ਨਿਕਲਣਾ)

ਉੱਠ ਗੁਰੂ ਜੀ ਓਸ ਥਾਂ ਚਲੇ ਗਏ ਸਾਰੀ ਭੀੜ ਨੂੰ ਪਿਛਾਂ ਹਟਾਇਓ ਨੇ
ਇਰਦਗਿਰਦ ਕਹੀਆਂਵਾਲੇ ਲਾ ਕਰਕੇਸਾਰਾ ਮੱਠਨੰਗਾ ਕਰਵਾਇਓ ਨੇ
ਬੂਹਾ ਬੰਦਓਹਦਾ ਸਿਲਾ ਨਾਲਹੋਯਾ ਉਹਨੂੰ ਹੌਲੀ ਹੌਲੀ ਪੁਟਵਾਇਓ ਨੇ
ਯੋਗੀ ਰਾਜ ਸਮਾਧ ਦੇ ਵਿੱਚ ਬੈਠਾ ਓਸ ਤਈਂ ਜਗਾਵਨਾ ਚਾਹਿਓ ਨੇ
ਓਸੇਵਕਤ ਕਸਤੂਰੀਮੰਗਾਈਘਰਤੋਂ ਓਹਦੇਵਿੱਚਮੱਖਣ ਚਾ ਮਲਾਇਓ ਨੇ
"ਕਰੋ ਮਾਲਸ਼ ਪੈਰਾਂ ਨੂੰ ਚੰਗੀ ਤਰ੍ਹਾਂ" ਦੂਹ ਸਿੱਖਾਂ ਤਾਈਂ ਫ਼ੁਰਮਾਇਓ ਨੇ
ਫੇਰ ਸਿਰ ਤੇ ਦਸਮ ਦ੍ਵਾਰ ਉੱਪਰ ਕਸਤੂਰੀ ਨੂੰ ਖ਼ੂਬ ਝਸਵਾਇਓ ਨੇ
ਚੰਗਾ ਰੂੰ ਮੰਗਾਇਕੇ ਬਹੁਤ ਸਾਰਾ ਇਰਦ ਗਿਰਦ ਓਹਦੇ ਲਿਪਟਾਇਓ ਨੇ
ਜੋ ਸਾਧਨ ਸ੍ਵਾਸ ਉਤਾਰਨੇ ਦੇ ਉਹ ਕਰ ਕੇ ਚਾਇ ਲਿਟਾਇਓ ਨੇ
ਆਪ ਬੈਠ ਗਏ ਪਾਸ ਕਰਤਾਰ ਸਿੰਘਾ ਸਭ ਤਾਈਂ ਹਟਾ ਬੈਠਾਇਓ ਨੇ

(ਯੋਗੀ ਨੇ ਚੇਤੰਨ ਹੋਕੇ ਸਤਿਗੁਰਾਂ ਨਾਲ ਗੱਲ ਬਾਤ ਕਰਨੀ)

ਪਹੁੰਚੀ ਗਰਮੀ ਜਦੋਂ ਸ੍ਰੀਰ ਤਾਈਂ ਯੋਗੀ ਰਾਜ ਆ ਨੈਣ ਉਘਾਰਦਾ ਏ
ਹੌਲੀ ਹੌਲੀ ਜ਼ਬਾਨ ਹਿਲਾ ਕਰਕੇ ਫੇਰ ਮੁੱਖ ਤੋਂ ਬਚਨ ਉਚਾਰਦਾ ਏ
ਕੌਣ ਸਮਾਂ ਤੇ ਬੀਤਦਾ ਯੁਗ ਕਿਹੜਾ ਅਤੇ ਰਾਜ ਕਿਹੜੀ ਸਰਕਾਰ ਦਾ ਏ
ਇਹ ਜੋਤ ਭਰਯਾ ਮਸਤਕ ਕੌਣ ਬੈਠੇ ਬੜਾ ਤੇਜ਼ ਪ੍ਰਤਾਪ ਚਮਕਾਰਦਾ ਏ
ਯੋਗੀ ਏਤਨੀ ਆਖ ਕੇ ਚੁੱਪ ਹੋਯਾ ਸਤਿਗੁਰਾਂ ਦਾ ਰੂਪ ਨਿਹਾਰਦਾ ਏ
ਲੋਕ ਹੋਇ ਹੈਰਾਨ ਕਰਤਾਰ ਸਿੰਘਾ ਦਿਲ ਦੰਗ ਹੋਯਾ ਨਰ ਨਾਰ ਦਾ ਏ

(ਸ੍ਰੀ ਬਾਬਾ ਬੁੱਢਾ ਜੀ ਨੇ ਦੱਸਣਾ)

ਬਾਬੇ ਬੁੱਢੇਜੀ ਨੇ ਅੱਦਬਨਾਲ ਕਿਹਾ ਯੁਗ ਵਰਤਰਿਹਾ ਕਲੂਕਾਲ ਦਾ ਜੀ
ਸਾਲ ਪੰਜ ਹਜ਼ਾਰ ਹਨ ਬੀਤ ਚੁੱਕੇ ਜ਼ੋਰ ਪਾਪ ਅਪ੍ਰਾਧ ਦੀ ਚਾਲ ਦਾ ਜੀ
ਧਰਮ ਵਾਂਗ ਜਹਾਜ਼ ਦੇ ਡੋਲਰਿਹਾ ਨਹੀਂ ਸੀ ਓਸਨੂੰ ਕੋਈ ਸੰਭਾਲਦਾ ਜੀ
ਗੁਰੂ ਨਾਨਕ ਦਾ ਅਵਿਤਾਰ ਹੋਯਾ ਜ਼ੋਰ ਘਟਯਾ ਕਾਲ ਕਰਾਲ ਦਾ ਜੀ
ਉੱਚਾ ਦਰਜਾ ਰਿਖੀਆਂ ਮੁਨੀਆਂ ਤੋਂ ਗੁਰੂ ਨਾਨਕ ਰੂਪ ਅਕਾਲ ਦਾ ਜੀ

ਧਰਮ ਗੱਦੀ ਉੱਤੇ ਕਰਤਾਰ ਸਿੰਘਾ ਰੂਪ ਪੰਜਵਾਂ ਦੀਨ ਦਯਾਲ ਦਾ ਜੀ

(ਤਥਾ)

ਸ੍ਰੀ ਨਾਨਕ ਦੀ ਗੁਰ ਗੱਦੀ ਉੱਪਰ ਸ਼ੋਭਾ ਪੰਜਵੇਂ ਗੁਰੂ ਜੀ ਪਾ ਰਹੇ ਨੇ
ਸੋਢ ਬੰਸ ਅਵਿਤੰਸ ਅਵਿਤਾਰ ਪੂਰੇ ਪਾਰ ਸੰਗਤਾਂ ਤਾਈਂ ਲੰਘਾ ਰਹੇ ਨੇ
ਕੱਢ ਜੀਆਂ ਨੂੰ ਵਹਿਮ ਪਾਖੰਡ ਵਿਚੋਂ ਸਤਿਨਾਮ ਦਾ ਜਾਪ ਜਪਾ ਰਹੇ ਨੇ
ਕਲੂਕਾਲ ਦੇ ਵਿੱਚ ਮਹਾਨ ਤੀਰਥ ਭਾਰੀ ਉੱਦਮ ਕਰ ਬਣਵਾ ਰਹੇ ਨੇ
ਸਾਮ੍ਹਤੱਖ ਉਹ ਸਾਮ੍ਹਣੇ ਹੈਣ ਬੈਠੇ ਦਰਸ਼ਨ ਆਪ ਦੇ ਤਈਂ ਦਿਖਾ ਰਹੇ ਨੇ
ਦੱਸੋ ਆਪਣਾ ਪਤਾ ਕਰਤਾਰਸਿੰਘਾ ਸਤਿਗੁਰੂ ਜੀ ਮੁੱਖੋਂ ਫ਼ੁਰਮਾ ਰਹੇ ਨੇ

(ਯੋਗੀ ਰਾਜ)

ਯੋਗੀ ਸੁਣ ਕੇ ਬਹੁਤ ਪ੍ਰਸੰਨ ਹੋਯਾ ਕਹਿੰਦਾ ਪਾਵਨਾ ਸੀ,ਲਿਆ ਪਾ ਏਥੇ
ਬਹੁਤ ਸਮੇ ਦਾ ਬੈਠਾ ਉਡੀਕਦਾ ਸਾਂ ਸਾਰੀ ਦੇਵੰਦਾ ਕਥਾ ਸੁਣਾ ਏਥੇ
ਸਮਾਂ ਗੁਜ਼ਰਯਾ ਬਹੁਤ ਹੀ ਜਾਪਦਾ ਹੈ ਹੈਸੀ ਰਚਨਾ ਬੇ ਬਹਾ ਏਥੇ
ਵੱਡਾ ਤੀਰਥ ਅੰਮ੍ਰਿਤਸਰ ਹੈਸੀ ਰਿਖੀ ਮੁਨੀ ਰਹਿੰਦੇ ਹੈਸਨ ਆ ਏਥੇ
ਮਹਿਮਾਂ ਬਹੁਤ ਹੀ ਸੁਣੀ ਸੀ ਏਸ ਥਾਂ ਦੀ ਹੈਸੀ ਅੰਮ੍ਰਿਤ ਕੁੰਡ ਲਖਾ ਏਥੇ
ਸਤਿਜੁਗ ਦਾ ਤੀਰਥ ਦੱਸਦੇ ਸਨ ਯੋਗੀ, ਮੁਨੀ ਜੋ ਰਹਿਣ ਦਾਨਾ ਏਥੇ
ਮਹਾਰਾਜੇ ਅਖਵਾਕ ਨੇ ਯੱਗ ਕੀਤਾ ਬਹੁਤ ਦੇਵਤੇ ਰਿਖੀ ਬੁਲਾ ਏਥੇ
ਲਊ, ਕੁਸ਼ੂ ਦਾ ਏਸੇ ਥਾਂ ਜੰਗ ਹੋਯਾ ਬਾਲਮੀਕ ਦਾ ਆਸ਼੍ਰਮ ਥਾ ਏਥੇ
ਰਾਵੀ ਬਹੁਤ ਨੇੜੇ ਓਦੋਂ ਵੱਗਦੀ ਸੀ ਯੋਗੀ ਕੁਟੀਆ ਰਹਿਣ ਬਨਾ ਏਥੇ
ਮੋਈ ਰਾਮ ਦੀ ਸੈਨਾਂ ਜਿਵਾਈ ਸਾਰੀ ਲਊ, ਕੁਸ਼ੂ ਅੰਮ੍ਰਿਤ ਬਰਖਵਾ ਏਥੇ
ਦ੍ਵਾਪਰ ਵਿੱਚ ਮੈਂ ਭੀ ਚੱਲ ਆਇ ਰਿਹਾ ਕੰਢੇ ਤੀਰਥ ਕੁਟੀਆ ਪਾ ਏਥੇ
ਯੋਗ ਸਾਧਨਾ ਸਿੱਖਯਾ ਗੁਰੂ ਤੋਂ ਮੈਂ ਨਿਰਮਾਣ ਹੋ ਸੇਵ ਕਮਾ ਏਥੇ
ਕੀਤਾ ਪ੍ਰਸ਼ਨ"ਮੇਰੀ ਕਦੋਂ ਮੁਕਤ ਹੋਸੀ"ਕਿਹਾ ਗੁਰਾਂ ਸਮਾਧ ਲਗਾ ਏਥੇ
ਬਹੁਤ ਚਿਰ ਪਿਆ ਤੇਰੀ ਮੁਕਤ ਅੰਦਰ ਬੈਠਾ ਰਹੁ ਸ੍ਵਾਸ ਚੜ੍ਹਾ ਏਥੇ
ਨਹੀਂ ਤਾਂ ਧਾਰਨੇ ਪੈਣਗੇਜਨਮ ਬਹੁਤੇਚੰਗੀ ਇਹੋ,ਲੈ ਬਿਰਤ ਟਿਕਾ ਏਥੇ
ਕਲਜੁਗ ਜਦ ਪੰਜ ਹਜ਼ਾਰ ਬੀਤੂ ਦੇਊ ਰਚਨਾ ਰਾਮ ਰਚਾ ਏਥੇ
ਕਲਜੁਗ ਨਾਨਕ ਅਵਿਤਾਰ ਹੋਊ ਆਊ ਪੰਜਵਾਂ ਰੂਪ ਵਟਾ ਏਥੇ
ਏਸ ਤੀਰਥ ਨੂੰ ਕਰੂ ਪ੍ਰਗਟ ਮੁੜ ਕੇ ਉਹ ਪਵਿਤ੍ਰ ਦਰਸ ਦਿਖਾ ਏਥੇ

ਤੈਨੂੰ ਕਰੇਗਾ ਮੁਕਤ ਸੰਸਾਰ ਵਿਚੋਂ ਜਨਮ ਜਨਮ ਦੇ ਗੇੜ ਮਿਟਾ ਏਥੇ
ਸਤਿਗੁਰਾਂ ਦੇ ਕਹੇ ਤੇ ਧਰ ਨਿਸਚਾ ਬੈਠ ਗਿਆ ਮੈਂ ਮੱਠ ਬਣਵਾ ਏਥੇ
ਕੀਤੀ ਬੜੀ ਕ੍ਰਿਪਾ ਮੈਨੂੰ ਦਰਸ ਦਿੱਤਾ ਫਲ ਪਾ ਲਿਆ ਸਮਾ ਬਿਤਾ ਏਥੇ
ਫੜੇ ਗੁਰਾਂ ਦੇ ਚਰਨ ਕਰਤਾਰਸਿੰਘਾ ਦਿੱਤਾ ਦਰਸ ਇਹ ਤਾਲਪੁਟਾ ਏਥੇ

(ਸ੍ਰੀ ਸਤਿਗੁਰੂ ਜੀ)

ਜੇ ਤਾਂ ਹੋਰ ਲੀੱਲ੍ਹਾ ਤੁਸਾਂ ਦੇਖਣੀ ਹੈ ਰੱਖੋ ਪ੍ਰਾਣ ਤੇ ਜੱਗ ਦੀ ਚਾਲ ਦੇਖੋ
ਸਮਾ ਵਰਤ ਰਿਹਾ ਕਿਹੜੀ ਤੌਰਦਾ ਹੈ ਦੁਾਪਰ ਦੇੱਖਯਾ ਤੇਕਲੂਕਾਲ ਦੇਖੋ
ਸਤਿਸੰਗ ਦੇ ਰੰਗ ਦੇ ਵਿੱਚ ਰਹਿਕੇ ਸਿੱਖੀ ਤਿੱਖੀ ਬਰੀਕ ਦੀ ਢਾਲ ਦੇਖੋ
ਭਜਨ ਬੰਦਗੀ ਕਰੋ ਕਰਤਾਰ ਸਿੰਘਾ ਵਿੱਚ ਦਿਹ ਦੇ ਜੋਤ ਅਕਾਲ ਦੇਖੋ

(ਯੋਗੀ ਰਾਜ)

ਹੁਣ ਵਾਸ਼ਨਾ ਹੋਰ ਨ ਰਹੀ ਕੋਈ ਚਰਨ ਕੰਵਲ ਦਾ ਇਕ ਧਯਾਨ ਬਖਸ਼ੋ
ਇੱਕੋ ਵਾਸ਼ਨਾ ਸੀ ਪੂਰੀ ਹੋ ਗਈ ਓਹ ਸ੍ਵੈ ਸਰੂਪ ਦਾ ਹੁਣ ਗਯਾਨ ਬਖਸ਼ੋ
ਪੁਰੀ ਆਪਨੀ ਵਿੱਚ ਨਿਵਾਸ ਦੇਵੋ ਸਿੱਖ ਹੋਣ ਦਾ ਮੈਨੂੰ ਭੀ ਮਾਨ ਬਖਸ਼ੋ
ਦਿਹੋ ਆੱਗਜਾ ਹੁਣ ਕਰਤਾਰ ਸਿੰਘਾ ਨਿਸਚੱਲ ਅਟੱਲ ਅਸਥਾਨ ਬਖਸ਼ੋ

(ਵਾਕ ਕਵੀ)

ਕੜ੍ਹਯਾ ਦੁੱਧ ਹੈਸੀ ਅੱਗੇ ਚਿਰਾਂ ਦਾ ਓਹ ਜਾਗ ਲਾ ਕੇ ਗੁਰਾਂ ਜਮਾ ਦਿੱਤਾ
ਸ਼ੀਸ਼ਾ ਸਾਫ਼ ਹੈਸੀ ਬਿਨ੍ਹਾਂ ਮੈਲ ਅੱਗੇ ਪੜਦਾ ਚੁੱਕ ਕੇ ਰੂਪ ਦਿਖਾ ਦਿੱਤਾ
ਪਹੁੰਚ ਚੁੱਕਾ ਮਨਜ਼ਲ ਮਕਸੂਦ ਉੱਤੇ ਮਹਿਬੂਬ ਦੇ ਦਰ ਪਹੁੰਚਾ ਦਿੱਤਾ
ਨਦਰੀ ਨਦਰ ਨਿਹਾਲ ਕਰਤਾਰ ਸਿੰਘਾ ਕਰ, ਰੂਪਵਿਚਰੂਪਮਿਲਾ ਦਿੱਤਾ

(ਯੋਗੀ ਰਾਜ ਨੇ ਦਸਮਦਵਾਰ ਫੋੜ ਕੇ ਪ੍ਰਾਣ ਉਡਾ ਦੇਣੇ)

ਯੋਗੀ ਫੇਰ ਸਮਾਧ ਲਗਾ ਬੈਠਾ ਪੌਣ ਦਸਮ ਦ੍ਵਾਰ ਚੜ੍ਹਾਵੰਦਾ ਏ
ਫੇਰ ਰੋਕ ਕੇ ਚੱਕਰਾਂ ਸਾਰਯਾਂ ਨੂੰ ਜ਼ੋਰ ਬ੍ਰਹਮ *ਰੰਧਰ ਉਤੇ ਪਾਵੰਦਾ ਏ
ਓਹਨੂੰ ਫੋੜ ਸਵਾਸ ਉਡਾ ਦਿੱਤੇ ਜਾ ਜੋਤ ਵਿੱਚ ਜੋਤ ਸਮਾਵੰਦਾ ਏ
ਪੂਰੇ ਗੁਰਾਂ ਤੋਂ ਗਜਾਨ ਕਰਤਾਰਸਿੰਘਾ ਪਾ ਕੇ ਜਨਮਤੇਮਰਨਮਿਟਾਵੰਦਾ ਏ

(ਸ੍ਰੀ ਗੁਰੂ ਜੀ ਨੇ ਯੋਗੀ ਰਾਜ ਦੀ ਦਿਹ ਨੂੰ ਦਬਵਾ ਦੇਣਾ)

ਓਸ ਥਾਂ ਤੋਂ ਮੱਠ ਪੁਟਵਾ ਦਿੱਤਾ ਥੱਲੇ ਓਸਦੇ ਟੋਆ ਖੁਦਾ ਕਰਕੇ
ਦਿਹ ਯੋਗੀ ਦੀਓਥੇ ਹੀ ਰੱਖ ਦਿੱਤੀਟੋਆ ਮਿੱਟੀ ਦੇ ਨਾਲ ਭਰਵਾ ਕਰਕੇ

---

*ਦਸਮਦ੍ਵਾਰ ਦਾ ਅਸਥਾਨ ।

ਓਸ ਅਚਰਜ ਪੁਰਸ਼ ਨੂੰ ਲੋਪ ਕੀਤਾ ਮਹਿਮਾ ਸਰ ਦੀਪ੍ਰਗਟ ਕਰਾ ਕਰਕੇ
ਹੋਰ ਸੁਣੋ ਪਰਸੰਗ ਕਰਤਾਰ ਸਿੰਘਾ ਚਿੱਤ ਬਿਰਤੀ ਤਈਂ ਟਿਕਾ ਕਰਕੇ

(ਸੰਤੋਖਸਰ ਦੀ ਬੁਨਯਾਦ)

ਸਤਿਗੁਰਾਂ ਦਾ ਰੋਜ਼ ਵਿਹਾਰ ਹੈਸੀ ਅਮ੍ਰਿਤਸਰੋਂ ਪਹਾੜ ਦੀ ਦਾ ਭਾਈ
ਮੈਰਾ ਜ਼ਿਮੀ ਹੈਸੀ ਬਹੁਤਾ ਜਾੜ ਨਹੀਂ ਸੀ ਖੁੱਲ੍ਹੀ ਜਗਾ ਤੇ ਸਾਫ਼ਹਵਾ ਭਾਈ
ਓਧਰ ਜਾਵੰਦੇ ਨਿੱਤ ਸੁਚੇਤ ਪਾਣੀ ਬਹਿੰਦੇ ਫੇਰ ਟਾਹਲੀ ਹੇਠਾਂ ਆ ਭਾਈ
ਪਾਸ ਛੱਪੜੀ ਸੀ, ਹੱਥ ਪੈਰ ਧੋਕੇ ਬਹਿੰਦੇ ਚਿਰ ਤੱਕ ਸਹਿਜ ਸੁਭਾ ਭਾਈ
ਕਈ ਵਾਰ ਓਥੇ ਸਿੱਖ ਚਲੇ ਜਾਂਦੇ ਸਤਿਸੰਗ ਦਾ ਰੰਗ ਬਣਾ ਭਾਈ
ਹੁੰਦੀ ਗਯਾਨ ਪ੍ਰੇਮ ਦੀ ਖੂਬ ਚਰਚਾ ਕਹਿੰਦੇ ਉਤਰ ਪ੍ਰਸ਼ਨ ਸੁਣਾ ਭਾਈ
ਇੱਕ ਦਿਨ ਪਸ਼ੌਰੀਆ ਸਿੱਖ ਓਥੇ ਬੈਠਾ ਸਤਿਗੁਰਾਂ ਦੇ ਪਾਸ ਜਾ ਭਾਈ
ਓਹਦਾ ਨਾਮ*ਸੰਤੋਖਾ ਲੈ†ਧਨ ਚੋਖਾ ਕੱਢਮੋਹਰਾਂ ਦੀ ਥੈਲੀਟਿਕਾ ਭਾਈ
ਸਤਿਗੁਰਾਂ ਦੇ ਪਾਸ ਅਰਜੋਈ ਕਰਦਾ ਓਹ ਅਧੀਨਗੀਬਹੁਤ ਜਤਾ ਭਾਈ
ਮੇਰਾ ਰਹੇ ਨਿਸ਼ਾਨ ਕਰਤਾਰ ਸਿੰਘਾ ਮੂਲੋਂ ਦੇਇ ਨ ਸਮਾ ਮਿਟਾ ਭਾਈ

(ਤਥਾ)

ਸਤਿਗੁਰੋ ਔਲਾਦ ਨ ਘਰ ਮੇਰੇ ਮੇਰਾ ਜਿਸਤਰ੍ਹਾਂ ਰਹੇ ਨਿਸ਼ਾਨ ਪਿੱਛੇ
ਏਸ ਧਨ ਨੂੰ ਓਸ ਥਾਂ ਖ਼ਰਚ ਕਰੋ ਯਾਦਗਾਰ ਰਹਿ ਵਿੱਚ ਜਹਾਨ ਪਿੱਛੇ
ਲੋਹਾ ਨਾਲ ਜਹਾਜ਼ ਦੇ ਤਰ ਜਾਵੇ ਮੈਂ ਭੀ ਤਰ ਜਾਂ ਆਪ ਦੇ ਸ਼ਾਨ ਪਿੱਛੇ
ਪੂਰੀ ਹੋਇ ਮੁਰਾਦ ਕਰਤਾਰ ਸਿੰਘਾ ਮੇਰੇ ਨਾਮ ਤੇ ਰਹਿ ਜਾਇ ਥਾਨ ਪਿੱਛੇ

(ਤਥਾ)

ਗੁਰਾਂ ਆੱਖਯਾ ਜੇ ਤੇਰੀ ਆਸ ਇਹੋ ਯਾਦਗਾਰ ਹਾਂ ਪੱਕੀ ਬਣਵਾ ਦੇਂਦੇ
ਤੇਰੇ ਨਾਮ ਉੱਤੇ ਏਸੇ ਛੱਪੜੀ ਦੇ ਥਾਂ ਤਾਲ ਸੋਹਣਾ ਲਗਵਾ ਦੇਂਦੇ
ਸਾਡੇ ਨਾਲ ਹੀ ਰਹੇਗਾ ਨਾਮ ਤੇਰਾ ਸਰ ਦੂਸਰਾ ਹਾਂ ਪਟਵਾ ਦੇਂਦੇ
ਇਹ ਧਨ ਤੇਰਾ ਕਰਤਾਰ ਸਿੰਘਾ ਭਲੇ ਅਰਥ ਉੱਤੇ ਖ਼ਰਚਵਾ ਦੇਂਦੇ

---

*ਪੁਸਤਕਾਂ ਵਿੱਚ ਤਾਂ ਕੇਵਲ ਢਾਈ ਸੌ ਮੋਹਰ ਹੀ ਲਿਖੀ ਹੈ।

†ਕਵੀਆਂ ਓਸ ਯੋਗੀ ਦਾ ਨਾਮ ਸੰਤੋਖ ਦਾਸ ਲਿਖਯਾ ਹੈ ਤੇ ਦੱਸਯਾ ਹੈ ਕਿ ਓਸੇ ਯੋਗੀ ਦ ਨਾਮ ਤੇ ਹੀ ਸਰੋਵਰ ਦਾ ਨਾਮ ਸੰਤੋਖਸਰ ਰੱਖਜਾ ਗਿਆ ਸੀ।

(ਵਾਕ ਕਵੀ)

ਇਕਧਿਰ ਅੰਮ੍ਰਿਤਸਰ ਦੀ ਕਾਰ ਹੋ ਰਹੀ ਤਾਲ ਦੂਸਰਾ ਸ਼ੁਰੂ ਕਰਵਾ ਦਿੱਤਾ
ਓਹਦਾ ਭਾਈ ਸੰਤੋਖੇ ਦੇ ਨਾਮ ਉੱਤੇ ਸੰਤੋਖਸਰ ਨਾਮ ਸੁਣਾ ਦਿੱਤਾ
ਕੁਝ ਸਿਖ ਤੇ ਕੁਝ ਮਜ਼ਦੂਰ ਲਾ ਕੇ ਵਿੱਚ ਦਿਨਾਂ ਦੇ ਬਹੁਤ ਪੁਟਵਾ ਦਿੱਤਾ
ਓਟ ਵਾਹਿਗੁਰੂ ਰੱਖ ਕਰਤਾਰ ਸਿੰਘਾ ਕੰਮ ਬੇਹਿਸਾਬ ਹਿਲਾ ਦਿੱਤਾ

(ਸਰੋਵਰ ਵਾਸਤੇ ਆਵੇ ਤੇ ਭੱਠੇ ਚੜ੍ਹਾਣੇ)

ਤਾਲ ਅੰਮ੍ਰਿਤਸਰ ਦੀ ਕਾਰ ਹੋ ਰਹੀ ਸਿੱਖਾਂਸਿੱਦਕ ਨਮੂਨੇ ਦਿਖਾਇ ਬਹੁਤੇ
ਕੀਹ ਸਿਦਕ ਪ੍ਰੇਮ ਦਾ ਮੁੱਲ ਪਾਈਏ ਸੁੱਧ ਨਿਕਲੇ ਸਿੱਖ ਜਾਂ ਤਾਇ ਬਹੁਤੇ
ਸਤਿਗੁਰਾਂ ਨੇ ਦੇਸ ਪ੍ਰਦੇਸ ਵਿਚੋਂ ਕਾਰੀਗਰ ਘੁਮਯਾਰ ਬੁਲਾਇ ਬਹੁਤੇ
ਇੱਟਾਂ ਤਾਲ ਦੇ ਵਾਸਤੇ ਤਯਾਰ ਹੋਵਨ ਪੱਥਨ ਲਈਪਥੇਰੇਲਗਾਇ ਬਹੁਤੇ
ਕੂੜਾ ਪਿੰਡਾਂ ਵਿਚੋਂ ਕੱਠਾ ਹੋਣ ਲੱਗਾ ਟਾਲ ਲੱਕੜਾਂ ਦੇ ਚੁਣਵਾਇ ਬਹੁਤੇ
ਇਰਦ ਗਿਰਦ ਤਾਲਾਬ ਦੇ ਤਿੱਨੀਪਾਸੀਂਵੱਡੇਵੱਡੇ ਆਵੇਚੜ੍ਹਵਾਇ ਬਹੁਤੇ
ਚੂੱਨੇ ਵਾਸਤੇ ਰੋੜਾਂ ਦੇ ਚਾੜ੍ਹ ਭੱਠੇ ਕਾਰੀਗਰਾਂ ਨੂੰ ਕੱਮ ਸੌਂਪਾਇ ਬਹੁਤੇ
ਭੀੜਾਂ ਰਹਿਣ ਹਮੇਸ਼ਕਰਤਾਰਸਿੰਘਾ ਸੇਵਾਕਰਨਲਈ ਸਿੱਖ ਆਇ ਬਹੁਤੇ

(ਵਾਕ ਕਵੀ)

ਸੇਵਾ ਕਰਨਨੂੰਘਰਾਂ ਤੋਂਆਉਣਸਾਰੇਚਾਹੁੰਦਾਹਰਕੋਈ ਗੁਰਮਿਹਰਬਾਨ ਹੋਵੇ
ਕੋਈ ਦੁੱਧ ਮੰਗੇ ਕੋਈ ਪੁੱਤ ਮੰਗੇ ਕੋਈ ਚਾਹੁੰਦਾ ਮੇਰੀ ਕੱਲਯਾਨ ਹੋਵੇ
ਕੋਈ ਦਿਹ ਅਰੋਗਤਾ ਮੰਗ ਰਿਹਾ ਕੋਈ ਚਾਹੁੰਦਾ ਜਗਤ ਵਿਚ ਸ਼ਾਨ ਹੋਵੇ
ਕੋਈ ਨਿਰੀਵਡਿਆਈਹੀ ਪਾਈਚਾਹਵੇਕੋਈਚਾਹੁੰਦਾ ਨਾਮਦਾ ਦਾਨ ਹੋਵੇ
ਆੱਪੋ ਆਪਣੀ ਆਵੰਦੇ ਧਾਰ ਆੱਸ਼ਾ ਜਹੀ ਕਿਸੇ ਦੀ ਵਾਸ਼ਨਾ ਜਾਨ ਹੋਵੇ
ਗੁਰੂ ਘਰੋਂ ਸਭ ਦੀ ਕਰਤਾਰ ਸਿੰਘਾ ਪੂਰੀ ਹਰੇਕ ਮੁਰਾਦ ਪਛਾਨ ਹੋਵੇ

(ਸਿੱਖਾਂ ਦੀਆਂ ਘਾਲਣਾਂ)

ਆਵੇ ਚੜ੍ਹੇ ਘੁਮਯਾਰਾਂ ਨੇ ਗੱਲ ਕੀਤੀ ਗੋਹੇ,ਲੱਕੜਾਂਨਾਲੋਂ ਵਿਚਾਰ ਭਾਈ
ਜੇ ਕਰ ਮੈਲੇ ਵਾਲਾ ਕੂੜਾ ਪਵੇ ਏਥੇ ਇੱਟਾਂ ਸੋਹਣੀਆਂ ਹੋਣ ਤੱਯਾਰ ਭਾਈ
ਆਵੇ ਪੱਕਦੇ ਮੈਲੇ ਦੇ ਨਾਲ ਚੰਗੇ ਅਸੀਂ ਵੇਖ ਚੁੱਕੇ ਕਈ ਵਾਰ ਭਾਈ
ਇਹ ਸਿਦਕੀਸਿੱਖਾਂਨੇਗੱਲਸੁਣ ਲਈ ਚੰਗੀਲਈ ਹਿਰਦੇ ਵਿੱਚਧਾਰ ਭਾਈ

ਭਾਈ *ਬਹਿਲੋ ਤੇ ਭਗਤੂ ਸੱਲੋ ਪੈੜਾ ਜੇਠੇ,ਜੈਤੇ ਜੈਸੇ ਸਿੱਖ ਭਾਰ ਭਾਈ
ਲੈਕੇ ਟੋਕਰੀ, ਫਾਹੁੜੀਆਂ ਟੁਰ ਪਏ ਲੋਕ ਲਾਜ ਗਿਲਾਨ ਵਿਸਾਰ ਭਾਈ
ਇਰਦ ਗਿਰਦ ਪਿੰਡਾਂ ਵਿੱਚੋਂ ਚੁੱਕ ਮੈਲਾ ਕੱਠੇ ਥਾਂ ਥਾਂ ਕਰੇ ਅੰਬਾਰ ਭਾਈ
ਜਿਨ੍ਹਾਂ ਆਵਯਾਂਵਿੱਚ ਓਹ ਪਿਆਕੂੜਾ ਇੱਟਾਂ ਪੱਕੀਆਂ ਖ਼ੂਬਵਿਚਾਰ ਭਾਈ
ਸੁਣੀ ਗੁਰਾਂ ਜਾਂ ਸਿੱਖਾਂਦੀ ਘਾਲਨਾਇਹ ਹੋਇਬਹੁਤਹੀ ਖ਼ੁਸ਼ਦਾਤਾਰ ਭਾਈ
ਦਿੱਤੇ ਕਰ ਨਿਹਾਲ ਕਰਤਾਰ ਸਿੰਘਾ ਰਿਧ, ਸਿਧ,ਬਖ਼ਸ਼ੇ ਫਲਚਾਰ ਭਾਈ

(ਭਾਈ ਮੰਝ)

ਦ੍ਵਾਬੇਬਿਸਤ ਜਾਲੰਧਰਾਂਹਕੀਮਪੁਰ ਦਾ ਜੱਟ ਤੀਰਥਾ ਨਾਮ ਕਹਾਵੰਦਾ ਸੀ
ਸਖ਼ੀ ਸਰਵਰ ਦੀ ਪੂਜਾ ਨਿੱਤ ਕਰਦਾ ਹਰ ਸਾਲ ਧਰੋਂਕਲ ਜਾਵੰਦਾ ਸੀ
ਘਰ ਵਿੱਚ ਮੁਕਾਮ ਬਣਾਯਾ ਹੋਯਾ ਜੁੰਮੇਰਾਤ ਨੂੰ ਰੋਟ ਪਕਾਵੰਦਾ ਸੀ
ਜੂਠਾ ਲੈ ਭਿਰਾਈਆਂ ਤੋਂ ਖਾਵੰਦਾ ਸੀਹਿੰਦੂਧਰਮ ਦੇ ਤਈਂ ਗੁਵਾਵੰਦਾ ਸੀ
ਤੁਰਕ ਪੀਰ ਨੂੰ ਪੂਜਦਾ ਹੋ ਹਿੰਦੂ ਭੁੱਲਾ ਭਟਕਦਾ ਜਨਮ ਵੰਞਾਵੰਦਾ ਸੀ
ਨ ਸੀ ਓਸ ਬੇੜੀ ਨ ਸੀ ਓਸ ਬੇਲ਼ੀ ਗ਼ੋਤੇ ਅੱਧਵਿਚਾਲੇ ਹੀ ਖਾਵੰਦਾ ਸੀ
ਹਰਸਾਲਹੀ ਸੰਗਦੇਨਾਲਜਾਂਦਾ ਪੀਰਭਾਈਆਂਦਾ ਭਾਈ ਅਖਵਾਵੰਦਾ ਸੀ
ਮੜ੍ਹੀਆਂਅਤੇਕਬਰਾਂ ਤਾਈਂਪੂਜਦਾਸੀ ਬਿਨ੍ਹਾਂਗਜਾਨ ਦੇਸ਼ਾਂਤਨਪਾਵੰਦਾ ਸੀ
ਪੂਰੇ ਗੁਰੂ ਦੇ ਬਿਨ੍ਹਾਂ ਕਰਤਾਰਸਿੰਘਾ ਓਹ ਅਮੋਲਕ ਜਨਮ ਰੁੜ੍ਹਾਵੰਦਾ ਸੀ

(ਤਥਾ)

ਸੋਲਾਂ ਸੌ ਪੈਂਤਾਲੀਏਂ ਸਾਲਅੰਦਰਪਿਛ੍ਹਾਂ ਪਰਤ ਨਗਾਹੇ ਤੋਂ ਆਇਆ ਜਾਂ

---

*ਭਾਈ ਬਹਿਲੋ ਮਾਲਵੇ ਦੇਸ ਫਫੜੇ ਪਿੰਡ ਦੇ ਰਹਿਣ ਵਾਲਾ ਭਾਰੀ ਸਰਵਰੀਆ ਸੀ। ੧੬੩੪ ਬਿਕ੍ਰਮੀ ਨੂੰ ਨਗਾਹੇ ਜਾਂਦਯਾਂ ਗੁਰੂ ਕੇ ਚੱਕ ਸ੍ਰੀ ਗੁਰੂ ਰਾਮਦਾਸ ਜੀ ਦਾ ਦਰਸ਼ਨ ਕੀਤਾ ਤੇ ਓਸੇ ਵੇਲੇ ਗੁਰ ਸਿੱਖੀ ਧਾਰਨ ਕਰ ਲਈ। ਹੁਣ ਜਦ ਤਾਲ ਦੀ ਸੇਵਾ ਹੋਣ ਲੱਗੀ ਤਾਂ ਏਸਨੇ ਓਹ ਨਿਰਮਾਨ ਸੇਵਾ ਕਰਕੇ ਗੁਰੂ ਜੀ ਨੂੰ ਪ੍ਰਸੰਨ ਕੀਤਾ ਕਿ ਪੰਚਮ ਪਾਤਸ਼ਾਹ ਜੀ ਨੇ ਏਸ ਨੂੰ "ਭਾਈ ਬਹਿਲੋ ਸਭ ਤੋਂ ਪਹਿਲੋ" ਦਾ ਵਰ ਦੇਕੇ ਮਾਲਵੇ ਦੇਸ ਵਿੱਚ ਸਿੱਖੀ ਦਾ ਪ੍ਰਚਾਰਕ ਮਸੰਦ ਬਣਾ ਦਿੱਤਾ। ਭਾਈ ਭਗਤਾ ਏਸੇ ਦੀ ਔਲਾਦ ਵਿੱਚੋਂ ਹੋਯਾ ਹੈ।

†ਭਾਈ ਮੰਝ ਜਿਲੇ ਜਾਲੰਧਰ ਪਿੰਡ ਹਕੀਮ ਪੁਰੇ (ਜੋ ਮੁਕੰਦ ਪੁਰ ਦੇ ਨੇੜੇ ਹੈ) ਦਾ ਰਹਿਣ ਵਾਲਾ ਪੁਰੇਵਾਲ ਗੋਤ ਦਾ ਜੱਟ ਸੀ, ਜਦ ਪੰਚਮ ਪਾਤਸ਼ਾਹ ਜੀ ਨੇ ਪੁੱਛਯਾ ਕਿ "ਤੂੰ ਭਾਈ ਕਿੱਥੋਂ ਦਾ ਰਹਿਣ ਵਾਲਾ ਹੈਂ?" ਤਦ ਤੀਰਥੇ ਨੇ ਕਿਹਾ ਕਿ "ਜੀ, ਦੁਾਬੇ ਮੰਝ (ਵਿੱਚ) ਰਹਿੰਦਾ ਹਾਂ" ਗੁਰਾਂ ਹੱਸ ਕੇ ਕਿਹਾ "ਆ ਭਾਈ ਮੰਝ ਤੇਰੇ ਨਾਮ ਉੱਤੇ ਹੀ ਓਸ ਇਲਾਕੇ ਦਾ ਨਾਮ ਮਸ਼ਹੂਰ ਹੋ ਜਾਵੇਗਾ" ਜੋ ਓਸ ਦਿਨ ਤੋਂ ਤੀਰਥੇ ਦਾ ਨਾਮ ਮੰਝ ਹੋ ਗਿਆ ਤੇ ਓਸੇ ਦੇ ਨਾਮ ਤੇ ਓਸ ਇਲਾਕੇ ਨੂੰ ਲੋਕ ਮੰਝਕੀ ਅਥਵਾ ਮੰਝਵਾਲੀ ਆਖਣ ਲੱਗ ਪਏ।

ਗੁਰੂ ਚੱਕ ਪਾਸੋਂ ਸੰਗ ਲੰਘ ਰਿਹਾ ਓਸ ਕਿਸੇ ਤੋਂ ਪੁੱਛ ਪੁਛਾਇਆ ਜਾਂ
ਏਥੇ ਕੌਣ ਰਹਿੰਦਾ, ਪਿੰਡ ਕਿਸ ਬੱਧਾ ਨਾਮ ਗੁਰਾਂ ਦਾ ਕਿਸੇ ਸੁਣਾਇਆ ਜਾਂ
ਓਹਦੇ ਪੂਰਬਲੇ ਭਾਗ ਜਾਗ ਪਏ ਗੁਰੂ ਨਾਮ ਕੰਨੀਂ ਸੁਣ ਪਾਇਆ ਜਾਂ
ਲੱਗੀ ਖਿੱਚ ਤੇ ਆਯਾ ਦੀਦਾਰ ਕਰਨੇ ਭਲੇ ਕਰਮਾਂ ਨੇ ਢੋ ਬਣਾਇਆ ਜਾਂ
ਪਈ ਕਾਲਜੇ ਠੰਢ ਕਰਤਾਰ ਸਿੰਘਾ ਬਾਹਰ ਸਿੱਖਾਂ ਨੂੰ ਮਿਲ ਮਿਲਾਇਆ ਜਾਂ

(ਮੰਝ ਅਥਵਾ ਤੀਰਥੇ ਨੇ ਸਤਿਗੁਰਾਂ ਦਾ ਦੀਦਾਰ ਕਰਨਾ)

ਓਹ ਪੂਜਦਾ ਮੜ੍ਹੀਆਂ ਕਬਰਾਂ ਨੂੰ ਓਸ ਕਦੇ ਨਹੀਂ ਸੀ ਇਹਾ ਸ਼ਾਨ ਡਿੱਠਾ
ਨ ਮਜ਼ੌਰਾਂ ਦੇ ਵਿੱਚ ਉਹ ਰੰਗ ਹੈਸੀ ਜਿਹੜਾ ਸਿੱਖਾਂ ਦੇ ਚਿਹਰੇ ਤੇ ਆਨ ਡਿੱਠਾ
ਉਹ ਤਾਂ ਸਿੱਖਾਂ ਨੂੰਹੀ ਵੇਖਦੰਗ ਹੈਸੀ ਜਦ ਗੁਰਾਂ ਦਾ ਆਇ ਦੀਵਾਨ ਡਿੱਠਾ
ਬੈਠੇ ਦੇਵਤੇ ਅਰਸ਼ ਤੋਂ ਆਣ ਥੱਲੇ ਵਧ ਇੱਕ ਤੋਂ ਇੱਕ ਪਛਾਨ ਡਿੱਠਾ
ਸਤਿਗੁਰੂ ਜੀ ਸ਼ਾਂਤ ਸਰੂਪ ਬੈਠੇ ਚਿਹਰੇ ਉੱਤੇ ਜਮਾਲ ਮਹਾਨ ਡਿੱਠਾ
ਸਾਖਯਾਤ ਹੀ ਆਣਕੇ ਧਰਤ ਉੱਤੇ ਬੈਠਾ ਦਿਹ ਧਰ ਆਪ ਭਗਵਾਨ ਡਿੱਠਾ
ਅੱਗੇ ਕੀਰ੍ਤਨ ਸੱਤੇ ਬਲਵੰਡ ਦਾ ਸੀ ਉਹ ਗੰਧਰਬ ਨਗਰ ਬਣਯਾਂ ਥਾਨ ਡਿੱਠਾ
ਹੋ ਗਿਆ ਹੈਰਾਨ ਕਰਤਾਰ ਸਿੰਘਾ ਇਹ ਰੰਗ ਨ ਵਿੱਚ ਜਹਾਨ ਡਿੱਠਾ

(ਤੀਰਥੇ ਦੇ ਮਨ ਤੇ ਸਿੱਖੀ ਦਾ ਅਸਰ ਹੋ ਜਾਣਾ)

ਸਤਿਗੁਰਾਂ ਦਾ ਵੇਖ ਪ੍ਰਕਾਸ਼ ਭਾਰਾ ਮਨ ਤੀਰਥੇ ਦਾ ਉੱਕਾ ਭਰਮ ਗਿਆ
ਵੇਖ ਸਿੱਖਾਂ ਦੇ ਪ੍ਰੇਮ ਪਯਾਰ ਤਾਈਂ ਢਲ ਪੱਥਰ ਦਿਲ ਹੋ ਨਰਮ ਗਿਆ
ਸੋਚਾਂ ਸੋਚਦਾ ਫੋਲਦੇ ਰੂੜੀਆਂ ਰਹੇ ਲੱਭਾ ਕੁਝ ਨ ਐਵੇਂ ਹੀ ਜਰਮ ਗਿਆ
ਚੋਲਾ ਪੀਰ ਦਾ ਰਿਹਾ ਕਰਤਾਰ ਸਿੰਘਾ ਭਾੜੇ ਭੰਗ ਦੇ ਹੀ ਹਿੰਦੂ ਧਰਮ ਗਿਆ

(ਤਥਾ)

ਸਾਰੇ ਸੰਗ ਸਣੇ ਰਾਤ ਰਿਹਾ ਓਥੇ ਫਿਰ ਕੇ ਸਤਿਗੁਰਾਂ ਦਾ ਪ੍ਰਤਾਪ ਡਿੱਠਾ
ਸੇਵਾ ਤਾਲ ਦੀ ਸੰਗਤਾਂ ਕਰ ਰਹੀਆਂ ਗੁਰ ਸਿੱਖੀ ਦਾ ਪਯਾਰ ਮਿਲਾਪ ਡਿੱਠਾ
ਸੇਵਾ ਭਗਤੀ ਪ੍ਰੇਮ ਤੇ ਸਤਸੰਗਤਿ ਹੁੰਦਾ ਵਾਹਿਗੁਰੂ ਨਾਮ ਦਾ ਜਾਪ ਡਿੱਠਾ
ਵਰਤੀ ਸ਼ਾਂਤੀ ਨਜ਼ਰ ਆ ਰਹੀ ਸਾਰੇ ਗੁਰਬਾਣੀ ਹਰ ਥਾਂ ਅਲਾਪ ਡਿੱਠਾ
ਵਰਤ ਰਹੇ ਸਨ ਕਈ ਅਤੁੱਟ ਲੰਗਰ ਸਿੱਖਾਂ ਵਿਚ ਪਯਾਰ ਅਮਾਪ ਡਿੱਠਾ
ਅੱਗੇ ਸੁਣਦਾ ਹੈਸੀ ਕਰਤਾਰ ਸਿੰਘਾ ਸਭ ਕੁਝ ਅੱਖੀਂ ਹੁਣ ਆਪ ਡਿੱਠਾ

(ਵਾਕ ਕਵੀ)

ਮਨ ਤੀਰਥੇ ਦਾ ਦੇਖ ਗਿਆ ਪੱਘਰ ਝੰਡੇ ਸਿੱਖੀ ਵਾਲੇ ਅੰਦਰ ਗੱਡ ਬੈਠਾ

ਸਤਿਗੁਰਾਂ ਦੇ ਚਰਨ ਦਾ ਬਣ ਭੌਰਾ ਹੋਰ ਆਸਰੇ ਸਾਰੇ ਹੀ ਛੱਡ ਬੈਠਾ
ਵਾਂਗ ਚਾਤ੍ਰਿਕ ਦੇ ਸ੍ਵਾਂਤੀ ਬੂੰਦ ਲਈ ਮੂੰਹ ਹੋਇ ਤ੍ਰਿਖਾਤਰ ਟੱਡ ਬੈਠਾ
ਪਵੇ ਸਿੱਖੀ ਦਾ ਖ਼ੈਰ ਕਰਤਾਰ ਸਿੰਘਾ ਦਰ ਸਤਿਗੁਰਾਂ ਦੇ ਝੋਲੀ ਅੱਡ ਬੈਠਾ

(ਤੀਰਥੇ ਨੇ ਸਤਿਗੁਰਾਂ ਪਾਸ ਬੇਨਤੀ ਕਰਨੀ)

ਆਕੇ ਭਰੇ ਦੀਵਾਨਦੇ ਵਿੱਚਕਹਿੰਦਾ ਮੈਨੂੰ ਆਪਣਾਸਿੱਖ ਬਣਾਉ ਗੁਰ ਜੀ
ਐਵੇਂ ਟੱਕਰਾਂਮਾਰਦੇ ਉਮਰ ਗੁਜ਼ਰੀ ਹੁਣ ਆਪਣੀ ਚਰਨੀਂ ਲਾਉ ਗੁਰ ਜੀ
ਕਾਗ,ਰੂੜੀਆਂਫੋਲਦਾਰਿਹਾਹੁਣਤੱਕ ਇਹਨਾਂਹੰਸਾਂਦੀਚੋਗਚੁਗਾਉ ਗੁਰ ਜੀ
ਇਹਨਾਂਸਿੱਖਾਂਦੀ ਖ਼ੈਰਖ਼ੈਰਾਇਤ ਮੈਨੂੰ ਸਿੱਖੀਦਾਨਮੇਰੀ ਝੋਲੀਪਾਉ ਗੁਰ ਜੀ
ਮੈਂ ਤਾਂਉਮਰ ਹੀ ਐਵੇਂਗੁਵਾਇ ਦਿੱਤੀ ਹੁਣਲੱਗਾ ਭਾਰੀ ਪ੍ਰਛਤਾਉ ਗੁਰ ਜੀ
ਪੂਜ ਕਬਰਾਂ ਜਨਮ ਮਾਨੁੱਖਖੋਹਯਾ ਬਾਜ਼ੀਹਰੀ,ਨ ਜਿੱਤਯਾ ਦਾਉ ਗੁਰ ਜੀ
ਜਿਹੜੀ ਰਹਿਗਈਇਹੋਹੀ ਸੌਰਜਾਵੇ ਡਰਜਮਾਂ ਦਾ ਸਿਰੋਂਚੁਕਾਉ ਗੁਰ ਜੀ
ਡਿੱਗਾ ਦਰ ਤੇ ਆਣ ਕਰਤਾਰਸਿੰਘਾ ਬੇੜੇ ਰੁੜ੍ਹਦੇ ਨੂੰ ਬੰਨੇਲਾਉ ਗੁਰ ਜੀ

(ਸ੍ਰੀ ਸਤਿਗੁਰੂ ਜੀ)

ਏਸਸਿੱਖੀਦੀਮੰਨਜ਼ਲਹੈ ਬਹੁਤਉੱਚੀ ਚੜ੍ਹਨਾ ਏਸਤੇਸਿਖ਼ਰਤੂੰਚਾਹਿੰ ਜੇਕਰ
ਗੁਰੂ ਗੋਰਅੰਦਰ ਜੀਊਂਦਾ ਮਰਕਰਕੇ ਮੁਰਦਾਹੋਇ ਮੁਰੀਦ ਸਮਾਇੰ ਜੇਕਰ
ਨੇੜੇ ਸਿੱਖੀ ਦੇ ਦਰ ਦੇ ਤਦ ਢੁੱਕੇਂ ਆਪਾ ਮਾਰ ਹਉਮੈ ਕੰਧ ਢਾਹਿੰ ਜੇਕਰ
ਸਤਿਗੁਰੂ ਪ੍ਰਤੱਖ ਦੀਦਾਰ ਦੇਵਨ ਵਿੱਚੋਂ ਦੂਈ ਦਾ ਪੜਦਾ ਉਠਾਇੰ ਜੇਕਰ
ਇੱਕੋਸਿੱਕ ਰੱਖ ਲਾਹਿਕੇਹੋਰ ਸਿੱਕਾਂਪਹਿਲਾਂ ਮਰਨ ਪਾਸੋਂ ਮਰ ਜਾਇੰ ਜੇਕਰ
ਸੱਚੇ ਰੱਬ ਦਾ ਸੱਚਾ ਮੁਰੀਦ ਬਣਕੇ ਪੀਰ ਖ਼ਾਨੇ ਨੂੰ ਘਰੋਂ ਗਿਰਾਇੰ ਜੇਕਰ
ਛੱਡ ਮੜ੍ਹੀ ਮਸਾਣ ਨਿਗਾਹਾ ਧੌਂਕਲ ਓਟ ਇੱਕ ਅਕਾਲ ਰਖਾਇੰ ਜੇਕਰ
ਸਿੱਖੀ ਮਿਲਦੀ ਤਦ ਕਰਤਾਰਸਿੰਘਾ ਖੰਡੇ ਧਾਰ ਉੱਤੋਂ ਲੰਘ ਜਾਇੰ ਜੇਕਰ

(ਤਥਾ)

ਇਹ ਤਾਂ ਮਾਰਗਬਿਖੜਾ ਦੂਰਪੈਂਡਾ ਹਿੰਮਤਆਪਣੀ ਤਈਂ ਅਜ਼ਮਾ ਪਹਿਲਾਂ
ਖਾਂਦਾ ਰਿਹੋਂ*ਭਿਰਾਈਆਂ ਦੀ ਜੂਠ ਮੁੱਢੋਂ ਸ਼ੁਧ ਅੰਤਸ਼ਕਰਨ ਕਰਾ ਪਹਿਲਾਂ
ਤੂੰ ਪੂਜਣੇਹਾਰ ਹੈਂ ਕਬਰਾਂ ਦਾ ਮਨ ਭਟਕਦੇ ਤਈਂ ਠਹਿਰਾ ਪਹਿਲਾਂ
ਸਿੱਖਬਣਨਫਿਰਆਵੀਂ ਕਰਤਾਰਸਿੰਘਾ ਪੀਰਖ਼ਾਨੇਨੂੰਘਰੋਂ ਗਿਰਾ ਪਹਿਲਾਂ

*ਸਰਵਰ ਦੇ ਸੰਗਾ ਦੇ ਨਾਲ ਢੋਲ ਵਜੌਣ ਵਾਲੇ ਮੁਸਲਮਾਨ ਸ਼ੇਖ਼।

{ ਤੀਰਥੇ ਨੇ ਪੱਕਾ ਨਿਸ਼ਚਾ ਧਰਕੇ ਚਲਯਾ ਜਾਨਾ ਤੇ ਸਰਵਰ ਪੁਣੇ ਨੂੰ ਸਣੇ ਪੀਰ ਖ਼ਾਨੇ ਦੇ ਸਦਾ ਲਈ ਤਿਆਗ ਦੇਣਾ । }

ਮਨ ਫਸਯਾ ਪ੍ਰੇਮ ਦੇ ਜਾਲ ਅੰਦਰ ਮੱਥਾ ਟੇਕ ਪਿਛ੍ਹਾਂ ਹੱਟ ਜਾਵੰਦਾ ਏ
ਰੰਗ ਚਿਹਰੇ ਦਾ ਹੋਰ ਦਾ ਹੋਰ ਹੋਯਾ ਦਰਸ ਕਰਦਯਾਂ ਰੂਪ ਵਟਾਵੰਦਾ ਏ
ਲੈ ਕੇ ਸੰਗ ਨੂੰ ਆਪਣੇ ਪਿੰਡ ਪਹੁੰਚਾ ਖੁੰਡੀ ਭੂਰੀ ਨੂੰ ਪਰੇ ਸੁਟਾਵੰਦਾ ਏ
ਕਹੀਫੜਕੇ,ਆਪਣੇ ਘਰ ਵਿਚੋਂ ਪਹਿਲਾਂ ਪੀਰ ਖ਼ਾਨੇ ਤਾਈਂ ਢਾਹਵੰਦਾ ਏ
ਲਾਲਾਂ ਵਾਲੇ ਦਾ ਭੁਲਯਾ ਨਾਮ ਉੱਕਾ ਗੁਰੂ ਸਤਿਗੁਰੂ ਨਾਮ ਧਿਆਵੰਦਾ ਏ
ਲੋਕ ਹੋਇ ਹੈਰਾਨ ਕਰਤਾਰਸਿੰਘਾ ਕਾਗੋਂ ਹੰਸ ਬਣਯਾਂ ਨਿਗ੍ਹਾ ਆਵੰਦਾ ਏ

(ਲੋੱਕਾਂ ਦੀ ਪੁੱਛ ਗਿੱਛ)

ਕੀਹਚੌਧਰੀ ਹੋਗਿਆ ਤੇਰੇ ਤਾਈਂ ਪੀਰ ਖ਼ਾਨਾ ਕਾਹਨੂੰ ਘਰੋਂ ਢਾਹਿ ਦਿੱਤਾ
ਸੱਦਾ ਪੂਜਦਾ ਸਖੀ ਸੁਲਤਾਨਸਰਵਰ ਤੈਨੂੰ ਕਿਸ ਪੁੱਠੇ ਰਸਤੇ ਪਾਇ ਦਿੱਤਾ
ਕੀਹ ਰਾਹ ਵਿੱਚੋਂ ਦੱਸ ਵੇਖ ਆਯੋਂ ਮੰਤ੍ਰ ਕਿਸੇ ਤੈਨੂੰ ਕੀਹ ਸਿਖਾਇ ਦਿੱਤਾ
ਪਿਤਾ ਪੁਰਖੀਦੇਤਈਂ ਕਰਤਾਰਸਿੰਘਾਮੂਰਖ ਹੋਇਕੇ ਕਾਹਨੂੰਭੁਲਾਇ ਦਿੱਤਾ

(ਤੀਰਥੇ ਨੇ ਲੋੱਕਾਂ ਨੂੰ ਉਪਦੇਸ਼ ਕਰਨਾ)

ਵਿੱਚ ਸੱਬ ਦੇ ਤੀਰਥਾ ਕਰੇ ਗੱਲਾਂ ਲੋੱਕੋ ਸਾਰਯਾਂ ਜਨਮ ਗੁਵਾਯਾ ਐਵੇਂ
ਹਿੰਦੂ ਹੋ ਕੇ ਕਬਰਾਂ ਨੂੰ ਪੂਜਦੇ ਹੋ ਭੈੱੜਾ ਚਾਲ ਵਿੱਚ ਸਮਾਂ ਖੁਹਾਯਾ ਐਵੇਂ
ਜਿਸ ਲਾਲਅਮੋਲਕ ਜਨਮਦਿੱਤਾ ਸਿਰਜਨਹਾਰਕਰਤਾਰ ਭੁਲਾਯਾ ਐਵੇਂ
ਦਾਤਾਂ ਦੇਵੰਦਾ ਨਿੱਤ ਦਾਤਾਰਜਿਹੜਾ ਨਾਮ ਓਸ ਦੇ ਤਈਂ ਖੁੰਝਾਯਾ ਐਵੇਂ
ਹੰਸਾਂ ਨਾਲ ਨ ਮਿਲਕੇ ਸੰਗ ਕੀਤਾ ਕੂੜਾ ਕੱਗਾਂ ਦੇ ਨਾਲ ਫੁਲਾਯਾ ਐਵੇਂ
ਅੰਦਰ ਆਪਣੇ ਚਾਨਣ ਵੇਖਯਾ ਨ ਦੀਵਾ ਕਬਰ ਤੇ ਰੋਜ਼ ਜਗਾਯਾ ਐਵੇਂ
ਸੱਚੇ ਸਤਿਗੁਰੂ ਦਾ ਦਰ ਮੱਲਯਾ ਨ ਘੱਟਾ ਰਾਹਾਂ ਦੇ ਵਿੱਚੋਂ ਪਵਾਯਾ ਐਵੇਂ
ਪੂਰੇ ਗੁਰੂ ਨੂੰ ਛੱਡ ਕਰਤਾਰ ਸਿੰਘਾ ਮੱਥਾ ਕਬਰਾਂ ਅੱਗੇ ਘਸਾਯਾ ਐਵੇਂ

(ਤਥਾ)

ਸੱਚੇ ਸਖੀ ਸੁਲਤਾਨ ਨੂੰ ਛੱਡ ਕਰਕੇ ਐਵੇਂ ਦੋੜ ਨਿਗਾਹੇ ਨੂੰ ਜਾਂਦੇ ਰਹੇ
ਜਿਹੜੇਆਪਮਰਗਏਓਹਨਾਂਦੇਵਣਾਕੀਹਵੱਟਾਂਪੀਰਦੀਆਂਐਵੇਂ ਵਾਹੰਦੇਰਹੇ
ਹਿੰਦੂ ਧਰਮ ਹੋ ਕੇ ਹੁਣ ਤੱਕ ਦੇਖੋ ਮੁਸਲਮਾਨਾਂ ਦਾ ਲੈ ਜੂੱਠਾ ਖਾਂਦੇ ਰਹੇ
ਹੋ ਕੇ ਜੱਟ, ਬ੍ਰਹਿਮਣ, ਖੱਤਰੀ ਜੀ ਸੁਲਤਾਨੀਏਂ ਐਵੇਂ ਅਖਵਾਂਦੇ ਰਹੇ
ਨ ਹਿੰਦੂ ਤੇ ਨ ਮੁਸਲਮਾਨ ਅਸੀਂ ਦੂੰਹ ਬੇੜੀਆਂ ਪੈਰ ਟਿਕਾਂਦੇ ਰਹੇ

ਨ ਮੁਹੰਮਦ ਵਾਹਰੂ ਨ ਦੇਵੀ ਦਿਉਤੇ ਭੁੱਲੇ ਭੱਟਕੇ ਦੁੱਖ ਉਠਾਂਦੇ ਰਹੇ
ਨ ਉੱਤਕੇ ਰਹੇ ਨ ਇੱਤਕੇ ਜੀ ਹਿੰਦੂ ਧਰਮ ਤਾਈਂ ਲਾਜ ਲਾਂਦੇ ਰਹੇ
ਪੂਰੇ ਗੁਰੂ ਦੇ ਬਿਨ੍ਹਾਂ ਕਰਤਾਰ ਸਿੰਘਾ ਅੰਨ੍ਹੇ ਆੱਗੂ ਅੱਨ੍ਹੇ ਰਾਹੂ ਪਾਂਦੇ ਰਹੇ

(ਤਥਾ)

ਏਸ ਵਾਰ ਧਰੋਕਲੋਂ ਮੁੜਦਯਾਂ ਜਾਂ ਦਿਹ ਧਰੀ ਹੋਈ ਆਪ ਕਰਤਾਰ ਡਿੱਠਾ
ਮੱਝੇ ਵਿੱਚ ਗੁਰੂ ਚੱਕ ਵੱਸ ਰਿਹਾ ਸੱਚਾ ਸਤਿਗੁਰੂ ਓਥੇ ਅਵਿਤਾਰ ਡਿੱਠਾ
ਬੱਬੇਨਾਨਕਦੀ ਪ੍ਰੀਹੜੀ ਪੰਜਵੀਂਓਹ ਨਾਮਅਰਜਨਦੇਵ ਦਾਤਾਰ ਡਿੱਠਾ
ਸਾਖਯਾਤ ਉਹ ਰੂਪ ਭਗਵਾਨ ਦਾ ਹੈ ਮੱਥੇ ਓਸ ਦੇ ਤੇਜ਼ ਚਮਕਾਰ ਡਿੱਠਾ
ਇਹੋ ਜਿਹਾ ਨ ਕਿਸੇ ਦਾ ਸ਼ਾਨ ਡਿੱਠਾਜਿਹੇ ਜਿਹਾ ਗੁਰੂ ਸ਼ਾਨਦਾਰ ਡਿੱਠਾ
ਭੁੱਲਗਿਆਉਹਪੀਰਸੁਲਤਾਨ ਸਰਵਰਜਿਸਵੇਲੇਦਾ ਓਧਾਦਰਬਾਰ ਡਿੱਠਾ
ਓਹਦੇਦਰ ਤੇ ਬਰਕਤਾਂ ਹੈਣਖੜੀਆਂ ਸਿਰਪੀਰਾਂਦੇ ਪੀਰ ਸਰਦਾਰ ਡਿੱਠਾ
ਓਹਦੀਵਿੱਚ ਕਲਾਮਦੇ ਬਰਕਤਾਂਨੇ ਸੋਹਣੀਮਿੱਠੀਕਰਦਾ ਗੁਫ਼ਤਾਰ ਡਿੱਠਾ
ਸੜਦੇ ਕਾਲਜੇ ਤੇ ਠੰਢਵਰਤ ਗਈਏ ਮੁੱਖਚੰਦਨਾਲੋਂ ਠੰਢਾ ਠਾਰ ਡਿੱਠਾ
ਤਾਲ ਲੱਗ ਰਿਹਾ ਪਿੰਡ ਵੱਸ ਰਿਹਾ ਕੱਠ ਸਿੱਖਾਂ ਦਾ ਬੇ ਸ਼ੁਮਾਰ ਡਿੱਠਾ
ਓਥੇ ਉੱਤਰੇ ਆਣ ਕੇ ਦੇਵਤੇ ਨੇ ਬੜਾ ਆਪਸ ਵਿੱਚ ਪਜਾਰ ਡਿੱਠਾ
ਇੱਕ ਦੂਸਰੇ ਦੀ ਬੜੀ ਕਰਨਸੇਵਾ ਕਿਸੇਵਿੱਚ ਨਹੀਂ ਰਤੀ ਹੰਕਾਰ ਡਿੱਠਾ
ਸਾਰੀਉਮਰ ਗੁਵਾਇ ਕੇ ਪੂਜ ਕਬਰਾਂ ਸੱਚਾ ਰਹਿਬਰ ਸ਼ਕਤ ਭੰਡਾਰ ਡਿੱਠਾ
ਛੱਡੇ ਸਖੀ ਸਰਵਰ ਕਰਤਾਰ ਸਿੰਘਾ ਉਹਮੱਲਾਹ ਸੱਚਾ ਤਾਰਨਹਾਰ ਡਿੱਠਾ

(ਤਥਾ)

ਛੱਡੋ ਤੁਸੀਂ ਭੀ ਕਬਰਾਂ ਮੜ੍ਹੀਆਂ ਨੂੰ ਸੱਚੇ ਗੁਰਾਂ ਦਾ ਚੱਲ ਦਰਬਾਰ ਦੇਖੋ
ਭੁੱਲ ਜਾਇ ਸਖੀ ਸੁਲਤਾਨ ਸਰਵਰ ਸੱਚਾ ਸਖੀ ਸੁਲਤਾਨ ਦਾਤਾਰ ਦੇਖੋ
ਉਹ ਤਾਂ ਹੰਸ ਸਾਰੇ ਓਥੇ ਹੋਇ ਕੱਠੇ ਚੱਲ ਉਹਨਾਂ ਦਾ ਕਾਰ ਵਿਹਾਰ ਦੇਖੋ
ਬੀਤ ਗਈ ਜਿੰਨੀ ਉਮਰ ਬੀਤ ਗਈ ਕਰ ਬੱਾਕੀ ਦਾ ਜ਼ਰਾ ਸੁਧਾਰ ਦੇਖੋ
ਪਾਣੀ ਕੱਲਰਾਂ ਦੇ ਐਵੇਂ ਰਿੜਕਦੇ ਰਹੇ ਅੰਮ੍ਰਤਸਰ ਦੀ ਚੱਲ ਬਹਾਰ ਦੇਖੋ
ਐਵੇਂ ਜਨਮ ਮਾਨੁੱਖ ਕਰਤਾਰ ਸਿੰਘਾ ਜੂਏ ਵਿੱਚ ਨ ਹਾਰੋ, ਵਿਚਾਰ ਦੇਖੋ

(ਲੋੱਕਾਂ ਦੀਆਂ ਗੱਲਾਂ)

ਕਈਸਿਆਣੇਤਾਂ ਸੁਣਇੱਤਬਾਰਕਰਦੇਕੱਚੇਪਿੱਲਯਾਂਕੌਣ ਸਮਝਾਇਗਾ ਜੀ
ਬਹਿਕੇ ਕਰਨ ਗੱਲਾਂ,ਵੇਖੋ ਚੌਧਰੀ ਨੂੰ ਸੁਲਤਾਨ ਕੋਈਦੁੱਖੜਾ ਪਾਇਗਾ ਜੀ

ਏਸ ਪਿਤਾ ਪੁਰਖੀ ਤਾਈਂ ਛੱਡ ਦਿੱਤਾ ਇਹ ਦੁੱਖ ਜ਼ਰੂਰ ਉਠਾਇਗਾ ਜੀ
ਪੀਰ ਲੱਾਲਾਂ ਵਾਲਾ ਕਰਤਾਰ ਸਿੰਘਾ ਗੁੱਸੇ ਹੋ ਕੇ ਜੜ੍ਹਾਂ ਪੁਟਾਇਗਾ ਜੀ

(ਤੀਰਥੇ ਨੇ ਗੁਰੂ ਚੱਕ ਆ ਕੇ ਸਿੱਖੀ ਧਾਰਨ ਕਰਨੀ)

ਪੱਕਾ ਨਿਸਚਾ ਹੋਗਿਆ ਤੀਰਥੇ ਦਾ ਗੁਰੂ ਚੱਕ ਚੱਲ ਸਣੇ ਪਰਵਾਰ ਆਯਾ
ਛੱਡਨਿੰਦਯਾ ਉਸਤਤ ਜਗਤ ਵਾਲੀਹਿਰਦੇ ਸਿੱਖੀ ਦਾ ਧਾਰ ਪਜਾਰ ਆਯਾ
ਸਤਿਗੁਰਾਂ ਦੇ ਹਾਜ਼ਰ ਹਜ਼ੂਰ ਹੋਇਆ ਹੋਰ ਆੱਸਰੇ ਸਭ ਵਿਸਾਰ ਆਯਾ
ਸਾਫ਼ ਵੇਖਯਾ ਓਸਦਾ ਸ਼ੁੱਧ ਹਿਰਦਾ ਘਰ ਦਯਾ ਦੇ ਗੁਰ ਦਾਤਾਰ ਆਯਾ
ਚਰਨ ਧੋ ਕੇ ਓਸ ਨੂੰ ਪਾਹੁਲ ਦਿੱਤੀ ਨੂਰ ਚਿਹਰੇਉੱਤੇ ਇੱਕੋ ਵਾਰ ਆਯਾ
ਦਿੱਤਾਕਰ*ਨਿਹਾਲਕਰਤਾਰਸਿੰਘਾਨਿਹਚਾ ਧਾਰਸੀ ਵਿੱਚਦਰਬਾਰ ਆਯਾ

{ ਭਾਈ ਮੰਝ ਨੇ ਕੁਝ ਦਿਨ ਸਤਿਗੁਰਾਂ ਪਾਸ ਰਹਿਕੇ ਆਪਣੇ ਪਿੰਡ ਵਾਪਸ ਚਲਯਾਂ ਜਾਣਾ ਤੇ ਗੁਰ ਸਿੱਖੀ ਦਾ ਪ੍ਰਚਾਰ ਕਰਨਾ । }

ਰੰਗਣ ਸਿੱਖੀ ਦੀ ਚੜ੍ਹੀ ਆ ਤੀਰਥੇ ਨੂੰ ਸੇਵਕ ਹੋਕੇ ਸੇਵਾ ਕਮਾਨ ਲੱਗਾ
ਬਹਿੰਦਾ,ਉੱਠਦਾਵਾਹਿਗੁਰੂ ਜਾਪਜਪਦਾ ਜੋ ਵੇਖਦਾ ਟਹਿਲਨਿਭਾਨ ਲੱਗਾ
ਕੁਝ ਦਿਨ ਰਹਿ ਪਿੰਡ ਨੂੰ ਚਲਾ ਗਿਆ ਓਥੇ ਸਿੱਖੀ ਪ੍ਰਚਾਰ ਵਧਾਨ ਲੱਗਾ
ਧੀਆਂ,ਪੁੱਤਰਾਂ ਆਪਣੀ ਨਾਰ ਤਾਈਂ ਗੁਰਸਿੱਖੀ ਦੀ ਪਾਨ ਚੜ੍ਹਾਨ ਲੱਗਾ
ਜਿੱਥੇ ਬੈਠਦਾ ਗੁਰਾਂ ਦਾ ਯੱਸਕਰਦਾ ਗੁਰਸਿੱਖੀ ਤੇਭਗਤ ਦ੍ਰਿੜ੍ਹਾਨ ਲੱਗਾ
ਮੜ੍ਹੀਆਂ,ਕਬਰਾਂ ਤੇ ਦੇਵੀ ਦਿਉਤਯਾਂ ਨੂੰ ਹੈ ਪੂਜਨਾ ਭੁੱਲ, ਜਤਾਨ ਲੱਗਾ
ਘਰਾਂ ਵਿੱਚੋਂ ਸੁਲਤਾਨ ਦੇ ਥੜ੍ਹੇ ਢਾਹਵੇ ਰੋਟ ਦੇਣਤੋਂ ਲੋਕ ਹਟਾਨ ਲੱਗਾ
ਇੱਕੋ ਰੱਬ ਹੈ ਸਖ਼ੀ ਸੁਲਤਾਨ ਵੱਡਾ ਝੂਠੇ ਸੜੇ ਸੁਲਤਾਨ ਸੁਣਾਨ ਲੱਗਾ
ਗੁਰੂ ਨਾਨਕ ਦੇ ਸਿੱਖ ਬਣੋ ਸਾਰੇ ਚਰਚਾ ਬਾਣੀ ਦਾ ਕਰਨ ਕਰਾਨ ਲੱਗਾ
ਬਣ ਆਪ ਨਮੂਨਾ ਕਰਤਾਰਸਿੰਘਾ'ਸਿੱਖੀ ਏਸਨੂੰ ਕਹਿੰਦੇ'ਦਿਖਾਨ ਲੱਗਾ

(ਵਾਕ ਕਵੀ)

ਹੋਵੇ ਨਜ਼ਰ ਮਨਜ਼ੂਰ ਸਰਾਫ਼ ਸੋਨਾ ਤਾ ਝੱਲ ਕੇ ਮੈਲ ਗੁਵਾਇ ਪਹਿਲਾਂ
ਮੋਤੀ ਬਾਦਸ਼ਾਹਦੇ ਚੜ੍ਹੇ ਸੀਸਉੱਤੇ ਵਿੱਚ ਛਾਤੀਦੇ ਛੇਕਪਵਾਇ ਪਹਿਲਾਂ
ਨਾਜ਼ਨੀਨਦੀ ਜ਼ੁਲਫ਼ਤੇ ਫਿਰੇਕੰਘੀ ਆਰੀਨਾਲ ਛਾਤੀਚਿਰਵਾਇ ਪਹਿਲਾਂ
ਫੁੱਲ ਸੀਨੇਤੇ ਚੜ੍ਹ ਬਹਾਰਲਵੇ ਬਦਨ ਸੂਈਦੇਨਾਲ ਵਿੰਨ੍ਹਵਾਇ ਪਹਿਲਾਂ

*ਸੱਚੇ ਪਾਤਸ਼ਾਹ ਜੀ ਨੇ ਤੀਰਥੇ ਨੂੰ ਭਾਈ ਮੰਝ ਦੀ ਪਦਵੀ ਦੇ ਦਿੱਤੀ ਤੇ ਤੀਰਥੇ ਦਾ ਨਾਮ ਭੀ ਭਾਈ ਮੰਝ ਹੀ ਮਸ਼ਹੂਰ ਹੋ ਗਿਆ ।

ਬਣ ਕੱਪੜਾ ਬਦਨ ਦੇ ਨਾਲ ਲੱਗੇ ਰੂੰ ਸੈਂਕੜੇ ਦੁੱਖ ਉਠਾਇ ਪਹਿਲਾਂ
ਪਵੇ ਕਦਰ ਮਾਸ਼ੂਕਦੇ ਦਰਉੱਤੇ ਆਸ਼ਕ ਆਪਣਾਆਪ ਗੁਵਾਇ ਪਹਿਲਾਂ
ਪਿੱਛੋਂ ਮਿਲੇ ਮੁਹਾਤਬਾ ਸੂਰਮੇ ਨੂੰ ਨਾਲ ਮੌਤ ਦੇ ਜੱਫੀਆਂ ਪਾਇ ਪਹਿਲਾਂ
ਪਾਇਸਿੱਖੀਦੀਰਮਜ਼ ਕਰਤਾਰਸਿੰਘਾ ਸਿੱਖਮਰਨਨਾਲੋਂਮਰਜਾਇ ਪਹਿਲਾਂ

(ਭਾਈ ਮੰਝ ਨੇ ਸਖ਼ਤੇ ਤਾਉ ਝੱਲਣੇ)

ਮਕਤਬਸਿੱਖੀਦੇਤੀਰਥਾਹੋਯਾਦਾਖ਼ਲਗੁਰਲੈਣਲੱਗੇਇਮਤਹਾਨਦਿਣਦਿਨ
ਹੌਲੀਹੌਲੀ ਘਰੋਂ ਮਾਯਾ ਜਾਣਲੱਗੀ ਹੋਣ ਲੱਗਪਏ ਨੁਕਸਾਨ ਦਿਣਦਿਣ
ਕਦੇਮੱਝਮਰਗਈਕਦੇਗਊਮਰਗਈਘਰਹੋਣਲਗਪਿਆਵੈਰਾਨਦਿਣਦਿਣ
ਆਹ ਘੋੜੀਮਰਗਈ,ਜੋਗਚੋਰਲੈਗਏਤੇਸ਼ਰੀਕਆਲੱਗੇਸਤਾਨ ਦਿਣਦਿਣ
ਪੱਕਾਫ਼ਸਲਖਲਵਾੜੇਨੂੰਅੱਗਲੱਗਗਈਲੱਗੀਪੈਣਮੁਸੀਬਤਆਨਦਿਣਦਿਣ
ਜਾਂਦੇ ਧਨ ਦਾ ਪਤਾ ਨ ਮੂਲਲੱਗਾ ਲੱਗ ਪਈ ਗ਼ਰੀਬੀ ਦਬਾਨ ਦਿਣਦਿਣ
ਕਦੇ ਆਪ ਤੇ ਕਦੇ ਬੀਮਾਰ ਬੱਚੇ ਮੂੰਹ ਦੁੱਖ ਆ ਲੱਗੇ ਦਿਖਾਨ ਦਿਣਦਿਣ
ਰੰਗਪਲਟਗਏਸਭ ਕਰਤਾਰਸਿੰਘਾ ਤਾੱਹਨੇਮੂੰਹਤੇਲੋਕ ਸੁਣਾਨ ਦਿਣਦਿਣ

(ਲੋਕਾਂ ਨੇ ਟਿਚਕਰਾਂ ਕਰਨੀਆਂ)

ਦਿਨਾਂ ਵਿੱਚ ਗ਼ਰੀਬੀ ਦਾ ਜ਼ੋਰ ਪਿਆ ਘਰਬਾਰ ਹੋ ਗਿਆ ਵੈਰਾਨ ਭਾਈ
ਤਾੱਹਨੇ ਦੇਣ ਸ਼ਰੀਕ ਮਖੌਲ ਕਰਦੇ ਛਾਤੀ ਬੋੱਲੀਆਂ ਮਾਰ ਜਲਾਨ ਭਾਈ
ਚੰਗੀ ਚੌਧਰੀ ਤੂੰ ਸਿੱਖੀਲੈ ਆਇਓਂ ਲਈਆਂ ਖੱਟੀਆਂਖੱਟਮਹਾਨ ਭਾਈ
ਰੀਤਪਿਛਲਯਾਂਦੀ ਛਡਕੀਹਲੱਭਾ ਗੁੱਸੇਕਰਲਿਆ ਸਖ਼ੀਸੁਲਤਾਨ ਭਾਈ
ਲਾੱਲਾਂ ਵਾਲੇਦੀਆਂ ਜ਼ਾਹਿਰਕਰਾਮਾਤਾਂ ਐਵੇਂਮੰਨਦਾ ਨਹੀਂਜਹਾਨ ਭਾਈ
ਥੜ੍ਹਾ ਪੀਰ ਦਾ ਢਾਹ ਕੇ ਮਜ਼ਾ ਲੈ ਖਾਂ ਮੂੰਹੋਂ ਬੋਲ ਖਾਂ ਬੁਰੀ ਜ਼ਬਾਨ ਭਾਈ
ਪੀਰ ਵੇਖਯਾ ਕਿਤਨੇ ਜ਼ੋਰ ਵਾਲਾ ਸੱਦ ਗੁਰਾਂ ਨੂੰ ਹੁਣ ਬਚਾਨ ਭਾਈ
ਪੀਰ ਮੰਨਦਾ ਸੈਂ ਸੁਖੀ ਵੱਸਦਾ ਸੈਂ ਪੰਗਾ ਲਿਉਈ ਬਣ ਅੰਞਾਨ ਭਾਈ
ਵੇਲਾ ਅਜੇ ਭੀ,ਪੀਰ ਦੀ ਪੌ ਕਦਮੀਂ ਥੜ੍ਹਾ ਕਰ ਤੇ ਗੱਡ ਨਿਸ਼ਾਨ ਭਾਈ
ਸੁੱਖ ਰੋਟ ਤੇ ਰੋਜ਼ ਜਗਾ ਦੀਵਾ ਹੋਣ ਮੁਸ਼ਕਲਾਂ ਕੁੱਲ ਆਸਾਨ ਭਾਈ
ਨਹੀਂਤਾਂ ਯਾਦਰੱਖੀਂ ਤੈਨੂੰ ਸਖ਼ੀਸਰਵਰ ਕਰੇ ਟੁਕਰੋਂ ਆਜਜ਼ ਜਾਨ ਭਾਈ
ਦਿਹ ਸਿੱਖੀ ਨੂੰ ਛੱਡ ਕਰਤਾਰਸਿੰਘਾ ਮੰਨ ਪੀਰ, ਨ ਬਣ ਨਾਦਾਨ ਭਾਈ

(ਭਾਈ ਮੰਝ ਦਾ ਨਿਸਚਾ)

ਗੱਲਾਂ ਸੁਣ ਦੇਇ ਮੰਝ ਜਵਾਬ ਅੱਗੋਂ ਕੀਹ ਤੁਸਾਂਨੂੰ ਸਿੱਖੀਦੀ ਸਾਰ ਲੋਕੋ

ਏਸ ਰਸ ਨੂੰ ਵਿਰਲਾ ਈ ਕੋਈ ਜਾਣੇਨਹੀਂ ਪਛਾਣਦੇ ਤੁਸੀਂ ਗੁਵਾਰ ਲੋਕੋ
ਮੈਂ ਉਮਰ ਗੁਵਾਇਕੇ ਲੱਭ ਲਈ ਦੁਨੀਆਂ ਵਿੱਚ ਸੱਚੀ ਸਰਕਾਰ ਲੋਕੋ
ਓਹਦੇ ਦਰ ਦੀ ਧੂੜ ਨੂੰ ਲੋਚਦੇ ਨੇ ਸਖ਼ੀ ਸਰਵਰ ਲੱਖ ਹਜ਼ਾਰ ਲੋਕੋ
ਦੁਨੀਆਂਤਪਦੀਸਾਰੀਹੀ ਨਜ਼ਰਆਉਂਦੀ ਗੁਰੂਘਰਦਿੱਸੇ ਠੰਢਾਠਾਰ ਲੋਕੋ
ਓਥੇ ਰਾਤਦਿਨੇ ਸ਼ਾਂਤੀਵਰਤਦੀ ਏ ਦੁਨੀਆਂ ਮਾਰਲਈ ਖ਼ੁਦੀਹੰਕਾਰ ਲੋਕੋ
ਓਹਦੇਸਿੱਖਾਂਦੇਕਦਮ ਦੀਖ਼ਾਕਜਿਹੜੀ ਦਰਜਾਰੱਖੇਉੱਚਾ ਬਿਸਯਾਰ ਲੋਕੋ
ਓਸ ਦਰ ਦੀ ਧੂੜ ਨੇ ਕਰੇ ਰਾਜ਼ੀ ਜਨਮ ਜਨਮ ਦੇ ਪਏ ਬੀਮਾਰ ਲੋਕੋ
ਬਾਦਸ਼ਾਹਾਂ ਤੋਂ ਉੱਚੇ ਗਦਾ ਹੋਗਏ ਓਸੇ ਖ਼ਾਕ ਦੀ ਬਰਕਤ ਅਪਾਰ ਲੋਕੋ
ਤੁਸੀਂ ਸਾਗਰ ਦੀ ਨਿਧ ਜਾਣਦੇ ਨਹੀਂ ਡੱਡੂ ਖੂਹਦੇ ਬੇ-ਵਿਚਾਰ ਲੋਕੋ
ਬਾਬਰ ਬਾਦਸ਼ਾਹਅਤੇਹਮਾਯੂੰ ਅਕਬਰ ਆ ਆ ਝੁਕਦੇ ਰਹੇ ਦਰਬਾਰ ਲੋਕੋ
ਸ਼ਾਹਿਨਸ਼ਾਹ ਤੇ ਪੀਰਾਂ ਤੋਂ ਪੀਰ ਉੱਚਾ ਗੁਰੂ ਅਰਜਨ ਵਿੱਚ ਸੰਸਾਰ ਲੋਕੋ
ਕੀਤੀਮਿਹਰ,ਮੈਨੂੰਵੱਡੀਦਾਤਬਖ਼ਸ਼ੀ ਚਰਨੀਲਾਇਲਿਆ ਗੁਨ੍ਹਾਗਾਰ ਲੋਕੋ
ਜਿਹੜੀ ਕਾਰੂੰ,ਮਹਿਮੂਦਨੂੰ ਨਹੀਂ ਲੱਭੀ ਮੈਨੂੰਓਹਦੌਲਤ ਬਖ਼ਸ਼ੀਭਾਰ ਲੋਕੋ
ਏਸ ਦੁਨੀਆਂ ਦੀ ਸਾਰੀ ਬਾਦਸ਼ਾਹੀ ਪਾਵੇ ਮੁੱਲ ਨ ਕੌਡੀਆਂ ਚਾਰ ਲੋਕੋ
ਛੱਡ ਗਏ ਨੇ ਜੋੜ ਖ਼ਜ਼ਾਨਯਾਂ ਨੂੰ ਬੜੇ ਬੜੇ ਵਲਾਇਤਾਂ ਮਾਰ ਲੋਕੋ
ਜਾਂਦੀ ਵਾਰ ਨ ਦੌਲਤ ਸੰਗ ਗਈ ਦੋਵੇਂ ਗਏ ਪੱਲੇ ਸਭੇ ਝਾਰ ਲੋਕੋ
ਗੋਪੀ ਚੰਦ ਤੇ ਭਰਥਰੀ ਚੀਜ਼ ਜਿਹੜੀ ਲੈਣ ਵਾਸਤੇ ਰਾਜ ਵਸਾਰ ਲੋਕੋ
ਦੋਵੇਂ ਕੰਨ ਪੜਵਾਇਕੇ ਫਿਰੇ ਭੌਂਦੇ ਜੋਗੀ ਬਣ ਪਿੰਡੇ ਮਲੀ ਛਾਰ ਲੋਕੋ
ਜਿਧੇ ਵਾਸਤੇ ਰਿਖੀਆਂ ਮੁਨੀਆਂ ਨੇ ਕੀਤੇ ਤਪ ਬਹੁ ਕਸ਼ਟ ਸਹਾਰ ਲੋਕੋ
ਮੈਨੂੰ ਬਖਸ਼ੀ ਦੌਲਤ ਗੁਰਾਂ ਨੇ ਓਹ ਵਿਚ ਪਲ ਕੀਤਾ ਬੇੜਾ ਪਾਰ ਲੋਕੋ
ਇਹ ਦੁਨੀਆਂ ਦੌਲਤ ਕੰਮਕਿਹੜੇ ਚਾਰ ਦਿਨ੍ਹਾਂ ਦੀਖਿੜੀ ਗੁਲਜ਼ਾਰ ਲੋਕੋ
ਨਾਸਵੰਤ ਸਾਰਾ ਸੰਸਾਰ ਦਿੱਸੇ ਝੂਠੀ ਬਣੀ ਇਹ ਮੌਜ ਬਹਾਰ ਲੋਕੋ
ਕੀਹ ਏਸਦਾ ਮਾਣ ਕਰਤਾਰ ਸਿੰਘਾ ਸਿੱਖੀ ਬਹੁਤ ਉਚੀਸ਼ਾਨਦਾਰ ਲੋਕੋ

(ਤਥਾ)

ਮੈਨੂੰਸਖੀ ਸੁਲਤਾਨ ਦੀ ਲੋੜਕਾਹਦੀ ਲੱਭ ਲਿਆਮੈਂਸਖ਼ੀ ਸੁਲਤਾਨ ਸੱਚਾ
ਨਾਸਵੰਤ ਇਹ ਦੌਲਤ ਨਾਸ ਹੋ ਗਈ ਮੈਨੂੰ ਮਿਲਯਾ ਸਭ ਸਾਮਾਨ ਸੱਚਾ
ਬਾਦਸ਼ਾਹਾਂ ਦੇ ਚਿੱਤਾਂ ਨੂੰ ਸ਼ਾਂਤੀ ਨ ਮੈਂ ਸ਼ਾਂਤੀ ਦਾ ਪਾਯਾ ਥਾਨ ਸੱਚਾ

ਮੈਨੂੰ ਰਹੀ ਪ੍ਰਵਾਹ ਨ ਕਿਸੇ ਗੱਲ ਦੀ ਸ਼ਾਹ ਮਿਲਯਾ ਵਿੱਚ ਜਹਾਨ ਸੱਚਾ
ਚਰਮ ਦ੍ਰਿਸ਼ਟ ਕਰ ਦੇਖਦੇ ਤੁਸੀਂ ਮੈਨੂੰ ਮੈਨੂੰ ਬਖ਼ਸ਼ਯਾਗੁਰਾਂ ਗਯਾਨ ਸੱਚਾ
ਕੀਤਾਨੀਚਤੋਂਉਚ ਕਰਤਾਰਸਿੰਘਾ ਗੁਰੂਉਮਰ ਪਿਛੋਂਮਿਲਯਾ ਆਨ ਸੱਚਾ

(ਤਥਾ)

ਛੱਡੋ ਆਸ ਸੁਲਤਾਨ ਤੇ ਕਬਰਾਂ ਦੀ ਸੱਚੇ ਗੁਰੂ ਦਾ ਚੱਲਕੇ ਦਰ ਮੱਲੋ
ਏਸ ਜਨਮ ਮਾਨੁੱਖ ਨੂੰ ਕਰੋ ਸਫਲਾ ਅੱਗੇ ਜਮਾਂ ਦਾ ਮੂਲ ਨ ਦੁੱਖ ਝੱਲੋ
ਕਾਗ ਬਣ ਅਰੂੜੀਆਂ ਨਾਹਿੰ ਫੋਲੋ ਹੰਸ ਬਣੋ ਤੇ ਹੰਸਾਂ ਦੇ ਵਿਚ ਰੱਲੋ
ਵੇਖੋ ਸਿੱਖੀ ਦਾ ਰੰਗ ਕਰਤਾਰ ਸਿੰਘਾ ਮੇਰੇ ਨਾਲਸਤਿਗੁਰਾਂ ਦੇ ਪਾਸ ਚੱਲੋ

(ਵਾਕ ਕਵੀ)

ਜ਼ਾਹਰਾ ਲੋਕ ਤਾਂ ਵੇਖਕੇ ਹਾਲ ਕਹਿੰਦੇ ਵੇਖੋ ਆਪਨਾ ਆਪਗੁਵਾਇ ਬੈਠਾ
ਭਾਰੀ ਸਖ਼ੀ ਸੁਲਤਾਨ ਦੀ ਭੁੱਲ ਕਰਕੇ ਘਰਬਾਰ ਤੇ ਸ਼ਾਨ ਵੰਜਾਇ ਬੈਠਾ
ਓਧਰ ਤੀਰਥਾ ਸਿੱਖੀ ਦੇ ਫਲ ਸੱਚੇ ਪੂਰੇਗੁਰੂ ਤੋਂ ਗਯਾਨ ਨੂੰ ਪਾਇ ਬੈਠਾ
ਜਿਨੂੰ ਲੋਚਦੇ ਮੁਨੀ ਕਰਤਾਰ ਸਿੰਘਾ ਉਹ ਤਾਂ ਪਦਵੀ ਓਸ ਤੇ ਜਾਇ ਬੈਠਾ

(ਭਾਈ ਮੰਝ ਨੇ ਗੁਰੂ ਚੱਕ ਵਿੱਚ ਸਤਿਗੁਰਾਂ ਦੇ ਹਜ਼ੂਰ ਆ ਜਾਣਾ)

ਧਨ ਮਾਲ ਸਾਰਾਨਸ਼ਟ ਹੋਇ ਗਿਆਆਖਰ ਧਰਕੇ ਗੁਰਾਂਦੀਆਸ ਆਯਾ
ਪਿੰਡ ਛੱਡ ਪ੍ਰਵਾਰ ਨੂੰ ਨਾਲ ਲੈਕੇ ਗੁਰੂ ਚੱਕ ਸਤਿਗੁਰਾਂ ਦੇ ਪਾਸ ਆਯਾ
ਗੁਰ ਚਰਨਾਂ ਦੀ ਰੱਖ ਓਟ ਭਾਰੀ ਮੋਹ ਮੱਮਤਾ ਨੂੰ ਕਰ ਨਾਸ ਆਯਾ
ਛੱਡ ਚੌਧਰੀ ਪੁਣਾ ਕਰਤਾਰ ਸਿੰਘਾ ਹਿਰਦੇ ਧਾਰ ਗ਼ਰੀਬੀ ਹੋ ਦਾਸ ਆਯਾ

(ਭਾਈ ਮੰਝ ਦੀ ਨਿੱਤ ਦੀ ਕਾਰ)

ਸੇਵਾ ਤਾਲ ਦੀ ਸਣੇ ਪ੍ਰਵਾਰ ਕਰਦਾ ਮਿੱਟੀ ਪੁੱਟਕੇ ਬਾਹਰ ਸੁਟਾਵੰਦਾ ਜੀ
ਕੋਈ ਆਖਦਾ ਸਿੱਖ ਓਹ ਕੰਮਕਰਿਆ'ਸਤਬਚਨਕਹਿ'ਝੱਟਕਰਆਵੰਦਾ ਜੀ
ਟੁੱਟੇ ਟੋਕਰੇ ਗੰਢ ਦਾ ਕਰ ਕੱਠੇ ਬਿੰਨੂ ਨਾਲ ਪ੍ਰੀਤ ਬਣਾਵੰਦਾ ਜੀ
ਥੱਕੇ ਸਿਖਾਂ ਦੀ ਕਰਦਾਬਹੁਤ ਸੇਵਾ ਠੰਢਾ ਜਲ ਲਿਆਇ ਪਿਲਾਵੰਦਾ ਜੀ
ਭਰਦਾ ਮੁੱਠੀਆਂ ਕਰਦਾ ਹਵਾ ਠੰਢੀ ਜਿਹੜੀ ਦੇਖਦਾ ਸੇਵ ਕਮਾਵੰਦਾ ਜੀ
ਫੇਰ ਲੰਗਰਾਂ ਦੇ ਭਾਂਡੇ ਮਾਂਜਦਾ ਜਾ ਕਿਸੇ ਤਾਈਂ ਨ ਮੂਲ ਜਤਾਵੰਦਾ ਜੀ
ਓਥੋਂਹੋਇਵਿਹਲਾਫੇਰਆਵਿਆਂ ਲਈਮੈਲਾਪਿੰਡਾਂਦਾਜਾਇ ਉਠਾਵੰਦਾ ਜੀ
ਫੇਰ ਰੂੜੀਆਂ ਦੇ ਕੱਠੇ ਕਰ ਦਿੱਤੇ ਮਨ ਵਿੱਚ ਨ ਕਿਰਕ ਲਿਆਵੰਦਾ ਜੀ

ਹੱਥਾਂ ਪੈਰਾਂ ਦੇ ਨਾਲ ਕਮਾਈ ਕਰਦਾ ਸਤਿਨਾਮ ਨ ਮੂੰਹੋਂ ਭੁਲਾਵੰਦਾ ਜੀ
ਜਿਹਾ ਮਿਲੇ ਟੁੱਕਰ ਲੈਕੇ ਲੰਗਰਾਂ ਤੋਂ ਕਰ ਸ਼ੁਕਰਹਜ਼ਾਰ ਮੂੰਹ ਪਾਵੰਦਾ ਜੀ
ਬਣ ਸਿੱਖ ਸਰੂਪ ਕਰਤਾਰਸਿੰਘਾ ਭਾਈ ਮੰਝਇਉਂ ਦਿਨ ਲੰਘਾਵੰਦਾ ਜੀ

(ਹੋਰ ਕਰੜਾ ਤਾਉ)

ਕਿਸੇ ਸਿੱਖ ਨੇ ਇਕ ਦਿਣ ਗੱਲ ਕੀਤੀ ਓਹਮੰਝ ਬਹੁ ਸੇਵ ਕਮਾਵੰਦਾ ਏ
ਗੁਰਾਂ ਆਖਯਾ ਓਸਦੀ ਸੇਵ ਕਾਹਦੀ ਰੋਟੀ ਲੰਗਰੋਂ ਨਿੱਤਉਹ ਖਾਵੰਦਾ ਏ
ਮੁੱਲ ਮਿਹਨਤ ਦਾ ਰੋਜ਼ ਹੈ ਲੈ ਲੈਂਦਾ ਲੰਗਰ ਆਸਰੇ ਝੱਟ ਲਘਾਵੰਦਾ ਏ
ਪੱਲੇ ਓਸਦੇ ਹੋਰ ਨ ਕੁਝ ਪੈਣਾ ਜਿੰਨਾ ਕਰਦਾ ਓਤਨਾ ਖਾਵੰਦਾ ਏ
ਓਸ ਸਿੱਖ ਨੇ ਮੰਝ ਨੂੰ ਦੱਸਯਾ ਜਾ ਓਹ ਸੁਣਕੇ ਬੜਾ ਘਬਰਾਵੰਦਾ ਏ
ਓਸੇ ਦਿਨ ਤੋਂ ਮੰਝ ਕਰਤਾਰ ਸਿੰਘਾ ਰੋਟੀ ਲੈ ਨ ਲੰਗਰੋਂ ਖਾਵੰਦਾ ਏ

(ਤਥਾ)

ਹੋ ਰਹੀਸੀ ਨਵੀਂ ਆਬਾਦ ਬਸਤੀ ਗੁਰੂ ਚੱਕ ਵਿੱਚ ਬਣਨ ਮਕਾਨ ਬਹੁਤੇ
ਆਇ ਆਇਕੇ ਲੋਕ ਆਬਾਦ ਹੋਰਹੇਆਪੋ ਆਪਣੇ ਘਰਬਣਵਾਨ ਬਹੁਤੇ
ਕਰ ਰਹੇ ਮਜ਼ਦੂਰ ਮਜ਼ਦੂਰੀਆਂ ਜੀ ਰਾਤ ਦਿਨੇ ਪਏ ਕੰਮ ਚਲਾਨ ਬਹੁਤੇ
ਵਿਹਲੇ ਵੇਲੇ ਜਾ ਮੰਝ ਮਜ਼ਦੂਰ ਬਨਦਾ ਥੋੜ੍ਹੇ ਪੈਸੇ ਤੇਕੰਮ ਕਰਵਾਨ ਬਹੁਤੇ
ਚਾਰ ਪੰਜ ਜੀ ਮੰਝ ਦੇ ਖਾਣ ਵਾਲੇ ਥੁੜਾਂ ਸਾਰੀਆਂ ਦੁਖ ਦਬਾਨ ਬਹੁਤੇ
ਲੰਘੇ ਔਖ ਦਾ ਝੱਟ ਕਰਤਾਰ ਸਿੰਘਾ ਸੰਤੋਖ ਰਖ ਸ਼ੁਕਰ ਮਨਾਨ ਬਹੁਤੇ

(ਵਾਕ ਕਵੀ)

ਤਾ ਸਿੱਖੀ ਦੇ ਝੱਲਣੇ ਪਏ ਬਹੁਤੇ ਕੀਤੇ ਭੁੱਖ ਨੇ ਜੀਵ ਹੈਰਾਨ ਸਾਰੇ
ਫ਼ਰਕ ਸੇਵਾ ਦੇ ਵਿੱਚ ਨ ਆਉਣ ਦੇਂਦੇ ਕਾਰ ਨਾਲ ਪ੍ਰੇਮ ਨਿਭਾਨ ਸਾਰੇ
ਸਤਿ ਸੰਗ ਦਾ ਸਭ ਨੂੰ ਰੰਗ ਚੜ੍ਹਯਾ ਦੁੱਖ ਵਿੱਚ ਵੀ ਸੁੱਖ ਮਨਾਨ ਸਾਰੇ
ਸਾਰੇ ਜੀਵ ਹੋ ਰਹੇ ਸੰਤੋਖ ਵਾਲੇ ਬਹਿੰਦੇ ਉਠਦੇ ਸ਼ੁਕਰ ਸੁਣਾਨ ਸਾਰੇ
"ਤੇਰਾ ਭਾਨਾ ਮੀਠਾ ਲਾਗੈ" ਇਤਿ ਆਦਿਕ ਸ਼ਬਦ ਪਕਾਨ ਸਾਰੇ
ਚੜ੍ਹਯਾ ਸਿੱਖੀ ਦਾ ਰੰਗ ਕਰਤਾਰ ਸਿੰਘਾ ਵੇਖ ਵੇਖਕੇ ਸਿੱਖਸਲਾਹਨ ਸਾਰੇ

(ਸ੍ਰੀ ਗੁਰੂ ਜੀ ਨੇ ਮੰਝ ਦੀ ਹੋਰ ਪਰਖ ਕਰਨੀ)

ਇਕ ਦਿਨ ਬੁਲਾਇਕੇ ਮੰਝ ਤਾਈਂ ਗੁਰ ਆਖਦੇ ਸਹਿਜ ਸੁਭਾਇ ਭਾਈ
ਪੁਰਸ਼ਾ ਤੂੰ ਕਿਉਂ ਏਸ ਥਾਂ ਬੈਠ ਰਿਹੋਂ ਘਰ ਆਪਣੇਨੂੰ ਚਲਾਜਾਇ ਭਾਈ

ਕੀਹ ਸਿੱਖੀ ਵਿਚੋਂ ਨਫਾ ਖੱਟਯਾ ਤੂੰ ਬੈਠੋਂ ਘਰ ਤੇ ਬਾਰ ਲੁਟਾਇ ਭਾਈ
ਕਾਹਨੂੰ ਮਿਹਣੇ ਸ਼ਰੀਕਾਂਦੇ ਹੈਣਝੱਲੇਓਹਨਾਂ ਕੱਢਯਾਪਿੱਛੋਂਧਿਕਾਇ ਭਾਈ
ਤੈਨੂੰ ਆਖਦੇ ਜੂ ਛੱਡ ਦੇਹ ਸਿੱਖੀ ਰੁੱਠੇ ਪੀਰ ਦੇ ਤਈਂ ਮਨਾਇ ਭਾਈ
ਤੂੰ ਨਾਲ ਭਰਾਵਾਂ ਦੇ ਮਿਲ ਜਾਕੇ ਥੜ੍ਹਾ ਪੀਰ ਦਾ ਫੇਰ ਬਣਾਇ ਭਾਈ
ਪੀਰ ਖੁਸ਼ ਹੋਕੇ ਤੈਨੂੰ ਓਸੇ ਤਰ੍ਹਾਂ ਰੰਗ ਰਾਗ ਪ੍ਰਤਾਪ ਦਿਖਾਇ ਭਾਈ
ਏਥੇ ਇਹੋ ਗ਼ਰੀਬੀ ਤੇ ਹੈਣ ਧੱਕੇ ਹੁਣ ਤੱਕ ਰਿਹੋਂ ਜਿਹੜੇ ਖਾਇ ਭਾਈ
ਸਿੱਖ ਬਣਕੇ ਧਨ ਤੇ ਮਾਲ ਡੰਗਰ ਘਰ ਘਾਟ ਬਰਬਾਦ ਕਰਾਇ ਭਾਈ
ਜਾਹ ਮੌਜ ਉਡਾ ਕਰਤਾਰ ਸਿੰਘਾ ਕੀਹ ਖੱਟਯਾ ਸਿਖੀਉਂ ਆਇ ਭਾਈ

(ਭਾਈ ਮੰਝ ਦਾ ਭਰੋਸਾ)

ਸਾਰੀ ਉਮਰਗਵਾਇਕੇਭੰਗਭਾੜੇਨਜ਼ਰ ਪਿਆ ਇੱਕੋ ਸੱਚਾ ਥਾਨ ਗੁਰ ਜੀ
ਵੱਟਾਂਪੀਰਦੀਆਂਵਾਂਹੀਆਂਕਈਬਰਸਾਂਘੱਟਾਛਾਣਯਾਬਣ ਅੰਞਾਨ ਗੁਰ ਜੀ
ਆਈ ਚਿੱਤ ਨੂੰ ਸ਼ਾਂਤੀ ਕਿਤੇ ਭੀ ਨ ਦੇਵੀ ਦੇਵਤੇ ਪੂਜੇ ਮਹਾਨ ਗੁਰ ਜੀ
ਸਾਰੀਉਮਰਵੰਜਾਇਕੇ ਰਤਨਲੱਭਾ ਕੀਤੀ ਮੇਹਰ ਵਡੀਭਗਵਾਨ ਗੁਰ ਜੀ
ਕਬਰਾਂਮੜ੍ਹੀਆਂਕੁਝ ਸਵਾਰਯਾ ਨ ਕੌਡੀਲੱਭੀ ਨ ਓਹਘੱਟਾ ਛਾਨ ਗੁਰ ਜੀ
ਤੇਰੇ ਦਰ ਦੀ ਖਾਕ ਨੇ ਠੰਢ ਪਾਈ ਆਯਾ ਸੜਦੇ ਨੂੰ ਅਰਮਾਨ ਗੁਰ ਜੀ
ਸੜੇ ਸਖੀ ਸੁਲਤਾਨ ਸਭ ਭੁੱਲਗਏਉੱਚਾ ਅਤਿਡਿੱਠਾਤੇਰਾਸ਼ਾਨ ਗੁਰ ਜੀ
ਝੂਠਾ ਧਨ ਗੁਵਾਇਕੇ ਲੱਭ ਲਿਆ ਸੱਚਾ ਧਨ ਮੈਂ ਕਰਾਂ ਬਯਾਨ ਗੁਰ ਜੀ
ਜਿਧੇ ਨਾਲਦਾ ਕਿਧਰੇ ਹੋਰ ਥਾਂ ਤੇ ਨਹੀਂ ਮਿਲਦਾਵਿੱਚ ਜਹਾਨ ਗੁਰ ਜੀ
ਜਿੱਨੂੰ ਰਿਖੀ ਮੁਨੀ ਯੋਗੀ ਢੂੰਡਦੇ ਨੇ ਤਪ ਸਾਧਦੇ ਦੁੱਖ ਉਠਾਨ ਗੁਰ ਜੀ
ਉਹ ਪਦ ਮੈਨੂੰ ਨਿਗ੍ਹਾ ਆਇ ਰਿਹਾ ਜਿੱਥੇ ਦੁੱਖ ਨ ਭੁਖ ਸਤਾਨ ਗੁਰ ਜੀ
ਰਿਧ ਸਿਧ ਤੇ ਲੱਛਮੀ ਖੜੀ ਦਰ ਤੇ ਨਹੀਂ ਦੂਸਰਾ ਤੇਰੇ ਸਮਾਨ ਗੁਰ ਜੀ
ਨਾਸਵੰਤ ਪਦਾਰਥ ਇਹ ਜੱਗਦੇ ਨੇ ਅੰਤਕਿਸੇਦੇਨਾਲ ਨ ਜਾਨ ਗੁਰ ਜੀ
ਮੈਨੂੰ ਬਖਸ਼ਯਾ ਆਪਨੇ ਧਨ ਸੱਚਾ ਅੱਗ ਸਾੜੇ ਨ ਚੋਰ ਚੁਰਾਨ ਗੁਰ ਜੀ
ਨਹੀਂ ਚਿੱਤ ਨੂੰਖਾਹਿਸ਼ਪਦਾਰਥਾਂ ਦੀਹੈ ਇੱਕਸੇ ਗੱਲ ਦਾ ਧਯਾਨ ਗੁਰ ਜੀ
ਸੇਵਾ ਕਰਦਿਆਂ ਹੁਣ ਕਰਤਾਰ ਸਿੰਘਾ ਮੇਰੇ ਪੂਰੇ ਹੋ ਜਾਨ ਪ੍ਰਾਨ ਗੁਰ ਜੀ

(ਵਾਕ ਕਵੀ)

ਸੱਚਾ ਵੇਖਯਾ ਸਿੱਖਦੇ ਸਿਦਕਤਾਈਂ ਸੱਚੀ ਸਾਫ਼ਪ੍ਰੀਤਿ ਅਜ਼ਮਾਈ ਉਸਦੀ
ਓਸੇਦਿਨੋਂ ਹੀਕਰਨਿਹਾਲਦਿੱਤਾ ਜਨਮ ਮਰਨਦੀਫਾਹੀਕਟਾਈ ਉਸਦੀ

ਥੋੜ੍ਹਾ ਹੋਰਇਮਤਿਹਾਨ ਲੈਲੈਣਖਾਤਰ ਨਮੂੰਹੋਂਵਡਿਆਈ ਸੁਣਾਈ ਉਸਦੀ
ਬਾਕੀ ਸੁਣੋ ਪ੍ਰਸੰਗ ਕਰਤਾਰਸਿੰਘਾ ਘਾਲ ਥਾਂ ਕਿਵੇਂਗੁਰਾਂ ਪਾਈ ਉਸਦੀ

(ਭਾਈ ਮੰਝ ਨੇ ਬਾਲਨ ਲੈਣ ਜਾਣਾਂ ਤੇ ਇੱਕ ਖੂਹ ਵਿਚ ਡਿੱਗ ਪੈਣਾ)

ਹੈਸੀ ਰੋਜ਼ ਹੀ ਲੱਕੜਾਂ ਲੈਣ ਜਾਂਦਾ ਪੱਕਾ ਨੀਯਮ ਮੰਝ ਠਹਿਰਾਯਾ ਹੈਸੀ
ਲੰਗਰ ਵਾਸਤੇ ਸੁੱਕੀਆਂ ਲੱਕੜਾਂ ਦਾ ਵੱਡਾ ਢੇਰਉਸ ਜਮ੍ਹਾਂ ਕਰਾਯਾ ਹੈਸੀ
ਇੱਕ ਦਿਨ ਚੁਣ ਲੱਕੜਾਂ ਜਾੜ ਵਿਚੋਂ ਭਾਰ ਬੰਨ੍ਹਕੇ ਸਿਰ ਉਠਾਯਾ ਹੈਸੀ
ਵੱਡਾ ਆਣ ਹਨੇਰੀ ਨੇ ਜ਼ੋਰ ਪਾਯਾ ਰਾਹ ਖਹਿੜਾ ਨ ਕਿਤੇ ਦਿਸਾਯਾ ਹੈਸੀ
ਘੁੱਪ ਘੇਰ ਹਨੇਰ ਪੈ ਗਿਆ ਭਾਰਾ ਲਈ ਭਾਰ ਪਿਛਾਂਹ ਨੂੰ ਆਯਾ ਹੈਸੀ
ਸੀ ਖੂਹ ਪੁਰਾਣਾ*ਸੁਲਤਾਨਵਿੰਡ ਦਾ ਬੰਨਾ ਚੰਨਾ ਨ ਕਿਸੇਬਨ੍ਹਾਯਾ ਹੈਸੀ
ਓਹਦੇ ਵਿੱਚ ਅਡੋਲਹੀ ਜਾਇ ਡਿੱਗਾਹੱਥ ਦੇਇ ਸਤਿਗੁਰਾਂ ਬਚਾਯਾ ਹੈਸੀ
ਉੱਠ ਲੱਕੜਾਂ ਦਾ ਭਾਰ ਚੁੱਕ ਲਿਆਵਿੱਚ ਪਾਨੀ ਨ ਭਿੱਜਨਾ ਪਾਯਾ ਹੈਸੀ
ਨੇੜੇ ਤੇੜੇ ਨ ਪਾਸ ਇਨਸਾਨ ਕੋਈ ਕਿਸੇ ਸੁਣਯਾਂ ਨਾਹਿੰ ਸੁਣਾਯਾ ਹੈਸੀ
ਅੰਤ੍ਰਯਾਮੀ ਸਤਿਗੁਰੂ ਕਰਤਾਰ ਸਿੰਘਾ ਨਹੀਂ ਓਸਤੋਂ ਭੇਦ ਛੁਪਾਯਾ ਹੈਸੀ

(ਸ੍ਰੀ ਗੁਰੂ ਜੀ ਨੇ ਨੰਗੀਂ ਪੈਰੀਂ ਓਸ ਖੂਹ ਤੇ ਪਹੁੰਚਣਾ)

ਸਤਿਗੁਰੂ ਜੀ ਮਹਿਲਾਂ ਦੇ ਵਿਚ ਬੈਠੇ ਭੇਦ ਸਿੱਖ ਦਾ ਸਾਰਾਹੀ ਪਾਵੰਦੇ ਨੇ
ਕਿਸੇ ਤਈਂਬੁਲਾਯਾ ਨ ਕੁਝ ਕਿਹਾ ਨੰਗੀਂ ਪੈਰੀਂ ਹੀਉੱਠਕੇ ਧਾਵੰਦੇ ਨੇ
ਸਤਿਗੁਰਾਂ ਨੂੰ ਜਾਂਦਯਾਂ ਵੇਖ ਕਰ ਕੇ ਸਾਰੇ ਸਿੱਖ ਹੈਰਾਨ ਹੋ ਜਾਵੰਦੇ ਨੇ
'ਕਿੱਥੇ ਚੱਲੇ ਹੋ ਸਤਿਗੁਰੋ ਬਿਨ੍ਹਾਂ ਜੋੜੇ' ਹੱਥ ਜੋੜ ਕੇ ਪੁੱਛ ਪੁਛਾਵੰਦੇ ਨੇ
ਲੱਜਾਂ ਲੈ ਸਾਡੇ ਪਿੱਛੇ ਜਲਦ ਆਵੋ ਹੋਰ ਕੁਝ ਨ ਮੂੰਹੋਂ ਫੁਰਮਾਵੰਦੇ ਨੇ
ਕੋਈ ਨਵੀਂਨਹੀਂ ਗੱਲਕਰਤਾਰਸਿੰਘਾ ਭਗਤਵਤਸਲ ਗ੍ਰੰਥ ਬਤਾਵੰਦੇ ਨੇ

(ਵਾਕ ਕਵੀ)

ਜੁਗ ਜੁਗ ਅਵਿਤਾਰ ਸਤਿਗੁਰੂ ਧਰਦਾ ਗ੍ਰੰਥਕਾਰਾਂਨੇ ਹੈ ਲਿਖਾਇਆ ਜੀ
ਮੱਧ ਕੈਟਭ ਦੇ ਤਈਂਮਾਰ ਕਰਕੇ ਇਹ ਵਿਛਾਵਨਾ ਧਰਤ ਵਿਛਾਇਆ ਜੀ
ਸਤਿਯੁਗ ਵਿਚ ਰੂਪ ਨਰਸਿੰਘ ਹੋਕੇ ਪ੍ਰਹਿਲਾਦ ਦੇ ਤਈਂ ਬਚਾਇਆ ਜੀ
ਜੁਗ ਤ੍ਰਿਤੀਏ ਰਾਮ ਰਘੁਵੰਸ ਹੋਕੇ ਮਾਰ ਰਾਵਣ ਤਈਂ ਖਪਾਇਆ ਜੀ
ਅਧਰਮ ਦਾ ਧਰਤ ਤੋਂ ਨਾਸਕੀਤਾ ਸੁਖੀਦਿਉਤਯਾਂਤਈਂ ਵਸਾਇਆ ਜੀ
ਨੀਚ ਭੀਲਨੀ ਦੇ ਜੂਠੇ ਬੇਰ ਖਾਕੇ ਭੂਤ ਛੂਤ ਦਾ ਮਾਰ ਨਸਾਇਆ ਜੀ

*ਸੁਲਤਾਨ ਵਿੰਡ ਸ੍ਰੀ ਅੰਮ੍ਰਿਤਸਰ ਜੀ ਦੇ ਪਾਸ਼ ਇਕ ਨਗਰ ਹੈ

ਫੇਰ ਦ੍ਵਾਪਰ ਦੇ ਵਿੱਚ ਰੂਪ ਧਰਯਾ ਕੇਸੀ ਕੰਸ ਨੂੰ ਮਾਰ ਪਚਾਇਆ ਜੀ
ਜਰਾਸੰਧ ਸਿਸਪਾਲਨੂੰ ਮਾਰਕਰਕੇ ਬੰਦਲੜਕੀਆਂਤਈਂ ਛੁਡਾਇਆ ਜੀ
ਚਕਰਮਗਰਦੁਰਬਾਸ਼ਾਦੇ ਛੱਡਕਰਕੇ ਉੱਗਰਸੈਨਦਾ ਪਿੱਛਾਛੁਡਾਇਆ ਜੀ
ਗਜਰਾਜ ਨੂੰ ਪਕੜਯਾ ਤੰਦੂਏ ਨੇ ਆੱਤਰ ਹੋਇ ਜਾਂ ਨਾਮਧਿਆਇਆ ਜੀ
ਨੰਗੀਂ ਪੈਰੀਂ ਬੈਕੁੰਠ ਤੋਂ ਉੱਠ ਧਾਏ ਹਾਥੀ ਡੁੱਬਦੇ ਤਈਂ ਬਚਾਇਆ ਜੀ
ਰੱਖੀ ਲਾਜ ਮਹਾਰਾਜ ਦ੍ਰੋਪਤਾ ਦੀ ਕੱਪੜ ਕੋਟ ਉਸਾਰ ਦਿਖਾਇਆ ਜੀ
ਟੋਂਡਾ ਖੜ ਕਬੀਰ ਦੀ ਲਾਜ ਰੱਖੀ ਨਾਮ ਦੇਵ ਦਾ ਛੱਪਰ ਛਾਇਆ ਜੀ
ਤਾਰੀ ਨਰਸੀ ਭਗਤ ਦੀ ਆ ਹੁੰਡੀਮੀਰਾਂ ਬਾਈਦਾ ਜ਼ਹਿਰ ਪਚਾਇਆ ਜੀ
ਸੈਨ ਨਾਈ ਦਾ ਧਰਕੇ ਰੂਪ ਹਰ ਜੀ ਜਾ ਰਾਣੇ ਦੇ ਤਈਂ ਰਿਝਾਇਆ ਜੀ
ਪੂਰਾ ਪਾਸਕੂ ਕਰਕੇ ਸਧਨੇ ਦਾ ਵੱਟਾ ਓਸਦਾ ਪੂਰਾ ਭੁਲਾਇਆ ਜੀ
ਨਾਮ ਦੇਵ ਦੀ ਨਦੀ ਤੋਂ ਛੇਜ ਕੱਢੀਮੋਈਗਊ ਦੇ ਤਈਂ ਜਿਵਾਇਆ ਜੀ
ਏਸੇਤਰ੍ਹਾਂ ਹੀ ਆਪਨੇ ਸੇਵਕਾਂ ਦਾ ਹਰ ਥਾਂ ਪੁੱਜਕੇ ਕਸ਼ਟ ਮਿਟਾਇਆ ਜੀ
ਕਲਯੁਗ ਅੰਦਰ ਸਤਗੁਰ ਰੂਪ ਓਹੋ ਮਨਸੁਖ ਨੇ ਜਦੋਂ ਧਿਆਇਆ ਜੀ
ਝੱਟ ਪਹੁੰਚਕੇ ਸੰਗਲਾਦੀਪ ਸਾਗਰ ਬੇੜੇ ਓਸਦੇ ਨੂੰ ਬੰਨੇ ਲਾਇਆ ਜੀ
ਜਦੋਂ ਭਾਈ ਮਰਦਾਨੇ ਪੁਕਾਰ ਕੀਤੀ ਕੌਡੇ ਰਾਕਸ਼ ਨੇ ਖਾਣਾ ਚਾਹਿਆ ਜੀ
ਵਿਚ ਪਲਕਦੇ ਪਹੁੰਚਕੇ ਗੁਰੂਨਾਨਕ ਓਹਦਾਤਪਤਕੜਾਹਾਬੁਝਾਇਆ ਜੀ
ਹਰਜੁਗ ਅੰਦਰ ਹਰ ਸਮੇ ਅੰਦਰ ਲੱਜਾ ਦਾਸਾਂ ਦੀ ਰੱਖਦਾ ਆਇਆ ਜੀ
ਰੂਪ ਪੰਜਵਾਂ ਗੁਰੂ ਕਰਤਾਰ ਸਿੰਘਾ ਨੰਗੀਂ ਪੈਰੀਂ ਉਸਖੂਹ ਨੂੰਧਾਇਆ ਜੀ

(ਸ੍ਰੀ ਗੁਰੂ ਜੀ ਨੇ ਓਸ ਖੂਹ ਤੇ ਪਹੁੰਚਨਾ)

ਨੰਗੀਂ ਪੈਰੀਂ ਹੀ ਸਤਿਗੁਰੂ ਪਹੁੰਚ ਗਏ ਓਸ ਖੂਹ ਉੱਤੇ ਕੱਲੇ ਜਾਇ ਛੇਤੀ
ਜੋੜਾ, ਘੋੜਾ ਤੇ ਪਾਲਕੀ ਨਾਲ ਲੈ ਕੇ ਸਣੇ ਲੱਜਦੇ ਸਿੱਖ ਭੀ ਆਇ ਛੇਤੀ
ਸਿੱਖਾਂ ਵਾਜ ਦਿੱਤੀ ਕੌਣ ਵਿੱਚ ਖੂਹ ਦੇ ਪਤਾ ਆਪਣਾ ਸਭ ਬਤਾਇ ਛੇਤੀ
ਨਾਮਮੰਝ ਤੇ ਸੇਵਕ ਹਾਂ ਗੁਰੂ ਜੀ ਦਾ ਰੱਸਾ ਵਿੱਚਖੂਹ ਦਿਹੋ ਲਮਕਾਇ ਛੇਤੀ
ਭਿੱਜ ਜਾਇ ਨ ਬੱਲਨ ਡਿੱਗ ਸਿਰ ਤੋਂ ਲਵੋ ਏਸਨੂੰ ਬਾਹਰਕਢਾਇ ਛੇਤੀ
ਸਿੱਖਾਂਆਖਯਾ, ਆਪ ਤੂੰ ਨਿਕਲਪਹਿਲਾਂਦਿਹਭਾਰਨੂੰ ਸਿਰੋਂ ਉਤ੍ਰਾਇ ਛੇਤੀ
ਓਸਆਖਯਾਮੇਰਾਕੁਝਵਿਗੜਦਾਨਹੀਂਬੱਲਣਸੁੱਕਾਹੀਲਵੋਨਿਕਸਾਇਛੇਤੀ
ਆਖਰ ਸੁੱਟ ਕਰਕੇ ਰੱਸਾ ਖੂਹ ਅੰਦਰ ਖਿੱਚ ਬੱਲਣ ਬਾਹਰ ਰਖਾਇ ਛੇਤੀ

ਲੱਜ ਫੇਰ ਵਹਾਇ ਕੇ ਮੰਝ ਤਾਈਂ ਸਿਖ ਖਿੱਚ ਕੇ ਬਾਹਰ ਲਿਆਇ ਛੇਤੀ
ਡਿੱਠੇ ਗੁਰੂ ਜੀ ਖੜੇ ਕਰਤਾਰ ਸਿੰਘਾ ਡਿੱਗਾ ਚਰਨਾਂ ਦੇ ਉੱਤੇ ਧਾਇ ਛੇਤੀ

(ਸ੍ਰੀ ਗੁਰੂ ਜੀ)

ਛਾਤੀਨਾਲਫੜਕੇ ਲਾਯਾਮੰਝਤਾਈਂ ਕਹਿੰਦੇਮੰਗਕੁਝਧੁਰੋਂਦਵਾਇ ਦੱਹੀਏ
ਤੇਰੀ ਘਾਲਘਾਲੀ ਅੱਜ ਥਾਂ ਪੈਗਈ ਜੋ ਖ਼ਾਹਿਸ਼ ਸੋ ਪੂਰੀ ਕਰਵਾਇ ਦੱਹੀਏ
ਗੁਰੂ ਨਾਨਕ ਵਾਲੇ ਭੰਡਾਰ ਵਿੱਚੋਂ ਜੋ ਕਹੇਂ, ਝੋਲੀ ਤੇਰੀ ਪਾਇ ਦੱਹੀਏ
ਹੁਣ ਦੱਸ ਸ਼ਿਤਾਬ ਕਰਤਾਰਸਿੰਘਾ ਰਿੱਧਸਿੱਧ ਤੇਰੀਚਰਨੀਂ ਲਾਇ ਦੱਹੀਏ

(ਭਾਈ ਮੰਝ)

ਕਿਸੇਗੱਲਦੀ ਇੱਛਾਨਹੀਂਰਹੀ ਗੁਰਜੀ ਕਮੀ ਕੋਈ ਨ ਤੇਰੇ ਭੰਡਾਰ ਅਦਰ
ਭੁੱਖਾਂਮਿਟਗਈਆਂਦਿਲੋਂਸਾਰੀਆਂਨੇ ਕਾਰਚੱਲਰਹੀਹੁਕਮਕਰਤਾਰ ਅੰਦਰ
ਨਾਸਵੰਤਪਦਾਰਥ ਇਹ ਜੱਗਦੇਨੇ ਰਹਿਣਾ ਕਾਇਮਨਕਿਸੇਸੰਸਾਰ ਅੰਦਰ
ਸੱਚ ਛੱਡ ਕੇ ਝੂਠ ਨੂੰ ਮੰਗਣਾ ਕੀਹ ਵਿੱਝਾ ਮਨ ਪ੍ਰੇਮ ਦੀ ਤਾਰ ਅੰਦਰ
ਭਰੇ ਚਾਰ ਪਦਾਰਥ ਦਿੱਸ ਰਹੇ ਘਾਟਾ ਕੋਈ ਨ ਦਾਤ ਦਾਤਾਰ ਅੰਦਰ
ਇਕ ਖ਼੍ਵਾਹਿਸ਼ ਮੇਰੀ ਪੂਰੀ ਕਰ ਦੇਵੋ ਕਰਾਂ ਬੇਨਤੀ ਆਪ ਸਰਕਾਰ ਅੰਦਰ
ਸਤਿਨਾਮ ਦਾ ਜਾਪ,ਧਯਾਨਚਰਨਾ ਵਿੱਸਰ ਜਾਇਨਕਿਸੇ ਵਿਹਾਰ ਅੰਦਰ
ਗੁਰਾਂ ਆੱਖਯਾ ਇਹ ਤਾਂ ਪਾ ਲਿਆ ਤੂੰ ਮੰਗ ਹੋਰ,ਕੰਮ ਆਊ ਪ੍ਰਵਾਰ ਅੰਦਰ
ਮੰਝ ਆੱਖਯਾ ਦੂਸਰੀ ਖ਼ਾਹਿਸ਼ ਮੇਰੀ ਆ ਰਹੀ ਹੈ ਖ਼ਾਸ ਵਿਚਾਰ ਅੰਦਰ
ਏੱਡਾ ਤਾਉ ਨ ਸਿੱਖਾਂਨੂੰ ਮਿਲੇਅੱਗੋਂ ਜੋ ਮੈਂ ਝੱਲਯਾ ਭਾਣੇ ਦੀ ਕਾਰ ਅੰਦਰ
ਕਲੂ ਵਰਤ ਰਿਹਾ ਜੀਵ ਫਾਹੇ ਮੋਹ ਨੇ ਫਸ ਰਹੇ ਨੇ ਹਿਰਸ ਦੀ ਗਾਰ ਅੰਦਰ
ਸਿੱਖੀ ਤੇਗ ਤਿੱਖੀ ਕਰਤਾਰ ਸਿੰਘਾ ਅੰਮ੍ਰਤ ਭਰਯਾ ਏਸ ਦੀ ਧਾਰ ਅੰਦਰ

(ਸ੍ਰੀ ਸਤਿਗੁਰੂ ਜੀ)

ਤਾਯਾਂਬਿਨ੍ਹਾਨਹੀਂਹੋਵੰਦਾ ਸੁੱਧਸੋਨਾ ਸੁੱਧਹੋਇਬਿਨ੍ਹਾਂ ਕਦਰਪਾਵੰਦਾ ਨਹੀਂ
ਏਸੇਤਰ੍ਹਾਂ ਜੇ ਸਿੱਖ ਨ ਤਾਉ ਝੱਲੇ ਹਿਰਦਾ ਓਸਦਾ ਮੈਲ ਗੁਵਾਵੰਦਾ ਨਹੀਂ
ਜਦਤੱਕ ਨ ਹਿਰਦਯੋਂ ਮੈਲਜਾਵੇ ਗਯਾਨ ਓਸਦੇ ਵਿੱਚ ਸਮਾਵੰਦਾ ਨਹੀਂ
ਪੂਰਨਗਯਾਨਦੇਬਿਨ੍ਹਾਂ ਕਰਤਾਰਸਿੰਘਾ ਸਿੱਖਜੀਵਨਮੁਕਤਕਹਾਵੰਦਾ ਨਹੀਂ

(ਭਾਈ ਮੰਝ ਦਾ ਉਧਾਰ ਤੇ ਉਸਨੂੰ ਮੰਜੀ ਬਖ਼ਸ਼ਣੀ)

ਇਹ ਸੁਣਕੇਡਿੱਗ ਦੋਇੰ ਚਰਨਫੜਦਾ ਛਾਤੀਨਾਲਲਾਗੁਰਾਂ ਪਯਾਰ ਕੀਤਾ
ਵਿੱਚ ਪਲਕ ਦੇ ਖੋਲ੍ਹ ਕਪਾਟ ਦਿੱਤੇ ਮਿਹਰ ਕਰ ਬੇੜਾ ਓਹਦਾ ਪਾਰ ਕੀਤਾ

ਦਯਾਵਾਨ ਸਤਿਗੁਰੂ ਨੇ ਦਯਾ ਕਰਕੇ ਇਹ ਮੁੱਖਤੋਂ ਬਚਨ ਉਚਾਰ ਕੀਤਾ

"ਮੰਝ ਪਯਾਰਾ ਗੁਰੂ ਨੂੰ ਗੁਰੂ ਮੰਝ ਪਿਆਰਾ ।
ਮੰਝ ਗੁਰੂ ਕਾ ਬੋਹਿਥਾ ਜੱਗ ਲੰਘਨ ਹਾਰਾ"

ਨਾਲ ਲੈ ਆਇ ਓਸ ਖੂਹ ਉੱਤੋਂ ਵੱਡਾ ਵਿੱਚ ਦੀਵਾਨ ਸਤਿਕਾਰ ਕੀਤਾ
ਤੇਰੀ ਘਾਲ ਹੁਣ ਪੁਰਖਾ ਥਾਇੰ ਪੈ ਗਈ ਜਾਹਰ,ਭਰਪੂਰਭੰਡਾਰ ਕੀਤਾ
ਨਾਮ ਗੁਰੂ ਦੇ ਦੇਗ਼ ਚਲਾ ਜਾ ਕੇ ਵਿਦਾ ਤੁਰਤ ਹੀ ਦੇਇ ਦਸਤਾਰ ਕੀਤਾ
ਮੰਨ ਆੱਗਯਾ ਘਰ ਨੂੰ ਮੰਝ ਗਿਆ ਦੁਾਬੇ ਵਿੱਚ ਸਿੱਖੀ ਪਰਚਾਰ ਕੀਤਾ
ਦੁੱਧ,ਪੁੱਤ ਤੇ ਲੱਛਮੀ ਫੇਰ ਆਗਈ ਰਿੱਧਾਂਸਿੱਧਾਂ ਨੇ ਆਣ ਪਸਾਰ ਕੀਤਾ
ਓਸੇ ਮੰਝ ਦੇ ਨਾਮ ਤੇ ਦੇਸ ਦਾ ਜੀ ਨਾਮ'ਮੰਝ ਕੀ' ਪ੍ਰਗਟ ਸੰਸਾਰ ਕੀਤਾ
ਨਾਲੇ ਆਪ ਤਰਗਿਆ ਕਰਤਾਰਸਿੰਘਾ ਸੈ ਜੀਆਂ ਦਾ ਨਾਲ ਉਧਾਰ ਕੀਤਾ

(ਵਾਕ ਕਵੀ)

ਏਸੇਤਰ੍ਹਾਂ ਬਹੋੜੂ ਤੇ ਭਾਈ ਭਗਤੂ ਅਤੇ ਬਹਿਲੋ ਜੈਸੇ ਸਿਦਕਵਾਨ ਭਾਈ
ਤਨੋਮਨੋ ਹੋ ਤਾੱਲ ਦੀ ਸੇਵ ਕਰਦੇ ਅੱਠੇਪਹਿਰ ਰਹਿੰਦੇ ਨਿਰਮਾਨ ਭਾਈ
ਇਰਦਗਿਰਦਦੇਪਿੰਡਾਂਤੋਂਆਵਿਆਂਲਈ ਕੂੜਾਕਰਕਟਕੱਠਾਕਰਾਨ ਭਾਈ
ਪੜ੍ਹਨਬਾਨੀਆਂਚੱਕੀਆਂਪੀਹਨਰੱਾਤੀਂ ਆੱਟਾਲੰਗਰਾਂਵਿੱਚ ਪੁਚਾਨ ਭਾਈ
ਜਾਇਜੰਗਲਾਂ ਥੀਂ ਕੱਠਾਕਰਨਬਾੱਲਣ ਤੱਪੜਝਾੜੂਦੀਸੇਵਾ ਕਮਾਨ ਭਾਈ
ਮੁੱਦਾ ਗੱਲ ਕੀਹ,ਦੇਵਤੇ ਅਰਸ਼ਾਂ ਤੋਂ ਆ ਕੇ ਸਿੱਖੀਦੀ ਰੀਤਦਿਖਾਨ ਭਾਈ
ਇਹੋ ਜਿਹਾਂ ਸਿੱਖਾਂਦੀਆਂ ਕਰਨੀਆਂਨੂੰ ਵੇਖ ਵੇਖਕੇ ਲੋਕ ਸਲਾਹਨ ਭਾਈ
ਲਏ ਟਹਿਲਥੀਂਮਹਿਲਕਰਤਾਰਸਿੰਘਾ ਪਾਇਅੰਤਨੂੰਪਦ ਨਿਰਮਾਨ ਭਾਈ

*ਕਾਬਲ ਵਾਲੀ ਮਾਈ

ਓਹਨਾਂ ਦਿਨਾਂਦੇਵਿੱਚ ਹੀਇੱਕਮਾਈ ਆਕੇ ਤਾਲਦੀ ਸੇਵਾ ਕਮਾਵੰਦੀ ਰਹੇ
ਆਉਂਦੀ ਜਾਂਦੀਦਾ ਪਤਾ ਨਮੂਲਲੱਗੇ ਚੁੱਕਟੋੱਕਰੀ ਮਿੱਟੀ ਸੁਟਾਵੰਦੀ ਰਹੇ
ਹਰਵਾਰ ਜਾਂ ਟੋੱਕਰੀ ਜਾਇ ਸੁੱਟਣ ਬਾਂਹ ਆਪਣੀਤਈਂ ਹਿਲਾਵੰਦੀ ਰਹੇ
ਵੇਖੇ ਸੰਗਤ ਨਿੱਤ ਕਰਤਾਰਸਿੰਘਾ ਇਹ ਮਾਈ ਕਿਉਂ ਬਾਂਹ ਚਲਾਵੰਦੀ ਰਹੇ

---

*ਭਾਈ ਸੰਤੋਖ ਸਿੰਘ ਜੀ ਨੇ ਇਹ ਪ੍ਰਸੰਗ ਸ੍ਰੀ ਗੁਰੂ ਅਮਰ ਦਾਸ ਸਾਹਿਬ ਜੀ ਦੇ ਗੋਇੰਦਵਾਲ ਵਿਖੇ ਬਾਵਲੀ ਬਨਵਾਣ ਸਮੇ ਹੋਯਾ ਲਿਖਯਾ ਹੈ। ਦੇਖੋ ਰਾਸ ੧, ਅ: ੫੫।

(ਸੰਗਤ ਦੇ ਪੁੱਛਣ ਤੋਂ ਉਸ ਮਾਈ ਨੇ ਦੱਸਣਾ)

ਇੱਕ ਦਿਨ ਸਿੱਖਾਂ ਰਲ ਪੁੱਛਯਾ ਜੀ ਓਸ ਆੱਖਯਾ ਬੱਚਾ ਵਰਾਉਂਦੀ ਹਾਂ
ਘਰ ਵਿੱਚ ਪੰਘੂੜੇ ਦੇ ਪਾ ਆਉਂਦੀ ਝੂਟਾ ਓਸਦੇ ਤਈਂ ਦਵਾਉਂਦੀ ਹਾਂ
ਜੇਕਰਨਾਹਿੰ ਹਿਲਾਵਾਂ ਉਹਜਾਗਪੈਂਦਾ ਬਾਂਹਨਾਲਪੰਘੂੜਾਹਿਲਾਉਂਦੀ ਹਾਂ
ਦੂਰੋਂ ਆਵੰਦੀਚੱਲ ਕਰਤਾਰਸਿੰਘਾ ਸੇਵਾਕਰ,ਦਿਹ ਸਫਲ ਕਰਾਉਂਦੀ ਹਾਂ

(ਸਿੱਖਾਂ ਨੇ ਸਤਿਗੁਰਾਂ ਪਾਸ ਖ਼ਬਰ ਪੁਚਾਨੀ)

ਸਿੱਖਾਂ ਸਤਿਗੁਰਾਂ ਪਾਸ ਜਾ ਆੱਖਯਾ ਜੀ ਇੱਕਮਾਈ ਕਿਤੋਂ ਦੂਰੋਂ ਆਵੰਦੀ ਏ
ਸਾਰਾਦਿਨਉਹ ਟੋੱਕਰੀ ਰਹੇਢੋਂਦੀ ਆਉਂਦੀਜਾਵੰਦੀ ਬਾਂਹ ਹਿਲਾਵੰਦੀ ਏ
ਅੱਜ ਪੁੱਛਯਾ'ਬੱਚੇ ਨੂੰ ਦਿਆਂ ਝੂਟੇ' ਕਹਿੰਦੀ ਸੱਚ ਕਿ ਝੂਠ ਸੁਣਾਵੰਦੀ ਏ
ਤੁਸੀ ਅੰਤ੍ਰਯਾਮੀ ਕਰਤਾਰ ਸਿੰਘਾ ਭਲਾ ਵੇਖੋ ਕੀਹ ਸ਼ਕਤ ਰਖਾਵੰਦੀ ਏ

(ਸਤਿਗੁਰਾਂ ਨੇ ਉਸ ਮਾਈ ਨੂੰ ਸੱਦ ਕੇ ਪੁੱਛਣਾ)

ਗੁਰਾਂ ਪਾਸ ਬੁਲਾਇ ਕੇ ਓਸਤਾਈਂ ਕਿਹਾ ਦੱਸ ਮਾਈ ਕਿੱਥੋਂ ਆਵਨੀ ਏਂ
ਆਉਂਦੀ ਜਾਵੰਦੀ ਕਰਦੀ ਕਾਰਸੇਵਾ ਕਿਸ ਵਾਸਤੇ ਬਾਂਹ ਹਿਲਾਵਨੀ ਏਂ
ਇਹਨਾਂ ਸਿੱਖਾਂ ਦੇ ਭਰਮ ਨੂੰ ਦੂਰ ਕਰ ਤੂੰ ਸੱਚਦੱਸ ਜੋ ਕਾਰਕਮਾਵਨੀ ਏਂ
ਤੂੰ ਤਾਂ ਦੇਵੀ ਸਰੂਪ ਕਰਤਾਰ ਸਿੰਘਾ ਚਿਹਰੇ ਉੱਤੇ ਜਮਾਲ ਰਖਾਵਨੀ ਏਂ

(ਓਸ ਮਾਈ ਨੇ ਸਾਰੀ ਗੱਲ ਦੱਸਣੀ)

ਮੈਂ ਕਾਬਲੋਂ ਗੁਰੂ ਜੀ ਨਿੱਤਆਉਂਦੀ ਅੰਮ੍ਰਿਤਸਰਦੀ ਸੇਵਕਮਾਵਨੇ ਲਈ
ਸਵਾਬਰਸਦਾਪੁੱਤ ਹਾਂ ਛੱਡਆਉਂਦੀਕੱਲੀਆਵੰਦੀਮਿੱਟੀ ਕਢਾਵਨੇ ਲਈ
ਮਤਾਂ ਜਾਗ ਪਵੇ ਸੇਵਾ ਰਹਿ ਜਾਵੇ ਬਾਂਹ ਚਲਾਵਾਂ ਪੰਘੂੜਾ ਹਿਲਾਵਨੇ ਲਈ
ਕਰਦੀ ਆਪਦਾ ਦਰਸਕਰਤਾਰਸਿੰਘਾਜਨਮਮਰਨਦੇ ਫੰਧਕਟਾਵਨੇ ਲਈ

(ਸ੍ਰੀ ਗੁਰੂ ਜੀ)

ਸਿੱਖ ਸੁਣ ਕੇ ਬੜੇ ਹੈਰਾਨ ਹੋਏ ਗੁਰਾਂ ਆੱਖਯਾ ਸ਼ਕਤ ਇਹ ਪਾਈ ਕਿੱਥੋਂ
ਨਿੱਤ ਕਾਬਲੋਂ ਆਵਨੇ ਜਾਵਨੇ ਦੀ ਏੱਡੀ ਸ਼ਕਤੀ ਆਨ ਸਮਾਈ ਕਿੱਥੋਂ
ਕਿਹੜਾ ਜੋਗ ਤੇ ਕੀਤੀ ਹੈ ਸਾਧਨਾ ਕੀਹ ਤੀਵੀਂ ਹੋਕੇਕੀਤੀ ਕਮਾਈ ਕਿੱਥੋਂ
ਸਾਰੀ ਗੱਲ ਤੂੰ ਦੱਸ ਕਰਤਾਰਸਿੰਘਾ ਵੱਡੀ ਸਿਫ਼ਤ ਤੈਨੂੰ ਹੱਥ ਆਈ ਕਿੱਥੋਂ

(ਮਾਈ ਨੇ ਦੱਸਣਾ)

ਸਤਿਗੁਰੂ ਜੀ,ਕੀਹ ਕਮਾਈ ਕਰਨੀ ਤੀਵੀਂ ਘਰ ਦੀ ਕਾਰ ਚਲਾਵੰਦੀ ਹਾਂ
ਨ ਜਪ, ਨ ਤਪ, ਨ ਸਾਧਨਾ ਕੋਈ, ਨ ਸ਼ਕਤੀ ਹੋਰ ਰਖਾਵੰਦੀ ਹਾਂ

ਕੇਵਲ ਆਪਣੇ ਪਤੀ ਨੂੰ ਜਾਣ ਈਸ਼੍ਵਰ ਸੇਵਾ ਹੋ ਨਿਰਮਾਨ ਕਮਾਵੰਦੀ ਹਾਂ
ਓਹਦੇਬਿਨ੍ਹਾਂ ਨ ਕਿਸੇਨੂੰ ਪੁਰਸ਼ ਜਾਣਾਇਹ ਨਿਸਚਾਪੱਕਾ ਨਿਭਾਵੰਦੀ ਹਾਂ
ਸਿੱਖੀ ਆਪ ਦੀ ਹੈ ਸੱਡੇ ਘਰ ਮੁੱਢੋਂ ਬਾਣੀ ਨਾਲ ਪ੍ਰੀਤ ਵਧਾਵੰਦੀ ਹਾਂ
ਨ ਪੀਰ ਫ਼ਕੀਰ, ਨ ਦੇਵੀ ਦਿਉਤਾ, ਨ ਮੜ੍ਹੀ ਮਸਾਨ ਮਨਾਵੰਦੀ ਹਾਂ
ਨੀਵੀਂਆਪਨੂੰ ਪਤੀਤੋਂ ਸਮਝਦੀ ਹਾਂ ਅੱਠੇਪਹਿਰਕਹਿ'ਜੀ'ਬੁਲਾਵੰਦੀ ਹਾਂ
ਕ੍ਰਿਪਾ ਪਤੀ ਦੀ ਨਾਲ ਕਰਤਾਰਸਿੰਘਾ ਰੋਜ਼ ਚੱਲ ਕੇ ਕਾਬਲੋਂ ਆਵੰਦੀ ਹਾਂ

(ਸ੍ਰੀ ਸਤਿਗੁਰੂ ਜੀ)

ਮਾਤਾ ਤੂੰ ਤਾਂ ਖ਼ਾਸਅਵਿਤਾਰਦੇਵੀ ਤੇਰੇਜਹੀਆਂ ਹੀ ਕੁਲਾਂ ਤਰਾਉਂਦੀਆਂ ਨੇ
ਤੇਰਾਨਿਸਚਾਧੰਨਤੂੰਧੰਨਮਾਈਚਿਹਰੇਬਰਕਤਾਂ ਪਈਆਂਦਿਸਾਉਂਦੀਆਂ ਨੇ
ਤੇਰੇ ਜੈਸੀਆਂਵਿੱਚ ਸੰਸਾਰਦੇ ਜੀ ਨਾਮ ਦੇਵੀਆਂ ਖ਼ਾਸ ਕਹਾਉਂਦੀਆਂ ਨੇ
ਤੂੰਤਾਂ ਆਪਹੀ ਸ਼ਕਤੀਰੂਪ ਹੋ ਰਹੀ ਰਿੱਧਾਂ ਸਿੱਧਾਂ ਭੀ ਸੀਸਝੁਕਾਉਂਦੀਆਂ ਨੇ
ਉਹ ਭੁੱਲੀਆਂ ਤ੍ਰੀਮਤਾਂ ਮੂਰਖਾਂ ਨੇ ਜੋ ਨ ਪਤੀ ਦੀ ਸੇਵ ਕਮਾਉਂਦੀਆਂ ਨੇ
ਛੱਡਪਤੀਨੂੰ ਜਾਂਦੀਆਂਸਾਧਪੂਜਨ ਦੇਵੀ ਦੇਵਤੇਫਿਰਨ ਮਨਾਉਂਦੀਆਂ ਨੇ
ਘਰ ਦੇ ਦੇਵ ਦੇ ਤਈਂ ਰੁਸਾ ਕਰਕੇ ਹੋਰ ਕਈ ਪਖੰਡ ਖਿੰਡਾਉਂਦੀਆਂ ਨੇ
ਜੀਊਂਦੇਛੱਡਕੇਮੋਯਾਂਦੇਫਿਰਨਪਿੱਛੇਮੱਥੇਮੜ੍ਹੀਂਮਸਾਨੀਂ ਘਸਾਉਂਦੀਆਂ ਨੇ
ਅੰਤ ਮਰਕੇਖੋਤੀਆਂਬਣਨਸੱਤੇ ਭਾਰਢੋਂਹਦੀਆਂ ਲੱਕ ਤੁੜਾਉਂਦੀਆਂ ਨੇ
ਤੇਰੇਜਹੀਆਂ ਪਤੀਬ੍ਰਤਾ ਦੇਵੀਆਂ ਜੋ ਘਰ ਤਈਂ ਸ੍ਵਰਗ ਬਣਾਉਂਦੀਆਂ ਨੇ
ਉਹ ਕਰਦੀਆਂ ਨੇਕ ਔਲਾਦ ਪੈਦਾ ਦੇਸ਼ ਕੌਮਨੂੰ ਲਾਭ ਪੁਚਾਉਂਦੀਆਂ ਨੇ
ਆਪਤਰਦੀਆਂਭਵ ਕਰਤਾਰਸਿੰਘਾ ਅਤੇ ਸੰਗੀਆਂਪਾਰਲੰਘਾਉਂਦੀਆਂ ਨੇ

(ਵਾਕ ਕਵੀ)

ਅੰਮ੍ਰਿਤਸਰ, ਸੰਤੋਖਸਰ ਤਾਲ ਦੋਵੇਂ ਲੱਗ ਰਹੇ ਸਿੱਖ ਕਾਰ ਕਮਾਨ ਭਾਈ
ਕਿਤੇ ਤੱਲਾਂ ਦੀ ਹੋਇ ਪੁਟਾਈ ਰਹੀ ਕਿਤੇ ਆਵਯਾਂ ਤਈ ਚੜ੍ਹਾਨ ਭਾਈ
ਕਿਤੇ ਪੱਥੀ ਦੀਆਂ ਇੱਟਾਂ ਪੌੜਾਂ ਲਈ ਢੇਰ ਕੂੜਯਾਂ ਕੱਠੇ ਕਰਾਨ ਭਾਈ
ਕਿਤੇ ਚੱਕੀਆਂ ਸਿੱਖ ਚਲਾਇ ਰਹੇ ਕਿਤੇ ਲੰਗਰ ਬੈਠ ਪਕਾਨ ਭਾਈ
ਆੱਟਾਦਾਣਾਪਿੰਡਾਂਵਿਚੋਂ ਲਈਆਰਹੇਯਥਾਸ਼ਕਤਹਰ ਚੀਜ਼ ਪੁਚਾਨ ਭਾਈ
ਗਹਿਮਾਗਹਿਮ ਹੋਰਹੀ ਗੁਰੂਚੱਕ ਅੰਦਰਨਵੇਂ ਬਣਰਹੇ ਹੋਰ ਮਕਾਨ ਭਾਈ
ਕਈ ਆ ਰਹੇ ਤੇ ਕਈ ਜਾ ਰਹੇ ਜੀ ਸਿੱਖ ਬਹੁਤ ਪ੍ਰੇਮ ਦਿਖਾਨ ਭਾਈ

ਸਿੱਖੀਵਧਰਹੀ ਬੜੀ ਕਰਤਾਰਸਿੰਘਾ ਨਵੇਂ ਸਿੱਖ ਬਣਦੇਆਨ ਆਨ ਭਾਈ

(ਗੁਰੂ ਚੱਕ ਦੀ ਵਸੋਂ)

ਦੂਰਾਂ ਦੂਰਾਂ ਤੋਂ ਆਵੰਦੇ ਸਿੱਖ ਜਿਹੜੇ ਗੁਰੂ ਓਹਨਾਂਨੂੰ ਆਖ ਸੁਣਾਵੰਦੇ ਜੀ
ਕਿੰਨੇ ਪੌਤਰੇ ਤੇ ਕਿੰਨੇ ਪੁੱਤ ਤੇਰੇ ਕਿਹੜੀ ਕਾਰ ਉਹ ਹੈਣ ਕਮਾਵੰਦੇ ਜੀ
ਏਥੇ ਵੱਸਣੇਲਈ ਕੋਈ ਦਿਹੋ ਸਾਨੂੰ ਕਰ ਕਰ ਇਕਰਾਰ ਸਿੱਖ ਜਾਵੰਦੇ ਜੀ
ਦੂਰ ਦੂਰ ਤੋਂ ਹੁਕਮ ਪਾ ਆਇ ਰਹੇ ਆੱਦਰ ਦੇਇਕੇ ਗੁਰੂ ਵਸਾਵੰਦੇ ਜੀ
ਇੱਕ ਕਿਸੇ ਘਰੋਂ ਦੋਇ ਕਿਸੇ ਘਰੋਂ ਗੁਰੂ ਚੱਕ ਆ ਘਰ ਬਣਾਵੰਦੇ ਜੀ
ਕੱਈਆਂ ਜੱਾਤਾਂ ਦੇ ਆ ਕੇ ਲੋਕ ਵੱਸੇ ਨਿੱਤ ਰੌਣਕ ਨਵੀਂ ਵਧਾਵੰਦੇ ਜੀ
ਪੋਠੋਹਾਰ, ਪਸ਼ੌਰ, ਕੰਧਾਰ, ਗ਼ਜ਼ਨੀ ਤੇ ਬੁਖ਼ਾਰਯੋਂ ਚੱਲ ਕੇ ਆਵੰਦੇ ਜੀ
ਪੂਰਬ ਪੱਛਮੋਂ ਆਨ ਕਰਤਾਰ ਸਿੰਘਾ ਗੁਰੂ ਚਰਨ ਦੀ ਓਟ ਰਖਾਵੰਦੇ ਜੀ

(ਗੰਗਾ ਰਾਮ ਬ੍ਰਹਿਮਣ)

ਸੋਲਾਂ ਸੌ ਚੌਤਾਲੀਆਂਸਾਲ ਹੈਸੀ ਗੱਈਆਂਗਰਮੀਆਂ ਚੜ੍ਹਸਿਆਲ ਆਯਾ
ਹਰ ਚੀਜ਼ ਦੀ ਥੁੜ ਪਈ ਘਰਾਂ ਅੰਦ੍ਰ ਪਾਲਾ ਜ਼ੋਰਾਂ ਦੇ ਤਈਂ ਸੰਭਾਲ ਆਯਾ
ਗੰਗਾ ਰਾਮ ਬਠਿੰਡੇ ਦਾ ਰਹਿਣ ਵਾਲਾ ਲੱਦ ਬੱਾਜਰਾ ਨੌਕਰਾਂ ਨਾਲ ਆਯਾ
ਪਾਰ ਲੰਘਸਤਿਲੁਜ ਤੋਂ ਵਿੱਚਮਾਝੇ ਜਿਨਸ ਵੇਚਨੇਦਾ ਧਰ ਖ਼ਯਾਲ ਆਯਾ
ਗੁਰੂ ਚੱਕ ਸੁਣਯਾਂ ਓਸ ਕੱਠ ਬਹੁਤਾ ਓਸਤਰਫ਼ ਨੂੰ ਕਦਮ ਉਠਾਲ ਆਯਾ
ਲਾਹਯਾਮਾਲ ਆ ਬਾਹਰਕਰਤਾਰਸਿੰਘਾ ਚੰਗੀਘੜੀਕਿਸੇ ਨੇਕਫਾਲ ਆਯਾ

(ਵਾਕਕਵੀ)

ਗੰਗਾ ਰਾਮ ਦੇਖੀ ਸਰ ਦੀ ਕਾਰ ਹੁੰਦੀ ਸੇਵਾ ਸੈਂਕੜੇ ਸਿੱਖ ਕਮਾ ਰਹਿ ਸਨ
ਦੂਰਾਂ ਦੂਰਾਂ ਤੋਂ ਚੱਲ ਆ ਹੋਇ ਕੱਠੇ ਭਾਈ ਭਾਈ ਰਲ ਤਾਲ ਪੁਟਾ ਰਹਿ ਸਨ
ਡਿਠਾਗੁਰਾਂਦਾਬੜਾਪਰਤਾਪਉਸਨੇਬੜ੍ਹੇਸਾਹਿਬਬਹਿਕਾਰਕਰਵਾ ਰਹਿ ਸਨ
ਕਈ ਥਾਂ ਡਿੱਠੇ ਲੰਗਰ ਪੱਕ ਰਹੇ ਬੈਠੇ ਲੋਕ ਹਜ਼ਾਰਾਂ ਹੀ ਖਾਰਹਿ ਸਨ
ਕਾਰਾਂ ਬਿਨ੍ਹਾਂ ਮਜ਼ਦੂਰੀਉਂ ਸਿੱਖ ਕਰਦੇ ਹਰ ਤਰ੍ਹਾਂ ਪਰੇਮ ਜਤਾ ਰਹਿ ਸਨ
ਰਲ ਦੇਵਤੇ ਮਾਨੋ ਕਰਤਾਰ ਸਿੰਘਾ ਮਾਤ ਲੋਕ ਵਿੱਚ ਸ੍ਵਰਗਬਣਾ ਰਹਿ ਸਨ

(ਲੰਗਰ ਮਸਤ)

ਦਿਨਮਾਘ ਦੇਝੜੀਆਂ ਲੱਗਪਈਆਂ ਜੱਥਾਸਿੱਖਾਂਦਾ ਕਿਧਰੋਂ ਆਇਆ ਨ
ਆੱਟਾ ਦਾਨਾ ਸਭ ਅਗਲਾ ਮੁੱਕ ਗਿਆ ਹੋਰ ਸੰਗਤਾਂ ਕਿਤੋਂ ਪੁਚਾਇਆ ਨ
ਉਹ ਬੇਹੰਗਮੀ ਚਾਲ ਸੀ ਲੰਗਰਾਂ ਦੀ ਜਮ੍ਹਾ ਆੱਟਾ ਦਾਨਾ ਕਰਵਾਇਆ ਨ

ਲੰਗਰ ਮਸਤਹੋਗਏ ਕਰਤਾਰਸਿੰਘਾ ਅਠ ਪਹਿਰ ਲੋਹਾਂਤਈਂ ਤਾਇਆ ਨ

(ਗੰਗਾ ਰਾਮ ਦੀ ਵਿਚਾਰ)

ਗੰਗਾ ਰਾਮ ਡਿਠੇ ਪਏ ਮਸਤ ਲੰਗਰ ਬੈਠ ਦਿਲ ਦੇ ਵਿਚ ਵਿਚਾਰਦਾ ਏ
ਅੱਜ ਭੁਖੀਆਂ ਸੰਗਤਾਂ ਸਾਰੀਆਂ ਨੇ ਭਾਣਾ ਵਰਤਯਾ ਗੁਰੂ ਕਰਤਾਰਦਾ ਏ
ਇਹ ਲੋਕ ਸਾਰੇ ਸੇਵਾ ਕਰਨ ਆਏਚਾਉ ਇਨ੍ਹਾਂ ਨੂੰ ਤਾਲ ਦੀ ਕਾਰਦਾ ਏ
ਕਾਰ ਬਿਨਾ ਮਜਦੂਰੀਓਂ ਕਰਨ ਸਾਰੇ ਇਹ ਕਾਰਜ ਪ੍ਰੇਮ ਪਜਾਰ ਦਾ ਏ
ਇਹ ਲੋਕ ਭੁੱਖੇ ਮੇਰੇ ਪਾਸ ਗੱਲਾ ਨੀਤ ਭਲੀ ਦਿਲ ਦੇ ਅੰਦਰਧਾਰਦਾ ਏ
ਸੇਵਾ ਇਨ੍ਹਾਂ ਦੀ ਵੱਧ ਅਸ੍ਵਮੇਧਯੱਗੋਂ ਇਹਤਾਂਕੰਮ ਵੱਡਾ ਪ੍ਰਉਪਕਾਰਦਾ ਏ
ਏਸ ਬਾਜਰੇ ਦਾ ਲੰਗਰ ਕਰ ਦੇਵਾਂ ਸਮਾਂ ਮਿਲਯਾ ਨੇਕ ਬਪਾਰਦਾ ਏ
ਚੰਦ ਚੜ੍ਹੇ ਨੂੰ ਤੰਦ ਕਰਤਾਰ ਸਿੰਘਾ ਪਰਵਾਨ ਹੋਇ ਜਗਤ ਉਚਾਰਦਾ ਏ

(ਬੱਜਰੇ ਦਾ ਲੰਗਰ)

ਸੌ ਮਣ ਫਿਰ ਬੱਜਰਾ ਤੋਲ ਕਰਕੇ ਲੰਗਰ ਵਿੱਚ ਜਾ ਝੱਟ ਸੁਟਾਇਆ ਜੀ
ਮੇਰਾ ਲੰਗਰ ਅੱਜ ਪ੍ਰਵਾਨ ਕਰ ਲੋ ਹੋ ਅਧੀਨਇਉਂ ਆਖ ਸੁਣਾਇਆ ਜੀ
ਪਾਸਗੁਰਾਂਦੇਲਾਂਗਰੀਅਰਜ਼ਕੀਤੀ ਜੰਗਲਦੇਸੋਂ ਬਪਾਰੀਇੱਕਆਇਆ ਜੀ
ਸੌ ਮਣ ਉਹ ਬੱਜਰਾ ਲੈ ਆਯਾ ਵੇਲੇ ਸਿਰ ਕਰਤਾਰ ਪੁਚਾਇਆ ਜੀ
ਲੰਗਰਮਸਤ ਪਏ ਸਾਰੇ ਕੱਲ੍ਹ ਦੇ ਨੇ ਕੋਈ ਅੰਨ ਨ ਬਾਹਰੋਂ ਲਿਆਇਆ ਜੀ
ਗੁਰਾਂ ਆਖਯਾ, ਲਵੋ ਉਬਾਲ ਸਾਰਾ ਦਾਤੇ ਆਪ ਸਬੱਬ ਬਣਾਇਆ ਜੀ
ਝਟਾ ਪੱਟ ਉਬਾਲ ਤੱਯਾਰ ਕੀਤਾ ਵੰਡ ਸੰਗਤਾਂ ਤਈਂ ਖੁਵਾਇਆ ਜੀ
ਖਾਇ ਘੁੰਙਣੀਆਂ ਕਰਤਾਰਸਿੰਘਾ ਉਹ ਭੀ ਝੜੀ ਦਾ ਦਿਨ ਲੰਘਾਇਆ ਜੀ

(ਵਾਕ ਕਵੀ)

ਏਸੇ ਤਰ੍ਹਾਂ ਹੀ ਪੰਜ ਦਿਨ ਬੀਤ ਗਏ ਸਾਰਾ ਬੱਜਰਾ ਹੀ ਲੰਗਰ ਪਾਇ ਦਿੱਤਾ
ਪੰਜ ਸੌ ਮਣਾਂ ਲੈ ਕੇ ਆਇਆ ਸੀ ਸਾਰਾ ਸੰਗਤਾਂ ਤਈਂ ਖੁਵਾਇ ਦਿੱਤਾ
ਆਪ ਤਾਲ ਦੀ ਸੇਵਾ ਦੇ ਵਿੱਚਰੁੱਝਾ ਘਰ ਬਾਰ ਦਾ ਧਯਾਨ ਭੁਲਾਇ ਦਿੱਤਾ
ਕਰਦਾਸੇਵ ਨਿਰਇੱਛ ਕਰਤਾਰਸਿੰਘਾਵਿੱਚੋਂ ਬ੍ਰਾਹਮਣਪੁਣਾ ਗੁਵਾਇ ਦਿੱਤਾ

(ਵੈਸਾਖੀ ਦਾ ਮੇਲਾ)

ਗੰਗਾ ਰਾਮ ਦੀ ਉਹ ਅਜ਼ਮਾਇਸ਼ ਹੈਸੀ ਕਰ ਲਈ, ਲੰਗਰ ਫੇਰ ਹੋਇ ਜਾਰੀ
ਗੁਰੂ ਘਰ ਵਿੱਚ ਤੋਟ ਨ ਕਦੇ ਕਾਈ ਰਿੱਧ ਸਿੱਧ ਤੱਬੇ ਕਰਾਮਾਤ ਜ਼ਾਹਰੀ

ਮਾਘ,ਫੱਗਣ,ਚੇਤਰ ਬੀਤ ਗਿਆ ਮੇੱਲਾ ਲੱਗਾ ਵੈਸਾਖੀ ਦਾ ਬੜਾ ਭਾਰੀ
ਧਨ ਚੜ੍ਹਯਾ ਬਹੁਤ ਕਰਤਾਰ ਸਿੰਘਾ ਕਮੀ ਦੂਰ ਹੋ ਗਈ ਇੱਕੋਵਾਰ ਸਾਰੀ

(ਸ੍ਰੀ ਗੁਰੂ ਜੀ ਨੇ ਗੰਗਾ ਰਾਮ ਨੂੰ ਬੱਾਜਰੇ ਦੀ ਕੀਮਤ ਦੇਣ ਵਾਸਤੇ ਬੁਲਾਣਾ)

ਕੁਝ ਦਿਣ ਵੈਸਾਖ ਜਾਂ ਚਲਾ ਗਿਆ ਗੰਗਾਰਾਮ ਨੂੰ ਗੁਰਾਂ ਬੁਲਾਇਆ ਜੀ
ਕਿਹਾ,ਪੰਡਤਾ ਮੁੱਲਲੈ ਬੱਾਜਰੇ ਦਾ ਔਖਾ ਵੇਲਾ ਤੂੰ ਸੱਾਡਾ ਟਪਾਇਆ ਜੀ
ਟਕੇ ਗਿਣ ਬਿਆਜ ਦੇ ਸਣੇ ਲੈ ਲੈ ਹੈਸੀ ਸੌੱਦਾ ਹੁਦਾਰ ਚੁਕਾਇਆ ਜੀ
ਗੱਲ ਸੁਣਦਯਾਂ ਸਾਰ ਕਰਤਾਰਸਿੰਘਾ ਗੰਗਾਰਾਮ ਨੇ ਸੀਸ ਝੁਕਾਇਆ ਜੀ

(ਗੰਗਾ ਰਾਮ ਦੀ ਬੇਨਤੀ)

ਹੱਥਜੋੜ ਗੰਗਾਰਾਮ ਕਰੇ ਬਿਨਤੀ ਜੇਕਰ ਹੋਇ ਹੋ ਆਪ ਦਯਾਲ ਗੁਰ ਜੀ
ਝੂਠੇ ਧਨ ਦੀ ਹੁਣ ਨ ਆਸ ਮੈਨੂੰ ਸੱਚਾ ਧਨ ਬਖ਼ਸ਼ੋ ਹੋ ਕ੍ਰਿਪਾਲ ਗੁਰ ਜੀ
ਘਰਜਾਨ ਦੀ ਖ਼ਾਹਸ਼ ਨ ਚਿੱਤਕੋਈ ਰੱਖੋ ਪਾਸ ਤੇ ਕੱਟੋ ਜੰਜਾਲ ਗੁਰ ਜੀ
ਮੇਰੀਕਰੋ ਕੱਲਯਾਨਕਰਤਾਰਸਿੰਘਾਵਿਸ਼ਨ ਰੂਪਧਰਯਾ ਕਲੂਕਾਲ ਗੁਰ ਜੀ

(ਸ੍ਰੀ ਗੁਰੂ ਜੀ)

ਮੁੱਲ ਲੈ ਲੈ ਆਪਣੇ ਬੱਾਜਰੇ ਦਾ ਅਸਾਂ ਬਾਹਮਣਾਂ ਦਾ ਧਨ ਖਾਵਨਾ ਨਹੀਂ
ਸਭੋ ਕੁਝ ਲਿਆਵੰਦੇ ਸਿੱਖ ਸੱਾਡੇ ਅਹਿਸਾਨ ਕਿਸੇ ਦਾ ਰਖਾਵਨਾ ਨਹੀਂ
ਗੁਰੂ ਓਸਦੀ ਭੇਟ ਨ ਲਵੇ ਕੋਈਹਿਰਦੇ ਜਿਸਦੇ ਸਿੱਖੀ ਦੀ ਭਾਵਨਾ ਨਹੀਂ
ਗੁਰਸਿੱਖੀ ਦੀ ਸੰਧ ਕਰਤਾਰਸਿੰਘਾਵਿੱਚ ਦੂਈਦਾ ਹਰਫ਼ ਸਮਾਵਨਾ ਨਹੀਂ

(ਗੰਗਾ ਰਾਮ)

ਮੈਂ ਬ੍ਰਾਹਮਣ ਪੁਣੇ ਨੂੰ ਤਜਾਗ ਦਿੱਤਾ ਮੈਨੂੰ ਆਪਣੀ ਚਰਨੀਂ ਲਾਇ ਲਵੋ
ਸਿੱਖ ਬਣ ਸੱਕਾਂ ਕਿ ਨ ਬਣ ਸੱਕਾਂ ਕੂਕਰ ਦਰ ਦਾ ਹੁਣ ਬਣਾਇ ਲਵੋ
ਇਹਨਾਂ ਸ਼ਿੱਖਾਂ ਦੇ ਗੁਰੂ ਜੀ ਸਿਰ ਸਦਕੇ ਮੈਨੂੰ ਸੰਗਤ ਵਿੱਚ ਰਲਾਇ ਲਵੋ
ਮੇਰੀ ਬੱਾਜਰੀ ਭੇਟ ਮਨਜ਼ੂਰ ਕਰ ਲੋ ਸਿੱਖ ਗਿਣਤੀ ਵਿੱਚ ਗਿਣਾਇ ਲਵੋ
ਦਰ ਆਪ ਦਾ ਸਭ ਤੋਂ ਦੇਖ ਉੱਚਾ ਬੈਠਾ ਮੱਲੀ ਹਾਂ,ਮੈਨੂੰ ਅਪਣਾਇ ਲਵੋ
ਦੁੱਖ ਰੂਪ ਸੰਸਾਰ ਕਰਤਾਰ ਸਿੰਘਾ ਹੱਥ ਦੇਇਕੇ ਆਪ ਬਚਾਇ ਲਵੋ

(ਸ੍ਰੀ ਸਤਿਗੁਰੂ ਜੀ ਨੇ *ਗੰਗਾ ਰਾਮ ਨੂੰ ਸਿੱਖੀ ਦਾਨ ਬਖ਼ਸ਼ਣਾ)

ਗੰਗਾਰਾਮਦਾ ਵੇਖਕੇ ਸਿੱਦਕ ਉੱਚਾਚਰਨ ਪਾਹੁਲਦੇਇਸਿੱਖਬਣਾਇਆ ਜੀ

*ਗੰਗਾ ਰਾਮ ਦੀ ਔਲਾਦ ਪਸ਼ੌਰ ਪਿੰਡ ਪਰਗਣੇ ਸੁਨਾਮ ਰਿਆਸਤ ਪਟਯਾਲੇ ਵਿੱਚੋਂ ਮੁਆਫ਼ੀਦਾਰ ਹੈ ।

ਉੱਚੀ ਜ਼ਾਤ ਦਾ,ਸਿੱਖੀ ਆਦਰਜ਼ ਦੇਖੋ ਪਲ ਵਿੱਚ ਹੰਕਾਰ ਮਿਟਾਇਆ ਜੀ
ਨੀਵੇਂ ਹੋਇਕੇ ਨਿਰਹੰਕਾਰ ਦਿਲ ਤੋਂ ਗੰਗਾ ਰਾਮ ਸੁੱਚਾ ਧਨ ਪਾਇਆ ਜੀ
ਟਹਿਲੋਂ ਮਹਿਲ ਮਿਲ ਗਿਆ ਕਰਤਾਰ ਸਿੰਘਾ ਪਰਮ ਪਦ ਤੇ ਗੁਰਾਂ ਪੁਚਾਇਆ ਜੀ

(ਵਾਕ ਕਵੀ)

ਗੁਰੂ ਘਰ ਦੀ ਕਰ ਨਿਰਇੱਛ ਸੇਵਾ ਰਿਧੀ ਸਿਧੀ ਦਿਨਾਂ ਵਿਚ ਪਾਈ ਸੀ ਜੀ
ਫੇਰ ਵਿਚ ਬਠਿੰਡੇ ਦੇ ਜਾਇ ਕਰਕੇ ਸਿੱਖੀ ਜੰਗਲ ਦੇਸ ਵਧਾਈ ਸੀ ਜੀ
ਸਤਿਗੁਰਾਂ ਦੇ ਨਾਮ ਦੇ ਲਾਇ ਲੰਗਰ ਕੀਤੀ ਦੇਸ਼ ਅੰਦਰ ਰੁਸ਼ਨਾਈ ਸੀ ਜੀ
ਕਰਾਮਾਤ ਵਾਲਾ ਬੜਾ ਜ਼ਾਹਿਰ ਹੋਯਾ ਕੀਤੀ ਬਹੁਤ ਹੀ ਨੇਕ ਕਮਾਈ ਸੀ ਜੀ
ਆਪ ਛੱਡ ਦਿੱਤੀ ਓਸ ਪ੍ਰੋਹਤਤਾਈ ਤੇ ਪਰਵਾਰ ਤੋਂ ਅੱਗੋਂ ਛੁਡਾਈ ਸੀ ਜੀ
ਗੁਰੂ ਘਰ ਵਿੱਚੋਂ ਕਰਤਾਰ ਸਿੰਘਾ ਕਰ ਟਹਿਲ ਪਾਈ ਵਡਿਆਈ ਸੀ ਜੀ

(ਭਾਈ ਮੂਲ ਚੰਦ ਜੀ)

ਗੰਗਾਰਾਮ ਰਹਿੰਦਾ ਸੰਤ ਭੇਖ ਅੰਦਰ ਸਭ ਅਦਬ ਅਦਾਬ ਕਰ ਕਾਰ ਕਰਦੇ
ਬਿਧੀਚੰਦ ਤੇ ਸਿੱਧੀ ਚੰਦ ਖੱਤਰੀ ਦੋ ਗੰਗਾਰਾਮ ਦੀ ਸੇਵਾ ਅਪਾਰ ਕਰਦੇ
ਇੱਕ ਦਿਨ ਗੰਗਾਰਾਮ ਕਹਿਣ ਲੱਗਾ ਸੇਵਾ ਤੁਸੀਂ ਕਿਹੜੀ ਇੱਛਾਧਾਰ ਕਰਦੇ
ਸਿੱਧੀਚੰਦ ਕਹਿੰਦਾ ਇੱਛਾ ਅਨਸਾ ਦੀ ਪੁੱਤਰ ਬਖ਼ਸ਼ੋ ਮਿੰਨਤ ਹਜ਼ਾਰ ਕਰਦੇ
ਗੰਗਾਰਾਮ ਦੇ ਸੁਖਨ ਦੇ ਵਿੱਚ ਸਿੱਧੀ ਏਸੇ ਲਈ ਸੀ ਲੋਕ ਪਯਾਰ ਕਰਦੇ
ਕਹਿੰਦਾ,ਪੁੱਤ ਹੋਊ ਚਿੱਟੀ ਬੋੱਦੀ ਵਾਲਾ ਸ਼ੁਕਰ ਖੱਤਰੀ ਓਹ ਬਾਰ ਬਾਰ ਕਰਦੇ
ਸ਼ਰਧਾ ਅੱਗੇ ਹੀ ਓਹਨਾਂ ਨੂੰ ਬਹੁਤ ਹੈਸੀ ਸਚੇ ਮਨੋ ਹੁਣ ਤਾਂ ਇੱਤਬਾਰ ਕਰਦੇ
ਪਯਾਰੇ ਰੱਬ ਦੇ ਏਵੇਂ ਕਰਤਾਰ ਸਿੰਘਾ ਬੇੜੇ ਅਟਕਯਾਂ ਨੂੰ ਫੜ ਪਾਰ ਕਰਦੇ

(ਤਥਾ)

ਬੇਟਾ ਹੋਯਾ ਪੈਦਾ ਸਿੱਧੀ ਚੰਦ ਦੇ ਘਰ ਵੇਖ ਖ਼ੁਸ਼ ਸਾਰਾ ਪਰਿਵਾਰ ਹੋਯਾ
ਬੋੱਦੀ ਗਿੱਠ ਲੱਮੀ ਚਿੱਟੀ ਸਿਰ ਉੱਤੇ ਚਿਹਰਾ ਨੂਰ ਭਰਯਾ ਤੇਜ ਭਾਰ ਹੋਯਾ
ਮੂਲ ਚੰਦ ਧਰਯਾ ਨਾਮ ਮਾੱਪਯਾਂ ਨੇ ਬੜਾ ਕਰਾਮਾਤੀ ਹੁਸ਼ਿਆਰ ਹੋਯਾ
ਬੜੇ ਬੜੇ ਸਰਦਾਰ ਮੁਤੀਹ ਉਸਦੇ ਦਿੱਲੀ ਬਾਦਸ਼ਾਹ ਭੀ ਤਾੱਬੇਦਾਰ ਹੋਯਾ
ਓਹਦਾ ਦਿਹੁਰਾ ਹੁਣ ਸੁਨਾਮ ਅੰਦਰ ਮੱਨੀ ਪੂਜੀਦਾ ਹੈ,ਇਹ ਸ਼ੁਮਾਰ ਹੋਯਾ
ਗੁਰੂ ਘਰ ਦੇ ਸਿੱਖ ਕਰਤਾਰ ਸਿੰਘਾ ਬੜੇ ਕਰਾਮਾਤੀ ਹੋਇ, ਜ਼ਾਹਰ ਹੋਯਾ

(ਸ੍ਰੀ ਗੁਰੂ ਜੀ ਨੇ ਗੋਇੰਦਵਾਲ ਜਾਣਾ)

ਏਸੇ ਸਾਲ ਅੰਦਰ ਸ੍ਰੀਸਤਿਗੁਰੂ ਜੀ ਗੋਇੰਦਵਾਲ ਵੱਲੇ ਚਾੱਲੇ ਪਾਵੰਦੇ ਨੇ
ਓਥੇ ਜਾ ਕੇ ਮਿਲੇ ਪਰਵਾਰ ਤਾਈਂ ਸਿੱਖ ਸੰਗਤਾਂ ਤਈਂ ਤਰਾਵੰਦੇ ਨੇ
ਦੂਰ ਦੂਰ ਤੋਂ ਹੋਇ ਕੇ ਸਿੱਖ ਕੱਠੇ ਓਥੇ ਦਰਸ਼ਨਾਂ ਦੇ ਤਈਂ ਆਵੰਦੇ ਨੇ
ਲੈ, ਲੈ ਉਪਦੇਸ਼ ਕਰਤਾਰ ਸਿੰਘਾ ਜਨਮ ਮਰਨ ਦੇ ਫੰਧ ਕਟਾਵੰਦੇ ਨੇ

ਬਹੋੜੂ ਸੁਨਿਆਰਾ

ਇੱਕ ਆਦਮੀਵਿੱਚਦਰਬਾਰਆਕੇ ਕਹਿੰਦਾਮੈਨੂੰਭੀ ਚਰਨੀ ਲਾਉ ਗੁਰ ਜੀ
ਜਾਂਦਾਹਿਰਸ ਦਰਯਾ ਦੇ ਵਿੱਚ ਰੁੜ੍ਹਯਾ ਹੱਥ ਦੇਇਕੇਆਪ ਬਚਾਉ ਗੁਰ ਜੀ
ਫਸਯਾਵਿੱਚ ਜੰਜਾਲਅੱਯਾਲ ਦੇ ਮੈਂ ਕੋਈ ਮੁਕਤੀ ਰਾਹ ਬਤਾਉ ਗੁਰ ਜੀ
ਮੇਰਾ ਗੰਦਾ ਵਿਹਾਰ ਕਰਤਾਰਸਿੰਘਾ ਮੈਥੋਂ ਕਰਉਪਦੇਸ਼ ਛੁਡਾਉ ਗੁਰ ਜੀ

(ਸ੍ਰੀ ਗੁਰੂ ਜੀ ਨੇ ਓਸਤੋਂ ਪੁੱਛਣਾ)

ਕੀਹ ਨਾਮ ਤੇ ਆਯਾ ਹੈਂਕਿਸ ਥਾਂ ਤੋਂ ਕੀਹ ਜੱਗ ਦੇ ਵਿੱਚ ਵਿਹਾਰ ਤੇਰਾ
ਕੁਝ ਪੜ੍ਹਯਾ ਕਿ ਅਨਪੜ੍ਹ ਰਿਹੋਂ ਬਾੱਕੀ ਕਰਦਾ ਕੀਹ ਪਰਵਾਰ ਤੇਰਾ
ਸੱਚ ਦੱਸ, ਨ ਰੱਖ ਛਪਾ ਕੋਈ ਕੀਹ ਉਪਜੀਵਕਾ ਲਈ ਰੁਜ਼ਗਾਰ ਤੇਰਾ
ਕਿਹੜੀ ਗੱਲ ਤੋਂ ਹੋਯਾਕਰਤਾਰਸਿੰਘਾ ਉਪਰਾਮ ਇਹਚਿੱਤ ਵਿਚਾਰ ਤੇਰਾ

(ਬਹੋੜੂ)

ਮੇਰਾ ਨਾਮ ਬਹੋੜੂ ਹੈ ਗੁਰੂ ਸੱਚੇ ਅਤੇ ਜ਼ਾਤ ਹੈ ਖ਼ਾਸ ਸੁਨਿਆਰ ਮੇਰੀ
ਸੌਂਹ ਖਾ ਕੇ ਮਾਲ ਚੁਰਾ ਲੈਣਾ ਚੋਰੀ ਦਿਨੇ ਕਰਨੀ ਭੈੜੀ ਕਾਰ ਮੇਰੀ
ਮਾਲ ਵੱਧ ਲੈਣਾ ਮਾਂ ਦੇ ਹੱਸ ਵਿਚੋਂ ਪੂਰਾ ਤੋਲਨਾ ਕਦੇ ਨ ਢਾਰ ਮੇਰੀ
ਸਾਰੀ ਉਮਰ ਰਿਹਾ ਇਹੋ ਕੰਮ ਕਰਦਾ ਯਾ ਦਗ਼ਾ ਆਸ ਵਿਚਾਰ ਮੇਰੀ
ਧਨ ਜੋੜਯਾ ਦਗ਼ੇ ਫ਼ਰੇਬ ਕਰਕੇ ਬਾਣੀ ਸੁਣ ਕੰਬੀ ਜਾਨ ਭਾਰ ਮੇਰੀ
ਅੰਤ ਕੋਈ ਨ ਮਿੱਤ ਕਰਤਾਰ ਸਿੰਘਾ ਕੀਹ ਮਦਦ ਕਰੂ ਪਰਿਵਾਰ ਮੇਰੀ

(ਸ੍ਰੀ ਗੁਰੂ ਜੀ)

ਕਾਰ ਨਹੀਂ ਬਹੋੜੂਆ ਕੋਈ ਮੰਦੀ ਮੰਦਾ ਦਗ਼ਾ ਫ਼ਰੇਬ ਕਮਾਵਨਾ ਹੈ
ਕਿਸੇ ਕੰਮ ਨੇ ਮੰਦਯਾਂ ਕੀਹ ਹੋਣਾ ਮੰਦਾ ਲੋਭ ਦਾ ਜਾਲ ਫੈਲਾਵਨਾ ਹੈ
ਪੂਰਾ ਜਿਸਦਾ ਤੋਲ ਤੇ ਬੋਲ ਹੋਵੇ ਡਰ ਓਸ ਨੇ ਫੇਰ ਕਿਉਂ ਪਾਵਣਾ ਹੈ
ਕਿਹੜੀ ਗੱਲ ਲਈਦਗ਼ਾ ਫ਼ਰੇਬਕਰਨਾਅੰਤਕੁਝ ਭੀ ਨਾਲ ਨ ਜਾਵਨਾ ਹੈ

ਵੱਡਾ ਤਪ ਹੈ ਧਰਮ ਦੀ ਕਿਰਤਕਰਨੀ ਝੂਠਬੋਲਨਾ ਭਾਰ ਉਠਾਵਨਾ ਹੈ
ਕਰੋ ਧਰਮ ਦੀ ਕਿਰਤ ਕਰਤਾਰਸਿੰਘਾ ਕੰਮ ਅੰਤ ਸਮੇ ਜਿਸ ਆਵਨਾ ਹੈ

(ਵਾਕ ਕਵੀ)

ਲੱਗੇ ਤੀਰ ਬਹੋੜੂ ਦੇ ਚਿੱਤ ਤੇ ਸਨ ਸਭ ਕਾਰ ਵਿਹਾਰ ਭੁਲਾ ਬੈਠਾ
ਗੁਰੂ ਚੱਕ ਸਤਿਗੁਰਾਂ ਦੇ ਨਾਲ ਆਯਾ ਮਾਯਾ ਮੋਹ ਦੇ ਤਈਂ ਚੁਕਾ ਬੈਠਾ
ਲੱਗਾ ਰਾਤ ਦਿਣ ਤਾਲ ਦੀ ਸੇਵ ਕਰਨੇ ਮਨ ਵਿਸ਼ਯਾਂਵੱਲੋਂ ਹਟਾ ਬੈਠਾ
ਪੌੜੀ ਸੱਚ ਦੀ ਚੜ੍ਹ ਕਰਤਾਰ ਸਿੰਘਾ ਸ੍ਵੈਸਰੂਪ ਦੇ ਸੁਖ ਵਿੱਚ ਜਾ ਬੈਠਾ

ਭਾਈ ਬਹਿਲੋ

ਬਹਿਲੋਨਾਮਸਿੱਧੂਫਫੜੇਪਿੰਡਵਾਲਾ ਚੇੱਲਾਇਹਭੀ ਸਖੀਸੁਲਤਾਨ ਦਾ ਸੀ
ਖੂੰਡੀ,ਭੂਰੀਅਤੇਖੱਲੜੂ ਨਿੱਤ ਰੱਖੇ ਲੱਲਾਂ ਵਾਲੇ ਨੂੰ ਹੀ ਰੱਬ ਜਾਨਦਾ ਸੀ
ਹਰ ਵਰ੍ਹੇਸੁਲਤਾਨ ਦੀ ਵਾਟਵਾਹਿੰਦਾ ਘੱਟੇ ਰਸਤਯਾਂਦੇਮੁਫ਼ਤ ਛਾਨਦਾ ਸੀ
ਹਿੰਦੂਹੋਇਕੇ ਫਸਯਾ ਜਾਲ ਅੰਦਰਚੇੱਲਾ ਬਣ ਰਿਹਾ ਮੁਸਲਮਾਨ ਦਾ ਸੀ
ਭੇੱਡਾਚਾਲ ਪਿੱਛੇਲੱਗਾ ਪਿਆਫਿਰਦਾਹੋਗਿਆ ਸ਼ਿਕਾਰ ਅੱਗਯਾਨ ਦਾ ਸੀ
ਛੱਡ ਸੱਚ ਦੇ ਤਈਂ ਕਰਤਾਰ ਸਿੰਘਾ ਭਾਰ ਬੰਨ੍ਹਦਾ ਕੂੜੇ ਸਾਮਾਨ ਦਾ ਸੀ

(ਬਹਿਲੋ ਨੇ ਗੁਰਸਿੱਖ ਬਨਣਾ)

ਮੁੜਦਾ ਹੋਯਾਧਰੌਂਕਲੋਂ ਵੇਖਗਿਆ ਗੁਰੂਚੱਕ ਵਿਚ ਗੁਰਾਂ ਦਾ ਸ਼ਾਨ ਵੱਡਾ
ਡੱਡੂ ਖੂਹ ਦੇ ਵੇਖਿਆ ਮਹਾਂ ਸਾਗਰ ਬਾਣੀ ਸੁਣਕੇ ਹੋਯਾ ਹੈਰਾਨ ਵੱਡਾ
ਵੇੱਖੀ ਹੋਵੰਦੀ ਕਾਰ ਸਰੋਵਰਾਂ ਦੀ ਡਿੱਠਾ ਸਿੱਖਾਂ ਦਾ ਸ਼ਾਨ ਨਿਸ਼ਾਨ ਵੱਡਾ
ਲੰਗਰ ਚੱਲਦੇ ਭਜਨ ਕਰਤਾਰ ਹੁੰਦਾ ਗੁਰੂ ਘਰ ਪਰਤਾਪ ਮਹਾਨ ਵੱਡਾ
ਸ਼ਾਹੂਕਾਰ ਅਮੀਰ ਸਭ ਇੱਕੋ ਜਹੇ ਡਿੱਠਾ ਸਭ ਦਾ ਚਿੱਤ ਨਿਰਮਾਨ ਵੱਡਾ
ਹੋਯਾ ਦਿਲਤੇ ਅਸਰ ਕਰਤਾਰ ਸਿੰਘਾ ਲੱਗਾ ਬੀਤੇ ਉਤੇ ਪਛਤਾਨ ਵੱਡਾ

(ਤਬਾ)

ਨਾਲ ਸੰਗ ਦੇ ਏਥੋਂਤਾਂ ਚਲਾ ਗਿਆ ਸਿੱਖੀਭਾਵ ਨੂੰ ਲਿਆ ਬੈਠਾ ਅੰਦਰ
ਟੋੱਪੀ,ਖੱਲੜੀ,ਖੂੰਡੀ ਤੇ ਲਾਹ ਭੂਰੀ ਸੁੱਟ ਗਿਆ ਸਤਿਲੁੱਜ ਦਰਯਾ ਅੰਦਰ
ਜਾਕੇ ਪੀਰ ਦੇ ਥੜ੍ਹੇ ਨੂੰ ਢਾਹ ਦਿੱਤਾ ਬੈਠਾ ਸੱਚ ਦੀ ਜੋਤ ਜਗਾ ਅੰਦਰ
ਬੈਠਾਲਾਹ ਸੁਲਤਾਨਦੀ ਛੱਟ ਸਿਰਤੋਂ ਰੰਗਸਿੱਖੀਵਾਲਾਚੜ੍ਹਯਾ ਆ ਅੰਦਰ

ਗੁਰੂ ਚੱਕ ਅੱਖਾਂ ਅੱਗੇ ਰਹੇ ਫਿਰਦਾ ਬਾਣੀ ਰਹੀ ਸੱਚੀ ਗੂੰਜ ਪਾ ਅੰਦਰ
ਹੈਸੀ ਚਿੱਤ ਫਸ ਗਿਆ ਕਰਤਾਰਸਿੰਘਾ ਬੈਠਾ ਪ੍ਰੇਮਦਾ ਜਾਲ ਵਿਛਾ ਅੰਦਰ

(ਭਾਈ ਬਹਿਲੋ ਦੀ ਘਾਲਣਾ)

ਬਹਿਲੋ ਖਿੱਚਯਾ ਪ੍ਰੇਮ ਦੀ ਡੋਰ ਦਾ ਜੀ ਅੰਮ੍ਰਿਤਸਰ ਆ ਸੇਵਾ ਕਮਾਨ ਲੱਗਾ
ਆਵੇ ਚੜ੍ਹੇ ਜਾਂ ਟੋਕਰੀ ਫਾਹੁੜੀ ਲੈ ਮੈਲਾਂ ਪਿੰਡਾਂ ਤੋਂ ਜਮ੍ਹਾ ਕਰਾਨ ਲੱਗਾ
ਅੱਠੇ ਪਹਿਰ ਰਹੇ ਤਾਲ ਦੀ ਕਾਰ ਕਰਦਾ ਭਰ ਟੋਕਰੇ ਬਾਹਰ ਸੁਟਾਨ ਲੱਗਾ
ਦੂਰ ਕਰਕੇ ਦਿਲੋਂ ਗਿਲਾਣ ਤਾਈਂ ਮੈਲਾ ਢੋ ਵਿੱਚ ਆਵਯਾਂ ਪਾਨ ਲੱਗਾ
ਕਈ ਲੱਖ ਪਕਾਈਆਂ ਓਸ ਇੱਟਾਂ ਸਿੱਖੀ ਕਰੜੀ ਤਈਂ ਨਿਭਾਨ ਲੱਗਾ
ਗੁਰੂ ਚੰਦ, ਚਕੋਰ ਜਿਉਂ ਦੇਖਦਾ ਰਹੇ ਦਿਨੋਂ ਦਿਨ ਪ੍ਰੇਮ ਵਧਾਨ ਲੱਗਾ
ਦਿਨੇ ਕਾਰ ਕਰਦਾ ਰਾਤੀਂ ਨਾਮ ਜਪਦਾ ਜੋ ਮਿਲੇ ਸੋ ਵੰਡ ਕੇ ਖਾਨ ਲੱਗਾ
ਪੂਰੀ ਘਾਲਣਾ ਹੋਈ ਕਰਤਾਰ ਸਿੰਘਾ ਫਲ ਕੀਤੀ ਕਮਾਈ ਦਾ ਪਾਨ ਲੱਗਾ

(ਸਤਿਗੁਰਾਂ ਦੀ ਦਯਾਲਤਾ)

ਅੰਤ੍ਰਯਾਮੀ ਸਤਿਗੁਰੂ ਜੀ ਦੇਖਦੇਰਹੇ ਇੱਕਦਿਨ ਫਿਰ ਪਾਸ ਬੁਲਾਇਕੇ ਜੀ
ਕਹਿੰਦੇ ਘਾਲ ਤੇਰੀ ਸਿੱਖਾ ਹੋਈ ਪੂਰੀ ਓਹਦੇਸਿਰੋਂ ਮੰਡਾਸਾ ਲੁਹਾਇਕੇ ਜੀ
ਜਲਨਾਲ ਅਸ਼ਨਾਨ ਕਰਵਾਇਕਰਕੇ ਸੁੰਦ੍ਰ ਸਾਫਪੋਸ਼ਾਕ ਪਹਿਨਾਇਕੇ ਜੀ
'ਭਾਈ ਬਹਿਲੋ ਤੂੰਸਭਤੋਂਹੋਯਾਪਹਿਲੋ'ਛਾਤੀਆਪਣੀਨਾਲ ਲਗਾਇਕੇ ਜੀ
ਓਹਦੇ ਤੁਰਤ ਹੀ ਖੋਲ੍ਹ ਕਪਾਟ ਦਿੱਤੇ ਪੂਰਨ ਬ੍ਰਹਮ ਗਯਾਨ ਦ੍ਰਿੜਾਇਕੇ ਜੀ
ਬਖ਼ਸ਼ਦਿੱਤੀਆਂ ਸਾਰੀਆਂਸਿੱਧੀਆਂ ਚਾ ਕਿਹਾਮੁੱਖਤੋਂਬਚਨ ਸੁਣਾਇਕੇ ਜੀ
ਸਿੱਖਾ ਜਾਹ, ਹੁਣ ਆਪਣੇ ਘਰਬਹੁ ਤੂੰ ਗੁਰ ਰੂਪ ਨੂੰ ਰਿਦੇ ਟਿਕਾਇਕੇ ਜੀ
ਖੁੱਲ੍ਹੀ ਦੇਗ ਚਲਾ ਕਰਤਾਰ ਸਿੰਘਾ ਗੁਰੂ ਘਰੋਂ ਜਾਹ ਖ਼ੁਸ਼ੀਆਂ ਪਾਇਕੇ ਜੀ

(ਵਾਕ ਕਵੀ)

ਬਹਿਲੋ ਮੱਲਵੇ ਦੇਸ ਨੂੰ ਚਲਾ ਗਿਆ ਘਰ ਜਾਕੇ ਦੇਗ ਚਲਾਈ ਚੰਗੀ
ਸਤਿਨਾਮ ਦਾ ਬੜਾ ਪਰਚਾਰ ਕੀਤਾ ਸਿੱਖੀ ਦੇਸਦੇ ਵਿੱਚ ਫੈਲਾਈ ਚੰਗੀ
ਹਰ ਵਰ੍ਹੇ ਲੈਕੇ ਆਉਂਦਾ ਸੰਗਤਾਂ ਨੂੰ ਰੀਤ ਪ੍ਰੇਮ ਪ੍ਰੀਤ ਨਿਭਾਈ ਚੰਗੀ
ਭਾਈ ਭਗਤਾ ਏਸੇਦਾ ਹੋਯਾ ਪੋਤਾ ਚੱਲੀ ਬੰਸਅੰਦਰ ਸਿੱਖੀ ਆਈ ਚੰਗੀ
ਜਿਨ੍ਹਾਂ ਹੋ ਨਿਰਇੱਛ ਗੁਰ ਸੇਵ ਕੀਤੀ ਸੇਵਾ ਅੰਤ ਹੋਈ ਫਲਦਾਈ ਚੰਗੀ
ਐਵੇਂ ਗਈ ਨ ਘਾਲ ਕਰਤਾਰਸਿੰਘਾ ਗੁਰੂਘਰ ਜਿਸਕੀਤੀ ਕਮਾਈ ਚੰਗੀ

(ਸ੍ਰੋਵਰ ਦੀ ਪੁਟਾਈ ਹੋਕੇ ਚੁਣਾਈ ਦੀਆਂ ਤੱਯਾਰੀਆਂ)

ਹੋ ਗਈ ਖੁਦਾਈ ਸਰੋਵਰਾਂ ਦੀ ਆਵੇ ਭੱਠੇ ਬੇਅੰਤ ਤੱਯਾਰ ਹੋ ਗਏ
ਸਿੱਖਾਂ ਚੂਨੇ ਦੇ ਪੀਹਕੇ ਢੇਰ ਲਾਏ ਜਮ੍ਹਾਂ ਇੱਟਾਂ ਦੇ ਬਹੁਤ ਅੰਬਾਰ ਹੋ ਗਏ
ਕਾਰੀਗਰ ਸੱਦੇ ਗੁਰਾਂ ਦੇਸ ਵਿੱਚੋਂ ਪਾਸ ਨਕਸ਼ੇ ਕਰ ਵਿਚਾਰ ਹੋ ਗਏ
ਪੱਕੇਪੌੜ ਹੁਣਬਣਨ ਕਰਤਾਰਸਿੰਘਾ ਜਮ੍ਹਾਂ ਰਾਜ ਸਿਆਣੇ ਹਜ਼ਾਰ ਹੋ ਗਏ

(ਤਥਾ)

ਪੌੜਬਣਨਲੱਗੇਚੌਹਾਂ ਪਾਸਯਾਂ ਥੀਂ ਕਿਹਾ ਗੁਰਾਂ,ਸਭ ਗੱਚਦੇਤਯਾਰ ਹੋਵਨ
ਏਸ ਤਾਲ ਦੀ ਨੀਂਹ ਅਚੱਲ ਰੱਖੀ ਲੱਖਾਂਜੀਵ ਨ੍ਹਾ ਭਵਜਲੋਂ ਪਾਰ ਹੋਵਨ
ਇਹ ਅੰਮ੍ਰਿਤਸਰ ਮਹਾਨ ਤੀਰਥ ਕਲੂਕਾਲ ਤੋਂ ਨਰ ਦੁਖਯਾਰ ਹੋਵਨ
ਏਥੇ ਨ੍ਹਾਤਯਾਂ ਪਾਪ ਸਭ ਦੂਰ ਹੋਸਨ ਨਰਕੀਜੀਵ ਤਪਦੇ ਠੰਢੇਠਾਰ ਹੋਵਨ
ਤੀਰਥਰਾਜ ਇਹ ਪ੍ਰਗਟ ਜਹਾਨ ਹੋਵੇ ਮਹਾਂ ਪੱਤਤਾਂ ਏਥੇ ਉੱਧਾਰ ਹੋਵਨ
ਬਣੇ ਬਹੁਤ ਹੀ ਪੱਕਾ ਕਰਤਾਰ ਸਿੰਘਾ ਸਾਰੇ ਪੌੜ ਚੰਗੇ ਪਾਇਦਾਰ ਹੋਵਨ

(ਕਾਰਦਾਰਾਂ ਦੀ ਵਿਲਾਈ)

ਗੁਰੂ ਘਰ ਦੇ ਵਿੱਚ *ਮਸੰਦ ਹੈਸਨ ਸਾਰਾ ਕਰਦੇ ਕਾਰ ਵਿਹਾਰ ਭਾਈ
ਹੱਥ ਓਹਨਾਂ ਦੇ ਹੀ ਸੱਭੋ ਕਾਰ ਹੈਸੀ ਹਰ ਗੱਲ ਦੇ ਖ਼ੁਦਮੁਖ਼ਤਾਰ ਭਾਈ
ਮਾਯਾ ਆਵੰਦੀ ਓਹੋ ਹੀ ਸਾਂਭਦੇ ਸਨ ਓਹੋ ਕਰਦੇ ਖ਼ਰਚ ਵਿਚਾਰ ਭਾਈ
ਮਾਯਾ ਡਾਇਣ ਇਹਚੰਦਰੀ ਬੁਰੀਭੈੜੀ ਦੇਂਦੀ ਭਲਯਾਂਦੀਮੱਤਮਾਰ ਭਾਈ
ਦਸੀਂ ਨੌਹੀਂ ਕਮਾਈ ਸੁਖਦਾਈਹੁੰਦੀ ਮੁਫ਼ਤਮਿਲੀਇਹ,ਕਹੇਲਾਚਾਰ ਭਾਈ
ਮੰਦ ਮੱਤ ਮਸੰਦ ਹੋਇ ਮੁਫ਼ਤਖ਼ੋਰੇ ਕਰਨ ਮੂਲ ਨ ਹੱਥੀਂ ਕੋਈ ਕਾਰ ਭਾਈ
ਪਾਸ ਰਹਿਣ ਕਰ,ਬੇਪ੍ਰਵਾਹ ਹੋਗਏ ਬਿੱਲੀਜਿਵੇਂ ਦੁਕਾਨ ਠੱਠਯਾਰ ਭਾਈ
ਪੌੜ ਗੱਚਦੇ ਆ ਜਦੋਂ ਬਣਨ ਲੱਗੇ ਖ਼ਰਚ ਹੋਣ ਲੱਗੇ ਬੇਸ਼ੁਮਾਰ ਭਾਈ
ਘਟਨ ਉਨ੍ਹਾਂ ਦੇ ਕਾਲਜੇ ਲੱਗ ਪਏ ਸੋਚਾਂ ਸੋਚਦੇ ਬੈਠ ਗਵਾਰ ਭਾਈ
ਜਿਸ ਵਿਉਂਤ ਕਰਕੇ ਘੱਟ ਖ਼ਰਚਹੋਵੇ ਸਾਡੇ ਭਰਨ ਖੀਸੇ ਮਜ਼ੇਦਾਰ ਭਾਈ
ਆਪੋ ਵਿੱਚ ਸਲਾਹ ਕਰ ਚੰਦਰੇਓਹ ਦੇਂਦੇਰਾਜਾਂ ਨੂੰਹੁਕਮ ਬੁਰਯਾਰ ਭਾਈ
ਪਿੱਛੇ ਸਾਰੀ ਅਮਾਰਤ ਗਾਰੇਦੀਹੋਏ ਮੂਹਰੀ ਚੂਨੇਦੀ ਲਾਵੋ ਸਵਾਰ ਭਾਈ
ਓਹਨਾਂ ਓਸੇ ਤਰ੍ਹਾਂ ਪੌੜ ਸ਼ੁਰੂ ਕੀਤੇ ਗਏ ਸਿੱਖ ਇਸ ਖੋਟ ਨੂੰ ਤਾੜ ਭਾਈ
ਸਤਿਗੁਰਾਂ ਦੇ ਪਾਸ ਕਰਤਾਰਸਿੰਘਾ ਕੀਤੀ ਸਿੱਖਾਂ ਨੇ ਜਾਇ ਪੁਕਾਰ ਭਾਈ

*ਇਹ ਮਸੰਦ ਭੀ ਪ੍ਰਿਥੀ ਚੰਦ ਦੇ ਵਿਗਾੜੇ ਹੋਇ ਹੋਣਗੇ।

(ਗੁਰ ਸਿੱਖਾਂ ਨੇ ਸਤਿਗੁਰਾਂ ਪਾਸ ਸ਼ਿਕਾਇਤ ਕਰਨੀ)

ਸਤਿਗੁਰੋ, ਮਸੰਦ ਨੇ ਖੋਟ ਕਰ ਰਹੇ ਚੂੱਨੇ ਥਾਂ ਪਏ ਗਾਰਾ ਲਵਾਵੰਦੇ ਨੇ
ਜੁੱਗਾਂ ਤੱਕ ਸਰੋਵਰ ਕਾਇਮਰਹਿਨਾ ਨੀਂਹਾਂਕੱਚੀਆਂ ਉਹ ਬਣਵਾਵੰਦੇ ਨੇ
ਗੁਰੂਘਰ ਘੱਾਟਾ ਕਿਹੜੀ ਗੱਲਦਾਏ ਉਹ ਕਿਉਂ ਸਰਫ਼ਾਏਡ ਤੁਕਾਵੰਦੇ ਨੇ
ਓਹਨਾਂਤਈਂ ਸਮਝਾਉ ਕਰਤਾਰਸਿੰਘਾ ਸੱਚਵਿੱਚਕਿਉਂਕੱਚ ਰਲਾਵੰਦੇ ਨੇ

(ਸਤਿਗੁਰਾਂ ਨੇ ਮਸੰਦਾਂ ਨੂੰ ਤਾੜਨਾ ਕਰਨੀ ਤੇ ਓਹਨਾਂ ਫੇਰ ਗਾਰਾ ਹੀ ਲਾਵਣਾ)

ਸਤਿਗੁਰਾਂ ਨੀਹਾਂ ਜਾ ਕੇ ਵੇਖੀਆਂ ਜਾਂ ਭਾਰਾ ਖੋਟ ਮਸੰਦਾਂ ਦਾ ਪਾਇਆ ਜੀ
ਚੂੱਨਾਲਾਉ,ਗਾਰਾਹੁਣ ਨ ਮੂਲਲੱਗੇ ਸੱਚੇਸਤਿਗੁਰਾਂਹੁਕਮ ਸੁਣਾਇਆ ਜੀ
ਇੱਕ ਦੋ ਕੂ ਦਿਨ ਲਵਾਇ ਚੂੱਨਾ ਓਹਨਾਂ ਫੇਰ ਗਾਰਾ ਲਗਵਾਇਆ ਜੀ
ਕਹੇ ਸਿੱਖਾਂ ਦੇ ਸਤਿਗੁਰਾਂ ਫੇਰ ਜਾ ਕੇ ਹੈਸੀ ਬਹੁਤ ਸਮਝਾਯਾਬੁਝਾਇਆ ਜੀ
ਮੁਫ਼ਤਖੋਰੀਨੇ ਓਹਨਾਂਦੀਮੱਤ ਮਾਰੀ ਕਹਿਣਾਮੂਲ ਨ ਚਿੱਤਤੇਲਾਇਆ ਜੀ
ਤੀਜੀ ਵਾਰ ਹੋਗੁੱਸੇ ਕਰਤਾਰਸਿੰਘਾ ਸਤਿਗੁਰਾਂ ਨੇ ਹੁਕਮ ਸੁਣਾਇਆ ਜੀ

(ਵਾਕ ਕਵੀ)

ਤੀਜੀਵਾਰ ਜਦ ਫੇਰ ਸ਼ਿਕਾਇਤ ਹੋਈ ਜੀ ਮਸੰਦਗਾਰਾ ਲਗਵਾ ਰਹਿ ਨੇ
ਮੂੰਹੋਂ ਸਹਿਜ ਸੁਭਾ ਹੀ ਬਚਨ ਨਿਕਲੇ ਭੁੱਖੇ ਮਾਯਾਦੇ ਪ੍ਰਾਪ ਕਮਾ ਰਹਿ ਨੇ
ਅੰਮ੍ਰਿਤਸਰਦੀ ਨੀਂਹ*ਅਚੱਲ ਰਹਿਸੀ ਜੜ੍ਹਆਪਣੀ ਪੋੱਲੀਕਰਵਾਰਹਿ ਨੇ
ਹੌਕੇ ਮਰਨਗੇ ਦੁਖੀ ਕਰਤਾਰਸਿੰਘਾ ਵਿਹਲੇ ਪੂਜਾਦੇ ਧਾਨ ਨੂੰ ਖਾ ਰਹਿ ਨੇ

(ਸ੍ਰੀ ਹਰੀ ਮੰਦ੍ਰ ਸਾਹਿਬ ਜੀ ਦੇ ਬਣਾਨ ਦੀ ਤੱਯਾਰੀ)

ਪੌੜ ਤਾਲਦੇ ਇਕਧਿਰ ਬਣਰਹੇ ਦੂਜੀਤਰਫ਼ ਗੁਰਧਿਆਨ ਲਗਾਵੰਦੇ ਨੇ
ਏਸ ਤਾਲ ਦੇ ਵਿੱਚ ਹੋਇ ਹਰੀ ਮੰਦਰ ਬਣੇ ਝੱਬ, ਖ਼ਯਾਲ ਦ੍ਰਿੜ੍ਹਾਵੰਦੇ ਨੇ
ਬੀਤੀ ਬਰਖਾ,ਅੱਸੂ ਦਾ ਮਾਹ ਹੈਸੀ ਮੁਖੀਏ ਸਿੱਖਾਂ ਦੇ ਤਈਂ ਬੁਲਾਵੰਦੇ ਨੇ
ਨਾਲ ਲੈਕੇ ਤਾਲ ਵਿੱਚਘਾਰ ਪਹੁੰਚੇ ਖੜੇ ਹੋਇਕੇ ਫੇਰ ਸੁਣਾਵੰਦੇ ਨੇ
ਜਿੱਥੇ ਬੇਰੀ ਹੇਠਾਂ†ਵੱਡੇ ਸਤਿਗੁਰੂ ਜੀ ਨਿੱਤ ਬੈਠਦੇ ਸਨ,ਜਤਲਾਵੰਦੇ ਨੇ

---

*ਜਦੋਂ ਅਹਿਮਦ ਸ਼ਾਹ ਅਬਦਾਲੀ ਨੇ ਸ੍ਰੀ ਹਰੀਮੰਦ੍ਰ ਸਾਹਿਬ ਅਤੇ ਅੰਮ੍ਰਿਤ ਸ੍ਰੋਵਰ ਦੀ ਬੇਅਦਬੀ ਕੀਤੀ ਸੀ, ਤਦੋਂ ਸ੍ਰੋਵਰ ਅਤੇ ਹਰੀਮੰਦ੍ਰ ਦੀਆਂ ਨੀਹਾਂ ਨਹੀਂ ਪੁੱਟੀਆਂ ਗਈਆਂ ਸਨ, ਪ੍ਰੰਤੂ ਹਰੀਮੰਦ੍ਰ ਸਾਹਿਬ ਜੀ ਦੀ ਅਮਾਰਤ ਨੂੰ ਸ੍ਰੋਵਰ ਦੇ ਬਰਾਬਰ ਕਰਕੇ ਮਿੱਟੀ ਨਾਲ ਭਰਵਾ ਦਿੱਤਾ ਗਿਆ ਸੀ। ਸਤਿਗੁਰੂ ਜੀ ਦੇ ਇਹ ਵਾਕ ਕਿ ਨੀਂਹ ਅਚੱਲ ਰਹੇਗੀ, ਇਸ ਹਾਲਤ ਵਿੱਚ ਅਟੱਲ ਰਹੇ ਸਨ।

†ਜਿਥੇ ਇਸ ਵੇਲੇ ਸ੍ਰੀ ਹਰੀਮੰਦ੍ਰ ਸਾਹਿਬ ਹੈ, ਏਥੇ ਇੱਕ ਬੇਰੀ ਹੁੰਦੀ ਸੀ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਓਸਦੇ ਹੇਠਾਂ ਬਹੁਤ ਚਿਰ ਇਕੱਲੇ ਹੀ ਅਕਾਲ ਪੁਰਖ ਦੇ ਧਯਾਨ ਵਿੱਚ ਬੈਠਯਾ ਕਰਦੇ ਸਨ।

ਓਸ ਥਾਂ ਦਾ ਖ਼ਾਸ ਨਿਸ਼ਾਨ ਲੈ ਕੇ ਬੱਬੇ ਬੁੱਢੇ ਜੀ ਨੂੰ ਫ਼ਰਮਾਵੰਦੇ ਨੇ
ਏਸ ਥਾਂ ਬਣੇ ਸੋਹਣਾ ਹਰੀ ਮੰਦਰ ਸਾਰਾ ਨਕਸ਼ਾ ਖਿਚ ਦਿਖਾਵੰਦੇ ਨੇ
ਪਹਿਲਾਂ ਆਪਣੀ ਹੱਥੀਂ ਕਰਤਾਰਸਿੰਘਾ ਨੀਂਹ ਮੰਦਰ ਦੀ ਖੁਦਵਾਵੰਦੇ ਨੇ

(ਤਥਾ)

ਹੱਥੀਂ ਆਪ ਸਤਿਗੁਰੂਜੀ ਕਾਰ ਕਰਦੇ ਨੀਹਾਂ ਖੋਦਦੇ ਆਪ ਸਵਾਰ ਭਾਈ
ਬੱਬੇ ਬੁੱਢੇ ਜੈਸੇ ਸਿੱਖ ਮੁੱਖੀਏ ਜੋ ਕਰਦੇ ਨਾਲ ਪ੍ਰੇਮ ਦੇ ਕਾਰ ਭਾਈ
ਸ੍ਰੀ ਅੰਮ੍ਰਿਤਸਰ ਵਿੱਚ ਹਰੀਮੰਦਰ ਲੱਗੇ ਰਚਨ ਸਤਿਗੁਰੂ ਦਾਤਾਰ ਭਾਈ
ਕਲੂਕਾਲ ਅੰਦਰ ਲਖਾਂ ਜੀਆਂ ਸੰਦਾ ਜਿੱਥੋਂ ਹੋਇਗਾ ਨਿਤ ਉਧਾਰ ਭਾਈ
ਸੱਚ ਖੰਡ ਬਣੇ ਮਾਤ ਲੋਕਅੰਦਰ ਅੱਠੇਪਹਿਰ ਹੋਇਭਜਨ ਕਰਤਾਰ ਭਾਈ
ਜਿਧੇ ਲਾਲ ਦਾ ਥਾਨ ਕਰਤਾਰ ਸਿੰਘਾ ਦੂਜਾ ਹੋਵੇ ਨ ਵਿਚ ਸੰਸਾਰ ਭਾਈ

(ਅਲੌਕਿਕ ਕਥਾ)

ਲਿਖੀਪੋਥਯਾਂਦੇਵਿੱਚ ਕਥਾ ਹੈਜੀ ਕਾਰਕਰਨ ਨੂੰਆਪ*ਭਗਵਾਨ ਆਇਆ
ਨਾਲ ਦੇਵਤੇ ਆਇ ਬੈਕੁੰਠਵਿਚੋਂ ਮਹਿਮਾਂਭਗਤੀ ਪ੍ਰੇਮ ਵਧਾਨ ਆਇਆ

*ਏਥੇ ਵਿਸ਼ਨ ਭਗਵਾਨ ਤੋਂ ਮੁਰਾਦ ਏਕੰਕਾਰ ਦੀ ਹੈ।

ਢੋਈ ਟੋਕਰੀ ਆਪਣੇ ਸੀਸ ਉੱਪਰ ਗੁਰੂਘਰ ਦਾ ਸ਼ਾਨ ਦਿਖਾਨ ਆਇਆ
ਇਹਨ ਵੀਂ ਨਹੀਂ ਗੱਲ ਕ੍ਰਤਾਰਸਿੰਘਾ ਹੈ ਭਗਤਾਂ ਦੀ ਰੱਖਦਾ ਆਨ ਆਇਆ

(ਵਾਕ ਕਵੀ)

ਜਿੱਥੋਂ ਕਾਰ ਕੱਢੀ ਆਪ ਵਿਸ਼ਨ ਜੀ ਨੇ ਪੌੜੀ 'ਹਰ ਕੀ' ਓਥੇ ਬਣਾਈ ਗੁਰ ਜੀ
ਏਥੇ ਸੇਵਾ ਕੀਤੀ ਆਪ ਹਰੀ ਜੀ ਨੇ ਯਾਦਗਾਰ ਇਹ ਵੱਡੀ ਰਖਾਈ ਗੁਰ ਜੀ
ਇਹ ਜਗਤ ਦੇ ਖ਼ਾਸ ਉਧਾਰ ਲਈ ਸੋਹਣੀ ਰਚਨਾ ਆਪ ਰਚਾਈ ਗੁਰ ਜੀ
ਸੂਹੀ ਰਾਗ ਦੇ ਵਿੱਚ ਕ੍ਰਤਾਰਸਿੰਘਾ ਸਾਰੀ ਖਿੱਚ ਤਸਵੀਰ ਦਿਖਾਈ ਗੁਰ ਜੀ

ਸੂਹੀ ਮਹਲਾ ੫ ॥ ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ ॥ ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥ ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ ॥ ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ ॥ ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਨੀ ਗਾਇਆ ॥ ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ ॥

(ਇਸਦਾ ਭਾਵ)

ਕਾਰਜ ਆਪਣੇ ਸੰਤਾਂ ਦੇ ਕਰਨ ਖ਼ਾਤਰ ਹਰ ਕੰਮ ਕਰਾਵਨ ਆਇਆ ਜੀ
ਢੋਈ ਟੋਕਰੀ ਆਪ ਮਜ਼ਦੂਰ ਬਣਕੇ ਭਗਤੀ ਪਯਾਰ ਦਾ ਰੰਗ ਦਿਖਾਇਆ ਜੀ
ਓਹ ਧਰਤ ਸੋਹਣੀ ਅਤੇ ਤਾਲ ਸੋਹਣਾ ਜਲ ਅੰਮ੍ਰਿਤ ਰੂਪ ਵਿੱਚ ਛਾਇਆ ਜੀ
ਸਭ ਕਾਜ ਸਭ ਤਰ੍ਹਾਂ ਹੋਗਏ ਪੂਰੇ ਤੱਾਬੇਦਾਰ ਕੀਤੀ ਚੰਚਲ ਮਾਇਆ ਜੀ
ਸਾਰੇ ਜਗਤ ਅੰਦਰ ਜੈਜੈਕਾਰ ਹੋਯਾ ਸੰਸੇ ਝੋਰਯਾਂ ਤਈਂ ਗਵਾਇਆ ਜੀ
ਸਾਰੇ ਵਿਆਪਕ ਅਤੇ ਅਡੋਲ ਕਰਤਾ ਜਸ ਵੇਦ ਪੁਰਾਣਾਂ ਨੇ ਗਾਇਆ ਜੀ
ਅਪਨਾ ਬਿਰਦ ਪ੍ਰਮੇਸ਼ਰ ਨੇ ਰੱਖਲਿਆ ਗੁਰਘਰ ਦਾ ਯੱਸ ਸਵਾਇਆ ਜੀ
ਕਲਾ ਦਿਨੋਂ ਦਿਨ ਵਧੇ ਕਰਤਾਰਸਿੰਘਾ ਜਨ ਨਾਨਕ ਨਾਮ ਧਿਆਇਆ ਜੀ

ਸ੍ਰੀ ਹਰਿਮੰਦਰ ਸਾਹਿਬ ਜੀ ਦੀ ਉਸਾਰੀ

ਨੀਹਾਂ ਖੋਦ ਕੇ ਡੂੰਘੀਆਂ ਸਾਫ਼ ਕਰਕੇ ਥੱਲੇ ਬਹੁਤ ਰੋੜੀ ਚੂਨਾ ਸੁੱਟਯਾ ਜੀ
ਤਹਿ ਬੜੀ ਮਜ਼ਬੂਤ ਬਣਾ ਕਰਕੇ ਸਿੱਖਾਂ ਨਾਲ ਦੁਮੂੱਸਯਾਂ ਕੁੱਟਯਾ ਜੀ
ਬੱਧਾ ਕੜ ਥੱਲੇ ਬੇ ਮਿਸਾਲ ਭਾਰਾ ਹੁਣ ਤੱਕ ਜੋ ਨ ਕਿਤੋਂ ਫੁੱਟਯਾ ਜੀ

ਜੁਗਾਂ ਤੱਕ ਅਚੱਲ ਕਰਤਾਰ ਸਿੰਘਾ ਕਦੇ ਜਾਊ ਨ ਕਿਸੇ ਤੋਂ ਪੁੱਟਯਾ ਜੀ

(ਤਥਾ)

ਤਹਿ ਬੱਝ ਗਈ, ਫੇਰ ਗੁਰੂ ਜੀ ਨੇ ਸਾਰੀ ਸੰਗਤ ਓਥੇ ਬੁਲਾਈ ਸੀ ਜੀ
ਲਿਆਇਬਹੁਤ ਕੜਾਹਪ੍ਰਸ਼ਾਦਕਰਕੇ ਬੱਬੇਬੁੱਢੇਅਰਦਾਸ ਸੁਧਾਈ ਸੀ ਜੀ
ਸੋਲਾਂ ਸੋ ਪੈਂਤਾਲੀਆਂ ਮਾਹ ਕੱਤਕ ਸੁਦੀ ਪੰਚਮੀ ਥਿੱਤ ਲਖਾਈ ਸੀ ਜੀ
ਸਤਿਨਾਮਕਹਿਸਤਿਗੁਰਾਂਆਪਹੱਥੀਂ ਪਹਿਲੀਨੀਂਹਦੀਇੱਟਟਕਾਈ ਸੀ ਜੀ
ਕਾਰੀਗਰਾਂ ਤਾਈਂਹੁੰਦੀ ਮਾਰਭੈੜੀ ਓਹਨਾਂਚੁੱਕਕੇ ਇੱਟ ਉਲਟਾਈ ਸੀ ਜੀ
ਸਤਿਗੁਰਾਂ ਨੇ ਤਦੋਂ ਕਰਤਾਰਸਿੰਘਾ ਇਹ ਭਵਿੱਖਤ ਮੁਖੋਂ ਸੁਣਾਈ ਸੀ ਜੀ

(ਸਤਿਗੁਰਾਂ ਦੇ ਬਚਨ)

ਗੁਰਾਂ ਆੱਖਯਾ ਕੀਤਾ ਜੇਬਹੁਤਮੰਦਾਸੱਡੀ ਰੱਖੀ ਹੋਈ ਇੱਟ ਉਠਾ ਦਿੱਤੀ
ਨੀਂਹ ਰੱਖੀ ਅਰਦਾਸ ਸੁਧਾ ਕੇ ਸੀ ਤੁਸਾਂ ਆਪਣੀ ਅਕਲ ਚਲਾ ਦਿੱਤੀ
ਤੁਹਾਡੀਇੱਟ ਰੱਖੀਕਾਇਮ ਰਹੇਨਾਹੀਂ ਇਹ ਭਾਣੇ ਨੇ ਕਲਾ ਵਰਤਾ ਦਿੱਤੀ
ਮੰਦਰ ਢਹੇ ਇਕ ਵਾਰ ਕਰਤਾਰ ਸਿੰਘਾ ਇਹ ਭਵਿੱਖਤ ਗੁਰਾਂ ਸੁਣਾ ਦਿੱਤੀ

(ਤਥਾ)

ਪਹਿਲ ਮਾਰ ਮਸੰਦਾਂ ਨੂੰਵੱਗਗਈ ਓਹਨਾਂ ਵਰਤਯਾਪੌੜਾਂ ਦੇ ਵਿੱਚ ਗਾਰਾ
ਸਾਡੇਬਚਨ ਤੇਮੂਲ ਨ ਅਮਲਕੀਤਾਇਹ ਕਮਾਯਾ ਓਹਨਾਂਅਪਰਾਧ ਭਾਰਾ
ਹੁਣ ਤੁਸਾਂ,ਰਖੀ ਇੱਟ ਉਲਟ ਦਿੱਤੀ ਇਹ ਪੂਰਯਾ ਜਾਇਗਾ ਤਾਲ ਸਾਰਾ
ਪੰਥ ਫੇਰ ਬਣਾਊ ਕਰਤਾਰ ਸਿੰਘਾ ਤੈਾਲ ਸਣੇ ਮੰਦਰ ਜਗੂ ਜੋਤ ਜ਼ਾਹਰਾ

(ਵਾਕ ਕਵੀ)

ਇਹ ਵਾਕ ਸਤਿਗੁਰਾਂ ਦੇ ਹੋਇ ਪੂਰੇ ਸਮਾਂਦੇਸ ਉੱਤੇ ਬੁਰਾ ਆਇਆ ਸੀ
ਅਠਾਰ੍ਹਾਂਸੋ ਦਾ ਚੜ੍ਹਯਾਸਾਲ ਜਦੋਂ ਆ*ਦੁਰਾਨੀਆਂਜ਼ੋਰ ਵਧਾਇਆ ਸੀ
ਅਹਿਮਦਸ਼ਾਹਅਬਦਾਲੀਨੇਹਿੰਦਉਤੇਖੰਡਾਜ਼ੁਲਮ ਵਾਲਾਆਪਚਾਇਆ ਸੀ
ਕਈਵਾਰ ਲੈ ਭਾਰਯਾਂ ਲਸ਼ਕਰਾਂ ਨੂੰ ਹੂੰਜਾ ਦੇਸ ਦੇ ਵਿੱਚ ਫਿਰਾਇਆ ਸੀ
ਰਾਜੇਹਿੰਦਵਾਸੀ ਮਰਮਿਟੇ ਹੈਸਨ ਓਹਨੂੰ ਕਿਸੇ ਨ ਅੱਗੋਂ ਅਟਕਾਇਆ ਸੀ
ਦਿੱਲੀਹੋਈਢਿੱਲੀ ਬਿੱਲੀਬਣਰਹੀਸੀਓਸ ਦੇਸ ਬਰਬਾਦ ਕਰਾਇਆ ਸੀ
ਮਰ ਮਿਟੇ ਮਰੁੱਟੇ ਰਜਪੂਤ ਸਾਰੇ ਜ਼ੋਰ ਤੇਗ ਦਾ ਉੱਕਾ ਗਵਾਇਆ ਸੀ

*ਇਹਨਾਂ ਸਾਰਿਆਂ ਪ੍ਰਸੰਗਾਂ ਨੂੰ ਦੇਖਣ ਵਾਸਤੇ ਦਾਸ ਦੇ ਬਣਾਏ ਪੁਸਤਕ "ਜੌਹਰ ਖ਼ਾਲਸਾ" ਤੇ 'ਪ੍ਰਕਾਸ਼ ਖ਼ਾਲਸਾ' ਪੜ੍ਹੋ। [ਦਾਸ - ਕਰਤਾ

ਗੁਰੂਪੰਥਦੇ ਵਿੱਚ ਕੁਝਜਿੰਦ ਹੈਸੀ ਏਧਰ ਜ਼ੋਰਅਬਦਾਲੀ ਨੇ ਪਾਇਆ ਸੀ
ਕਈਵਾਰ ਹੋਏ ਬੜੇ ਘੱਲੂਘਾਰੇ ਅਹਿਮਦਸ਼ਾਹ ਨੂੰ ਬੁਰਾ ਖਪਾਇਆ ਸੀ
ਓਹਦੇ ਪੈਰ ਨ ਪੰਥ ਨੇ ਟਿਕਣ ਦਿੱਤੇ ਜ਼ੋਰ ਬੜਾਭਾਰਾ ਓਸ ਲਾਇਆ ਸੀ
ਓਹਨੂੰ ਕਾਜ਼ੀਆਂ ਅਤੇ ਮੁਲਾਨਯਾਂ ਨੇ ਇਹ ਆਖ਼ਰੀ ਸਬਕਸਿਖਾਇਆ ਸੀ
ਅੰਮ੍ਰਿਤਸਰ ਦਾ ਤਾਲ ਇਹ ਜਦੋਂ ਤੋੜੀ ਸਿੱਖਾਂਹੱਥਹੈ,ਇਉਂ ਜਤਾਇਆ ਸੀ
ਓਦੋਂ ਤੱਕ ਨ ਸਿੱਖਇਹ ਖ਼ਤਮਹੋਵਨ'ਪੁੱਟੋਤਾਲ'ਇਸਅੱਡੇਚੜ੍ਹਾਇਆ ਸੀ
ਕਬਜ਼ਾਕਈਵਾਰੀਕੀਤਾ ਫ਼ੌਜਓਹਦੀ ਕਈਵਾਰ ਹੀ ਸਿੱਖਾਂ ਛੁਡਾਇਆ ਸੀ
ਅੰਤਠਾਰ੍ਹਾਂ ਸੌ ਉੱਨੀਏਂ ਸਾਲਅੰਦਰ ਵਾਰਆਖਰੀ ਜਦੋਂ ਓਹ ਧਾਇਆ ਸੀ
ਓਹਦੇ ਨਾਲ ਬੜੇ ਭਾਰੇ ਜੰਗ ਹੋਇ ਮਾਰ ਲਸ਼ਕਰ ਓਹਦਾ ਖਪਾਇਆ ਸੀ
ਕਰ ਘੱਲੂਘਾਰਾ ਪਿਛ੍ਹਾਂ ਪਰਤਯਾ ਜਾਂ ਡੇਰਾ ਅਮ੍ਰਿਤਸਰ ਆ ਲਾਇਆ ਸੀ
ਗੁੱਸਾ ਕੱਢਯਾ ਆਨਕੇ ਤਾਲ ਉੱਤੇ ਸਾਰਾ ਧਰ ਬਰੂਦ ਉਡਾਇਆ ਸੀ
ਇੱਟ ਵੱਜ ਕੇ ਉੱਡਯਾ ਨੱਕ ਓਹਦਾ ਓਸੇ ਦੁੱਖ ਨੇ ਮਾਰ ਪਚਾਇਆ ਸੀ
ਮੁੜ ਠਾਰ੍ਹਾਂ ਸੌ ਇੱਕੀਏਂ ਸਾਲ ਅੰਦਰ ਪੰਥ ਫੇਰ ਇਕੱਠ ਕਰਾਇਆ ਸੀ
ਕੀਤਾ ਗੱਚ ਦਾ ਮੰਦਰ ਸ਼ੁਰੂ ਸਾਰਾ ਅਤੇ ਤਾਲ ਭੀ ਫੇਰ ਬਨਾਇਆ ਸੀ
ਠਾਰ੍ਹਾਂਸੌ ਅਠੱਤੀਏਂ ਸਾਲ ਅੰਦਰ ਭਾਰੀ ਕੰਮ ਇਹ ਸਿਰੇ ਚੜ੍ਹਾਇਆ ਸੀ
ਫੇਰਜਦੋਂ ਮਹਾਰਾਜੇਰਣਜੀਤਸਿੰਘਨੂੰਰਾਜਦੇਇਸੇਤਗੁਰਾਂਵਡਿਆਇਆ ਸੀ
ਕੀਤੀ ਓਸ ਸੂਰਨ ਦੀ ਬਹੁਤਸੇਵਾਸੰਗ੍ਰਮਰਮਰ ਲਿਆਇਕੇ ਲਾਇਆ ਸੀ
ਅੱਜਬਣਯਾਂ ਜੋ ਕੁਝਨਜ਼ਰਆਉਂਦਾ ਇਹਕੰਮਸਭਓਸ ਬਣਵਾਇਆ ਸੀ
ਵਿੱਚ ਕੁਝ ਕੁ ਹੋਰ ਸਰਦਾਰਾਂ ਨੇ ਭੀ ਗੁਰੂ ਘਰ ਦਾ ਟਹਿਲਾ ਕਮਾਇਆ ਸੀ
ਜੇਕਰਇੱਕਰਣਜੀਤਸਿੰਘਹੋਰਜੰਮਦਾਬਣਦਾਹੋਰਭੀਕੁਝ ਅਜ਼ਮਾਇਆ ਸੀ
ਸੇਵਾ ਹੋਊ ਦਿਨ ਦਿਨ ਕਰਤਾਰਸਿੰਘਾ ਵਧੂ ਗੁਰ ਪ੍ਰਤਾਪ ਸਵਾਇਆ ਜੀ

(ਕਵੀ ਦੀ ਆਸ)

ਤਵਾਰੀਖ਼ ਸ੍ਰੀ ਦਰਬਾਰ ਸਾਹਿਬ ਰੱਖੀ ਆਸ ਹੈ ਵੱਖ ਬਣਾਵਾਂਗਾ ਮੈਂ
ਓਦੋਂ ਲਿਖਾਂਗਾ ਖੋਲ੍ਹ ਕੇ ਹਾਲ ਸਾਰੇ ਗੁੱਝੇ ਪੰਥ ਨੂੰ ਭੇਦ ਸੁਣਾਵਾਂਗਾ ਮੈਂ
ਅੱਜ ਤੱਕ ਜੋ ਬੀਤਿਆ ਹਾਲ ਸਾਰਾ ਖਿੱਚ ਨਕਸ਼ਾ ਓਹਦਾ ਦਿਖਾਵਾਂਗਾ ਮੈਂ
ਸੇਵਾ ਸੇਵਕਾਂ ਦੀ ਦਰਜੇਵਾਰ ਲਿਖੂੰ ਬੇਈਮਾਨਾਂ ਦੇ ਪੋਲ ਖੁਲ੍ਹਾਵਾਂਗਾ ਮੈਂ
ਅੱਜ ਤੱਕ ਜਿਹੜੇ ਸਰਬ੍ਰਾਹ ਹੋਏ ਵੇਲੇ ਓਹਨਾਂ ਦੇ ਯਾਦ ਕਰਾਵਾਂਗਾ ਮੈਂ

ਰਹੀ ਜ਼ਿੰਦਗੀ ਜੇ ਕਰਤਾਰਸਿੰਘਾ ਸਿਰੇ ਕੰਮ ਇਹ ਭੀ ਚਾੜ੍ਹ ਜਾਵਾਂਗਾ ਮੈਂ

(ਵਾਕ ਕਵੀ)

ਅੰਮ੍ਰਿਤਸਰ ਸੰਤੋਖਸਰ ਬਣ ਰਹਿ ਸਨਕਾਰੀਗਰ ਬਹੁ ਕਸਬ ਦਿਖਾਇ ਰਹੇ
ਕੋਈ ਢੋਇ ਇੱਟਾਂ,ਪੀਹੇ ਕੋਈ ਚੂਨਾ ਕਈ ਫੜ ਫੜ ਅਗ੍ਹਾਂ ਪੁਚਾਇ ਰਹੇ
ਤਨੋ ਮਨੋ ਹੋ ਕੇ ਸਿੱਖ ਕਰਨ ਸੇਵਾ ਮਨ ਬਾਂਛਤ ਉਹ ਫਲ ਪਾਇ ਰਹੇ
ਅੰਮ੍ਰਿਤਸਰ ਅੰਦਰ ਬਣੇ ਹਰੀਮੰਦਰ ਆ ਆ ਦੇਵਤੇ ਕਾਰ ਕਮਾਇ ਰਹੇ
ਵਿੱਚ ਪੁਲ ਪ੍ਰਕਰਮਾਂ ਬਣ ਰਹੀ ਸੋਹਣੇ ਨਕਸ਼ੇ ਖਿੱਚ ਖਿਚਾਇ ਰਹੇ
ਜਿਵੇਂ ਦੱਸੀ ਜਾਂਦੇ ਆਪ ਗੁਰੂ ਸਾਹਿਬ ਕਾਰੀਗਰ ਤਿਵੇਂ ਹੀ ਬਣਾਇ ਰਹੇ
ਦਿਨੋ ਦਿਨ ਆ ਕੇ ਰਾਮਦਾਸ ਪੁਰ ਦੀ ਵੱਸੋਂ ਦੂਗਣੀ ਲੋਕ ਵਧਾਇ ਰਹੇ
ਪੈਣ ਨਵੇਂ ਮਕਾਨ ਕਰਤਾਰ ਸਿੰਘਾ ਇੱਕ ਦੂਜੇ ਦੇ ਬਣ ਹਮਸਾਇ ਰਹੇ

ਪੁਰੀ ਦੀ ਵਸੋਂ

ਦੂਰ ਦੂਰ ਸ਼ਹਿਰਾਂ ਵਿੱਚੋਂ ਸਣੇ ਟੱਬਰ ਸਿੱਖ ਆ ਆ ਕੇ ਘਰ ਪਾਨ ਲੱਗੇ
ਕੁਝ ਆਪ ਬੁਲਾਇ ਕੁਝ ਆਪ ਆਏ ਮਨ ਭਾਉਂਦੇ ਮਕਾਨ ਬਣਾਨ ਲੱਗੇ
ਵੇਖ ਸੰਗਤਾਂ ਦੀ ਆਵਾਜਾਈ ਭਾਰੀ ਸ਼ਾਹੂਕਾਰ ਬਪਾਰ ਵਧਾਨ ਲੱਗੇ
ਸਤਿਗੁਰਾਂ ਦੇ ਬਚਨ ਕਰਤਾਰ ਸਿੰਘਾ ਮੰਨ, ਲੋਕ ਖਿੰਡਾ ਖਿੰਡਾਨ ਲੱਗੇ

(ਜੱਗ ਦੀ ਮਸਖ਼ਰੀ)

ਇਰਦਗਿਰਦ ਦੇ ਸ਼ਹਿਰਾਂ ਦੇ ਮੂੜ੍ਹਬੰਦੇ ਕਹਿਣ,ਇਹਸਾਰੇਦੁੱਖ ਪਾਨਗੇ ਜੀ
ਕਰਨ ਠੱਠਾ ਮਖੌਲ ਉਹ ਇਨ੍ਹਾਂ ਤਾਈਂ ਐਵੇਂ ਮੂਰਖ ਧਨ ਗੁਵਾਨਗੇ ਜੀ
ਏਥੇ ਕਿਸ ਨੇ ਆਣ ਬਪਾਰ ਕਰਨਾ ਸ਼ਾਹੂਕਾਰ ਕੀਹ ਖੱਟ ਲੈ ਜਾਨਗੇ ਜੀ
ਇਰਦ ਗਿਰਦ ਦੇ ਪਾਣੀ ਬਰਸਾਤ ਅੰਦਰ ਜਮ੍ਹਾਂ ਹੋਕੇਘਰ ਰੁੜ੍ਹਾਨਗੇ ਜੀ
ਰਾਮਦਾਸ ਪੁਰੀ ਨੀਵੇਂ ਥਾਂ ਬਹੁਤੀ ਕੱਠੇ ਹੋ ਕੇ ਪਾਣੀ ਡੁਬਾਨਗੇ ਜੀ
ਚਾਈਂ ਚਾਈਂ ਆ ਰਹੇ ਕਰਤਾਰਸਿੰਘਾ ਰੋਂਦੇ ਪਿਛ੍ਹਾਂ ਨੂੰ ਮੂੰਹਪਰਤਾਨਗੇ ਜੀ

(ਇਹ ਗੱਲਾਂ ਸੁਣਕੇ ਸਤਿਗੁਰਾਂ ਨੇ ਲੋਕਾਂ ਨੂੰ ਧੀਰਜ ਦੇਣੀ)

ਹੋਇ ਲੋਕਾਂ ਦੇ ਚਿੱਤ ਉਦਾਸ ਡਿੱਠੇ ਇੱਕ ਦਿਨ ਸਤਿਗੁਰਾਂ ਬੁਲਾਇ ਭਾਈ
ਕਿਹਾ,ਰਤੀ ਜਿੰਨੀ ਚਿੰਤਾ ਕਰੋ ਨਾਹੀਂ ਗੁਰੂ ਬਰਕਤਾਂ ਵੱਡੀਆਂ ਪਾਇ ਭਾਈ
ਗੁਰੂਘਰ ਨੀਵਾਂਨੀਵੀਂ ਪੁਰੀਗੁਰਦੀ ਨੀਵੇਂ ਥਾਂਜਿਉਂ ਜਲਸਮਾਇ ਭਾਈ
ਚੌਂਹ ਪੱਸਯਾਂ ਤੋਂ ਜਲ ਜਿਵੇਂ ਏਥੇ ਸਾਰਾ ਹੋਂਵਦਾ ਹੈ ਕੱਠਾ ਆਇ ਭਾਈ

ਤਿਵੇਂ ਲੱਛਮੀ ਭੀ ਚੌਹਾਂ ਪੱਸਯਾਂ ਤੋਂ ਜਮ੍ਹਾਂ ਹੋਵੇਗੀ ਏਥੇ ੀ ਧਾਇ ਭਾਈ
ਚਾਰੇ ਕੂੰਟ ਦੇ ਆਦਮੀ ਆਉਣ ਏਥੇ ਨ ਰਹਿਣ ਨੂੰ ਮਿਲੇਗੀ ਥਾਇ ਭਾਈ
ਕੱਠਾ ਕਰ ਬੇਅੰਤ ਹੀ ਜੀਆਂ ਦਾ ਭੀ ਧਰ ਜਾਂਗੇ ਰਿਜ਼ਕ ਇਸ ਜਾਇ ਭਾਈ
ਖਾਣ ਵਾਸਤੇ ਜਮ੍ਹਾਂ ਆ ਹੋਣ ਏਥੇ ਵਧਣ ਰੌਣਕਾਂ ਬੇ-ਬਹਾਇ ਭਾਈ
ਗੁਰਪੁਰੀ ਇਹ ਵਧੇਗੀ ਬਹੁਤ ਭਾਰੀ ਛੇ ਜੋਜਨ ਘੇਰਾ ਵਲਾਇ ਭਾਈ
ਧਰੀ ਅਬਚੱਲਨੀਵ ਕਰਤਾਰਸਿੰਘਾ ਦੋਖੀ ਸੱਕੇ ਨ ਕੋਈ ਹਿਲਾਇ ਭਾਈ

(ਤਥਾ)

ਤੀਜੇਸਤਿਗੁਰਾਂਦਾ*ਵਾਕਸਫ਼ਲਹੋਸੀਅੰਮ੍ਰਿਤਸਰਇਹਸਿਫ਼ਤੀਦਾਘਰ ਹੋਵੇ
ਹੋਰ ਸ਼ਹਿਰ ਤੇ ਇਹ ਬੈਕੁੰਠ ਸਮਝੋ ਅੱਠੇ ਪਹਿਰ ਖੁਲ੍ਹਾ ਮੁਕਤੀ ਦਰ ਹੋਵੇ
ਚਮਤਕਾਰ ਮਾਯਾ ਏਥੇ ਬਹੁਤ ਦੇਸੀ ਘਰ ਘਰ ਬਹੁਤਾ ਜ਼ਰੀ ਜ਼ਰ ਹੋਵੇ
ਚੁੰਮੂ ਲੱਛਮੀ ਚਰਨ ਕਰਤਾਰ ਸਿੰਘਾ ਇਹ ਸਫ਼ਲ ਸੱਡਾ ਝੱਬ ਵਰ ਹੋਵੇ

(ਤਥਾ)

ਗੱਲਾਂ ਸੁਣ ਨ ਤੁਸੀਂ ਉਦਾਸ ਹੋਵੋ ਲਿਆ ਆਪ ਵੱਸਾ ਭਗਵਾਨ ਏਥੇ
ਨਾਲੇ ਧਨ ਖੱਟੋ ਕਰੋ ਪ੍ਰੇਮ ਭਗਤੀ ਸੰਗਲ ਜਮਾਂ ਵਾਲੇ ਕੱਟੇ ਜਾਨ ਏਥੇ
ਇਹ ਵਸਤੀ †ਬੜੀ ਆਬਾਦ ਹੋਸੀ ਵੱਸੋਂ ਹੋਇਗੀ ਬੜੀ ਗੁੰਜਾਨ ਏਥੇ
ਚੌਹਾਂਪੱਸਯਾਂ ਦੇ ਧਨੀ ਲੋਕ ਬਹੁਤੇਆਪਣੀ ਕਰਨ ਵੱਸੋਂ ਆਨ ਆਨ ਏਥੇ
ਲਾਭ ਤੁਸਾਂ ਤਾਈਂ ਪ੍ਰਾਪਤ ਬਹੁਤ ਹੋਵੇ ਕਮੀਂ ਰਹੇ ਨ,ਲਿਹੋ ਪਛਾਨ ਏਥੇ
ਅੰਮ੍ਰਿਤਸਰ ਦੇ ਰੋਜ਼ ਅਸ਼ਨਾਨ ਕਰਨੇ ਸਤਸੰਗ ਦੇ ਲਾਭ ਮਹਾਨ ਏਥੇ
ਜੀਊਂਦੇ ਧਨ ਖੱਟੋ,ਮਰ ਕੇ ਮੁਕਤ ਪਾਵੋ ਲੱਡੂ ਦੂਹੀਂ ਹੱਥੀਂ ਲੋ ਸੰਵਾਨ ਏਥੇ
ਇਹੋ ਪੰਥ ਦੀ ਹੋਵੇਗੀ ਰਾਜਧਾਨੀ ਬੜੇ ਖ਼ਾਲਸੇ ਦੇ ਹੋਵਨ ਸ਼ਾਨ ਏਥੇ
ਲੱਗੇ ਰਹਿਨਗੇ ਪੁਰਬ ਹਮੇਸ਼ ਭਾਰੇ ਕਰਨ ਆਉਣਗੇ ਲੋਕ ਅਸ਼ਨਾਨ ਏਥੇ
ਮੁਕਤ ਭੁਗਤ ਦੱਸੀ ਕਰਤਾਰ ਸਿੰਘਾ ਖੜੀ ਰਹੇਗੀ ਛੱਡ ਕੇ ਮਾਨ ਏਥੇ

(ਵਾਕ ਕਵੀ)

ਵਰ ਸੁਣਕੇ ਲੋਕ ਸਭ ਖੁਸ਼ੀ ਹੋਏ ਆਸ ਧਾਰ ਵਿਹਾਰ ਵਧਾਨ ਲੱਗੇ

---

*ਲਾਹੌਰ ਸਹਿਰ, ਅੰਮ੍ਰਿਤਸਰ ਸਿਫ਼ਤੀ ਦਾ ਘਰ॥ਅਰਥਾਤ ਲਾਹੌਰ ਇਹ ਸ਼ਹਿਰ ਹੈ, ਪਰ ਸ੍ਰੀ ਅੰਮ੍ਰਿਤਸਰ ਸ਼ਹਿਰ ਨਹੀਂ ਬਣੇਗਾ, ਓਹ ਸਿਫ਼ਤੀ ਭਾਵ ਅਕਾਲ ਪੁਰਸ਼ ਦਾ ਘਰ ਬਣੇਗਾ। (ਸਲੋਕ ਵਾਰਾਂ ਤੋਂ ਵਧੀਕ)

†ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ।

ਦਿਨੋ ਦਿਨ ਵੱਸੋਂ ਭਾਰੀਵਧ ਰਹੀ ਨਵੇਂ ਨਵੇਂ ਕਈ ਬਣਨ ਮਕਾਨ ਲੱਗੇ
ਵਿੱਚ ਤਾਲ ਦੇ ਮੰਦਰ ਬਣ ਰਿਹਾ ਪੱਕਾ ਸੁੰਦਰ ਪੁਲ ਬਣਾਨ ਲੱਗੇ
ਵੇਖ ਜਾਂਵਦੇ ਜਿਹੜੇ ਕਰਤਾਰ ਸਿੰਘਾ ਸ਼ੋਭਾ ਦੇਸ ਪਰਦੇਸ ਸੁਣਾਨ ਲੱਗੇ

(ਸ੍ਰੀ ਗੁਰੂ ਜੀ ਦੀ ਦੂਸਰੀ ਸ਼ਾਦੀ)

ਸੋਲਾਂ ਸੌ ਛਿਤਾਲੀਏਂ*ਹਾੜ੍ਹ ਤੀਜੀ ਮਾਤਾ ਭਾਨੀ ਵਿਆਹ ਰਚਾਇ ਦਿੱਤਾ
ਮਊ ਪਿੰਡ ਫਲੌਰ ਦੇ ਪਰਗਣੇ ਦੇ ਕਿਸ਼ਨ ਚੰਦ ਨੇ ਸਾਹ ਸੁਧਾਇ ਦਿੱਤਾ
ਸ੍ਰੀ ਗੰਗਾ ਦੇਵੀ ਨਾਲ ਹੋਈ ਸ਼ਾਦੀ ਸੰਸਾਰ ਵਿਹਾਰ ਕਰਾਇ ਦਿੱਤਾ
ਇਹ ਦੂਸਰੀ ਸ਼ਾਦੀ ਕਰਤਾਰ ਸਿੰਘਾ ਪਹਲੀ ਮਰ ਗਈ ਪਿੱਛੇ ਸੁਣਾਇ ਦਿੱਤਾ

(ਸ੍ਰੀ ਅਮ੍ਰਿਤ ਸਰੋਵਰ ਅਤੇ ਹਰੀ ਮੰਦਰ ਸਾਹਿਬ ਜੀ ਨੇ ਬਣਕੇ ਤਿਆਰ ਹੋ ਜਾਣਾ)

ਬਰਸ ਦੋ ਇਮਾਰਤ ਰਹੀ ਬਣਦੀ ਮੰਦਰ ਤਾਲ ਬਣਿਆਂ ਬੜੇ ਸ਼ਾਨ ਅੰਦਰ
ਕਾਰੀਗਰਾਂ ਕਮਾਲ ਦਿਖਾਲਿਆ ਜੀ ਰੱਖੀ ਕਸਰ ਨ ਸਿਰੇ ਚੜ੍ਹਾਨ ਅੰਦਰ
ਹਰੀ ਮੰਦਰ ਜਦੋਂ ਤੱਯਾਰ ਹੋਯਾ ਬੈਠੇ ਜਾਇ ਕੇ ਗੁਰੂ ਭਗਵਾਨ ਅੰਦਰ
ਵੇਖ ਸੰਗਤਾਂ ਬਹੁਤ ਹੀ ਖੁਸ਼ ਹੋਈਆਂ ਉਹ ਆਨੰਦ ਨ ਆਵੇ ਬਯਾਨ ਅੰਦਰ
ਮੰਦਰ ਪੁਲ ਤੇ ਦਰਸ਼ਨੀ ਬਣੀ ਡਿਉੜ੍ਹੀ ਬਣੇ ਬੇਲ ਬੂਟੇ ਹਰ ਥਾਨ ਅੰਦਰ
ਬਣਿਆ ਰੂਪ ਬੈਕੁੰਠ ਕਰਤਾਰ ਸਿੰਘਾ ਸਾਨੀ ਜਿਧਾ ਨ ਕੋਈ ਜਹਾਨ ਅੰਦਰ

(ਸਿੱਖਾਂ ਨੂੰ ਬਖਸ਼ਸ਼ਾਂ)

ਘਾਲੀ ਘਾਲਣਾ ਸਿੱਖਾਂ ਨੇ ਬਹੁਤ ਭਾਰੀ ਮੰਦਰ ਤਾਲ ਦੀ ਸੇਵਾ ਕਮਾਂਵਦੇ ਰਹੇ
ਘਰਬਾਰ ਤਿਆਗ ਕੇ ਰਹੇ ਹਾਜ਼ਰ ਨਿਰਮਾਨ ਹੋ ਕਾਰ ਕਢਾਂਵਦੇ ਰਹੇ
ਇੱਟਾਂ ਪਾਂਵਦੇ ਚੂਨੇ ਬਣਾਂਵਦੇ ਰਹੇ ਕੂੜੇ ਪਿੰਡਾਂ ਵਿਚੋਂ ਹੂੰਝ ਲਿਆਂਵਦੇ ਰਹੇ
ਲੰਗਰ ਆਦਿ ਦੀ ਸੇਵਾ ਨਿਭਾਂਵਦੇ ਰਹੇ ਸਤਿਗੁਰਾਂ ਦੇ ਹੁਕਮ ਬਜਾਂਵਦੇ ਰਹੇ
ਕਈ ਇੱਛ ਤੇ ਕਈ ਨਿਰਇੱਛ ਹੋਕੇ ਰਾਤ ਦਿਨੇ ਮੁਸ਼ੱਕਤ ਉਠਾਂਵਦੇ ਰਹੇ
ਜਹੀ ਵਾਸ਼ਨਾ ਤਹੀ ਕਰਤਾਰ ਸਿੰਘਾ ਗੁਰੂ ਘਰੋਂ ਮੁਰਾਦ ਲੈ ਜਾਂਵਦੇ ਰਹੇ

(ਤਥਾ)

ਜਿੱਨ੍ਹਾਂ ਸਿੱਖਾਂ ਨੇ ਵਾਸ਼ਨਾ ਰਹਿਤ ਹੋ ਕੇ ਗੁਰੂ ਘਰ ਦੀ ਸੇਵ ਕਮਾਈ ਵੱਡੀ
ਗੁਰੂ ਗੋਰ ਸਮਾ ਗਏ ਹੋ ਮੁਰਦੇ ਸਿੱਖੀ ਤਿੱਖੀ ਲੈ ਸਿਰੇ ਚੜ੍ਹਾਈ ਵੱਡੀ
ਮਾਨ,ਤਾਨ ਜਹਾਨ ਦੀ ਲਾਜ ਸਾਰੀ ਛੱਡ,ਮਿਹਨਤ ਸਿਰ ਉਠਾਈ ਵੱਡੀ
ਭੁੱਖ, ਨੀਂਦ ਆਰਾਮ ਤਯਾਗ ਸਾਰੇ ਸਿਰੋਂ ਪਰੇ ਕਮਾਈ ਦਿਖਾਈ ਵੱਡੀ

---

*ਭਾਈ ਗਜਾਨ ਸਿੰਘ ਜੀ ਬਾਈ ਹਾੜ੍ਹ ਲਿਖਦੇ ਹਨ।

ਰਾਤ ਦਿਨੇ ਜਿਨ੍ਹਾਂ ਭਾਰੇ ਜੋਧ ਕੱਟੇ ਝੱਲੀ ਦਿਹਾਂ ਉਤੇ ਕਠਨਤਾਈ ਵੱਡੀ
ਸਿੱਖੀ ਸਿਦਕ ਨਿਭਾਯਾ ਕਰਤਾਰ ਸਿੰਘਾ ਅਤੇ ਦਾਤ ਗਰੀਬੀ ਦੀ ਪਾਈ ਵੱਡੀ

(ਤਥਾ)

ਓਹਨਾਂ ਸਾਰਯਾਂ ਸਿੱਖਾਂ ਨੂੰ ਸਤਿਗੁਰਾਂ ਨੇ ਮੰਜੀ ਸਾਹਿਬ ਬਹਿ ਪਾਸ ਬੁਲਾਇਆ ਜੀ
ਬੱਬਾ ਬੁੱਢਾ ਸਾਹਿਬ ਅਤੇ ਭਾਈ ਭੁਗਤੂ ਬਹਿਲੋ ਸੱਦ ਕੇ ਪਾਸ ਬੈਠਾਇਆ ਜੀ
ਜੇਠਾ ਪੈੜਾ, ਪਿਰਾਣਾ ਤੇ ਉਮਰ ਸ਼ਾਹ ਭੀ ਭਾਈ ਉਗਰੂ ਕਲਯਾਨਾ ਗਣਾਇਆ ਜੀ
ਸੱਲੋ ਆਦਿਕ ਸਿੱਖ ਕਰਤਾਰ ਸਿੰਘਾ ਗੁਰਾਂ ਸਭ ਤਈਂ ਵਡਿਆਇਆ ਜੀ

(ਤਥਾ)

ਬੱਬੇ ਬੁੱਢੇ ਜੀ ਨੂੰ ਕਿਹਾ ਹੱਸ ਗੁਰ ਜੀ ਤੁਸੀਂ ਵੱਡੇ ਗੁਰਾਂ ਵਡਿਆਇ ਹੋਇਓ
ਅਸੀਂ ਹੋਰ ਤੁਸਾਂ ਤਾਈਂ ਕੀਹ ਦੱਈਏ ਗੁਰੂ ਨਾਨਕ ਦੇਵ ਰਿਝਾਇ ਹੋਇਓ
ਅਸੀਂ ਸੰਗਤ ਆਪ ਨੂੰ ਬਖਸ਼ਦੇ ਹਾਂ ਗੁਰੂ ਘਰ ਅੰਦਰ ਅਪਨਾਇ ਹੋਇਓ
ਤੁਸੀਂ ਜੀਵਨ ਮੁਕਤ ਕਰਤਾਰ ਸਿੰਘਾ ਗੁਰੂ ਰੂਪ ਦੇ ਵਿੱਚ ਸਮਾਇ ਹੋਇਓ

(ਤਥਾ)

ਏਸੇ ਤਰ੍ਹਾਂ ਉਪਰ ਲਿਖੇ ਪਜਾਰਿਆਂ ਨੂੰ ਰਿੱਧਾਂ ਸਿੱਧਾਂ ਦੇ ਇਕੇ ਭਰਪੂਰ ਕੀਤਾ
ਉਮਰ ਸ਼ਾਹ ਬਹਿਲੋ ਭਾਈ ਭਗਤੂ ਦਾ ਬੜਾ ਮਾਲਵੇ ਵਿੱਚ ਜ਼ਹੂਰ ਕੀਤਾ
ਹੁਣ ਤੱਕ ਉਹ ਗੱਦੀਆਂ ਮੰਨੀਦੀਆਂ ਸਭ ਨੂੰ ਬਰਕਤਾਂ ਨਾਲ ਮਾਮੂਰ ਕੀਤਾ
ਤਰੇ ਸਿੱਖ ਅਨੇਕ ਕਰਤਾਰ ਸਿੰਘਾ ਜਮਨ ਮਰਨ ਸੈ ਜੀਆਂ ਦਾ ਦੂਰ ਕੀਤਾ

(ਵਾਕ ਕਵੀ)

ਸ੍ਰੀ ਅੰਮ੍ਰਿਤਸਰ ਤੇ ਹਰੀ ਮੰਦਰ ਹੋਇ ਸੰਪੂਰਨ ਖੁਸ਼ੀ ਮਨਾਨ ਗੁਰ ਜੀ
ਮਹਿਮਾ ਸਰ ਅਤੇ ਸ੍ਰੀ ਹਰੀ ਮੰਦਰ ਉਚਰ *ਬਾਣੀ ਦ੍ਵਾਰਾ ਸੁਣਾਨ ਗੁਰ ਜੀ

---

*ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਪੈੜੇ ਜ਼ਾਤ ਦੇ ਛੱਜਲ ਤੇ ਭਾਈ ਨੰਦੂ ਸੰਘਰ ਜ਼ਾਤ ਵਾਲੇ ਦੇ ਪੁੱਛਨ ਪਰ ਸ੍ਰੀ ਅਮਰਤਸ੍ਰੋਵਰ ਜੀ ਦੀ ਮਹਿਮਾ ਵਰਨਨ ਕੀਤੀ, ਜੋ ਇਸ ਪਰਕਾਰ ਹੈ:–

"ਸ੍ਰੀ ਸਤਿਗੁਰ ਤੀਸਰ ਪਤਸ਼ਾਹੂ, ਹਮਰੇ ਪਿਤਾ ਹਮਾਰੇ ਪਾਹੁ। ਕਰਯੋ ਬਚਨ ਕਲਜੁਗ ਕੇ ਜੀਵ। ਸਗਰੀ ਸਕਤ ਬਹੀਨੇ ਥੀਵ। ਇਕ ਤੋ ਭਈ ਆਰਜਾ ਛੋਟੀ, ਹੀਨ ਪਦਾਰਥ ਬੁੱਧੀ ਖੋਟੀ। ਕਰ ਨ ਸਕਹਿੰ ਸਭ ਤੀਰਥ ਮੱਜਨ, ਬਿਧ ਸੋ ਦਾਨ ਦੇਹਿੰ ਨਹਿ ਸ੍ਵਜਨ। ਇਸ ਕਾਰਨ ਤੇ ਤੀਰਥ ਮਹਾਂ। ਮੱਦਰ ਦੇਸ ਮਹਿ ਰਚੀਅਹਿ ਵਹਾਂ। ਤੀਨ ਲੋਕਕੇ ਤੀਰਥ ਜੋਇ। ਸਭ ਕੋ ਫਲ ਸ੍ਨਾਨ ਤੇ ਹੋਇ। ਇਸ ਥਲ ਥੇਹ ਬਤਾਇਉ ਜਬੈ। ਹਮਰੇ ਪਿਤਾ ਖਨਾਇਓ ਤਬੈ। ਸ੍ਰੀ ਅੰਮ੍ਰਿਤਸਰ ਰਖਯੋ ਨਾਮੂ। ਚਤਰ ਪਦਾਰਥ ਕੋ ਨਿੱਤ ਧਾਮੂ। ਕਾਂਸ਼ੀ ਆਦਿਕ

(ਬਾਕੀ ਦੇਖੋ ਸਫ਼ਾ ੫੭)

ਸਭਤੀਰਥਾਂਤੋਂਉੱਚਾਇਹਤੀਰਥਕਈਆਂਰੰਗਾਂਵਿਚ*ਸ਼ਬਦਰਚਾਨਗੁਰਜੀ
ਜਗਤ ਭਲੇ ਦੇ ਹੇਤ ਕਰਤਾਰ ਸਿੰਘਾਉੱਪਰ ਧਰਤਬੈਕੁੰਠਦਖਾਨ ਗੁਰ ਜੀ

(੫੬ ਸਫ਼ੇ ਦੀ ਬਾਕੀ)

ਤੀਰਥ ਸਭੈ। ਇਸਕੀ ਸ਼ਰਨ ਰਹੈਂ ਪਰ ਅਬੈ। ਬਰਤੈ ਕਾਲ ਕਲੀ ਕੋ ਘੋਰੈ। ਕਿਸਕੀ ਸੱਤਯਾ ਕੋ ਨਹਿੰ ਛੋਰੈ। ਬਰਤ ਦਾਨ ਜਪੁ ਤੀਰਥ ਜੇਤੇ। ਕਰਹਿੰ ਨਿਵਾਸ ਇਸੀ ਮਹਿ ਤੇਤੇ। ਤੀਰਥ ਰਾਜ ਇਹ ਹੋਇ ਬਿਸਾਲਾ। ਗੰਗਾ ਲੋਪ ਹੋਇ ਤਿਸ ਕਾਲਾ। ਕੋਸਨ ਲੌ ਇਸਕੇ ਚੌਫੇਰੇ। ਸੰਤ ਰਿਖਨ ਕੇ ਥਿਰਵੈਂ ਡੇਰੇ। ਯਾਂ ਤੇ ਕਰੌ ਤਾਲ ਇਸ਼ਨਾਨਾ। ਤੁਮਰੀ ਹੋਵੇਗੀ ਕਲਯਾਨਾ। ਸੂ: ਪ੍ਰ: ਦੂਜੀ ਰਾਸ, ਅਧਯਾਯ ੫੬।

*ਹਰਿ ਜਪੇ ਹਰਿ ਮੰਦਰੁ ਸਾਜਿਆ ਸੰਤ ਭਗਤ ਗੁਣ ਗਾਵਹਿ ਰਾਮ।
ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪਨਾ ਸਗਲੇ ਪਾਪ ਤਜਾਵਹਿ ਰਾਮ। [ਸੂਹੀ ਮ: ੫ ਛੰਤ
ਮੇਰਾ ਘਰੁ ਬਨਿਆ ਬਨੁ ਤਾਲੁ ਬਨਿਆ ਪ੍ਰਭ ਪਰਸੇ ਹਰਿ ਰਾਇਆ ਰਾਮ।
[ਸੂਹੀ ਮ: ੫ ਛੰਤ

ਤਥਾ–ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ। ਬਧੋ ਪੁਰਖਿ ਬਿਧਾਤੈ ਤਾਂ ਤੂ ਸੋਹਿਆ।
ਵਸਦੀ ਸਘਨ ਅਪਾਰ ਅਨੂਪ ਰਾਮਦਾਸਪੁਰ।
ਹਰਿਹਾਂ ਨਾਨਕ ਕਸਮਲ ਜਾਹਿਨਾਇਐ ਰਾਮਦਾਸਸਰ। [ਫੁਨਹੇ ਮ: ੫
ਸੰਤਹੁ ਰਾਮਦਾਸ ਸਰੋਵਰੁ ਨੀਕਾ। ਜੋ ਨਾਵੈ ਸੋ ਕੁਲੁ ਤਰਾਵੈ ਉਧਾਰੁ ਹੋਆ ਹੈ ਜੀਕਾ।
ਸੰਤ ਸਰੋਵਰ ਨਾਵੈ। ਸੋ ਜਨੁ ਪਰਮ ਗਤਿ ਪਾਵੈ। [ਨ ੪ਮ ਓਦਖ਼–
ਮਰੈ ਨ ਆਵੈ ਜਾਈ। ਹਰਿ ਹਰਿ ਨਾਮੁ ਧਿਆਈ। [ਸੋਰਠ ਮ: ੫

ਗੁਰ ਇਤਿਹਾਸ ਲੜੀ ਪੰਜਵੀਂ (੫)

ਸ੍ਰੀ ਉਪਕਾਰੀ ਜੋਤ

ਅਰਥਾਤ

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਪੰਜਾਬੀ ਬੈਂਤਾਂ ਵਿਚ ਸੰਪੂਰਨ ਬ੍ਰਿਤਾਂਤ

ਜਿਸ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਗੁਰ ਗੱਦੀ ਤੇ ਬੈਠਣਾ, ਵਡੇ ਭਰਾਤਾ ਪ੍ਰਿਥੀ ਚੰਦ ਦਾ ਵਿਰੋਧ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਅੰਮ੍ਰਿਤਸਰ ਤਾਲ ਲਗਾਵਨਾ, ਅੰਮ੍ਰਿਤਸਰ ਸ਼ਹਿਰ ਵਸਾਨਾ, ਸ੍ਰੀ ਹਰਿਮੰਦਰ ਸਾਹਿਬ ਜੀ ਦੀ ਬਨਾਵਟ, ਸਿੱਖਾਂ ਦੀਆਂ ਘਾਲਣਾਂ, ਸ੍ਰੀ ਗੁਰੂ ਜੀ ਨੇ ਵਡਾਲੀ ਚਲਿਆਂ ਜਾਣਾ, ਸ੍ਰੀ ਹਰਿ ਗੋਬਿੰਦ ਸਾਹਿਬ ਜੀ ਦਾ ਅਵਤਾਰ ਧਾਰਨਾ, ਪ੍ਰਿਥੀ ਚੰਦ ਨੇ ਸ੍ਰੀ ਹਰਿ ਗੋਬਿੰਦ ਸਾਹਿਬ ਜੀ ਦੇ ਮਰਵਾਨ ਵਾਸਤੇ ਬੜੇ ਹੀਲੇ ਕਰਨੇ, ਅੰਮ੍ਰਿਤਸਰ ਛਡਕੇ ਹੇਹਰੀਂ ਜਾ ਰਹਿਨਾ, ਸੁਲਹੀ ਖਾਨ ਦੀ ਮਦਦ ਨਾਲ ਦਿੱਲੀ ਬਾਦਸ਼ਾਹ ਪਾਸ ਫਰਯਾਦੀ ਹੋਣਾ, ਸੁਲਹੀ ਤੇ ਸੁਲਭੀ ਦਾ ਮਰਨਾ, ਸ੍ਰੀਤਰਨ ਤਾਰਨ ਅਤੇ ਕਰਤਾਰ ਪੁਰੇ ਦਾ ਵਸਨਾ, ਚੰਦੂ ਦਾ ਵਿਰੋਧ, ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬੀੜ ਤਿਆਰ ਕਰਨੀ, ਗੁਰੂ ਜੀ ਨੇ ਅਨੇਕ ਸਿੱਖਾਂ ਸੇਵਕਾਂ ਨੂੰ ਤਾਰਨਾ, ਅਖੀਰ ਚੰਦੂ ਦੇ ਵਿਰੋਧ ਦੇ ਕਾਰਨ ਸੀ ਗੁਰੂ ਜੀ ਨੇ ਲਾਹੌਰ ਜੋਤੀ ਜੋਤ ਸਮਾ ਜਾਣਾ ਆਦਿ ਬੜੇ ੨ ਸਵਾਦਲੇ ਤੇ ਰਸੀਲੇ ਪ੍ਰਸੰਗ ਦਰਜ ਹਨ। ਪਾਠਕ ਜੀ! ਮੰਗਵਾਕੇ ਜ਼ਰੂਰ ਪੜੋ।

(ਸੰਗਤਾਂ ਦੀਆਂ ਖੁਸ਼ੀਆਂ)

ਬਣਯਾਂਵਿੱਚ ਤਲਾਬਦੇਹਰੀਮੰਦਰ ਵੇਖਨਹਿੰਦੂ ਅਤੇ ਮੁਸਲਮਾਨ ਆ ਆ
ਸੋਭਾਨਜ਼ਰਅਚਰਜ ਹੀ ਆਇ ਰਹੀ ਦੂਰਦੂਰਤੋਂ ਲੋਕੀ ਸਲਾਹਨ ਆ ਆ
ਤੇ ਅਲੌਕਿਕ ਬਰਕਤਾਂਨਜ਼ਰਆਵਨ ਵੈਰੀ ਸੱਜਨ ਸੀਸ ਝੁਕਾਨ ਆ ਆ
ਸੁਣ ਸੁਣਕੇ ਸੰਗਤਾਂ ਆਉਣ ਦੂਰੋਂ ਖੁਸ਼ੀ ਵੇਖ ਪ੍ਰਤਾਪ ਮਨਾਨ ਆ ਆ
ਗੁਰੂ ਘਰ ਦਾ ਵਧਯਾ ਸ਼ਾਨ ਬਹੁਤਾ ਸਿੱਖ ਸ਼ਰਧਾ ਸੁੱਧ ਵਧਾਨ ਆ ਆ
ਦੂਰੋਂ ਨੇੜਯੋਂਚੱਲ ਕਰਤਾਰਸਿੰਘਾ ਸਿੱਖਸੰਗਤਾਂ ਕਰਨਅਸ਼ਨਾਨ ਆ ਆ

(ਵਾਕ ਕਵੀ)

ਸਿੱਖਾਂ ਸਰ ਅਤੇ ਮੰਦਰ ਰਚਣ ਅੰਦਰ ਸੇਵਾ ਹੋ ਨਿਰਮਾਨ ਕਮਾਈ ਵੱਡੀ
ਬਿਨ੍ਹਾਂ ਵਾਸ਼ਨਾ ਤੋਂ ਜਿੱਨ੍ਹਾਂ ਕਰੀ ਸੇਵਾ ਓਨ੍ਹਾਂ ਪਾਈ ਦੇਖੋ ਵਡਿਆਈ ਵੱਡੀ
ਅੱਜ ਤੱਕ ਉਹ ਪੂਜੀਦੇ ਦੇਸ ਅੰਦਰ ਚਲੀ ਮਾਨ ਪ੍ਰਤਿਸ਼ਟਾ ਆਈ ਵੱਡੀ
ਹੁਣ ਤੱਕ ਉਹ ਗੱਦੀਆਂ ਮੱਨੀਦੀਆਂ ਗੁਰ ਸੇਵਾ ਦੀ ਉੱਚੀ ਗੁਵਾਹੀ ਵੱਡੀ
ਜਿੱਨ੍ਹਾਂ ਵਾਸ਼ਨਾ ਰੱਖ ਕੇ ਕਰੀ ਸੇਵਾ ਦੁੱਧ ਪੁੱਤ ਤੇ ਲੱਛਮੀ ਪਾਈ ਵੱਡੀ
ਕਲਪ ਬ੍ਰਿਛ ਗੁਰ ਘਰ ਕਰਤਾਰਸਿੰਘਾ ਮੋਖ ਭੋਗ ਦੀ ਸ਼ਕਤ ਸਮਾਈ ਵੱਡੀ

(ਤਥਾ)

ਸਿੱਖੀਤਿੱਖੀਤਲਵਾਰਦੀਧਾਰਨਾਲੋਂਸਹਿਜੇਮੁਕਤਪਾਇਲੰਘਜਾਇ ਜਿਹੜਾ
ਰਿੱਧ ਸਿੱਧ ਨੌਨਿੱਧ ਦਾ ਬਣੇ ਮਾਲਕ ਮੁਰਦਾ ਹੋ ਗੁਰ ਗੋਰ ਸਮਾਇ ਜਿਹੜਾ
ਜੀਊਂਦਾਮਰਜਾਵੇ ਪਾਵੇਮੋਖ ਪਦਵੀ ਮਨ ਮਾਰ,ਨ ਆਪਾ ਜਨਾਇ ਜਿਹੜਾ
ਵਾਂਗ ਨਟ ਦੇ ਡਿੱਗਕੇ ਮਰ ਜਾਵੇ ਅੱਖ ਫਰਕ ਜੇ ਰਿਦਾ ਡੁਲਾਇ ਜਿਹੜਾ
ਹੈਸਿੱਖੀ ਤੇਹਉਮੇਂ ਦਾ ਵੈਰਭਾਰਾਖ਼ਾਲੀਰਹਿਜਾਇ, ਹਉਮੈਂ ਜਨਾਇ ਜਿਹੜਾ
ਸਿੱਖੀਫਿੱਕੀਅਲੂਣੀਸਿਲਚੱਟਣੀ ਹੈ ਅੰਤਅਮਰਹੋਸਿਦਕਨਿਬਾਹਿ ਜਿਹੜਾ
ਧੰਨ ਗੁਰੂ ਤੇ ਗੁਰੂ ਦੀ ਧੰਨ ਸਿੱਖੀ ਪਾਇ ਓਹੋ ਹੀ ਜੋਧ ਕਮਾਇ ਜਿਹੜਾ
ਗਲੀਯਾਰ ਦੀਵੜੇ ਕਰਤਾਰਸਿੰਘਾ ਸਿਰਤਲੀ ਤੇਪਹਿਲਾਂਟਿਕਾਇ ਜਿਹੜਾ

ਭਾਈ ਬਹੋੜੂ ਦਾ ਸਿਦਕ

ਇਹ ਬਹੋੜੂਭੀ ਮਾਲਵੇ ਦੇਸ ਅੰਦਰ ਗਿੱਲ ਜ਼ਾਤ ਦਾ ਸੀ ਜ਼ਿਮੀਦਾਰ ਆਹਾ
ਨਾਮਵਰ ਬਹਾਦਰ ਜ਼ੋਰ ਵਾਲਾ ਵੱਡਾ ਧਾੜਵੀ ਤੇ ਡਾਕੇ ਮਾਰ ਆਹਾ
ਭਾਈ ਭੂੰਦੜ ਦਾ ਹੋਯਾ ਸੰਗਤੀ ਇਹ ਲਿਆ ਓਸ ਸਿੱਖੀ ਵਿੱਚ ਢਾਰ ਆਹਾ

ਓਹਦੇਨਾਲ ਆਯਾ ਗੁਰ ਦਰਸ਼ਨਾਂਨੂੰ ਸਿਖ ਬਣਗਿਆ ਸਿਦਕ ਧਾਰ ਆਹਾ
ਬਣ ਰਿਹਾ ਸਰੋਵਰ ਹਰੀ ਮੰਦਰ ਕੀਤੀ ਤਨੋ ਮਨੋ ਹੋ ਕੇ ਕਾਰ ਆਹਾ
ਬਣਯਾਂ ਪੂਰਨ ਸਿਖ ਕਰਤਾਰਸਿੰਘਾ ਕੀਤੀ ਮਿਹਰਦਾਤਾਰ ਕਰਤਾਰ ਆਹਾ

(ਤਥਾ)

ਵਿਦਾ ਹੋ ਸਤਿਗੁਰਾਂ ਤੋਂ ਚਲਾ ਗਿਆ ਘਰ ਜਾਕੇ ਕਾਰ ਕਮਾਨ ਲੱਗਾ
ਧਰਮਕਿਰਤ ਕਰਦਾ ਬਾਨੀਨਿੱਤਪੜ੍ਹਦਾ ਜੋ ਕਮਾਇ ਸੋ ਵੰਡਕੇ ਖਾਨ ਲੱਗਾ
ਸਾਧ ਸੰਤ ਦੀ ਕਰਦਾ ਬਹੁਤ ਸੇਵਾ ਚੰਗਾ ਸੋਹਣਾ ਨਮੂਨਾ ਦਖਾਨ ਲੱਗਾ
ਪਿੰਡ ਆਪਣੇ ਵਿੱਚ ਕਰਤਾਰ ਸਿੰਘਾ ਗੁਰ ਸਿੱਖੀ ਦੇ ਤਈਂ ਵਧਾਨ ਲੱਗਾ

(ਇੱਕ ਠੱਗ)

ਇੱਕ ਠੱਗ ਬਣਕੇ ਸਿੱਖ ਆਇਗਿਆ ਸੇਵਾ ਓਹਦੀ ਬਹੋੜੂਕਮਾਇ ਚੰਗੀ
ਦੋਵੇਂ ਵਕਤ ਅਸ਼ਨਾਨ ਕਰਵਾਕਰਕੇ ਰੋਟੀ ਸੋਹਣੀਬਣਵਾ ਖੁਆਇ ਚੰਗੀ
ਸੱਤ ਸੰਗ ਦੀਆਂ ਗੱਲਾਂ ਰਹੇ ਕਰਦਾ ਮੁੱਠੀ ਚਾਪੀ ਪ੍ਰੀਤ ਵਧਾਇ ਚੰਗੀ
ਭਲੇ ਲਈ ਸਭ ਭਲੇ ਕਰਤਾਰਸਿੰਘਾ ਬੁਰਾ ਨਹੀਂ ਕਰਤੂਤ ਦਖਾਇ ਚੰਗੀ

(ਠੱਗ ਦੀ ਕਰਤੂਤ)

ਦਿਨ ਵੀਹ ਕੁ ਉਹ ਰਿਹਾ ਠੱਗ ਓਥੇ ਸੀ ਬਹੋੜੂ ਦੀਬੇਟੀ ਜਵਾਨ ਭਾਈ
ਆਪੋ ਵਿੱਚ ਦੋਵੇਂ ਰਜਾਮੰਦ ਹੋ ਗਏ ਭੇਦ ਭਾਈ ਦੇ ਪਾਸੋਂ ਛੁਪਾਨ ਭਾਈ
ਇਸ਼ਕਮੁਸ਼ਕ ਗੁੱਝਾਨਹੀਂ ਕਦੇ ਰਹਿੰਦਾ ਗਿਆ ਗੱਲਬਹੋੜੂ ਪਛਾਨ ਭਾਈ
ਸਿੱਖ ਸਮਝ ਬਹੋੜੂ ਕਰਤਾਰ ਸਿੰਘਾ ਕੀਤੀ ਮੂਲ ਨ ਰਿਦੇਗਲਾਨ ਭਾਈ

(ਧੀਰਜ ਦੀ ਹੱਦ)

ਇੱਕਦਿਨ ਪਿਛਲੀਰੱਤੇ ਉੱਠਯਾਜਾਂ ਹੱਦਧੀਰਜਦੀ ਕਰਦਿਖਾਇ ਗਿਆ
ਠੱਗ ਅਤੇ ਬੇਟੀ ਕੱਠੇ ਵੇਖ ਸੁੱਤੇ ਚਾਦਰ ਆਪਣੀ ਦੋਹਾਂ ਤੇ ਪਾਇ ਗਿਆ
ਆਪ ਚਲਾਗਿਆ ਅਸ਼ਨਾਨ ਕਰਨੇ ਪਾਪ ਵੇਖ ਅਣਡਿੱਠ ਕਰਾਇ ਗਿਆ
ਧੀਰਜਏਸਦਾਨਾਮ ਕਰਤਾਰਸਿੰਘਾ ਦੁਨੀਆਂਵਿੱਚ ਨਮੂਨਾਰਖਾਇ ਗਿਆ

{ ਠੱਗ ਨੇ ਭੇਦ ਖੁੱਲ੍ਹਣ ਦੇ ਡਰ ਤੋਂ ਭਾਈ ਬਹੋੜੂ ਦਾ ਮਾਲ ਮਤਾਹ ਚੁਰਾਕੇ ਨੱਠ ਜਾਣਾ ਤੇ ਬਹੋੜੂ ਜੀ ਦਾ ਹੌਸਲਾ }

ਉੱਠੀ ਕੁੜੀ ਤੇ ਪਿਉ ਦੀ ਵੇਖ ਚਾਦਰ ਓਸ ਠੱਗ ਤਾਂਈ ਸਮਝਾਇਆ ਜੀ
ਭੇਦ ਖੁੱਲ੍ਹ ਗਿਆ ਹੁਣ ਤੂੰਜਾਹ ਏਥੋਂ ਡਰ ਓਸਦੇ ਦਿਲ ਤੇ ਪਾਇਆ ਜੀ
ਓਸ ਠੱਗ ਨੇ ਰਾਤ ਨੂੰ ਦਾ ਲਾ ਕੇ ਸਭ ਮਾਲ ਮਤਾਹ ਚੁਰਾਇਆ ਜੀ

ਰਾਤਪਿਛਲੀ ਗਿਆ ਬਹੋੜੂਬਾਹਿਰ ਗੱਠ ਬੰਨ੍ਹ ਉਹਬਾਹਰਨੂੰਧਾਇਆ ਜੀ
ਰਸਤੇ ਵਿਚ ਬਹੋੜੂਭੀ ਮਿਲ ਪਿਆਪਾਪ ਪੱਪੀ ਦਾ ਚਿਤ ਕੰਬਾਇਆ ਜੀ
ਗੱਠ ਡਿੱਗ ਪਈਓਹਦੇ ਸਿਰ ਉੱਤੋਂ ਓਹਦੇਪਾਸਬਹੋੜੂਚੱਲਆਇਆ ਜੀ
ਓਹਨੂੰ ਧੀਰਜ ਦੇਇਕੇ ਗੱਠ ਸਣੇ ਮੋੜ ਆਪਣੇ ਘਰ ਲਿਆਇਆ ਜੀ
ਸਣੇ ਬੇਟੀ ਦੇ ਹੋਰ ਸਮਾਨ ਦੇਇ ਕੇ ਨਾਲ ਜਾਕੇ ਘਰ ਪੁਚਾਇਆ ਜੀ
ਸਿੱਟਾਨਿਕਲਯਾ ਸਿਦਕਦੇਹੌਸਲੇ ਦਾਓਸ ਠੱਗ ਉੱਤੇਪਿਆ ਸਾਇਆ ਜੀ
ਕਰਨੀ ਆਪਣੀ ਉੱਤੇਕਰਤਾਰ ਸਿੰਘਾ ਠੱਗ ਬੈਠ ਡਾਢਾ ਪਛਤਾਇਆ ਜੀ

(ਠੱਗ ਨੇ ਬਹੋੜੂ ਦੀ ਸ਼ਰਨ ਫੜਨੀ)

ਨੇਕ ਨੀਤੀ ਸਚਾਈ ਦੇ ਤੀਰ ਤਿੱਖੇ ਵੱਜੇ,ਠੱਗ ਤਾਂਈਂ,ਪਛਤਾਇ ਡਿੱਗਾ
ਪੂਰੇ ਸਿੱਖਦੀਸ਼ਾਂਤੀ ਕੱਮਕਰਗਈਬੁਰਜਪਾਪਵਾਲਾਗਿੜਗਿੜਾਇ ਡਿੱਗਾ
ਟੁੱਟੀ ਧੀਰਜ ਤੇ ਰਿਦਾ ਕੰਬਜਾ ਆ ਕੀਤੀ ਆਪਣੀਤੋਂ ਡਰ ਖਾਇ ਡਿੱਗਾ
ਬੇਟੀ ਸਿੱਖ ਦੀ ਸਣੇਕਰਤਾਰ ਸਿੰਘਾਚਰਨੀਂਮੁੜਬਹੋੜੂ ਦੀ ਆਇ ਡਿੱਗਾ

(ਠੱਗ ਦੇ ਤਰਲੇ)

ਤਿੱਖੀਧੀਰਜਦੀਐਸੀਤਲਵਾਰਚੱਲੀਹਿਰਦਾ ਚੀਰ ਕਰਗਈ ਦੁਫਾਰ ਮੇਰਾ
ਮੇਰੇ ਪਾੱਸੋਂ ਹੈ ਭਾਰਾ ਕਸੂਰ ਹੋਯਾ ਜਿਉਂ ਜਾਣਦੇ ਕਰੋ ਉਧਾਰ ਮੇਰਾ
ਮੈਂ ਤੁਸਾਂ ਨੂੰ ਜੱਗ ਬਦਨਾਮ ਕੀਤਾ ਕਾਲਾ ਮੁੱਖ ਹੋ ਗਿਆ ਸੰਸਾਰ ਮੇਰਾ
ਖਾਣਾ ਪੀਣਾ ਹੋ ਗਿਆ ਹਰਾਮ ਸਾਰਾ ਦੇਇਆਤਮਾਰਿਹਾ ਫਿਟਕਾਰ ਮੇਰਾ
ਜਿਹੜੀ ਦਿਲ ਚਾਹੇ ਦੇਹਸਜਾ ਮੈਨੂੰ ਚਾਹਿਮਾਰ, ਦਿਹ ਸਿਰ ਉਤਾਰ ਮੇਰਾ
ਦਿਲ ਦੁਖੀ ਹੋ ਰਿਹਾ ਕਰਤਾਰ ਸਿੰਘਾ ਚਿੱਤ ਵਿੱਚ ਚਿੰਤਾ,ਬੇ ਕਰਾਰ ਮੇਰਾ

(ਭਾਈ ਬਹੋੜੂ ਜੀ)

ਮੇਰਾ ਕੁਝ ਨ ਜੋ ਕੁਝ ਗੁਰੂ ਦਾ ਹੈ ਓਹ ਆਪ ਹੀ ਬਖਸ਼ਣੇਹਾਰ ਤੈਨੂੰ
ਚੱਲ ਓਸੇ ਹੀ ਦੀਨ ਦਯਾਲ ਦੇ ਮੈਂ ਲੈ ਚੱਲਦਾ ਵਿਚ ਦਰਬਾਰ ਤੈਨੂੰ
ਜੋ ਕਸੂਰ ਕੀਤਾ ਸੋ ਤੂੰ ਉਨ੍ਹਾਂ ਦਾ ਹੀ ਓਹੋ ਡੁੱਬਦੇ ਨੂੰ ਕਰਨ ਪਾਰ ਤੈਨੂੰ
ਚੱਲ ਫੜ ਲੈ ਸ਼ਰਨ ਕਰਤਾਰ ਸਿੰਘਾ ਮਿਹਰ ਕਰਕੇ ਦੇਣਗੇ ਤਾਰ ਤੈਨੂੰ

(ਭਾਈ ਬਹੋੜੂ ਨੇ ਸਤਿਗੁਰਾਂ ਦੇ ਪਾਸ ਠੱਗ ਸਣੇ ਹਾਜ਼ਰ ਹੋਣਾ)

ਭਾਈਬਹੋੜੂਲੈਠੱਗਤੇ ਬੇਟੀਤਾਂਈ ਚੱਲਸ਼ਰਨ ਸਤਿਗੁਰਾਂਦੀਆਇਆ ਜੀ
ਅੱਗੋਂ ਉੱਠਸਤਿਗੁਰਾਂ ਨੇਨਾਲਆਦਰਛਾਤੀ ਨਾਲਬਹੋੜੂਨੂੰਲਾਇਆ ਜੀ
ਤਿੰਨ ਵਾਰਕਿਹਾ ਮੂਹੋਂ ਧੰਨ ਸਿੱਖੀਬੜਾ ਵਿਚਦੀਵਾਨ ਵਡਿਆਇਆ ਜੀ

ਖੋਲ੍ਹ ਆਪ ਪ੍ਰਸੰਗ ਸਤਿਗੁਰੂ ਜੀ ਨੇ ਸਾਰਾ ਸੰਗਤਾਂ ਤਈਂ ਸੁਣਾਇਆ ਜੀ
ਬੜਾ ਅਸਰ ਪਿਆਓਸ ਠਗ ਉੱਤੇ ਤ੍ਰਾਹਿਤ੍ਰਾਹਿਕਰਕੇ ਘਿਘਆਇਆ ਜੀ
ਗੁਰਾਂ ਬਖਸ਼ਯਾ ਓਹਨੂੰਕਰਤਾਰਸਿੰਘਾਪਿੱਛੇ ਸਿੱਖ ਦੇ ਠੱਗ ਤਰਾਇਆ ਜੀ

(ਵਾਕ ਕਵੀ)

ਓਸ ਵੇਲੇ ਦੇ ਸਿੱਖ ਸਨ ਇਸਤਰਾਂ ਦੇਵੱਡੀ ਧੀਰਜਧਰਮ ਰਖਾਵੰਦੇ ਸਨ
ਓਹ ਕਰਨੀਦੇਸੂਰਮੇਹੋਵੰਦੇਸਨ ਮੂਖਦੀ ਕਹਿਣ੍ਯੋਂ ਸਦਾ ਸ਼ਰਮਾਵੰਦੇ ਸਨ
ਹੁੰਦੀ ਜ਼ਿੰਦਗੀ ਚੰਦਨ ਵਾਂਗ ਸੁੱਚੀ ਨਾਲ ਜਿਸਦੇ ਪੱਲਾ ਛੁਹਾਵੰਦੇ ਸਨ
ਓਹਨੂੰ ਆਪਣੇ ਜਿਹਾ ਹੀ ਕਰਲੈਂਦੇ ਸੋਹਣੀਵਾਸ਼ਨਾਸਾਰੇ ਖਿਡਾਵੰਦੇ ਸਨ
ਸਿੱਖੀ ਬੀਜ ਜਾਂਦੇ, ਪਿੱਛੇਉੱਗਪੈਂਦੀ ਜਿਹੜੇਰਾਹ ਕਦੇਲੰਘਜਾਵੰਦੇ ਸਨ
ਹੁੰਦੇ ਜੀਵਨ ਉਨ੍ਹਾਂ ਦੇ ਬਹੁਤ ਉੱਚੇ ਜੋ ਕਹਿੰਦੇ ਸੋ ਕਰ ਦਿਖਾਵੰਦੇ ਸਨ
ਖਾਲੀ ਜਾਵੰਦੇ ਕਦੇ ਨ ਤੀਰ ਛੁਟੇ ਮੂੰਹੋਂ ਸਹਿਜ ਸੁਭਾਵ ਚਲਾਵੰਦੇ ਸਨ
ਉਹਨਹੀਂਸਨ ਨਿਰੇਬਕਵਾਸਕਰਦੇ ਨ ਦੀਵਾਨਾਂਦੇ ਵਿੱਚ ਕੁਰਲਾਵੰਦੇ ਸਨ
ਕਰਨੀਉਨ੍ਹਾਂਦੀਸੀਉਪਦੇਸ਼ ਲੈਕਚਰਲੋੱਕੀਆਪੇਅਸਰਹੇਠਾਂਆਵੰਦੇ ਸਨ
ਛੋਹਕੇ ਪਾਰਸ ਵਾਂਗ ਕਰਤਾਰ ਸਿੰਘਾ ਉਹ ਕੁਧਾਤ ਨੂੰ ਸ਼ੁੱਧ ਕਰਾਵੰਦੇ ਸਨ

(੧੬੪੭ ਵਿਸਾਖ ਨੂੰ ਸ੍ਰੀ ਤਰਨ ਤਾਰਨ ਦੀ ਨੀਂਹ ਰੱਖਣੀ)

ਸੋਲਾਂ ਸੋ ਛਿਤਾਲੀਏਂ ਵਿੱਚ ਫੱਗਨ ਸਿੱਖ ਮਾੱਝੇ ਦੇ ਪ੍ਰੇਮ ਜਤਾਵੰਦੇ ਨੇ
ਅੰਮ੍ਰਿਤਸਰ ਤੋਂ ਹੋਇ ਤਯਾਰ ਗੁਰ ਜੀ ਮੁਖ ਪੂਰਬ ਵੱਲ ਰਖਾਵੰਦੇ ਨੇ
ਡੇਰਾ ਜਾਇ ਜੰਡਯਾਲੇ ਦੇ ਵਿੱਚ ਲਾਯਾ ਹਿੰਦਾਲੀਏ ਟਹਿਲ ਕਮਾਵੰਦੇ ਨੇ
ਓਥੋਂ ਫੇਰ ਖਾਰੇ ਪਿੰਡ ਉੱਤਰੇ ਜਾ ਸਿੱਖਾਂ ਸੇਵਕਾਂ ਤਈਂ ਤਰਾਵੰਦੇ ਨੇ
ਖ਼ਾਨਵਾਲ ਦੀ ਰੋਹੀ ਦੇ ਵਿੱਚ ਜਾਕੇ ਡੇਰਾ ਹੇਠ ਦ੍ਰਖਤ ਲਗਾਵੰਦੇ ਨੇ
ਪਿਆ ਓਸ ਜ਼ਮੀਨ ਦਾ ਝਗੜਾ ਸੀ* ਦੋਹਾਂ ਧਿਰਾਂ ਨੂੰ ਗੁਰੂ ਬੁਲਾਵੰਦੇ ਨੇ
ਦੇਇਕੇ ਕੀਮਤ ਜ਼ਿਮੀ ਖ਼ਰੀਦ ਲਈ ਓਥੇ ਤਾਲ ਲਵਾਵਨਾ ਚਾਹਵੰਦੇ ਨੇ
ਦਿਣ ਗਿਆ ਸਤਾਰਾਂ ਵੈਸਾਖ ਹੈਸੀ ਹੱਥੀਂ ਗੁਰੂ ਜੀ ਟੱਪ ਲਗਾਵੰਦੇ ਨੇ
ਫ਼ਤ੍ਹਯਾਬਾਦੀਏ ਅਬਦੁਲਵਜ਼ੀਦ ਖ਼ਾਂ ਤੋਂ ਸ਼ਾਹੀਪਟਾ ਬੁਲਾਇਲਿਖਾਵੰਦੇ ਨੇ

*ਖ਼ਾਨ ਵਾਲ ਦੇ ਖੱਤ੍ਰੀਆਂ ਤੇ ਪਲਾਸੂਰ ਦੇ ਰੰਘੜਾਂ ਦਾ ਇਸ ਜ਼ਮੀਨ ਤੋਂ ਆਪਸ ਵਿੱਚ ਝਗੜਾ ਰਹਿੰਦਾ ਸੀ, ਗੁਰੂ ਜੀ ਨੇ ਦੋਹਾਂ ਧਿਰਾਂ ਨੂੰ ਬੁਲਾਕੇ ਆੱਖਯਾ ਕਿ ਏਥੇ ਸਾਡਾ ਤੀਰਥ ਹੈ,ਤੁਸੀਂ ਦੋਵੇਂ ਧਿਰਾਂ ਏਸ ਥਾਂ ਦਾ ਮੁਲ ਲੈ ਲਵੋ ਤੇ ਝਗੜਾ ਛੱਡ ਦੇਵੋ, ਓਹਨਾਂ ਦੋਹਾਂ ਧਿਰਾਂ ਨੇ ਮੱਨ ਲਿਆ ਤੇ ਸਤਿਗੁਰਾਂ ਨੇ ਕੀਮਤ ਦੇਇਕੇ ਫ਼ਤਯਾਬਾਦ ਦੇ ਹਾਕਿਮ ਦੀ ਰਾਹੀਂ ਪਟਾ ਲਿਖਵਾ ਲਿਆ ।

ਹੇ ਖਡੂਰ ਸਾਹਿਬੋਂ ਕਰਤਾਰ ਸਿੰਘਾ ਅੰਮ੍ਰਿਤਸਰ ਸਤਿਗੁਰੂ ਜੀ ਆਂਵਦੇ ਨੇ

(ਵਾਕ ਕਵੀ)

ਸੋਲਾਂਸੋ ਅਠਤਾਲੀਏਂ ਸਾਲ ਅੰਦਰ ਕੱਚਾ ਤਾਲ ਸਤਿਗੁਰਾਂ ਪੁਟਾਇਆ ਜੀ
ਨਾਲੇ ਪਿੰਡ ਵਸਾਵਣਾ ਸ਼ੁਰੂ ਕੀਤਾ ਤਰਨ ਤਾਰਨ ਨਾਮ ਸੁਣਾਇਆ ਜੀ
ਆਪ ਕਾਰ ਕਰਾਵੰਦੇ ਗੁਰੂ ਸੱਚੇ ਹੋਰ ਧਨ ਭੀ ਬਹੁਤ ਖ਼ਰਚਾਇਆ ਜੀ
ਮਾੱਝੇ ਦੇਸ ਦੇ ਵਿੱਚ ਕਰਤਾਰ ਸਿੰਘਾ ਬੜਾ ਤੀਰਥ ਇਹ ਪ੍ਰਗਟਾਇਆ ਜੀ

ਭਾਈ ਕੱਲਯਾਨੇ ਦੀ ਕਥਾ

ਸੋਲਾਂ ਸੌ ਸੈਂਤਾਲੀਏਂ ਬਿਕ੍ਰਮੀ ਨੂੰ ਸਤਿਗੁਰਾਂ ਦਾ ਸਿੱਖ ਸੁਜਾਨ ਭਾਈ
ਗਿਆ ਪਰਬਤਾਂ ਵੱਲ ਪ੍ਰਚਾਰ ਕਰਦਾ ਮੰਡੀ ਵਿੱਚ ਪੁੱਜਾ ਬੁਧੀਵਾਨ ਭਾਈ
ਸੱਤ ਸੰਗ ਬਣਾ ਕੇ ਰਹਿਣ ਲੱਗਾ ਸੋਹਣੀ ਵਾਸ਼ਨਾ ਲੱਗਾ ਖਿੰਡਾਨ ਭਾਈ
ਗੁਰਬਾਣੀ ਦਾ ਮਿੱਠਾ ਪ੍ਰਚਾਰ ਕਰਦਾ ਕਈ ਸਤ ਸੰਗੀ ਬਣੇ ਆਨ ਭਾਈ
ਕੁਝ ਅੱਗੇਭੀ ਸਿੱਖੀ ਸੀ ਸ਼ਹਿਰ ਅੰਦਰਕਿਤੇਕਿਤੇਟਾਵੀਂਟਾਵੀਂ ਜਾਨ ਭਾਈ
ਜਾਨਪਾਉਣਜਾਲੱਗਾਕਰਤਾਰਸਿੰਘਾ ਸਿੱਖੀਸਹਿਕਦੀਵਿੱਚਕੱਲਯਾਨਭਾਈ

(ਰਾਜਾ ਹਰੀ ਸੈਨ)

ਮੰਡੀ ਪਤ ਰਾਜਾ ਹਰੀਸੈਨ ਹੈਸੀ ਪੂਜਾ ਠਾਕਰਾਂ ਨਿੱਤ ਕਰਾਵੰਦਾ ਸੀ
ਹੈਸੀ ਅਸਲੋਂ ਚੇੱਲਾ ਬੈਰਾਗੀਆਂਦਾ ਨਿਹਚਾਪੱਥਰਾਂ ਉੱਤੇ ਰਖਾਵੰਦਾ ਸੀ
ਵਰਤ ਰੱਖਦਾ ਪੂਜਦਾ ਠਾਕਰਾਂ ਨੂੰ ਪਰਜਾ ਆਪਨੇ ਪਿੱਛੇ ਚਲਾਵੰਦਾ ਸੀ
ਜੋ ਨ ਮੰਨਦਾ ਹੁਕਮ ਕਰਤਾਰਸਿੰਘਾ ਓਹਨੂੰ ਫੜਕੇ ਸਜ਼ਾ ਦਵਾਵੰਦਾ ਸੀ

(ਠਾਕਰਾਂ ਦਾ ਵਰਤ)

ਜਨਮੱਸ਼ਟਮੀਦਾਦਿਨਆਇਗਿਆਢੌਂਡੀ ਫਿਰੀਸੁਣਹੁਕਮਪ੍ਰਤਾਇਕੋਈਨ
ਕੱਲਵਰਤਰੱਖੇ ਸਾਰਾਸ਼ਹਿਰਮੇਰਾ ਚੁੱਲ੍ਹਾਤਾਇ ਤੇ ਖਾਇ ਪਕਾਇ ਕੋਈ ਨ
ਸਾਰੇਸ਼ਹਿਰ ਦੇਵਿਚਨਅੱਗਬਲੀ ਬਿਨ੍ਹਾਂਵਰਤਨਿਗ੍ਹਾਕਿਤੇਆਇ ਕੋਈ ਨ
ਬੱਚੇਵਿਲਕਦੇ ਭੁੱਖੇ ਕਰਤਾਰਸਿੰਘਾ ਰਾਜੇਮੂਰਖਤਾਈਂ ਸਮਝਾਇ ਕੋਈ ਨ

(ਭਾਈ ਕੱਲਯਾਨੇ ਜੀ ਨੇ ਅੰਨ ਪਕਾ ਕੇ ਖਾਣਾ)

ਵੇਲੇ ਆਪਨੇਭਾਈ ਕੱਲਯਾਨ ਜੀਨੇ ਚੁੱਲ੍ਹਾ ਤਾਇਕੇ ਤਵਾਚੜ੍ਹਾਇ ਦਿੱਤਾ
ਖੱਧਾਆਪਖਵਾਇਆ ਸੰਗੀਆਂਨੂੰ ਓਸਰਾਜੇਦਾ ਹੁਕਮ ਉਲਟਾਇ ਦਿੱਤਾ
ਕਿਤੇਜਾਇ ਨ ਪੂਜਯਾ ਠਾਕਰਾਂਨੂੰ ਸਿੱਖੀ ਨਿਸਚੇ ਤਈਂ ਦਿਖਾਇ ਦਿੱਤਾ

ਕਿਸੇ ਈਰਖੀ ਨੇ ਕਰਤਾਰ ਸਿੰਘਾ ਜਾ ਰਾਜੇ ਦੇ ਤਾਈਂ ਭੜਕਾਇ ਦਿੱਤਾ

(ਕਿਸੇ ਨੇ ਰਾਜਾ ਪਾਸ ਚੁਗਲੀ ਕਰਨੀ)

ਰਾਜਾਪਾਸ ਜਾ ਕਿਸੇਨੇ ਲਾਈਲੂਤੀ ਕਿਤੋਂਇੱਕ ਪ੍ਰਦੇਸੀ ਚੱਲਆਇਆ ਏ
ਓਸ ਮੰਨਯਾਂ ਹੁਕਮ ਨ ਆਪਦਾ ਹੈ ਨਹੀਂ ਠਾਕਰਾਂ ਤਈਂ ਮਨਾਇਆ ਏ
ਖਾਣਾ ਸਾਮ੍ਹਣੇ ਓਸ ਪਕਾਇ ਖਾਧਾ ਨਾਲੇ ਸੰਗੀਆਂ ਤਈਂ ਖਵਾਇਆ ਏ
ਮੂੰਹੋਂ ਨਿੰਦਯਾ ਕਰਦਾ ਠਾਕੁਰਾਂ ਦੀ ਪੱਥਰ ਆਖ, ਉਸ ਦਿਲ ਦੁਖਾਇਆ ਏ
ਰਾਜਾ ਸੁਣਦਯਾਂ ਸਾਰ ਹੀ ਭੜਕ ਪਿਆ ਕੋਤਵਾਲ ਨੂੰ ਹੁਕਮ ਸੁਣਾਇਆ ਏ
ਫੜ ਲੌ ਪ੍ਰਦੇਸੀ ਕਰਤਾਰ ਸਿੰਘਾ ਮੇਰਾ ਜਿਸਨੇ ਹੁਕਮ ਪਰਤਾਇਆ ਏ

(ਕੋਤਵਾਲ ਨੇ ਭਾਈ ਜੀ ਨੂੰ ਕੈਦ ਕਰਕੇ ਰਾਜਾ ਦੇ ਪੇਸ਼ ਕਰਨਾ)

ਦਿਨ ਦੂਸਰੇ ਵਰਤ ਉਪਾਰਨੇ ਨੂੰ ਰਾਜਾ ਮੰਦਰ ਦੇ ਵਿੱਚ ਆਇਆ ਜੀ
ਵਾਜੇ ਗਾਜਯਾਂ ਦੇ ਨਾਲ ਹੋਈ ਪੂਜਾ ਸਾਰਾਸ਼ਹਿਰ ਹੀ ਹੁੰਮ ਹੁਮਾਇਆ ਜੀ
ਓਸੇ ਥਾਂ ਭਾਈ ਕੱਲਯਾਨ ਫੜਯਾ ਕੋਤਵਾਲ ਆ ਪੇਸ਼ ਕਰਾਇਆ ਜੀ
ਰਾਜੇਕ੍ਰੋਧ ਦੇ ਨਾਲ ਕਰਤਾਰਸਿੰਘਾ ਭਾਈਸਾਹਿਬ ਦੇ ਤਈਂ ਸੁਣਾਇਆ ਜੀ

(ਰਾਜਾ)

ਤੂੰ ਕੌਣ ਤੇ ਆਯਾ ਹੈਂ ਦੱਸ ਕਿਧਰੋਂ ਮੇਰੇ ਹੁਕਮ ਦੀ ਬੇ-ਪਰਵਾਹੀ ਕੀਤੀ
ਨ ਤੂੰ ਰੱਖਯਾ ਵਰਤ ਨ ਕਰੀ ਪੂਜਾ ਖਾਧਾ ਅੰਨ ਪਕਾਇ ਚਤਰਾਈ ਕੀਤੀ
ਕੀਤੀ ਠਾਕਰਾਂ ਦੀ ਭਾਰੀ ਨਿੰਦਯਾ ਹੈ ਤੂੰ ਬੜੀ ਭੈੜੀ ਕਾਰਵਾਈ ਕੀਤੀ
ਤੈਨੂੰ ਮਿਲੇ ਸਜ਼ਾ ਕਰਤਾਰ ਸਿੰਘਾ ਖ਼ੁਸ਼ੀ ਵਿੱਚ ਆ ਦਿਲ ਦੁਖਾਈ ਕੀਤੀ

(ਭਾਈ ਕੱਲਯਾਨਾ)

ਗੁਰੂਨਾਨਕ ਦੇ ਘਰ ਦਾ ਸਿੱਖ ਹਾਂ ਮੈਂ ਸਾਨੂੰਨਿੰਦਯਾ ਮੂਲੋਂ ਸਿਖਾਈ ਨਾਹੀਂ
ਨਹੀਂ ਪੱਥਰਾਂ ਦੇ ਪੂਜਨਹਾਰ ਅਸੀਂ ਗ਼ੈਰ ਪੂਜਾ ਸਿੱਖਾਂ ਵਿਚ ਆਈ ਨਾਹੀਂ
ਸਾਡਾ ਠਾਕੁਰ ਸਭ ਦੇ ਰਚਨਹਾਰਾ,ਠਾਕੁਰ ਮੂਰਤੀਅਸਾਂ ਠਹਿਰਾਈ ਨਾਹੀਂ
ਪੱਥਰਜਾਨਣਾ ਰੱਬ ਕਰਤਾਰਸਿੰਘਾ ਮੂੜ੍ਹਤਾਈਭਾਰੀ,ਇਹ ਬਣਾਈ ਨਾਹੀਂ

(ਰਾਜਾ)

ਰਾਜਾਕੜਕਕੇ ਆਖਦਾ ਮੂਰਖਾ ਓਇ ਕਿਉਂਮੌਤਤਾਈਂ ਵਾਜਾਂ ਮਾਰਨਾ ਏਂ
ਸਾਖਯਾਤ ਇਹ ਮੂਰਤੀ ਕ੍ਰਿਸ਼ਨਜੀ ਦੀ ਜਿਨੂੰ ਪੱਥਰ ਮੂੰਹੋਂ ਪੁਕਾਰਨਾ ਏਂ
ਬੰਸੀਧਰ,ਗਿਰਧਾਰੀ, ਮੁਰਾਰੀ,ਮਾਧੋ ਹਿੰਦੂ ਹੋਇ ਕੇ ਨਿੰਦ ਉਚਾਰਨਾ ਏਂ
ਇਹੁ ਠਾਕੁਰ ਮਹਾਰਾਜ ਕਰਤਾਰਸਿੰਘਾ ਕਿਉਂ ਕੂੜ ਪਸਾਰ ਪਸਾਰਨਾ ਏਂ

(ਭਾਈ ਕੱਲਯਾਨਾ)

ਰਾਜਾ ਨਿੰਦਯਾ ਆਪ ਹੋ ਤੁਸੀਂ ਕਰਦੇ ਠਾਕੁਰ ਪੱਥਰ ਪਏ ਬਨਾਵੰਦੇ ਹੋ
ਓਸ ਸਰਬ ਵਿਆਪਕ ਰਾਮ ਤਾਈਂ ਨਿਰਜੀਵ ਤੇ ਜੜ੍ਹ ਠਹਿਰਾਵੰਦੇ ਹੋ
ਕਰਦੇ ਉਸਤਤ, ਹੋਵੰਦੀ ਨਿੰਦਯਾ ਹੈ ਸਿਰ ਆਪਨੇ ਭਾਰ ਚੜ੍ਹਾਵੰਦੇ ਹੋ
ਭਵ ਤਰਨ ਦੇ ਲਈ ਕਰਤਾਰ ਸਿੰਘਾ ਬੇੜੀ ਪੱਥਰ ਪੈਰ ਟਿਕਾਵੰਦੇ ਹੋ

(ਰਾਜਾ ਨੇ ਗੁੱਸੇ ਵਿੱਚ ਆਕੇ ਭਾਈ ਜੀ ਨੂੰ ਜੱਲਾਦਾਂ ਦੇ ਹਵਾਲੇ ਕਰ ਦੇਣਾ)

ਪੱਥਰ ਪੂਜਦਯਾਂ ਮੱਤ ਹੋਈ ਪੱਥਰ ਰਾਜਾ ਤੁਰਤ ਜੱਲਾਦ ਬੁਲਾਵੰਦਾ ਏ
ਇਹ ਠਾਕੁਰਾਂ ਦੀ ਕਰਦਾ ਨਿੰਦਯਾ ਹੈ ਜੱਲਾਦ ਦੇ ਤਈਂ ਫੁਰਮਾਵੰਦਾ ਏ
ਇਹਦੀ ਲੱਤਸੱਜੀ ਫੜਕੱਟਦਿਹ ਤੂੰ ਸੁੱਟਸ਼ਹਿਰਤੋਂ ਬਾਹਰ ਸੁਨਾਵੰਦਾ ਏ
ਮੇਰੇਸ਼ਹਿਰ ਪਾਪੀ ਕਿੱਥੋਂ ਆਇਗਿਆ ਭੁੱਲਾਆਪ ਸਾਨੂੰਭੀ ਭੁਲਾਵੰਦਾ ਏ
ਓਸੇ ਵਕਤ ਜੱਲਾਦ ਨੇ ਫੜ ਲਿਆ ਲੈ ਚੰਡਾਲ ਖ਼ਾਨੇ ਵੱਲ ਜਾਵੰਦਾ ਏ
ਲੱਗਾਕੱਟਨ ਲੱਤ ਕਰਤਾਰਸਿੰਘਾ ਭਾਈ ਸਤਿਗੁਰਾਂ ਤਈਂ ਧਿਆਵੰਦਾ ਏ

(ਰਾਜੇ ਨੇ ਸੂਲ ਨਾਲ ਲਾਚਾਰ ਹੋਣਾ)

ਓਧਰ ਰਾਜੇ ਨੂੰ ਉੱਠਯਾ ਸੂਲਭਾਰਾਜਾਨ ਪਲਾਂ ਦੇ ਵਿਚ ਆ ਤੰਗ ਹੋਈ
ਪਿਆ ਤੜਫਦਾ ਓਥੇ ਹੀ ਵਾਂਗਮੱਛੀਪਰਜਾ ਵੇਖ ਸਾਰੀ ਡਾਵੀਂਦੰਗ ਹੋਈ
ਬੰਦ ਹੋ ਗਏ ਰਾਗ ਤੇ ਰੰਗ ਸਾਰੇ ਖੁਸ਼ੀ ਗਮੀ ਦੇ ਵਿਚ ਬਦਰੰਗ ਹੋਈ
ਆਈਆਂ ਰਾਣੀਆਂ ਦੌੜੀਆਂ ਪਾਸ ਰਾਜੇ ਰੋਣ ਸਿਰਨੰਗੇ ਦੂਰ ਸੰਗ ਹੋਈ
ਕਹਿੰਦੇ ਲੋਕ ਪ੍ਰਦੇਸੀ ਸਰਾਪ ਦਿੱਤਾ ਓਹਦੀ ਕੂਕ ਮਨਜ਼ੂਰ ਨਿਸ਼ੰਗ ਹੋਈ
ਵੇਖ ਡਰ ਗਏ ਸਭ ਕਰਤਾਰ ਸਿੰਘਾ ਰਾਜਾ ਬਚੇ ਚੁਫੇਰਯੋਂ ਮੰਗ ਹੋਈ

(ਰਾਣੀਆਂ ਨੇ ਭਾਈ ਕੱਲਯਾਨੇ ਪਾਸ ਦੌੜਕੇ ਆਉਣਾ)

ਕਰਾਮਾਤ ਵਾਲਾ ਗੁਰ ਦਾਸਿੱਖ ਭਾਰਾ ਇੱਕ ਮੁੱਖਹੋ ਖ਼ਲਕਤਾਂ ਬੋਲੀਆਂ ਜੀ
ਰਾਜਾ ਤਫੜਦਾ ਸੁੱਧ ਸਰੀਰ ਦੀ ਨਹੀਂ ਹਾਲਵੇਖਕੇਰਾਣੀਆਂ ਡੋਲੀਆਂਜੀ
ਦੌੜ ਜਾਇ ਕੱਲਯਾਨੇਦੇ ਚਰਨਪਕੜੇਅੱਗੇਅੱਡਖਲੋਤੀਆਂਝੋਲੀਆਂ ਜੀ
ਬਖ਼ਸ਼ਰਾਜਾ ਨੂੰਗੁਰਮੁਖਾਗੁਰਸਿੱਖਾ ਤੇਰੇਚਰਨਾਂ ਦੀਆਂਅਸੀਂਗੋਲੀਆਂ ਜੀ
ਹੋਈਭੁੱਲ ਭਾਰੀਤੈਨੂੰਦੁਖ ਦਿੱਤਾਪੁੜੀਆਂਜਹਿਰਦੀਆਂਹੱਥੀਂਘੋਲੀਆਂ ਜੀ
ਹੋਵੇ ਰਾਜੇ ਨੂੰ ਸੁੱਧ ਕਰਤਾਰ ਸਿੰਘਾ ਸਾਥੋਂ ਦੌਲਤਾਂ ਲੈ ਅਨਤੋਲੀਆਂ ਜੀ

(ਵਾਕ ਕਵੀ)

ਦੌੜ ਗਏ ਅਮੀਰ ਵਜ਼ੀਰ ਸਾਰੇ ਜਾ ਜਾ ਚਰਨ ਕੱਲਯਾਨੇ ਦੇ ਫੜਨ ਲੱਗੇ

ਕਰੋ ਮੇਹਰ ਤੇ ਰਾਜੇ ਦੀ ਜਾਨ ਬਖਸ਼ੋ ਪੱਲੇ ਗਲ ਪਾਕੇ ਤਰਲੇ ਕਰਨ ਲੱਗੇ
ਓਧਰਰਾਣਯਾਂਦੰਦੀਆਂਵਿਲਕਦੀਆਂਏਧਰਲੋਕਕਦਮੀਂਸਿਰ ਧਰਨ ਲੱਗੇ
ਧੰਨ ਗੁਰੂ,ਧੰਨ ਸਿੱਖ ਕਰਤਾਰਸਿੰਘਾ ਛੋਟੇਵੱਡੇ ਇਉਂ ਸਭ ਉਚਰਨ ਲੱਗੇ

(ਭਾਈ ਕੱਲਯਾਨਾ)

ਤੁਸੀਂ ਲੋਕ ਜੇ ਰਾਜੇ ਦੀ ਸੁੱਖ ਚਾਹੋ ਗੁਰੂ ਘਰ ਉੱਪਰ ਸ਼ਰਧਾ ਧਰੋ ਸਾਰੇ
ਗੁਰੂ ਨਾਨਕ ਦੇ ਬਣੋ ਸਿਖ ਸੱਭੇ ਪੂਜਾ ਪੱਥਰਾਂ ਦੀ ਪਰੇ ਹਰੋ ਸਾਰੇ
ਰਾਜਾ ਸਿਖ ਹੁਣ ਤੋਂ ਬਣੇ ਗੁਰੂ ਘਰ ਦਾ ਇਹ ਪ੍ਰਣ ਪੱਕਾ ਰਲ ਕਰੋ ਸਾਰੇ
ਬਖ਼ਸ਼ ਦੇਣ ਸਤਿਗੁਰੂ ਕਰਤਾਰ ਸਿੰਘਾ ਮੁਖੋਂ ਵਾਹਿਗੁਰੂ ਮੰਤ੍ਰ ਉਚਰੋ ਸਾਰੇ

(ਰਾਣੀਆਂ)

ਰਾਜਾ ਅੱਜ ਤੋਂ ਬਣੇਗਾ ਸਿੱਖ ਗੁਰਦਾ ਤੁਸੀਂਓਸਦੀ ਜਾਨਬਚਾਉ ਛੇਤੀ
ਮਤਾਂ ਤੜਫ ਕੇ ਮਰ ਨ ਜਾਇ ਓਥੇ ਚੱਲੋਂ ਆਪਣੇਚਰਨ ਦਿਖਾਉ ਛੇਤੀ
ਜੋ ਕਰੋਗੇ ਹੁਕਮ ਮਨਜ਼ੂਰ ਹੋਸੀ ਜੋ ਪੁੱਜਦਾ ਕਰੋ ਉਪਾਉ ਛੇਤੀ
ਬਚੇ ਰਾਜਾ ਦੀ ਜਿੰਦ ਕਰਤਾਰ ਸਿੰਘ ਹੋਰ ਹੁਕਮ ਜੋ ਆਖ ਸੁਣਾਉ ਛੇਤੀ

ਗੁਰ ਇਤਹਾਸ ਲੜੀ ਛੇਵੀਂ (੬)

ਦਲ ਭੰਜਨੀ ਜੋਤ

ਅਰਥਾਤ

'ਸ੍ਰੀ ਖੜਗੇਸ਼ ਪ੍ਰਕਾਸ਼'

ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦਾ ਸੰਪੂਰਨ ਬ੍ਰਿਤਾਂਤ, ਜਿਸ ਵਿਚ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਗੁਰ ਗੱਦੀ ਤੇ ਬਿਰਾਜਮਾਨ ਹੋ ਮੀਰੀ ਪੀਰੀ ਦੀਆਂ ਤਲਵਾਰਾਂ ਪਹਿਨਣੀਆਂ, ਚੰਦੂ ਨੂੰ ਕੀਤੀਆਂ ਦਾ ਫਲ ਦੇਣ ਦਾ ਪ੍ਰਣ ਕਰਨਾ, ਸਿੱਖਾਂ ਨੂੰ ਮਾਲਾ ਦੇ ਥਾਂ ਸ਼ਸਤ੍ਰ ਪਕੜਾਨੇ, ਸ਼ਸਤ੍ਰ ਵਿੱਦਯਾ ਸਿਖਲਾ ਬੀਰ ਰਸ ਦਾ ਰੰਗ ਚੜ੍ਹਾਨਾ, ਚੰਦੂ ਨੂੰ ਕੀਤੀ ਦਾ ਬਦਲਾ ਮਿਲਣਾ,ਕੌਲਾਂ ਦਾ ਪ੍ਰਸੰਗ, ਸ਼ਾਹ ਜਹਾਨ ਬਾਦਸ਼ਾਹ ਨਾਲ ਵਿਗਾੜ,ਬਾਦਸ਼ਾਹੀ ਫੌਜਾਂ ਨਾਲ ਪਹਿਲਾ ਜੰਗ ਸ੍ਰੀਅੰਮ੍ਰਿਤਸਰ, ਸੂਬੇ ਜਲੰਧਰ ਨਾਲ ਦੂਸਰਾਜੰਗ ਸ੍ਰੀ ਹਰਿ ਗੋਬਿੰਦ ਪੁਰੇ, ਬਿਧੀ ਚੰਦ ਨੇ ਲਾਹੌਰ ਦੇ ਕਿਲ੍ਹੇ ਵਿਚੋਂ ਘੋੜੇ ਲੈ ਜਾਣੇ, ਮਾਲਵੇ ਵਿਚ ਨਥਾਣੇਂ ਪਿੰਡ ਦੇ ਪਾਸ ਸ਼ਾਹੀ ਫੌਜਾਂ ਨਾਲ ਤੀਸਰਾ ਭਾਰੀ ਘਮਸਾਣ, ਪੈਂਦੇ ਖ਼ਾਨ ਦੀ ਬਦੀਮਾਨੀ, ਕਰਤਾਰ ਪੁਰ ਵਿਚ ਸ਼ਾਹੀ ਫੌਜਾਂ ਨਾਲ ਚੌਥਾ ਬੇ-ਮਸਾਲ ਯੁੱਧ, ਪੈਂਦੇ ਖ਼ਾਨ ਆਦਿਕਾਂ ਦਾ ਮਰਨਾ, ਅਠੱਤੀ ਸਾਲ ਗੁਰਗੱਦੀ ਤੇ ਬੈਠਕੇ ਸਿੱਖ ਧਰਮ ਦਾ ਪ੍ਰਚਾਰ ਕਰਨਾ, ਅਤੇ ਹੋਰ ਬੇਅੰਤ ਛੋਟੇ ਛੋਟੇ ਪ੍ਰਸੰਗ ਬੈਂਤਾਂ ਦਵਾਰਾ ਦਰਜ ਹਨ।

(ਭਾਈ ਜੀਨੇ ਸਤਿਨਾਮ ਦਾ ਮੰਤ੍ਰ ਪੜ੍ਹਕੇ ਰਾਜਾ ਨੂੰ ਰਾਜੀ ਕਰਨਾ)

ਲੈ ਚੰਡਾਲਖ਼ਾਨੇਵਿਚੋਂ ਨਾਲ ਆਏਰਾਜਾ ਤੜਫਦਾ ਪਿਆ ਦਿਖਾਇਆ ਜੀ
ਸਤਿਨਾਮ ਕੱਲਯਾਨੇ ਉਚਾਰ ਮੂੰਹ ਥੀਂ ਜਲ ਰਾਜੇਉੱਤੇਛਿੜਕਾਇਆ ਜੀ
ਆਈਹੋਸ਼ ਸਤਿਗੁਰਾਂਨੇਮਿਹਰ ਕੀਤੀ ਪੱਾਸਾਰਾਜੇ ਨੇਆਣਪਰਤਾਇਆ ਜੀ
ਰਾਜਾ ਕੰਬੇ ਸਰੀਰ ਸੰਭਾਲਦਾ ਨ ਹੈਸੀ ਜਾਪਦਾ ਬਹੁਤ ਘਬਰਾਇਆ ਜੀ
ਹੋਈਆਸ,ਵਜੀਰਾਂਨੇ ਚੁੱਕ ਕਰਕੇਰਾਜਾ ਮਹਿਲਾਂ ਦੇਵਿਚ ਪੁਚਾਇਆ ਜੀ
ਹੌਲੀ ਹੌਲੀ ਸਰੀਰ ਹੋ ਕਾਇਮਗਿਆ ਫੇਲ ਰਾਣੀਆਂ ਹਾਲਸੁਣਾਇਆ ਜੀ
ਤੇਰਾ ਜਨਮਰਾਜਾ ਦੂਜੀਵਾਰ ਹੋਇਆ ਗੁਰਸਿੱਖ ਨੇ ਤੈਨੂੰ ਬਚਾਇਆ ਜੀ
ਖਿਮਾ ਓਸ ਤੋਂ ਮੰਗ ਕਰਤਾਰ ਸਿੰਘਾ ਬਿਨਾ ਦੋਸ਼ ਜੋ ਫੜ ਸਤਾਇਆ ਜੀ

(ਰਾਜੇ ਨੇ ਭਾਈ ਕੱਲ੍ਯਾਨੇ ਤੋਂ ਮੁਆਫ਼ੀ ਮੰਗਣੀ)

ਮਹਿਲੀਂ ਭਾਈਜੀਨੂੰ ਆ ਵਜ਼ੀਰ ਲੈਗਏਰਾਜਾਉੱਠਕੇਚਰਨੀਂ ਸੀਸ ਧਰਦਾ
ਕਹੇ 'ਬਖਸ਼ੋ ਤੁਕਸੀਰ ਜੋ ਹੋਈ ਮੈਥੋਂ' ਪੱਲਾਗੱਲਪਾਬੇਨਤੀ ਬਹੁਤ ਕਰਦਾ
ਜਿਸ ਘਰੋਂ ਤੈਨੂੰ ਮਿਲੀਆਂ ਬਰਕਤਾਂਇਹ ਓਸਘਰਦਾਮੈਨੂੰਭੀਕਰ ਬਰਦਾ
ਮੈਥੋਂ ਭੁੱਲ ਹੋ ਗਈਕਰਤਾਰਸਿੰਘਾ ਬਖ਼ਸ਼ ਦਿਹੋ ਘੜੀਮੁੜੀਚਰਨ ਫੜਦਾ

(ਭਾਈ ਕੱਲਯਾਨਾ)

ਗੁਰੂ ਸਾਹਿਬ ਤੇਰੀ ਤਕਸੀਰਬਖਸ਼ਨ ਚਰਨਉਨ੍ਹਾਂਦੇ ਹੀ ਚੱਲ ਫੜ ਰਾਜਾ
ਗੁਰੂ ਨਾਨਕ ਦਾ ਘਰ ਸਦਾ ਖੁੱਲ੍ਹਾ ਰਿਹਾ ਬਰਕਤਾਂ ਨਾਲ ਓਹ ਭਰ ਰਾਜਾ
ਤੇਰੇ ਭਾਗ ਚੰਗੇ ਤੇਰੀ ਹੋਈ ਸ਼ਰਧਾ ਤਾਰ ਦੇਸ ਨੂੰ ਤੇ ਆਪ ਤਰ ਰਾਜਾ
ਚੱਲ ਠਾਕੁਰ ਵੇਖ ਕਰਤਾਰਸਿੰਘਾ ਨਾਲੇ ਕਰ ਦਰਸ਼ਨ ਅੰਮ੍ਰਿਤਸਰ ਰਾਜਾ

(ਵਾਕ ਕਵੀ)

ਪਿਆ ਰਾਜੇਤੇ ਬਹੁਤ ਪ੍ਰਭਾਵਆਕੇ ਗੁਰਦਾ ਸਿਖ ਉਹਸਣੇ ਪ੍ਰਵਾਰ ਬਣਿਆਂ
ਭਾਈ ਸਾਹਿਬ ਦੀ ਮਾਨਤਾ ਬਹੁਤਹੋਈਸਤਿਸੰਗਦਾਰੰਗਅਪਾਰ ਬਣਿਆਂ
ਮੰਡੀਸ਼ਹਿਰਅੰਦਰ ਸਿੱਖੀਕਾਇਮਹੋਗਈਸਿੱਖਹੋਰਭੀਕਈਹਜ਼ਾਰ ਬਣਿਆਂ
ਚਲੀਆਉਂਦੀਉਹਸ਼ਾਖਕਰਤਾਰਸਿੰਘਾ ਮੰਡੀਨਾਲਲੰਮਾਸੰਸਕਾਰਬਣਿਆਂ

(ਰਾਜਾ ਹਰੀ ਸੈਣ ਨੇ ਸ੍ਰੀ ਅੰਮ੍ਰਿਤਸਰ ਜੀ ਆਉਣਾ)

ਰਾਜੇ ਤਈਂ ਪਰੇਮ ਦੀ ਖਿੱਚ ਲੱਗੀ ਗੁਰ ਦਰਸ਼ਨਾਂ ਦਾ ਚਾ ਅਪਾਰ ਹੋਇਆ
ਜ਼ਰਾਂ ਜ਼ੇਵਰਾਂ ਤੇਵਰਾਂ ਨਕਦੀ ਲੈ ਪਰਵਾਰ ਦੇ ਸਣੇ ਤੱਯਾਰ ਹੋਇਆ
ਲੱਗੇ ਬੱਧੇ ਅਮੀਰ ਵਜ਼ੀਰ ਲੈ ਕੇ ਸ਼ੁਭ ਦੇਖ ਕੇ ਦਿਨ ਅਸਵਾਰ ਹੋਇਆ

ਪੰਧ ਮਾਰ ਕੇ ਅੰਮਰਿਤਸਰ ਪਹੁੰਚਾ ਪੁਰੀ ਵੇਖ ਹਿਰਦਾ ਠੰਢਾਠਾਰ ਹੋਇਆ
ਡੇਰਾ ਲਾਇਆ ਪਰੇ ਸੰਤੋਖਸਰ ਤੋਂ ਰਾਜਾ ਖੁਸ਼ੀ ਸਣੇ ਪਰਵਾਰ ਹੋਇਆ
ਚੱਲ ਭਾਈਕੱਲਯਾਨਾ ਕਰਤਾਰਸਿੰਘਾ ਆਪਹਾਜ਼ਰਗੁਰੂਦਰਬਾਰ ਹੋਇਆ

(ਭਾਈ ਜੀ ਨੇ ਗੁਰੂ ਜੀ ਨੂੰ ਖਬਰ ਦੇਣੀ)

ਨਮਸ਼ਕਾਰਕਦਮਾਂ ਉੱਤੇਢਹਿ ਕਰਦਾ ਸਾਰਾ ਬੀਤਯਾ ਹਾਲ ਸੁਣਾਵੰਦਾ ਏ
ਮੰਡੀਵਾਲਾਰਾਜਾ ਮੇਰੇ ਨਾਲਆਯਾ ਚਰਨੀਂਆਪਦੀਲੱਗਣਾਚਾਹਵੰਦਾ ਏ
ਰਸਦ ਬਸਦ ਪੁਚਾ ਦਿਓ ਪਾਸ ਰਾਜੇ ਸਤਿਗੁਰੂ ਸੱਚਾ ਫੁਰਮਾਵੰਦਾ ਏ
ਦਿਨੇ ਕਰੇ ਦੀਦਾਰ ਕਰਤਾਰਸਿੰਘਾ ਸੱਚੀਭਾਵਨਾ ਦੇ ਨਾਲ ਆਵੰਦਾ ਏ

(ਰਾਜੇ ਨੇ ਸਤਿਗੁਰਾਂ ਦੇ ਦਰਸ਼ਨ ਕਰਨੇ)

ਦਿਨ ਦੂਸਰੇ ਉੱਠਕੇ ਭਾਈ ਜੀ ਨੇ ਡੇਰੇ ਜਾ ਤੱਯਾਰੀ ਕਰਵਾਈ ਸਾਰੀ
ਸਤਿਗੁਰਾਂ ਦੇ ਵਾਸਤੇ ਭੇਟ ਜਿਤਨੀ ਵੱਖੋ ਵੱਖ ਸਵਾਰ ਰਖਾਈ ਸਾਰੀ
ਮੇਵੇ ਨਕਦੀ, ਕੀਮਤੀ ਜ਼ਰੀ ਜੇਵਰ ਭੇੱਟਾ ਨਫ਼ਰਾਂ ਸਿਰ ਚੁਕਾਈ ਸਾਰੀ
ਰਾਜਾ ਰਾਣੀਆਂ ਦੇ ਸਣੇਆਪ ਟੁਰਯਾ ਪਿੱਛੇ ਲੱਗਕੇਟੁਰੀ ਲੁਕਾਈ ਸਾਰੀ
ਹੌਲੀ ਹੌਲੀ ਦਰਬਾਰ ਦੇ ਵਿਚਪਹੁੰਚੇ ਅੱਗੇਗੁਰਾਂ ਦੇ ਭੇਟ ਟਿਕਾਈ ਸਾਰੀ
ਮੱਥਾ ਟੇਕ ਬਹਿ ਗਏ ਕਰਤਾਰਸਿੰਘਾ ਸੁੱਖ ਸਾਂਦਮਹਾਰਾਜ ਪੁਛਾਈ ਸਾਰੀ

(ਰਾਜੇ ਨੇ ਖ਼ੁਸ਼ੀ ਪ੍ਰਾਪਤ ਕਰਨੀ)

ਸਤਿਗੁਰਾਂਦਾ ਵੇਖ ਅਕਬਾਲ ਉੱਚਾ ਅੱਖਾਂਠਰੀਆਂ ਰਾਜਾ ਨਿਹਾਲ ਹੋਇਆ
ਅੱਗੇਪੂਜਦਾਰਿਹਾ ਸੀ ਜੜ੍ਹਪੱਥਰ ਹਾਸਲਕੁਝ ਨ ਸੀ ਉਮਰਾਗਾਲ ਹੋਇਆ
ਅੱਜਠਾਕੁਰ ਸਾਮ੍ਹਣੇਨਜ਼ਰ ਆਯਾ ਉੱਠੀਲਹਿਰ ਖ਼ੁਸ਼ੀਵਾਲਵਾਲ ਹੋਇਆ
ਪਈ ਠੰਢ ਕਲੇਜੇ ਤੇ ਵਿੱਚ ਅੱਖਾਂ ਦਿਲ ਸਾਫ਼ ਰੋਸ਼ਨ ਤਤਕਾਲ ਹੋਇਆ
ਅੱਜ ਅਸਲੀ ਠਾਕੁਰ ਨਜ਼ਰ ਪਿਆ ਵਿੱਚ ਹਿਰਦੇ ਖ਼ਾਸ ਜਮਾਲ ਹੋਇਆ
ਆਉਣਾਸਫਲਹੋਯਾਕਰਤਾਰਸਿੰਘਾ ਦਿਲ ਰਾਜੇਦਾ ਖ਼ੁਸ਼ੀ ਕਮਾਲ ਹੋਇਆ

(ਰਾਜੇ ਨੇ ਭਰਮ ਵਿੱਚ ਪੈ ਜਾਣਾ)

ਆੱਦਰਮਾਨ ਕੀਤਾ ਬਹੁਤਸਤਿਗੁਰਾਂ ਨੇ ਰਾਜਾਖ਼ੁਸ਼ੀ ਹੋਕੇ ਡੇਰੇ ਜਾਵੰਦਾ ਏ
ਰੋਜ਼ ਆਵੰਦਾ ਵਿੱਚ ਦਰਬਾਰ ਦੇ ਜੀ ਵੇਖ ਰੌਣਕਾਂ ਖ਼ੁਸ਼ੀ ਮਨਾਵੰਦਾ ਏ
ਇਕ ਦਿਨ ਦਰਬਾਰ ਵਿੱਚ ਤੁਕ ਆਈ ਰਾਜਾ ਸੁਣਕੇਚਿੱਤ ਡੁਲਾਵੰਦਾ ਏ
ਲੇਖ ਲਿਖਯਾ ਕਦੇ ਨ ਮਿਟ ਸੱਕੇ ਫਲ ਹਰ ਹੀੱਲੇ ਭੁਗਤਾਵੰਦਾ ਏ
ਮਨ ਰਾਜੇ ਦੇ ਸੁਣਦਯਾਂ ਤਰਕ ਉੱਠੀ ਇੱਕ ਦਮ ਯਕੀਨ ਉਲਟਾਵੰਦਾ ਏ

ਗੁਰੂਕਰਨ ਦੀ ਫੇਰ ਕੀਹ ਲੋੜ ਹੋਈ ਜੇ ਉਹ ਲੇਖ ਨ ਲਿਖੇਮਿਟਾਵੰਦਾ ਏ
ਰਾਜਾ ਚੜ੍ਹ ਅਖ਼ੀਰਲੇ ਡੰਡਯਾਂ ਤੇ ਪੈਰ ਡਿੱਗਣੇ ਲਈ ਖਿਸਕਾਵੰਦਾ ਏ
ਅੰਤ੍ਰਯਾਮੀ ਸਤਿਗੁਰੂ ਕਰਤਾਰ ਸਿੰਘਾ ਏਸ ਭੇਦ ਨੂੰ ਝੱਟ ਹੀ ਪਾਵੰਦਾ ਏ

(ਰਾਜੇ ਨੇ ਰਾਤ ਨੂੰ ਸੁਪਨਾ ਦੇਖਣਾ)

ਰਾਜਾ ਜਾਇ ਡੇਰੇ ਰਾਤ ਜਦੋਂ ਸੁੱਤਾ ਇਹ ਸੁਪਨਾ ਓਸ ਨੂੰ ਆਇਆ ਜੀ
ਏਸ ਦਿਹ ਤਾਈਂ ਜੀਵ ਛੱਡ ਗਿਆ ਜਨਮ ਘਰ ਚੰਡਾਲ ਜਾ ਪਾਇਆ ਜੀ
ਵੱਡਾ ਹੋਯਾ ਵਿਆਹ ਭੀ ਹੋਇ ਗਿਆ ਧੀਆਂ ਪੁੱਤ ਕੁਟੰਬ ਬਣਾਇਆ ਜੀ
ਪਿਆਕਾਲ ਤੇ ਅੱਨਦੀਥੁੜਪੈਗਈਬੱਚੇਵਿਲਕਦੇਬਹੁਤਘਬਰਾਇਆ ਜੀ
ਪੀਹਲੂੰਜੰਗਲ ਦੇ ਵਿਚੋਂ ਲੈਣਗਿਆ ਡਿੱਗਾ ਢੂਣ ਤੋਂਦੁੱਖ ਉਠਾਇਆ ਜੀ
ਟੁੱਟੀ ਟੰਗ ਤੇ ਪੀੜ ਨੇ ਤੰਗ ਕੀਤਾ ਆਈ ਜਾਗ ਸੁਪਨਾ ਦੋਹਰਾਇਆ ਜੀ
ਉਹ ਸੁਪਨਾ ਕਿ ਸਾਮ੍ਹਤੱਖ ਹੋਯਾ ਚਿੱਤ ਚਿੰਤਾ ਨੇ ਆਇ ਦਬਾਇਆ ਜੀ
ਦਿਨੇ ਕਰ ਅਸ਼ਨਾਨ ਕਰਤਾਰ ਸਿੰਘਾ ਪੁੰਨ ਦਾਨ ਰਾਜੇ ਕਰਵਾਇਆ ਜੀ

(ਸ੍ਰੀ ਗੁਰੂ ਜੀ ਨੇ ਰਾਜੇ ਨੂੰ ਨਾਲ ਲੈਕੇ ਸੈਰ ਨੂੰ ਜਾਣਾ)

ਸਤਿਗੁਰੂ ਜੀ ਉੱਠ ਦੀਵਾਨ ਵਿੱਚੋਂ ਸੈਰ ਕਰਨ ਨੂੰ ਹੋਇ ਤਯਾਰ ਭਾਈ
ਰਾਜੇ ਤਈਂ ਭੀ ਡੇਰਯੋਂ ਸੱਦ ਲਿਆ ਹੋ ਘੋੜਯਾਂ ਤੇ ਅਸਵਾਰ ਭਾਈ
ਉੱਤ੍ਰ ਪੱਛਮ ਦਾ ਰੁਖ਼ ਕਰ ਚੱਲੇ ਗੱਲਾਂ ਕਰਦੇ ਨਾਲ ਪਯਾਰ ਭਾਈ
ਪਰ ਰਾਜੇ ਦਾ ਚਿੱਤ ਉਦਾਸ ਬਹੁਤਾ ਕੰਬੇ ਸੁਪਨੇ ਤਈਂ ਚਿਤਾਰ ਭਾਈ
ਚਿਹਰਾ ਉੱਡਯਾ ਦਿਲ ਨ ਕਿਤੇ ਪਰਚੇ ਲੱਗੇ ਚਿੱਤ ਨ ਵਿੱਚਸ਼ਿਕਾਰ ਭਾਈ
ਕਹੇ ਸੱਥੀਆਂ ਦੇ ਕਰਤਾਰ ਸਿੰਘਾ ਘੋੜੇ ਜਾ ਵਾੜੇ ਵਿੱਚ ਜਾੜ ਭਾਈ

(ਰਾਜੇ ਅੱਗੇ ਹਰਨ ਨਿਕਲਣਾ ਤੇ ਰਾਜੇ ਨੇ ਉਸ ਮਗਰ ਆਪਣਾ ਘੋੜਾ ਛੱਡ ਦੇਣਾ)

ਸਤਿਗੁਰੂ ਜੀ ਸਹਿਜ ਸੁਭਾਵ ਜਾ ਰਹੇ ਰਾਜਾ ਵਿੱਚ ਸ਼ਿਕਾਰ ਦੇ ਜੁੱਟਯਾ ਜੀ
ਇੱਕਹਰਨ ਰਾਜੇਅੱਗੇ ਨਿਕਲਆਯਾ ਰਾਜੇਮਗਰ ਓਹਦੇਘੋੜਾ ਸੁੱਟਯਾ ਜੀ
ਆਪੋ ਆਪਣੇ ਸੱਥੀ ਧਯਾਨ ਲੱਗੇ ਸਾਥ ਰਾਜੇ ਦਾ ਉਨ੍ਹਾਂ ਤੋਂ ਛੁੱਟਯਾ ਜੀ
ਹਰਨ ਮਾਰਦਾ ਚੁੰਗੀਆਂ ਨਿਕਲਗਿਆ ਰਾਜਾ ਢੂੰਡਦਾ ਓਸਨੂੰ ਹੁੱਟਯਾ ਜੀ
ਫਿਰਯਾਜਾੜਦੇਵਿੱਚ,ਦੁਪਹਿਰਲੱਗੀਮਿਲਯਾਹਰਨਨ,ਹੌਂਸਲਾ ਟੁੱਟਯਾ ਜੀ
ਲੱਗੀ ਆਣ ਪਿਆਸ ਕਰਤਾਰਸਿੰਘਾ ਲਬਾਂ ਸੁੱਕੀਆਂ ਤੇ ਗਲਾ ਘੁੱਟਯਾ ਜੀ

(ਰਾਜੇ ਨੇ ਇੱਕ ਪਿੰਡ ਵੇਖਕੇ ਓਧਰ ਜਾਣਾ)

ਇੱਕਪਿੰਡ ਰਾਜੇਤਾਈਂ ਨਜ਼ਰਆਯਾ ਓਧਰ ਵਾਗ ਤਾਈਂ ਪਰਤਾਵੰਦਾ ਏ

ਇੱਕ ਵਣ ਥੱਲੇ ਜਾ ਕੇ ਬੈਠ ਗਿਆ ਵਾਗ ਡੋਰ, ਘੋੜਾ ਅਟਕਾਵੰਦਾ ਏ
ਰਾਜਾ ਬੈਠ ਉਡੀਕਦਾ ਸਾਥੀਆਂ ਨੂੰ ਇਕ ਚੂਹੜਾ ਮੁੰਡਾ ਓਥੇ ਆਵੰਦਾ ਏ
ਉਹ ਆਨ ਕੇ ਦੂਰ ਖਲੋਇ ਗਿਆ ਵੱਲ ਰਾਜੇ ਦੇ ਨਿਗ੍ਹਾ ਦੁੜ੍ਹਾਵੰਦਾ ਏ
ਓਸ ਲਿਆ ਪਛਾਣ ਇਹ ਬਾਪ ਮੇਰਾ ਹੋ ਹੈਰਾਨ ਨ ਅੰਗ ਹਿਲਾਵੰਦਾ ਏ
ਕੱਲ੍ਹ ਮਰ ਗਿਆ,ਆਯਾ ਅੱਜ ਕਿੱਥੋਂ,ਕਿੱਥੋਂ ਕੱਪੜੇ ਲਏ ਘਬਰਾਵੰਦਾ ਏ
ਓਧਰਰਾਜੇ ਭੀ ਓਹਨੂੰ ਪਛਾਨਲਿਆ ਦਿਲ ਧੜਕਯਾਸੋਚ ਦੁੜ੍ਹਾਵੰਦਾ ਏ
ਮੁੰਡਾ ਮਾਂ ਦੇ ਤਈਂ ਕਰਤਾਰ ਸਿੰਘਾ ਝੱਟ ਦੌੜ ਕੇ ਘਰੋਂ ਲੈ ਆਵੰਦਾ ਏ

(ਚੂਹੜੀ ਦਾ ਰੌਲਾ)

ਚੂੜ੍ਹੀਵੇਖਦੇ ਸਾਰ ਪਛਾਨਲਿਆ ਮੂੰਹਆਉਂਦੀਆਂ ਗੱਲਾਂਸੁਣਾਉਨ ਲੱਗੀ
ਝੂਠ ਮੂਠ ਐਵੇਂ ਕੱਲ੍ਹ ਮਰ ਗਿਉਂ ਸਾਨੂੰ ਦੁੱਖੀ ਕੀਤਾ,ਕੁਰਲਾਉਨ ਲੱਗੀ
ਭੇਸਬਦਲ ਕੇ ਅੱਜ ਆ ਗਿਉਂ ਕਿੱਥੋਂ,ਏਥੇ ਬੈਠਰਿਹੋਂ?ਜਤਲਾਉਨ ਲੱਗੀ
ਉੱਠ ਘਰ ਨੂੰ ਚੱਲ ਸੰਭਾਲ ਟੱਬਰ ਅੱਗੇ ਹੋ ਚੂਹੜੀ ਹੱਥ ਪਾਉਨ ਲੱਗੀ
ਰਾਜਾਪਿਛ੍ਹਾਂ ਹੋਵੇਉਹਅਗਾਂਹਹੋਵੇਚੂਹੜੀਮੁੰਡੇਕੁੜੀਆਂਨੂੰ ਬੁਲਾਉਨ ਲੱਗੀ
ਕੱਠੇ ਹੋ ਗਏਲੋਕ ਕਰਤਾਰਸਿੰਘਾ ਸ਼ਰਮ ਰਾਜੇ ਦੇ ਤਈਂ ਦਬਾਉਨ ਲੱਗੀ

ਰਾਜੇ ਦੀ ਹੈਰਾਨਗੀ)

ਰਾਜਾ ਆਪ ਪਛਾਣਦਾ ਸਭ ਗੱਲਾਂ ਪਿਆ ਵੇਖਦਾ ਸਾਰੇ ਟਿਕਾਣਯਾਂ ਨੂੰ
ਓਹੋ ਪਿੰਡ ਤੇ ਓਹੋ ਹੀ ਹੈ ਠੱਠੀ ਤੇ ਸੰਞਾਣਦਾ ਖ਼ਾਸ ਅੰਞਾਣਯਾਂ ਨੂੰ
ਓਹੋ ਚੌਧਰੀ ਪਿੰਡ ਦੇ ਲੋਕ ਸਾਰੇ ਯਾਦ ਕਰਦਾ ਸਮੇਂ ਵਿਹਾਣਯਾਂ ਨੂੰ
ਆਉਂਦੀਸਮਝ ਨ ਕੁਝਕਰਤਾਰਸਿੰਘਾ ਨ ਸਮਝਦਾ ਰੱਬ ਦੇ ਭਾਣਯਾਂ ਨੂੰ

(ਸ੍ਰੀ ਗੁਰੂ ਜੀ ਨੇ ਆਕੇ ਫ਼ੈਸਲਾ ਕਰਨਾ)

ਏਨੇ ਚਿਰਨੂੰਗੁਰੂ ਜੀ ਆਇਗਏਰਾਜਾ ਖੜਾਜਿੱਥੇ ਘਬਰਾਇਆ ਹੋਇਆ
ਕੱਠੇ ਪਿੰਡ ਦੇ ਲੋਕ ਸਨ ਹੋਇ ਸਾਰੇ ਵਿੱਚਚੂੜ੍ਹੀ ਧੁਮੱਚੜਪਾਯਾ ਹੋਇਆ
ਅੱਗੇ ਹੋਇਕੇ ਦੱਸਦੀ ਹਾਲ ਸਾਰਾ ਰਾਜਾ ਪਾਸ ਖੜਾ ਸ਼ਰਮਾਯਾ ਹੋਇਆ
ਹੱਸ ਆਖਦੇ ਗੁਰੂ ਜੀਇਹ ਰਾਜਾ ਸਾਡੇਪਾਸ ਹੈ ਮੰਡੀਓਂ ਆਯਾ ਹੋਇਆ
ਤੁਹਾਡੇ ਦਿਲਾਂ ਦੇਵਿੱਚ ਹੈਭਰਮ ਕੋਈਜਿਸ ਤੁਸਾਂਤਾਈਂ ਭਰਮਾਯਾ ਹੋਇਆ
ਦਿੱਤਾਜਾਇ ਵਿਖਾਕਰਤਾਰ ਸਿੰਘਾਚੂਹੜਾਕਬਰ ਦੇਵਿਚਦਬਾਯਾ ਹੋਇਆ

(ਵਾਕ ਕਵੀ)

ਡਾਢੇਹੋਇ ਸ਼ਰਮਿੰਦੇ ਉਹਲੋਕ ਸਾਰੇ ਦਿੱਤਾਝਗੜਾਝੱਟਮਿਟਾਇ ਗੁਰ ਜੀ

ਰਾਜੇਤਈਂ ਖੁਲਾਇਪਿਲਾਇਕਰਕੇ ਆਇ ਪਿਛ੍ਹਾਂਨੂੰਰੁਖ਼ਪਰਤਾਇ ਗੁਰ ਜੀ
ਏਸਤ੍ਰਾਂ ਇਹਕਲਾ ਵਰਤਾ ਕਰਕੇਦਿੱਤਾਰਾਜੇਦਾਭਰਮ ਮਿਟਾਇ ਗੁਰ ਜੀ
ਹਉਮੈਂ ਉੱਗਦੀਤਈਂ ਕਰਤਾਰਸਿੰਘਾ ਦਿੱਤਾਜੜ੍ਹਾਂਤੋਂ ਫੜਪੁਟਾਇ ਗੁਰ ਜੀ

(ਰਾਜੇ ਦੀ ਬੇਨਤੀ)

ਰਸਤੇ ਵਿੱਚ ਹੀਬੇਨਤੀ ਕਰੇ ਰਾਜਾ ਇਹ ਕੀਹਭਾਣਾ ਦੱਸੋ ਵਰਤਾਇਆ ਏ
ਜੋ ਵੇਖਜਾ ਸੁਪਨਾ ਰਾਤ ਨੂੰ ਮੈਂ ਸਾਮ੍ਹਣੇ ਉਹ ਦਿਨੇ ਦਿਖਾਇਆ ਏ
ਚਾਲੀ ਸਾਲ ਮੈਂ ਏਸੇ ਪ੍ਰਵਾਰ ਅੰਦਰ ਰਿਹਾ ਸੁਪਨੇ ਵਿੱਚ ਸੁਣਾਇਆ ਏ
ਮੈਂ ਸਿੰਵਾਣ ਲਏ ਸਭ ਕਰਤਾਰਸਿੰਘਾ ਇਹ ਆਖ ਰਾਜਾ ਸ਼ਰਮਾਇਆ ਏ

(ਸ੍ਰੀ ਸਤਿਗੁਰੂ ਜੀ)

ਇਹ ਸੁਪਨਾ ਨਹੀਂ ਪ੍ਰਤੱਖ ਹੀ ਹੈ ਸਾਰਾ ਭੇਦ ਦੱਸੀਏ ਸਮਝਾ ਰਾਜਾ
ਤੇਰਿਆਂਕਰਮਾਂਦੇਵਿੱਚਹੀ ਲਿੱਖਯਾਸੀ ਮਰ ਜਨਮਚੰਡਾਲ ਘਰ ਪਾ ਰਾਜਾ
ਚਾਲੀ ਬਰਸ ਗੁਜ਼ਾਰਨੇ ਏਸੇ ਤਰ੍ਹਾਂ ਮਰਨਾ ਅੰਤ ਸੀ ਦੁੱਖ ਉਠਾ ਰਾਜਾ
ਗੁਰੂਨਾਨਕ ਦੀ ਚੱਲ ਸ਼ਰਨ ਆਇਓਂ ਭਲੇ ਭਾਗ ਜਾਗੇ ਤੇਰੇ ਆ ਰਾਜਾ
ਗੁਰੂ ਮਿਹਰ ਕਰ ਲੇਖ ਪਲਟਾ ਦਿੱਤੇ ਕਰਮ ਸੁਪਨੇ ਵਿੱਚ ਭੁਗਤਾ ਰਾਜਾ
ਪੂਰੇ ਗੁਰੂ ਬਿਨ ਕੌਣ ਕਰਤਾਰ ਸਿੰਘਾ ਜਨਮ ਮਰਨ ਤੋਂ ਲਏ ਛੁਡਾ ਰਾਜਾ

(ਵਾਕ ਕਵੀ)

ਰਾਜਾਤ੍ਰਿਬਕਿਆਤੇਗੱਲਯਾਦ ਆਗਈਮੈਂਕੱਲ੍ਹਇਹਤਰਕਉਠਾਈ ਸੀ ਜੀ
ਗੁਰੂ ਮਿਹਰ ਕੀਤੀ ਦਿੱਤਾ ਮੇਟ ਸ਼ੰਕਾ ਹੱਥ ਜੋੜਕੇ ਭੁੱਲ ਬਖ਼ਸ਼ਾਈ ਸੀ ਜੀ
ਬੱਸ ਸ਼ਾਂਤੀ ਚਿੱਤ ਨੂੰ ਆਇ ਗਈ ਅੱਗੋਂ ਸ਼ਰਧਾ ਬਹੁਤ ਵਧਾਈ ਸੀ ਜੀ
ਗੁਰੂ ਘਰ ਦਾ ਹੋ ਗਿਆ ਸਿੱਖ ਪੱਕਾ ਅੱਗੋਂ ਅਨਸਾ ਸਿੱਖਬਣਾਈ ਸੀ ਜੀ
ਸਾਰੇ ਪੌੜ ਤਾਲਾਬ ਦੇ ਬਣਨ ਪੱਕੇ ਰਾਜੇ ਬਹੁਤਮਾਯਾ ਅਰਪਾਈ ਸੀ ਜੀ
ਕੁਝਦਿਨ ਰਹਿਦੇਸ ਨੂੰ ਚਲਾਗਿਆਸਿੱਖੀ ਰਾਜ ਦੇ ਵਿੱਚ ਫੈਲਾਈ ਸੀ ਜੀ
ਰਹੇ ਪੂਜਦੇ ਮੰਨਦੇ ਗੁਰੂਘਰ ਨੂੰ ਦਸਮਗੁਰ ਤੱਕ ਸਿੱਖੀ ਨਿਭਾਈ ਸੀ ਜੀ
ਰਿਹਾਫੇਰ ਭੀ ਮੇਲ ਕਰਤਾਰਸਿੰਘਾ ਗੁੱਝੀ ਅੱਗੋਂਭੀ ਸਾਂਝ ਰਖਾਈ ਸੀ ਜੀ

(ਗੁਰੂ ਕਾ ਬਾਗ)

ਜਿਸ ਵਣ ਹੇਠਾਂ ਬੈਠੇਸਤਿਗੁਰੂਸਨ ਬਣਯਾਂ ਗੁਰਦ੍ਵਾਰਾ ਓਸ ਥਾਨ ਭਾਈ
ਓਸਪਿੰਡ ਦਾ ਨਾਮਹੈ ਸਹਿੰਸਰਾ ਜੀ ਬਾਗ਼ ਗੁਰੂ ਕਾ ਲੋਕ ਬੁਲਾਨ ਭਾਈ
ਉੱਤਰਪੱਛਮ ਨੌਕੂ ਮੀਲ ਸ਼ਹਿਰੋਂ ਬਣੀ ਜਗ੍ਹਾ ਸੋਹਣੀ ਆਲੀਸ਼ਾਨ ਭਾਈ

ਬੋਪਾਰਾਈਏਂ ਸ੍ਰਦਾਰਪੰਜਾਬਸਿੰਘ ਨੇ ਕੀਤੀਮੰਦਰ ਦੀ ਸੇਵਾ ਆਨ ਭਾਈ
ਉੱਨੀ ਸੌ ਤ੍ਰੇਈਏਂ ਈਸਵੀ ਨੂੰ *ਸਾਕਾ ਜਿਸ ਥਾਂ ਹੋਯਾ ਮਹਾਨ ਭਾਈ
ਸ਼ਾਂਤਮਈ ਕਰ ਜੰਗ ਅਕਾਲੀਆਂ ਨੇ ਜੱਸ ਖੱਟਯਾ ਵਿੱਚ ਜਹਾਨ ਭਾਈ
ਏਸ ਸੁਪਨੇ ਦੀ ਯਾਦਗਾਰ ਹੈ ਉਹ ਜਨਮ ਮਿਟੇ ਜੋ ਕਰੇ ਧਯਾਨ ਭਾਈ
ਜੋ ਗਾਇ ਤੇ ਸੁਣੇ ਕਰਤਾਰ ਸਿੰਘਾ ਗੁਰੂ ਸਭ ਦੀ ਕਰਨ ਕੱਲਯਾਨ ਭਾਈ

(ਵਾਕ ਕਵੀ)

ਗੁਰੂਘਰਵਿਚਰੌਣਕਾਂਬਹੁਤਹੋਈਆਂਦੁਨੀਆਂਚੱਲਚੌਗਿਰਦਿਓਂਔਣ ਲੱਗੀ
ਵਧਯਾਬੜਾਪ੍ਰਤਾਪ ਸਤਿਗੁਰੂਜੀਦਾ ਚਮਤਕਾਰ ਲਛਮੀ ਦਿਖਲੌਣ ਲੱਗੀ
ਰਹੇ ਸੰਗਤਾਂਦੀ ਭਾਰੀ ਆਵਾ ਜਾਈ ਸਭ ਖ਼ਲਕ ਆ ਸੀਸ ਝੁਕੌਣ ਲੱਗੀ
ਮਾਯਾ ਡੇਰੇ ਆ ਲਾਇ ਕਰਤਾਰ ਸਿੰਘਾ ਅੱਗ ਈਰਖਾ ਦੀ ਭੜਕੌਣ ਲੱਗੀ

(ਪ੍ਰਿਥੀ ਚੰਦ ਦੀ ਈਰਖਾ)

ਮਾਯਾ ਆਉਂਦੀ ਵੇਖਕੇ ਰਾਤ ਦਿਨੇ ਪ੍ਰਿਥੀਚੰਦ ਪਿਆ ਲਲਚਾਉਂਦਾ ਜੀ
ਜਾਂਦੀਪੇਸ਼ ਨ ਓਸਦੀ ਕਰੇ ਹੀਲੇ ਦਿਨੇ ਰਾਤ ਤਦਬੀਰ ਬਣਾਉਂਦਾ ਜੀ
ਥੋੜ੍ਹੀਆਮਦਨਸੰਗਤਾਂ ਮੰਨਦੀਆਂ ਨ ਜਿਵੇਂ ਮਿਲੇ ਗੱਦੀਜ਼ੋਰਲਾਉਂਦਾ ਜੀ
ਨਿੱਤ ਭੈੜੇ ਖ਼ਯਾਲ ਕਰਤਾਰਸਿੰਘਾ ਹਿਰਦੇ ਆਪਣੇਂਵਿੱਚ ਵਸਾਉਂਦਾ ਜੀ

(ਤਥਾ)

ਗੁਰੂ ਨਾਨਕ ਦੇ ਘਰ ਕਮੀ ਕਾਹਦੀ ਜਿਧੀ ਤੱਾਬਯਾ ਨੇ ਫਲ ਚਾਰ ਸਮਝੋ
ਮਾਯਾ ਹੋ ਦੱਾਸੀ ਪਿੱਛੇ ਪਈ ਫਿਰਦੀ ਰਿਧ ਸਿੱਧ ਖੜੀ ਤੱਾਬੇਦਾਰ ਸਮਝੋ
ਬਾਦਸ਼ਾਹੀਆਂ ਦਿਤੀਆਂ ਭੁੱਖਿਆਂ ਨੂੰ ਕੀਰਾਂਤਈਂ ਕੀਤਾ ਸ਼ਾਹੂਕਾਰ ਸਮਝੋ
ਸਤਿਗੁਰਾਂ ਦੇਜਿਨ੍ਹਾਂ ਨੇ ਚਰਨ ਪਰਸੇ ਪੂਜੇਉਨ੍ਹਾਂ ਦੇ ਕਦਮ ਸੰਸਾਰ ਸਮਝੋ
ਜਿਸ ਥਾਂ ਉਤੇ ਗੁਰਾਂ ਪੈਰ ਰੱਖੇ ਨਾਜ਼ਲ ਬਰਕਤਾਂ ਹੋਣ ਅਪਾਰ ਸਮਝੋ
ਇੱਕਪਲਕਅੰਦਰਨਿਗ੍ਹਾ ਜਿਨ੍ਹਾਂ ਦੀ ਜੀ ਲੱਖਾਂਜੀਆਂ ਦਾਕਰੇਉੱਧਾਰ ਸਮਝੋ
ਓਨ੍ਹਾਂਤਈਂਘੱਾਟਾਕਿਹੜੀਚੀਜ਼ਦਾਸੀਨਜ਼ਰਕੀਮੀਆਜਿਨ੍ਹਾਂਦੀਭਾਰ ਸਮਝੋ
ਮਾਯਾਤਰਸਦੀਸੀਤਿੰਨਾਂਪੀੜ੍ਹੀਆਂਤੋਂਨਹੀਂਸੀਗੁਰੂਕਰਦੇਅੰਗੀਕਾਰ ਸਮਝੋ
ਚੌਥੇ ਗੁਰਾਂ ਕੀਤੀ ਅੰਗੀਕਾਰ ਮਾਯਾ ਹੇਤ ਰੱਖ ਕੇਵਲ ਉਪਕਾਰ ਸਮਝੋ

---

*ਇਹ ਸਾਕਾ ਦਾਸ ਨੇ ਵੱਖਰਾ ਬਣਾਇਆ ਹੋਇਆ ਹੈ ਅਤੇ ਇਸਦਾ ਨਾਮ "ਬੀਰ ਖ਼ਾਲਸਾ" ਹੈ। ਮੰਗਵਾਕੇ ਜ਼ਰੂਰ ਪੜ੍ਹੋ! [ਦਾਸ–ਕਰਤਾ

ਹੋਈ ਆਗਯਾ ਮਾਰ ਉਛੱਲ ਆਈ ਦਿਨੇਰਾਤ ਮੱਲੀ ਬੈਠੀ ਦ੍ਵਾਰ ਸਮਝੋ
ਜ਼ਰੀ,ਜ਼ੇਵਰ, ਨਕਦੀ ਧਾਰ ਸ਼ਕਲਾਂ ਲੱਗੀ ਹਰ ਥਾਂ ਦੇਣ ਚਮਕਾਰ ਸਮਝੋ
ਸੜੇ ਪ੍ਰਿਥੀਆ ਵੇਖ ਕਰਤਾਰ ਸਿੰਘਾ ਹੀਲੇ ਓਸਦੇ ਜਾਣ ਬੇਕਾਰ ਸਮਝੋ

(ਸ੍ਰੀ ਗੁਰੂ ਜੀ ਨੇ ਤਰਨਤਾਰਨ ਜਾ ਰਹਿਣਾ)

ਏਥੇ ਪ੍ਰਿਥੀਆ ਨਿੱਤ ਕਲੇਸ਼ ਰੱਖੇ ਸਤਿਗੁਰੂ ਜੀ ਬੜੇ ਲਾਚਾਰ ਹੋਏ
ਅੰਮ੍ਰਿਤਸਰੋਂ ਚਲੇ ਗਏ ਤਰਨਤਾਰਨ ਲਾਂਭੇ ਓਸਤੋਂ ਸਣੇ ਪਰਿਵਾਰ ਹੋਏ
ਮਾਤਾ ਭੱਾਨੀ ਅਤੇ ਸ੍ਰੀ ਮਾਤ ਗੰਗਾ ਕਲਾ ਨਿੱਤ ਦੀ ਤੋਂ ਦੁਖਯਾਰ ਹੋਏ
ਤਰਨਤਾਰਨ ਜਾਰਹੇਕਰਤਾਰਸਿੰਘਾ ਸੇਵਾ ਤਾਲਦੀ ਕਰਨ ਦੇ ਆਹਰ ਹੋਏ

(*ਦੂਖ ਨਿਵਾਰਨ ਤੇ ਪ੍ਰਿਥੀ ਚੰਦ ਦੀ ਈਰਖਾ)

ਤਰਨਤਾਰਨਨੂੰ ਜਾਵੰਦੇ ਜਦੋਂਸਤਿਗੁਰਹੈਸੀਰਾਹ ਦਾ ਨੇਮ ਠਹਿਰਾਯਾ ਜੀ
ਅੱਧਵਿਚ ਜਾ ਕੁਝਅਰਾਮ ਕਰਦੇ ਇਰਦਗਿਰਦਦੇ ਸਿੱਖਾਂ ਨੇ ਚਾਹਯਾ ਜੀ
ਏਸ ਥਾਨ ਉਤੇ ਬਣੇ ਗੁਰਦ੍ਵਾਰਾ ਜਿੰਨੂੰ ਕਈ ਵਾਰੀ ਵਰੋਸਾਯਾ ਜੀ
ਓਹ ਭੀ ਬਣਨਲੱਗਾ ਹੁਕਮਗੁਰਾਂ ਅੰਦਰ ਝੰਡਾ ਨਾਮਦਾ ਓਥੇਝੁਲਾਯਾ ਜੀ
ਪ੍ਰਿਥੀਚੰਦ ਭਲਾ ਕਦੋਂ ਜਰ ਸਕਦਾ ਓਸ ਓਥੇ ਭੀ ਜਾ ਆੱਢਾ ਲਾਯਾ ਜੀ
ਥੋੜੀ ਦੂਰ ਦੇ ਉਤੇ ਕਰਤਾਰ ਸਿੰਘਾ ਮੰਦਰ ਓਸ ਭੀ ਸ਼ੁਰੂ ਕਰਾਯਾ ਜੀ

(ਸ੍ਰੀ ਗੁਰੂ ਜੀ ਨੇ ਬਿਆਸਾ ਤੋਂ ਪਾਰ ਡੱਲੇ ਪਿੰਡ ਜਾਣਾ)

ਡੱਲੇ ਪਿੰਡ ਵਾਲੇ ਭਾਈ ਲਾਲੋ ਜੈਸੇ ਆਕੇ ਆਖਦੇ ਦਿਹੋ ਦੀਦਾਰ ਗੁਰ ਜੀ
ਸੱਡੇ ਨੱਗਰ ਚੱਲਕੇ ਕਦਮ ਪਾਵੋ ਸਿੱਖਾਂ ਸੇਵਕਾਂ ਕਰੋ ਉਧਾਰ ਗੁਰ ਜੀ
ਵੇਖ ਉਨ੍ਹਾਂ ਦਾ ਪ੍ਰੇਮ ਪਜਾਰ ਬਹੁਤਾ ਤਰਨ ਤਾਰਨੋਂ ਹੋਇ ਤੱਯਾਰ ਗੁਰ ਜੀ
ਰਾਹੀਂ ਤਾਰਦੇਜੀਆਂਉਧਾਰਕਰਦੇਬਿਆਸਾਨਦੀਤੋਂਹੋਇਗਏਪਾਰ ਗੁਰ ਜੀ
ਡੱਲੇਪਿੰਡ ਜਾਕੇ ਡੇਰਾ ਲਾਇਦਿੱਤਾ ਸਤਿਨਾਮ ਦਾਕਰਨ ਪਰਚਾਰ ਗੁਰ ਜੀ

---

*ਕਈਆਂ ਦਾ ਖ਼ਯਾਲ ਹੈ ਕਿ ਪ੍ਰਿਥੀ ਚੰਦ ਨੇ ਤਰਨ ਤਾਰਨ ਦੇ ਮੁਕਾਬਲੇ ਤੇ ਓਸ ਦੇ ਰਾਹ ਵਿਚ ਆਪਣਾ ਅਸਥਾਨ ਏਸ ਵਾਸਤੇ ਬਣਾਯਾ ਸੀ ਕਿ ਲੋਕ ਤਰਨ ਤਾਰਨ ਨ ਜਾਣ ਤੇ ਓਸ ਦਾ ਨਾਮ ਦੂਖ ਨਿਵਾਰਨ ਧਰਯਾ, ਪਰ ਇਹ ਗੱਲ ਕੁਝ ਫੱਬਦੀ ਨਹੀਂ, ਕਿਉਂਕਿ ਓਥੇ ਸ੍ਰੀ ਪੰਚਮ ਪਾਤਿਸ਼ਾਹੀ ਦਾ ਭੀ ਅਸਥਾਨ ਹੈ। ਜੋ ਓਸ ਨੇ ਈਰਖਾ ਕਰਕੇ ਤਰਨ ਤਾਰਨ ਦੇ ਮੁਕਾਬਲੇ ਵਿਚ ਬਣਾਯਾ ਸੀ ਤਾਂ ਸ੍ਰੀ ਪੰਚਮ ਪਾਤਿਸ਼ਾਹ ਨੇ ਓਥੇ ਆਪਣਾ ਮੰਦਰ ਕਿਉਂ ਬਣਾਯਾ ? ਈਰਖਾ ਦੀ ਭੁੱਖ ਪ੍ਰਿਥੀ ਚੰਦ ਨੂੰ ਹੀ ਸੀ, ਓਸ ਨੇ ਰੀਸ ਕਰਕੇ ਆਪਣਾ ਮੰਦਰ ਪਿਛੋਂ ਬਣਾਯਾ ਜਾਪਦਾ।

ਓਥੇਕਈਦਿਨਠਹਿਰੇਕਰਤਾਰਸਿੰਘਾਬੇੜੇਪਾਪੀਆਂਦੇਤਾਰਨਹਾਰ ਗੁਰ ਜੀ

(ਅਜ਼ੀਮ ਖ਼ਾਂ ਸੂਬਾ ਜਾਲੰਧਰ)

ਲੰਗਰਚੱਲਦੇਮਿਲਦਾਅੰਨ ਸਭਨੂੰ ਖ਼ਾਲੀਗਿਆ ਨ ਜੋ ਇੱਛਾ ਧਾਰ ਆਯਾ
ਜੱਸ ਵਿਚ ਦੁਾਬੇ ਦੇ ਫੈਲ ਗਿਆ ਡੱਲੇ ਪਿੰਡ ਸਤਿਗੁਰੂ ਅਵਿਤਾਰ ਆਯਾ
ਸੂਬਾ ਸੱਯਦ ਅਜ਼ੀਮ ਜਾਲੰਧਰੀ ਜੋ ਸਿਫ਼ਤ ਸੁਣ ਕੇ ਕਰਨ ਦੀਦਾਰ ਆਯਾ
ਰੱਬੀ ਨੂਰ ਜਮਾਲ ਕਮਾਲ ਡਿੱਠਾ ਸਾਫ਼ ਦਿਲ ਹੋ ਵਿੱਚ ਦਰਬਾਰ ਆਯਾ
ਸਤਿਗੁਰਾਂ ਨੇ ਆਦਰ ਮਾਣ ਦਿੱਤਾ ਅੰਦਰ ਓਸ ਦੇ ਸਿਦਕ ਪਯਾਰ ਆਯਾ
ਕਰ ਬਚਨ ਬਿਲਾਸ ਕਰਤਾਰਸਿੰਘਾ ਓਹਦੇ ਚਿੱਤ ਆਨੰਦ ਅਪਾਰ ਆਯਾ

(ਸੂਬੇ ਦੀ ਬੇਨਤੀ)

ਲੰਗਰਮਿਲਦਾਹਿੰਦੂਆਂਮੁਸਲਮਾਨਾਂਕੋਈਨਰੱਖਜਾਭਰਮਭਰਮਾਉ ਗੁਰ ਜੀ
ਵਰਨਾ ਚੌਹਾਂਤਾਈਂ ਉਪਦੇਸ਼ਸਾਂਝਾ ਡਿੱਠੇ ਕਰਦੇਸਹਿਜ ਸੁਭਾਉ ਗੁਰ ਜੀ
ਸੂਬਾਵੇਖਕੇ ਬੜਾ ਹੀ ਖ਼ੁਸ਼ਹੋਯਾ ਕਹਿੰਦਾ ਮੇਰੇ ਤੇ ਮਿਹਰ ਕਮਾਉ ਗੁਰ ਜੀ
ਮੈਨੂੰ ਹੋਵੰਦਾ ਰਹੇ ਦੀਦਾਰਜਿਵੇਂ ਪਿੰਡ ਨੇੜੇ ਜਾਲੰਧਰ ਦੇ ਪਾਉ ਗੁਰ ਜੀ
ਪਟਾ ਲਿਖ ਦੇਵਾਂ ਨਾਮ ਆਪ ਦੇ ਮੈਂ ਥਾਂ ਕਰ ਪਸੰਦ ਵਸਾਉ ਗੁਰ ਜੀ
ਕਰੋ ਅਰਜ਼ਮਨਜ਼ੂਰਕਰਤਾਰਸਿੰਘਾ ਮੈਂਗ਼ੁਲਾਮਤਾਈਂ ਬੰਨੇ ਲਾਉ ਗੁਰ ਜੀ

ਨਿਰੰਜਨੀ ਜੋਤ

ਅਰਥਾਤ

ਜੀਵਨ ਚਰਿੱਤ੍ਰ ਸ੍ਰੀ ਗੁਰੂ ਤੇਗ ਬਹਾਦਰ ਜੀ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨਾਵੀਂ ਪਾਤਸ਼ਾਹੀ ਦੇ ਅਵਤਾਰ ਧਾਰਨ ਤੋਂ ਲੈਕੇ ਗੁਰ ਗੱਦੀ ਤੇ ਬਿਰਾਜਮਾਨ ਹੋ ਸੀ ਅਨੰਦ ਪੁਰ ਸਾਹਿਬ ਦਾ ਵਸਾਣਾ, ਸ੍ਰੀ ਗੁਰੂ ਜੀ ਨੇ ਸੇਵਕਾਂ ਦੀ ਕੱਲਯਾਨ ਲਈ ਪੂਰਬ ਦੇਸ ਦੀ ਯਾਤਰਾ ਜਾਣਾ, ਸ੍ਰੀ ਕਲਗੀਧਰ ਪਿਤਾ ਜੀ ਨੇ ਅਵਿਤਾਰ ਧਾਰਨਾ, ਗੁਰੂ ਜੀ ਨੇ ਆਸਾਮ ਦੇਸ ਤੋਂ ਹੋਕੇ ਸ੍ਰੀ ਅਨੰਦਪੁਰ ਆ ਸੰਗਤਾਂ ਨੂੰ ਦਰਸ਼ਨ ਦੇਣੇ, ਦੇਸ ਤੇ ਔਰੰਗਜ਼ੇਬੀ ਜ਼ੁਲਮ ਦਾ ਹੜ੍ਹ ਆਉਣਾ, ਹਿੰਦ ਧਰਮ ਦੀ ਬੇੜੀ ਨੇ ਡਗਮਗਾਉਣਾ, ਕਸ਼ਮੀਰ ਦੇ ਪੰਡਤਾਂ ਨੇ ਦੁਖੀ ਹੋਕੇ ਗੁਰੂ ਜੀ ਅੱਗੇ ਸ੍ਰੀ ਅਨੰਦ ਪੁਰ ਵਿਖੇ ਆਕੇ ਪੁਕਾਰ ਕਰਨੀ, ਪਰਉਪਕਾਰੀ ਗੁਰੂ ਜੀ ਨੇ ਜ਼ੁਲਮ ਦੀ ਅੱਗ ਨੂੰ ਬੁਝਾਣ ਲਈ ਦਿੱਲੀ ਪਹੁੰਚਨਾ, ਭਾਈ ਮਤੀ ਦਾਸ ਤੇ ਭਾਈ ਦਯਾਲੇ ਜੀ ਦੀ ਸ਼ਹੀਦੀ, ਗੁਰੂ ਜੀ ਨੇ ਜ਼ੁਲਮ ਦੀ ਅੱਗ ਵਿੱਚ ਆਪਣਾ ਪਵਿੱਤ੍ਰ ਖ਼ੂਨ ਪਾਕੇ ਉਸ ਨੂੰ ਬੁਝਾਣਾ, ਧਰਮ ਅਤੇ ਦੇਸ ਦੀ ਖ਼ਾਤਰ ਆਪਣੇ ਆਪ ਨੂੰ ਔਰੰਗਜ਼ੇਬੀ ਜ਼ੁਲਮ ਦੀ ਭੇਟਾ ਕਰਨਾ ਆਦਿ ਪ੍ਰਸੰਗ ਪੰਜਾਬੀ ਬੈਂਤਾਂ ਦੁਆਰਾ ਇਸ ਪੁਸਤਕ ਵਿੱਚ ਦਰਜ ਹਨ। ਪੁਸਤਕ ਬੜੀ ਰਸੀਲੀ ਹੈ।

ਸ੍ਰੀ ਕਰਤਾਰਪੁਰ ਜੀ ਦੀ ਨੀਂਹ ਰੱਖਣੀ

ਸਤਿਗੁਰਾਂ ਭੀ ਸੋਚ ਦੂਜਾ ਕਰਕੇ ਚੰਗਾ ਆਖਕੇ, ਹਾਂ ਮਿਲਾਈ ਸੀ ਜੀ
ਉੱਤਰਪੂਰਬ ਜਲੰਧਰੋਂ ਦੂਰ ਥੋੜ੍ਹੀ ਜਾ ਪਿੰਡ ਦੀ*ਮੋਹੜੀ ਗਡਾਈ ਸੀ ਜੀ
ਸੋਲਾਂ ਸੌ ਪੰਜਾਹ ਤੇ ਇੱਕੀ ਮੱਘਰ ਨਵੀਂ ਵਸਤੀ ਗੁਰਾਂ ਵਸਾਈ ਸੀ ਜੀ
ਓਹਦਾ ਰੱਖਯਾ ਨਾਮ ਕਰਤਾਰਪੁਰਾ ਸਿੱਖਾਂ ਸੇਵਕਾਂ ਖ਼ੁਸ਼ੀ ਮਨਾਈ ਸੀ ਜੀ
ਧੀਰੇ,ਪੈੜੇ, ਕੱਲਯਾਣੇ ਤੇ ਭਗਤੂ ਨੂੰ ਓਸ ਥਾਂ ਦੀ ਕਾਰ ਸੌਂਪਾਈ ਸੀ ਜੀ
ਕਰੋਪਿੰਡ ਆਬਾਦ ਕਰਤਾਰਸਿੰਘਾ ਆਪ ਪਿਛ੍ਹਾਂ ਨੂੰਵਾਗ ਭੁਵਾਈ ਸੀ ਜੀ

(ਸ੍ਰੀ ਗੁਰੂ ਜੀ ਨੇ ਸ੍ਰੀ ਤਰਨਤਾਰਨ ਜੀ ਆਉਣਾ)

ਕੁਝਦਿਨ ਕਰਤਾਰਪੁਰ ਰਹਿ ਕਰਕੇ ਪਿਛ੍ਹਾਂ ਪਰਤ ਸਤਿਗੁਰੂ ਦਜਾਲ ਆਏ
ਵੈਰੋਵਾਲ ਹੁੰਦੇ ਗੋਇੰਦਵਾਲ ਥਾਣੀ ਕਰ ਸੈਂਕੜੇ ਜੀਆਂ ਨਿਹਾਲ ਆਏ
ਜਿਨ੍ਹਾਂ ਜੀਆਂ ਨੇ ਦਰਸਦੀਦਾਰ ਕੀਤੇ ਮੁੜਵਿੱਚ ਨ ਕਾਲ ਦੇ ਜਾਲ ਆਏ
ਮਾਯਾ ਫਿਰਦੀ ਪਿੱਛੇ ਕਰਤਾਰ ਸਿੰਘਾ ਸ਼ਾਨ ਸ਼ੌਕਤ ਜਾਹੁ ਜਲਾਲ ਆਏ

(ਸ੍ਰੀ ਤਰਨਤਾਰਨ ਦੇ ਆਵੇ ਤੇ ਨੂਰਦੀਨ ਦੀ ਸ਼ਰਾਰਤ)

ਸਰ ਵਾਸਤੇ ਸਤਿਗੁਰਾਂ ਤਰਨਤਾਰਨ ਆਵੇ ਭੱਠੇ ਅਨੇਕ ਚੜ੍ਹਾਇ ਭਾਈ
ਬਣਜਾਇ ਇਹਸਾਰਾ ਤਾਲਾਬ ਪੱਕਾਹੈਸਨਬਹੁਤਮਜ਼ਦੂਰ ਲਗਾਇ ਭਾਈ
ਇੱਟਾਂ ਪੱਕਕੇ ਬਹੁਤਤੱਯਾਰ ਹੋਈਆਂ ਕਲਾਹੋਰ ਕਰਤਾਰ ਵਰਤਾਇ ਭਾਈ
ਨੂਰਦੀਨ ਦਾ ਬੇਟਾ ਅਮੀਰਦੀਂ ਜੋ ਇੱਟਾਂ ਪੱਕੀਆਂਵੇਖਲਲਚਾਇ ਭਾਈ
ਇੱਟਾਂ ਮੁੱਲ ਦੇਵੋ ਸਾਨੂੰ ਲੋੜ ਬਹੁਤੀ ਗੁਰਾਂਪਾਸ ਨੌਕਰ ਭਿਜਵਾਇ ਭਾਈ
ਗੁਰਾਂ ਆੱਖਯਾ ਮੁੱਲ ਨ ਵਿਕ ਸੱਕਣ ਤੀਰਥ ਵਾਸਤੇ ਆਵੇ ਪਕਾਇ ਭਾਈ
ਇਹਘਾੱਲੀਆਂ ਘਾੱਲਣਾਂਸਿੱਖਾਂ ਦੀਆਂ ਲੱਗਣਹੋਰ ਥਾਂ ਨ ਕਿਤੇ ਜਾਇ ਭਾਈ

---

*ਸੂਰਜ ਪ੍ਰਕਾਸ਼ ਵਿਚ ਲਿਖਿਆ ਹੈ ਕਿ ਇਸ ਪਿੰਡ ਦੀ ਮੋਹੜੀ ਗੱਡਨ ਲੱਗਿਆਂ ਇਲਾਕੇ ਦੇ ਚੌਧਰੀ ਦੀ ਪਗੜੀ ਉਤਰ ਗਈ; ਲੋਕਾਂ ਬੁਰਾ ਮੰਨਿਆਂ, ਸਤਿਗੁਰਾਂ ਬਚਨ ਕੀਤਾ—ਏਥੇ ਜੋ ਦੁਸ਼ਮਨ ਚੜ੍ਹਕੇ ਆਵੇਗਾ—ਬੱਧੀ ਆਵੇਗਾ, ਲਥੀ ਜਾਵੇਗਾ।

ਏਸ ਥੰਮ੍ਹ ਸਾਹਿਬ ਨੂੰ ੧੮੧੧ ਵਿਚ ਨਾਸਰ ਦੀਨ ਸੂਬੇ ਜਾਲੰਧਰ ਨੇ ਸਾੜ ਦਿੱਤਾ ਤੇ ਸ਼ਹਿਰ ਬਰਬਾਦ ਕਰ ਦਿੱਤਾ ੧੮੧੩ ਵਿਚ ਸਰਦਾਰ ਬਾਘ ਸਿਘ ਹੋਰਾਂ ਨਾਸਰ ਦੀਨ ਨੂੰ ਮਾਰਕੇ ਜਾਲੰਧਰ ਲੁੱਟ ਬ੍ਦਲਾ ਲੈ ਲਿਆ। ੧੮੮੫ਵਿਚ ਹੋਣ ਜੋ ਥੰਮ੍ਹ ਸਾਹਿਬ ਹੈ,ਮਹਾਰਾਜੇ ਰਣਜੀਤ ਸਿੰਘ ਨੇ ਬਣਵਾਯਾ ਸੀ । ਏਸ ਪ੍ਰਸੰਗ ਲਈ ਵੇਖੋ "ਜੌਹਰ ਖ਼ਾਲਸਾ"

ਹਾਕਿਮਹੋਣ ਦਾ ਓਹਨੂੰ ਹੰਕਾਰ ਹੈਸੀ*ਜ਼ੋਰ ਨਾਲ ਲੈਗਿਆ ਚੁਕਾਇ ਭਾਈ
ਸਿਖਾਂਗੁਰਾਂ ਨੂੰ ਦੱਸਯਾਹਾਲ ਸਾਰਾ ਸਹਿ ਸੁਭਾ ਇਉਂ ਕਹਿੰਦੇਸੁਣਾਇ ਭਾਈ
ਸਿੱਖੋ ਨਹੀਂ ਘਬਰਾਣ ਦੀ ਲੋੜਕੋਈ ਇੱਟਾਂਮੁੜ ਲੱਗਣਏਥੇ ਆਇ ਭਾਈ
ਹੋਰ ਬੱਕੀ ਦੀਆਂ ਨਾਲ ਲੈ ਆਵੰਨ ਸਮਾਂ ਦੇਇ ਸਬੱਬ ਬਣਾਇ ਭਾਈ
ਛੱਡ ਓਵੇਂ ਹੀ ਤਾਲ ਕਰਤਾਰਸਿੰਘਾ ਸੁਧਾਸਰਆਇ ਸ਼ੁਕਰ ਮਨਾਇ ਭਾਈ

(ਵਾਕ ਕਵੀ)

ਇੱਟਾਂ ਸਾਰੀਆਂ ਖੜ ਅਮੀਰਦੀਂ ਨੇ ਸਭ ਆਪਣੇ ਘਰਾਂ ਨੂੰ ਲਾਈਆਂ ਸਨ
ਕੁਝ ਵਧੀਆਂ ਵਿੱਚ ਸਰਾਂ ਲਾਈਆਂ ਤੇ ਹਵੇੱਲੀਆਂ ਖ਼ੂਬ ਬਣਾਈਆਂ ਸਨ
ਏਸ ਧੱਕੇ ਦਾ ਮਿਲਣਾ ਫਲ ਹੈਸੀ ਅੱਤਾਂ ਹਾਕਮਾਂ ਨੇ ਅੱਤ ਚਾਈਆਂ ਸਨ
ਹੋਯਾਸਿੱਖਾਂਦਾਰਾਜਪੰਜਾਬ ਤੇ ਜਾਂ †ਬਾਰਾਂਮਿਸਲਾਂਜ਼ੋਰਵਿਚਆਈਆਂ ਸਨ
‡ਬੁੱਧਸਿੰਘ ਸ੍ਰਦਾਰ ਫ਼ੈਜ਼ੁਲਾਪੁਰੀਏਗੱਲਾਂਸਾਰੀਆਂਸੁਣਇਹਪਾਈਆਂ ਸਨ
ਸਤਿਗੁਰਾਂ ਦੇ ਵਾਕਨੂੰ ਸੱਤ ਕੀਤਾ ਜਾ ਹਵੇਲੀਆਂਸਾਰੀਆਂ ਢਾਈਆਂ ਸਨ
ਅਠਾਰਾਂਸੌਦੇ ਬੱਤੀਏਂਸਾਲਅੰਦਰਤਰਨਤਾਰਨਉਹਇੱਟਾਂਪੁਚਾਈਆਂ ਸਨ
ਦੂਹ ਪੱਸਯਾਂ ਦੇਪੌੜ ਬਣੇ ਪੱਕੇ ਜਿਥੋਂਗਈਆਂ,ਆ ਓਥੇ ਸਮਾਈਆਂ ਸਨ
ਸਵਾ ਲੱਖ ਰੁਪੱਯਾ ਲਗਾ ਕਰਕੇ ਸੇਵਾ ਹੱਥੀਂ ਭੀ ਬਹੁਤ ਕਮਾਈਆਂ ਸਨ
ਸੋਹਣਾ ਮੰਦਰ ਵਿੱਚਤੱਯਾਰ ਕੀਤਾਸਤਿਗੁਰਾਂ ਤੋਂ ਖੁਸ਼ੀਆਂ ਪਾਈਆਂ ਸਨ
ਬੱਕੀਸੇਵਾਕੀਤੀਰਣਜੀਤਸਿੰਘਨੇਜਿੱਨੂੰਬਖ਼ਸ਼ੀਆਂਗੁਰੂਵਡਿਆਈਆਂ ਸਨ
ਘੇਰਾ ਕੀਤਾਤਲਾਬ ਦਾ ਸਭਪੱਕਾ ਨੀਂਹਾਂ ਖ਼ੂਬ ਮਜ਼ਬੂਤ ਰਖਾਈਆਂ ਸਨ

---

*ਸੂਰਜ ਪ੍ਰਕਾਸ਼ ਵਿਚ ਲਿਖਿਆ ਹੈ ਕਿ ਨੂਰ ਦੀਨ ਨੇ ਇੱਟਾਂ ਨਹੀਂ ਸਨ ਲਿਆ-ਉਣੀਆਂ ਚਾਹੀਆਂ, ਪਰ ਅਮਾਨਤ ਖ਼ਾਂ ਤੇ ਨੁਰੰਗਾਬਾਦ ਵਾਲੇ ਚੌਧਰੀ ਨੇ ਲਾਲਚ ਕਰਕੇ ਅਮੀਰ ਦੀਨ ਓਸਦੇ ਬੇਟੇ ਨੂੰ ਚੁੱਕ ਦੇਕੇ ਇੱਟਾਂ ਉਠਵਾ ਖੜੀਆਂ ਤੇ ਤਿੰਨਾਂ ਨੇ ਵੰਡ ਲਈਆਂ। ਨੂਰ ਦੀਨ ਨੇ ਜਦੋਂ ਸੁਣਿਆਂ ਕਿ ਗੁਰੂ ਜੀ ਤਾਲਾਬ ਲਵਾਨਾ ਵਿਚੇ ਛੱਡਕੇ ਟੁਰ ਚੱਲੇ ਹਨ ਤਾਂ ਬਾਦਸ਼ਾਹ ਪਾਸ ਸ਼ਕਾਇਤ ਪਹੁੰਚਣ ਦੇ ਡਰ ਤੋਂ ਆਪਣਾ ਆਦਮੀ ਸਤਿਗੁਰਾਂ ਪਾਸ ਭੇਜਿਆ ਕਿ ਸਾਥੋਂ ਮੁੱਲ ਲੈ ਲਵੋ ਤੇ ਆਵੇ ਹੋਰ ਪਕਾ ਲਵੋ । ਸਤਿਗੁਰਾਂ ਨੇ ਆਖਿਆ ਕਿ ਤੁਸਾਂ ਸਾਡਿਆਂ ਆਵਿਆਂ ਦਾ ਮੁਲ ਧਕਾ ਦਿੱਤਾ ਹੈ, ਸੋ ਅਸੀਂ ਭੀ ਧੱਕਾ ਹੀ ਦੇਕੇ ਇੱਟਾਂ ਵਾਪਸ ਲੈ ਲਵਾਂਗੇ । ਸੋ ਜਿਵੇਂ ਓਹਨਾਂ ਜ਼ੋਰ ਨਾਲ ਖੜੀਆਂ ਸਨ,ਓਵੇਂ ਸਰਦਾਰ ਬੁਧ ਸਿੰਘ ਹੋਰਾਂ ਉਹਨਾਂ ਦੀਆਂ ਜੜ੍ਹਾਂ ਭੀ ਨਾਲ ਹੀ ਪੁੱਟ ਆਂਦੀਆਂ।

†'ਪ੍ਰਕਾਸ਼ ਖ਼ਾਲਸਾ'—ਜਿਸ ਵਿਚ ਬਾਰਾਂ ਮਿਸਲਾਂ ਦਾ ਪੂਰਾ ਪੂਰਾ ਹਾਲ ਦਰਜ ਹੈ—ਛਪਕੇ ਤਿਆਰ ਹੈ, ਮੰਗਾਕੇ ਸਾਰੇ ਹਾਲ ਪੜ੍ਹੋ !

‡ਕਈ ਥਾਈਂ ਖ਼ੁਸ਼ਹਾਲ ਸਿੰਘ ਲਿਖਿਆ ਹੈ।

ਕੰਵਰ ਨੌ ਨਿਹਾਲਸਿੰਘ ਓਸਵੇਲੇ ਆਸਾਂ ਉੱਚੀਆਂਬਹੁਤ ਰਖਾਈਆਂ ਸਨ
ਅਜੇ ਇੱਕੋ ਮੁਨਾਰਾਬਣਵਾਇਆ ਸੀਸੇਵਾ ਕਰਨੀਆਂ ਰੱਬਨਭਾਈਆਂ ਸਨ
ਪੈ ਗਏ*ਵਿਗਾੜ ਲਾਹੌਰ ਅੰਦਰ ਸਮੇ ਬਾਜ਼ੀਆਂ ਸਭ ਉਲਟਾਈਆਂ ਸਨ
ਰਹੀਆਂਮਨ ਦੀਆਂ ਮਨ ਕਰਤਾਰਸਿੰਘਾ ਸਮੇਸ਼ਕਲਾਂਹੋਰਦਿਖਾਈਆਂ ਸਨ

(ਵਾਕ ਕਵੀ)

ਸੋਲਾਂਸੋਇਕਵੰਜਵਾਂਸਾਲ ਚੜ੍ਹਯਾਗਈਆਂਗਰਮੀਆਂਰੁੱਤ ਬਰਸਾਤ ਆਈ
ਹੋਈ ਬਰਖਾ ਬਹੁਤ ਹੀ ਦੇਸ ਅੰਦਰ ਕਈਕਈ ਦਿਨ ਬਦਲਾਂ ਝੜੀ ਲਾਈ
ਕੁਝ ਦਿਨ ਬਹਾਰ ਆ ਸਾਫ਼ ਹੋਈ ਘਰੋਂ ਦਾਸੀਆਂ ਨੂੰ ਦਿੱਤਾ ਹੁਕਮ ਮਾਈ
ਕੱਢ ਕੱਪੜੇ ਕੋਠੇ ਤੇ ਪਾਉ ਸੁੱਕਣੇ ਮਤਾਂ ਲੱਗ ਕੀੜਾ ਕਿਤੇ ਖਾ ਜਾਈ
ਦਿੱਤੇ ਖੋਲ੍ਹ ਸੰਦੂਕ ਅਪਾਰ ਕੱਪੜ ਕੱਢ ਕੱਢ ਕੋਠੇ ਉੱਤੇ ਜਾਣ ਪਾਈ
ਜ਼ਰੀਦਾਰ ਤੇਵਰ ਕਰਤਾਰ ਸਿੰਘਾ ਲਾਈਆਂ ਕੀਮਤਾਂ ਸਿੱਖਾਂ ਅਪਾਰ ਭਾਈ

(ਤਥਾ)

ਜ਼ਰੀ,ਬਾਦਲੇ,ਅਤਲਸਾਂ,ਕੀਨਖ਼ਾਬਾਂ ਥਾਨਮਖ਼ਮਲਾਂ ਅਤੇ ਪਸ਼ਮੀਨਯਾਂ ਦੇ
ਦਰਯਾਈ, ਬਨਾਤ ਬੁਖ਼ਾਰਯਾਂ ਦੇ ਕਈ ਚਿਘਨ ਕੱਢੇ ਉੱਪਰ ਚੀਨਯਾਂ ਦੇ
ਕਾਰੀਗਰੀਆਂ ਕੀਤੀਆਂ ਕਾਰੀਗਰਾਂ ਖ਼ਰਚ ਕੀਤੇ ਹੋਇਕਈ ਮਹੀਨਿਆਂ ਦੇ
ਸੋਹਣੇ ਬਸਤਰ ਬਹੁਤ ਕਰਤਾਰ ਸਿੰਘਾ ਪਾਇ ਸੁੱਕਣੇ ਨਾਲ ਕਰੀਨਿਆਂ ਦੇ

(ਪ੍ਰਿਥੀਏ ਦੀ ਟਹਿਲਣ ਨੇ ਵੇਖ ਕੇ ਉਸ ਦੀ ਤੀਵੀਂ ਨੂੰ ਦੱਸਣਾ)

ਜਿਹੜਾ ਵੇਖਦਾ ਓਹੋ ਹੀ ਦੰਗ ਹੁੰਦਾ ਪ੍ਰੇਮ ਸਿੱਖਾਂ ਦੇ ਤਈਂ ਸਲਾਹ ਜਾਂਦਾ
ਜਗਮਗਾਹਟ ਕੋਠੇਉੱਤੇ ਹੋ ਰਹੀ ਸੀ ਠਹਿਰ ਵੇਖਦਾ ਹਰਕੋਈ ਰਾਹ ਜਾਂਦਾ
ਦਾਸੀ ਪ੍ਰਿਥੀਏ ਦੀ ਲੰਘੀ ਓਸ ਰਾਹੋਂ ਦੁੱਖ ਕਾਲਜੇ ਓਹਦੇ ਨੂੰ ਦਾਹ ਜਾਂਦਾ
ਗਈਕਰਮੋ ਦੇ ਪਾਸ ਕਰਤਾਰਸਿੰਘਾ ਕਾਹਲੀਬੋਲਦੀ ਨੂੰ ਚੜ੍ਹਸਾਹ ਜਾਂਦਾ

(ਤਥਾ)

ਕਹੇ ਤੇਰੀ ਦਰਾਨੀ ਨੂੰ ਭਾਗ ਲੱਗੇ ਆਈਆਂ ਦੌਲਤਾਂ ਬੇਸ਼ੁਮਾਰ ਓਹਦੇ
ਕਮੀ ਓਸ ਨੂੰ ਕਿਸੇ ਨ ਗੱਲ ਦੀ ਏ ਭਰੇ ਜ਼ੇਵਰਾਂ ਨਾਲ ਪਟਾਰ ਓਹਦੇ
ਪਾਇ ਕੋਠੇ ਤੇ ਕੱਪੜੇ ਕੱਢ ਸਾਰ ਨਜ਼ਰ ਮਾਰ ਕੇ ਵੇਖ ਮਲ੍ਹਾਰ ਓਹਦੇ
ਬਾਦਸ਼ਾਹਾਂ ਘਰ ਨਹੀਂ ਕਰਤਾਰਸਿੰਘਾ ਜੋ ਪਦਾਰਥ ਪਾਸ ਵਿਚਾਰ ਓਹਦੇ

---

*ਲਾਹੌਰ ਦਰਬਾਰ ਦੇ ਅਖ਼ੀਰਲੇ ਹਾਲ"ਦਰਬਾਰ ਖ਼ਾਲਸਾ" ਪੁਸਤਕ ਮੰਗਾਕੇ ਪੜ੍ਹੋ !

(ਕਰਮੋਂ ਨੇ ਵੇਖਕੇ ਅਤਯੰਤ ਦੁਖੀ ਹੋਣਾ)

ਕਰਮੋ ਵੇਖਣੇ ਦੇ ਲਈ ਚੜ੍ਹੀ ਕੋਠੇ ਅੱਗ ਓਸਨੂੰ ਵੇਖਦੇ ਸਾਰ ਲੱਗੀ
ਉਹ ਤਾਂ ਫੜ ਕਲੇਜੇ ਨੂੰ ਬੈਠ ਗਈ ਸੀ ਨੇ ਈਰਖਾ ਸਖ਼ਤ ਕਟਾਰ ਲੱਗੀ
ਹਿਰਦੇ ਤੀਵੀਆਂ ਦੇ ਹੁੰਦੇ ਬਹੁਤ ਹੋਛੇ ਰੋਣ ਕੋਠੇ ਉੱਤੇ ਜ਼ਾਰ ਜ਼ਾਰ ਲੱਗੀ
ਪ੍ਰਿਥੀਚੰਦ ਦੇ ਤਈਂ ਕਰਤਾਰਸਿੰਘਾ ਕਹਿਣ ਬੁਰਾ ਤੇ ਭਲਾ ਹਜ਼ਾਰ ਲੱਗੀ

(ਘਰ ਆਇ ਪ੍ਰਿਥੀਚੰਦ ਨੂੰ ਕਰਮੋ ਨੇ ਫੋਲਕੇ ਦੁੱਖ ਦੱਸਣੇ)

ਪਈ ਰਾਤ ਪ੍ਰਿਥੀਚੰਦ ਘਰ ਆਯਾ ਕਰਮੋ ਫੋਲ ਕੇ ਦੁੱਖ ਸੁਨਾਵੰਦੀ ਏ
ਮੂੰਹੋਂ ਡੁਸਕਦੀ,ਰੋਵੰਦੀ ਅੱਖੀਆਂ ਤੋਂ ਤਿੱਖੇ ਤੀਰ ਜ਼ਬਾਨੋਂ ਚਲਾਵੰਦੀ ਏ
ਲੱਗੇ ਵਧ ਕੇ ਭਾਗ ਸ਼ਰੀਕਨੀ ਨੂੰ ਮੈਂ ਨਿਕਰਮਨ ਰਹੀ ਜਤਾਵੰਦੀ ਏ
ਓਹਦੇ ਘਰ ਨ ਕਮੀ ਕਰਤਾਰਸਿੰਘਾ ਸਾਨੂੰ ਹਰ ਇੱਕ ਥੁੜ ਸਤਾਵੰਦੀ ਏ

(ਤਥਾ)

ਏਸ ਸਾਰੇ ਕਲੇਸ਼ ਦੇ ਮੁੱਢ ਤੁਸੀਂ ਨੀਵੇਂ ਹੋ ਪਿਤ ਸੇਵ ਕਮਾ ਲੈਂਦੇ
ਦੂਰ ਕਰ ਹੰਕਾਰ ਨੂੰ ਹੋ ਨੀਵੇਂ ਗੁਰਿਆਈ ਦੀ ਗੱਦੀ ਜੇ ਪਾ ਲੈਂਦੇ
ਆਉਂਦੇ ਸਭ ਪਦਾਰਥ ਘਰ ਸੱਡੇ ਜੋ ਚਾਹੁੰਦੇ ਅਸੀਂ ਬਣਾ ਲੈਂਦੇ
ਕਿਉਂ ਹੋਵੰਦੇ ਦੁਖੀ ਕਰਤਾਰ ਸਿੰਘਾ ਗੁਰ ਪਿਤਾ ਜੀ ਤਈਂ ਰਿਝਾ ਲੈਂਦੇ

(ਪ੍ਰਿਥੀਚੰਦ)

ਗੱਲਾਂ ਸੁਣ ਕੇ ਆਖਦਾ ਦੁਖੀ ਨ ਹੋ ਇਹ ਸਮਝ ਲੈ ਸਭ ਸਾਮਾਨ ਤੇਰੇ
ਅਨਸਾ ਅਰਜਨਦੇ ਘਰ ਹੋਵਨੀਨਹੀਂ ਹੋਯਾਘਰ ਪੁੱਤਰ ਮਿਹਰਵਾਨ ਤੇਰੇ
ਬਿਨਾਂ ਪੁੱਤਰਾਂ ਦੌਲਤਾਂ ਕੰਮ ਕਿਹੜੇ ਇਹ ਨ ਆਵੰਦੀ ਵਿੱਚ ਧਯਾਨ ਤੇਰੇ
ਚਾਰ ਦਿਨ ਦੇ ਪਿੱਛੋਂ ਕਰਤਾਰ ਸਿੰਘਾ ਸਾਰੇ ਸਾਜ਼ ਸਮਾਨ ਮਕਾਨ ਤੇਰੇ

(ਵਾਕ ਕਵੀ)

ਲਿਖਯਾਪੋਥੀਆਂਦੇਵਿੱਚ ਖੋਲ੍ਹਕੇਇਉਂਜਦੋਂਪ੍ਰਿਥੀਏਬਚਨਅਲਾਇਆ ਸੀ
ਗੁਰੂ ਅਰਜਨ ਦੇਵ ਦੀ ਸੁਣ ਦਾਸੀ ਮਾਤਾ ਗੰਗਾ ਨੂੰ ਜਾਇਸੁਣਾਇਆ ਸੀ
ਮਾਤਾ ਗੰਗਾ ਨੂੰ ਸੁਣਦਯਾਂ ਦੁੱਖ ਲੱਗਾ ਸਤਿਗੁਰਾਂ ਨੂੰ ਓਸ ਜਤਾਇਆ ਸੀ
ਗੁਰਾਂ ਪੁੱਤਰ ਦਾ ਵਰ ਲੈਣ ਖ਼ਾਤਰ ਜਾਉ ਬਾਬੇ ਜੀ ਪਾਸ ਲਖਾਇਆ ਸੀ
ਮਾਤਾ ਗਈ ਲੱਗੇ ਬੱਧੇ ਨਾਲ ਲੈਕੇ ਬਾਬੇ ਮੂੰਹੋਂ ਸਰਾਪ ਕਢਾਇਆ ਸੀ
ਗੁਰੂਕਿਆਂ ਨੂੰ ਭਾਜੜ ਪਈ ਕਿਥੋਂ ਸਹਿ ਸੁਭਾ ਹੀ ਤੀਰ ਦਲਾਇਆ ਸੀ
ਦੂਜੀ ਵਾਰ ਗਈ ਬਣ ਭੱਤੇਹਾਰੀ ਹੀਲਾ ਆਪ ਇਹ ਗੁਰਾਂ ਸਿਖਾਇਆ ਸੀ

ਚਾਟੀ ਲੱਸੀ ਦੀ ਰੋਟੀਆਂ ਮਿੱਸੀਆਂ ਲੈ ਰੁਗ ਗੰਢਯਾਂ ਛਿੱਲ ਰਖਾਇਆ ਸੀ
ਲੱਸੀ ਪੀ ਹੋਯਾ ਖੁਸ਼ ਖਾਇ ਰੋਟੀ ਗੰਢੇ ਤੋੜ ਬਾਬਾ ਮੁਸਕਰਾਇਆ ਸੀ
'ਇਉਂ ਵੈਰੀਆਂ ਦੇ ਫੜ ਸਿਰ ਤੋੜੂ ਸਾਹਿਬਜ਼ਾਦਾ ਹੋਇ ਬਲੀ' ਜਤਾਇਆ ਸੀ
ਮਾਤਾ ਵਰ ਲੈਕੇ ਬੜੀ ਖੁਸ਼ ਹੋਈ ਰੁਖ ਪਿਛਾਂ ਨੂੰ ਫੇਰ ਪਰਤਾਇਆ ਸੀ
ਕਰਮੋ ਸੁਣ ਹੋਈ ਦੁਖੀ ਕਰਤਾਰ ਸਿੰਘਾ ਪ੍ਰਿਥੀਚੰਦ ਭੀ ਸੋਗ ਮਨਾਇਆ ਸੀ

(ਸੁਲਹੀ ਖ਼ਾਂ)

ਸੁਲਹੀ ਖ਼ਾਂ ਪਠਾਨ ਜਵਾਨ ਉਮਰੇ ਬਾਦਸ਼ਾਹ ਵੱਲੋਂ ਕਾਰਦਾਰ ਭਾਈ
ਇਹ ਪੰਜਾਬ ਦੇ ਟਕੇ ਉਗ੍ਰਾਹੁੰਦਾ ਸੀ ਰਹਿੰਦੇ ਨਾਲ ਪੈਦਲ ਅਸਵਾਰ ਭਾਈ
ਚੌਥੇ ਸਤਿਗੁਰਾਂ ਦੇ ਵੇਲੇ ਪ੍ਰਿਥੀਚੰਦ ਭੀ ਹੈਸੀ ਬਣਯਾਂ ਖ਼ੁਦਮੁਖ਼ਤਾਰ ਭਾਈ
ਪੈਸਾ ਟਕਾ ਰਹਿੰਦਾ ਇਹਦੇ ਪਾਸ ਬਹੁਤਾ ਖ਼ਰਚ ਕਰਦਾ ਬੇਸ਼ੁਮਾਰ ਭਾਈ
ਮੇਲ ਰੱਖਦਾ ਸੀ ਨਾਲ ਹਾਕਮਾਂ ਦੇ ਹੈਸੀ ਬੜਾ ਚਾਲਾਕ ਹੁਸ਼ਯਾਰ ਭਾਈ
ਉਸ ਵੇਲੇ ਤੋਂ ਇਹ ਬਣਯਾਂ ਆਇ ਰਿਹਾ ਪ੍ਰਿਥੀਚੰਦ ਦਾ ਖ਼ਾਸ ਗੀ ਯਾਰ ਭਾਈ
ਗੁਰਗੱਦੀ ਨ ਏਸਨੂੰ ਮਿਲੀ ਜਦ ਤੋਂ ਦਿਲ ਵਿੱਚ ਖਾਕੇ ਵੱਡੀ ਖ਼ਾਰ ਭਾਈ
ਸੁਲਹੀ ਖ਼ਾਂ ਤਾਈਂ ਰਿਹਾ ਹਾਲ ਲਿਖਦਾ ਰੋਣੇ ਰੋਂਵਦਾ ਰਿਹਾ ਅਪਾਰ ਭਾਈ
ਮੇਰੀ ਕਰ ਇਮਦਾਦ ਲੈ ਦਿਹ ਗੱਦੀ ਗੁਰੂ ਅਰਜਨ ਨੂੰ ਫੜ ਮਾਰ ਭਾਈ
ਦੇਂਦਾ ਰਿਹਾ ਦਿਲਬਰੀ ਉਹ ਏਸ ਤਾਈਂ ਆਵਾਂ ਜਦੋਂ ਪੰਜਾਬ ਵਿਚਾਰ ਭਾਈ
ਤੇਰੇ ਵੈਰੀ ਨੂੰ ਫੜ ਕੇ ਮਾਰ ਦੇਵਾਂ ਗੁਰ ਗੱਦੀ ਤੇ ਤੈਨੂੰ ਬੈਠਾਰ ਭਾਈ
ਪੂਰਾ ਯਾਰੀ ਦਾ ਹੱਕ ਕਰਤਾਰ ਸਿੰਘਾ ਕਰਾਂ, ਹੌਂਸਲਾ ਰੱਖ ਤੂੰ ਭਾਰ ਭਾਈ

(ਸੁਲਹੀ ਨੇ ਪੰਜਾਬ ਵੱਲ ਆਉਣਾ)

ਟਕੇ ਲੈਣ ਪੰਜਾਬ ਦੇ ਹਾਕਮਾਂ ਤੋਂ ਚੜ੍ਹ ਦਿਲੀਉਂ ਉਹ ਸੁਲਹੀ ਖ਼ਾਨ ਆਯਾ
ਗੁਰੂ ਅਰਜਨ ਨੂੰ ਫੜ ਮਾਰ ਦੇਵਾਂ ਪੱਕਾ ਰੱਖ ਕੇ ਦਿਲੋਂ ਨਿਸ਼ਾਨ ਆਯਾ
ਖੁੱਲ੍ਹ ਗਿਆ ਇਹ ਪਹਿਲਾਂ ਹੀ ਭੇਦ ਸਾਰਾ ਮੰਦੀ ਨੀਤ ਕਰਕੇ ਬੇਈਮਾਨ ਆਯਾ
ਪ੍ਰਿਥੀਚੰਦ ਆਨੰਦ ਕਰਤਾਰ ਸਿੰਘਾ ਗੱਦੀ ਮਿਲੇ ਯਕੀਨ ਮਹਾਨ ਆਯਾ

(ਸ੍ਰੀ ਗੁਰੂ ਜੀ ਨੇ ਅੰਮ੍ਰਿਤਸਰ ਤੋਂ ਵਡਾਲੀ ਚਲਯਾਂ ਜਾਣਾ)

ਸੁਲਹੀ ਖ਼ਾਨ ਦੁਾਬੇ ਦੇ ਵਿੱਚ ਆਯਾ ਏਧਰ ਸਮੇਂ ਦੇ ਤਈਂ ਵਿਚਾਰ ਗੁਰ ਜੀ
ਬੱਬੇ ਬੁੱਢੇ ਦਾ ਪੂਰਾ ਸਰਾਪ ਕਰਨਾ ਏਥੋਂ ਹੋ ਪਏ ਝੱਟ ਤੱਯਾਰ ਗੁਰ ਜੀ
ਸਭ ਮਾਲ ਅਸਬਾਬ ਬਨ੍ਹ ਕਰਕੇ ਲੱਦ ਗੱਡਯਾਂ ਵਿੱਚ ਸੰਭਾਰ ਗੁਰ ਜੀ
ਟੁਰਨ ਲੱਗੇ ਤੇ ਚੱਕ ਦੇ ਕਈ ਵੱਸੀ ਕਹਿੰਦੇ ਸਾਨੂੰ ਲੈ ਚੱਲੋ ਕਰਤਾਰ ਗੁਰ ਜੀ

ਜਿੱਥੇ ਤੁਸੀਂ ਓਥੇ ਅਸੀਂ ਨਾਲ ਰਹੀਏ ਪਿੱਛੇ ਕੌਣ ਸਾਡਾ ਸਾਂਭਨਹਾਰ ਗੁਰ ਜੀ
ਕਈ ਘਰ ਹੋ ਪਏ ਤੱਯਾਰ ਓਵੇਂ ਕਰ ਸਾਰਯਾਂ ਦਾ ਸਤਕਾਰ ਗੁਰ ਜੀ
ਭੱਜਜੜ ਕਰਕੇ ਚੱਕ ਤੋਂ ਬਾਹਰ ਨਿਕਲੇ ਮੱਥਾ ਟੇਕ ਕੇ ਸ੍ਰੀ ਦਰਬਾਰ ਗੁਰ ਜੀ
ਰੱਖ ਪੱਛਮ ਰੁਖ ਕਰਤਾਰ ਸਿੰਘਾ ਚੱਲ ਪਏ ਸਣੇ ਪਰਵਾਰ ਗੁਰ ਜੀ

(ਵਡਾਲੀ ਵਾਲਯਾਂ ਨੇ ਸਤਿਗੁਰਾਂ ਨੂੰ ਆਪਣੇ ਪਿੰਡ ਲੈ ਜਾਣਾ)

ਇਹ ਗੱਲ ਵਡਾਲੀ ਦੇ ਸੁਣੀ ਜੱਟਾਂ ਆ ਗਏ ਪੰਚੈਤ ਬਣਾਇਕੇ ਜੀ
ਭੱਗੂ ਚੌਧਰੀ ਨੂੰ ਅੱਗੇ ਆਪਣੇ ਲਾ ਅੱਗੋਂ ਵਾਲੀ ਮਿਲੇ ਦੂਰ ਆਇਕੇ ਜੀ
ਚੱਲੋ ਪਿੰਡ ਸਾਡੇ ਚਰਨ ਪਾਉ ਗੁਰ ਜੀ ਕਰਦੇ ਬੇਨਤੀ ਪ੍ਰੇਮ ਵਧਾਇਕੇ ਜੀ
ਸਤਿਗੁਰੂ ਜੀ ਓਧਰੇ ਚਲੇ ਗਏ ਸਾਰੇ ਸਾਥ ਨੂੰ ਨਾਲ ਰਲਾਇਕੇ ਜੀ
ਹਵੇਲੀ ਚੌਧਰੀ ਦੀ ਵਿੱਚ ਉੱਤਰੇ ਜਾ ਪਿੰਡ ਆ ਗਿਆ ਹੁਮ ਹੁਮਾਇਕੇ ਜੀ
ਥਾਉਂ ਥਾਈਂ ਸਭ ਲੋਕ ਉਤਾਰ ਦਿੱਤੇ ਰਸਦ ਬਸਦ ਬੇਅੰਤ ਪੁਚਾਇਕੇ ਜੀ
ਕੀਤੀ ਟਹਿਲ ਸੇਵਾ ਸਾਰੇ ਪਿੰਡ ਬਹੁਤੀ ਭਾਗਵਾਨ ਹੋਇ ਖ਼ੁਸ਼ੀਆਂ ਪਾਇਕੇ ਜੀ
ਲਿਆ ਜੱਸ ਇਹ ਖੱਟ ਕਰਤਾਰ ਸਿੰਘਾ ਜੁਗਾਂ ਤੱਕ ਰਹੂ ਯਾਦ ਲਖਾਇਕੇ ਜੀ

(ਵਾਕ ਕਵੀ)

ਜਿਥੇ ਸਤਿਗੁਰੂ ਨਾਲ ਹੀ ਬਰਕਤਾਂ ਨੇ ਹੋਈਆਂ ਰੌਣਕਾਂ ਬੇਸ਼ੁਮਾਰ ਓਥੇ
ਇਰਦ ਗਿਰਦ ਦੇ ਸੁਣ ਸੁਣ ਆਉਣ ਲੱਗੇ ਭੇਟਾ ਲੈ ਲੈਕੇ ਨਰ ਨਾਰ ਓਥੇ
ਕਿਸੇ ਗੱਲ ਦੀ ਥੁੜ ਨ ਰਹੀ ਕੋਈ ਚੱਲ ਪਏ ਲੰਗਰ ਬੇਸ਼ੁਮਾਰ ਓਥੇ
ਦੋਨੋਂ ਵਕਤ ਸਤਿਗੁਰੂ ਦੀਵਾਨ ਲਾਂਦੇ ਰਹੇ, ਹੋਵੰਦਾ ਭਜਨ ਕਰਤਾਰ ਓਥੇ
ਕਈ ਬਣ ਗਏ ਨਵੇਂ ਮਕਾਨ ਛਬਦੇ ਟਿਕੇ ਸਤਿਗੁਰੂ ਸਣੇ ਪਰਵਾਰ ਓਥੇ
ਅੰਮ੍ਰਿਤਸਰ ਤੋਂ ਸੰਗਤਾਂ ਜਾਣ ਓਧਰ ਸਤਿਗੁਰਾਂ ਦਾ ਕਰਨ ਦੀਦਾਰ ਓਥੇ
ਪ੍ਰਿਥੀਚੰਦ ਨੂੰ ਕੋਈ ਨ ਦੇਇ ਭੇਟਾ ਬੈਠਾ ਰਹੇ ਪਾਖੰਡ ਖਿਲਾਰ ਓਥੇ
ਸਿੱਖ ਜਾਣ ਵਡਾਲੀ ਕਰਤਾਰ ਸਿੰਘਾ ਜਦੋਂ ਸੁਣਦੇ ਗੁਰੂ ਦਾਤਾਰ ਓਥੇ

(ਸੁਲਹੀ ਖ਼ਾਂ ਨੇ ਹੇਹਰਾਂ ਨੂੰ ਮੁੜ ਜਾਣਾ)

ਪ੍ਰਿਥੀਚੰਦ ਸੁਲਹੀ ਖ਼ਾਂ ਨੂੰ ਜਾਇ ਮਿਲਯਾ ਹਾਲ ਓਸ ਦੇ ਤਈਂ ਸੁਣਾਵੰਦਾ ਜੀ
ਤੇਰੇ ਡਰ ਤੋਂ ਅਰਜਨ ਚਲਾ ਗਿਆ ਕਰ ਭੱਜਜੜ, ਓਹਨੂੰ ਭੁਲਾਵੰਦਾ ਜੀ
ਅੰਮ੍ਰਿਤਸਰ ਜਾਵੇ, ਹੋਵੇ ਖ਼ਰਚ ਮੇਰਾ ਓਹਨੂੰ ਰਾਹ ਵਿੱਚੋਂ ਪਰਤਾਵੰਦਾ ਜੀ
ਉਹ ਹੇਹਰਾਂ ਨੂੰ ਗਿਆ ਕਰਤਾਰ ਸਿੰਘਾ ਪ੍ਰਿਥੀਚੰਦ ਅੰਮ੍ਰਿਤਸਰ ਆਵੰਦਾ ਜੀ

ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਅਵਿਤਾਰ ਧਾਰਨਾ

ਕੁਝਚਿਰ ਵਡਾਲੀ ਜਾਂ ਰਹੇ ਗੁਰਜੀ ਮਹਾਂਬਲੀਸਤਿਗੁਰੂ ਅਵਿਤਾਰ ਹੋਯਾ
ਸੋਲਾਂ ਸੌ ਬਵੰਜਵਾਂ ਹਾੜ੍ਹ ਇੱਕੀ ਪੱਖ ਚਾਨਣਾ ਖ਼ਾਸ ਸ਼ੁਮਾਰ ਹੋਯਾ
ਸਾਲ ਗੁਰੂ ਨਾਨਕ ਇਕ ਸੌ ਛੱਬੀ ਪੁਖ ਨਛੱਤ੍ਰ ਤੇ ਐਤਵਾਰ ਹੋਯਾ
ਪੰਦ੍ਹਾਂ ਸੌ ਛਿਆਨਵੇਂ ਈਸਵੀ ਸੀ ਰਾਜ ਦੇਸ ਤੇ ਮੁਗ਼ਲ ਸਰਕਾਰ ਹੋਯਾ
ਦਿੱਲੀ ਤਖ਼ਤ ਉੱਤੇ ਜਹਾਂਗੀਰ ਹੈਸੀ ਇਹ ਸਮਾ ਸਾਰਾ ਯਾਦਗਾਰ ਹੋਯਾ
ਐਤਵਾਰ ਇਕਾਦਸੀ ਥਿੱਤ ਹੈਸੀ ਗਯਾਨ ਚਾਨਣਾ ਵਿੱਚ ਸੰਸਾਰ ਹੋਯਾ
ਅੱਧੀ ਰਾਤ ਸੂਰਜ ਪ੍ਰਕਾਸ਼ ਕੀਤਾ ਵੇਖ ਜ਼ੁਲਮ ਅੰਧੇਰ ਲਾਚਾਰ ਹੋਯਾ
ਵੱਜੇ ਵਿੱਚ ਆਕਾਸ਼ ਦੇ ਗੁਪਤਵਾਜੇ ਤੀਨਲੋਕ ਅੰਦਰ ਜੈ ਜੈ ਕਾਰ ਹੋਯਾ
ਮਨ ਖਿੜਗਏ ਹਰ ਥਾਂ ਧਰਮੀਆਂ ਦੇ ਜ਼ੋਰਜ਼ੁਲਮ ਉਦਾਸ ਬਿਸਯਾਰ ਹੋਯਾ
ਡੋਲੀ ਸ਼ਾਹੀ ਤੇ ਕੰਬਯਾ ਤਖ਼ਤ ਦਿੱਲੀ ਤੇਜ਼ ਮੁਗ਼ਲਾਂ ਘਰੋਂ ਉਡਾਰ ਹੋਯਾ
ਫਿੱਕੇ ਤੇਜ਼ ਪਏ ਹਾਕਮਾਂ ਤਾਰਯਾਂ ਦੇ ਗੁਰੂ ਸੂਰਜ ਰੂਪ ਚਮਕਾਰ ਹੋਯਾ
ਖ਼ੁਸ਼ੀ ਹੋਈ ਜਹਾਨ ਕਰਤਾਰ ਸਿੰਘਾ ਭਾਗ ਮੁਗ਼ਲਾਂ ਦਾ ਅਵਾਜ਼ਾਰ ਹੋਯਾ

(ਵਾਕ ਕਵੀ)

ਸਤਿਗੁਰਾਂਨੇ ਸ਼ੁਕਰ ਕਰਤਾਰ ਦਾ ਕਰ ਦਿਨੇਸੱਦ ਗ਼ਰੀਬਾਂਨੂੰ ਦਾਨ ਦਿੱਤਾ
ਵਾਜੇ ਖ਼ੁਸ਼ੀ ਦੇ ਵੱਜੇ ਵਡਾਲੀ ਅੰਦਰ ਗੁਰੂ ਘਰ ਪੁੱਤਰ ਭਗਵਾਨ ਦਿੱਤਾ
ਨਾਰਾਂ ਦੇਣਵਧਾਈਆਂ ਸਭਆਈਆਂ ਮਾਤਾਆਦਰ ਮਾਨਸਨਮਾਨ ਦਿੱਤਾ
ਦਾਸਾਂਦਾਸੀਆਂਤਈਂ ਰਿਝਾਇਚੰਗਾ ਕਲਪਬ੍ਰਿਛਜਿਉਂਦਾਨਮਹਾਨ ਦਿੱਤਾ
ਮਾਤਾਗੰਗਾਨੂੰ ਖ਼ੁਸ਼ੀਆਂ ਬਹੁਤਹੋਈਆਂ ਬੇਟਾਵਾਹਿਗੁਰੂ ਚੰਦਸਮਾਨ ਦਿੱਤਾ
ਜੋ ਦਰ ਤੇ ਆਯਾ ਕਰਤਾਰ ਸਿੰਘਾ ਖ਼ਾਲੀ ਹੱਥ ਨ ਓਸਨੂੰ ਜਾਨ ਦਿੱਤਾ

(ਨਾਮ ਸੰਸਕਾਰ)

ਗੁਰੂ ਨਾਨਕ ਸਾਹਿਬ ਦੀ ਓਟ ਲੈ ਕੇ ਸਤਿਗੁਰਾਂ ਆਨੰਦ ਮਨਾਯਾ ਜੀ
ਖ਼ੁਸ਼ੀ ਵਿੱਚ ਉਚਾਰਕੇ *ਸ਼ਬਦ ਕਈ ਭਾਰਾ ਸ਼ੁਕਰ ਕਰਤਾਰ ਜਤਾਯਾ ਜੀ

---

*ਆਸਾ ਮਹਲਾ ੫ ॥ "ਸਤਿਗੁਰ ਸਾਚੈ ਦੀਆ ਭੇਜ"

ਦਲ ਭੰਜਨ ਸੂਰਮਾ ਹੋਯਾ ਪੈਦਾ *ਬੱਬੇ ਬੁੱਢੇ ਨੇ ਆਖ ਸੁਣਾਯਾ ਜੀ
ਮੀਰੀ ਪੀਰੀ ਦਾ ਮਾਲਕ ਬਲੀ ਯੋਧਾ ਰੱਖਾ ਧਰਮ ਤੇ ਦੇਸ ਦਾ ਆਯਾ ਜੀ
†ਬੱਬੇ ਪੋੱਤਰੇ ਦਾ ਇੱਕੋ ਨਾਮ ਹੋਵੇ ਗੁੱਝਾ ਭੇਦ ਇਹ ਵਿੱਚ ਰਖਾਯਾ ਜੀ
ਨਾਮ ਹਰਗੋਬਿੰਦ ਕਰਤਾਰ ਸਿੰਘਾ ਸਤਿਗੁਰਾਂ ਨੇ ਮੁੱਖੋਂ ਜਤਾਯਾ ਜੀ

ਬਾਲ ਲੀਲਾ

ਰੱਬੀ ਬਰਕਤਾਂ ਨਾਲ ਭਰਪੂਰ ਸੋਹਣਾ ਮਾਤਾਗੰਗਾ ਦੀਗੋਦ ਵਿਚਕਾਰ ਖੇਲੇ

*ਸੂਰਜ ਪ੍ਰਕਾਸ਼ ਅੰਦਰ ਲਿਖਯਾ ਹੈ ਕਿ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਜਨਮ ਬੱਬੇ ਬੁੱਢੇ ਜੀ ਦੇ ਵਰ ਨਾਲ ਹੋਯਾ ਸੀ, ਤੇ ਵਰ ਦੇਣ ਲੱਗਯਾਂ ਬੱਬੇ ਬੁੱਢੇ ਜੀ ਨੇ ਗੰਢੇ ਨੂੰ ਹੱਥ ਦੀ ਮੁੱਕੀ ਨਾਲ ਭੰਨਦਯਾਂ ਹੋਯਾਂ ਇਹ ਕਿਹਾ ਸੀ ਕਿ 'ਸਾਹਿਬਜ਼ਾਦਾ ਇਸਤਰ੍ਹਾਂ ਤੁਰਕਾਂ ਦੇ ਸਿਰ ਤੋੜੇਗਾ।'

†ਹਰ ਗੋਬਿੰਦ ਪਦਾਂ ਨੂੰ ਉਲਟਾਈਏ ਤਦ ਗੋਬਿੰਦ ਹਰ ਬਣ ਜਾਂਦਾ ਹੈ,ਅਤੇ "ਹਰ" ਦੇ ਅਰਥ ਸਿੰਘ ਹਨ, ਤਾਂ ਤੇ ਪੋਤਰੇ ਦਾ ਨਾਮ "ਗੋਬਿੰਦ ਸਿੰਘ" ਹੋਯਾ।

ਸੋਲਾਂ ਕਲਾਂ ਸੰਪੂਰਨ ਚੰਦ ਆ ਕੇ ਧਰ ਬਾਲਕ ਰੂਪ ਅਪਾਰ ਖੇਲੇ
ਮੱਥਾ ਸੂਰਜ ਵਰਗਾ ਤੇਜ਼ ਭਰਯਾ ਮਾਤਾ ਗੰਗਾ ਦੇ ਵਿਚ ਆਗਾਰ ਖੇਲੇ
ਰੱਖਾ ਧਰਮ ਤੇ ਦੇਸ ਦਾ ਬਲੀ ਯੋਧਾ ਬਾਲ ਰੂਪ ਸਤਿਗੁਰੂ ਦਾਤਾਰ ਖੇਲੇ
ਜੁੱਗੋ ਜੁੱਗ ਰੱਖਾ ਭਗਤਾਂ ਪਜਾਰਯਾਂ ਦਾ ਕਲਜੁਗਵਿਚ ਹੋ ਅਵਿਤਾਰ ਖੇਲੇ
ਜਿਧੀ ਜੋਤ ਪ੍ਰਕਾਸ਼ ਬ੍ਰਹਿਮੰਡ ਸਾਰੇ ਮਾਨਸ਼ ਦੇਹ ਦੇ ਵਿਚ ਵਿਚਾਰ ਖੇਲੇ
ਖੂਬਸੂਰਤੀ, ਤੇਜ ਜਮਾਲ ਸਾਰਾ ਕੱਠਾ ਇਕ ਥਾਂ ਹੋ ਦਿਹ ਧਾਰ ਖੇਲੇ
ਓਹ ਪੁਤਲਾ ਸ਼ਾਂਤੀ ਬੀਰ ਰਸ ਦਾ ਤੀਜਾ ਰਲ ਕੇ ਨਾਲ ਸ਼ਿੰਗਾਰ ਖੇਲੇ
ਰਾਜ ਯੋਗ ਪ੍ਰਤੱਖ ਹੋ ਆਨ ਬੈਠੇ ਅਰਸ਼ੀ ਜੋਤ ਆ ਵਿੱਚ ਸੰਸਾਰ ਖੇਲੇ
ਸੁੰਦਰਤਾਈਆਂ ਸਾਰੀਆਂ ਮਾਤ ਹੋਵਨ ਬਾਲਰੂਪ ਧਰ ਸ਼ਕਤਭੰਡਾਰ ਖੇਲੇ
ਵੇਖਨ ਵਾਲਿਯਾਂ ਦੇ ਮਨ ਮੋਹਿ ਜਾਂਦੇ ਖੇਂਲਾਂ ਸੋਹਣਯਾਂ ਦਾ ਸਰਦਾਰ ਖੇਲੇ
ਮਾਤਾ ਵੇਖ ਅਨੰਦ ਕਰਤਾਰ ਸਿੰਘਾ ਸ਼ਕਤੀਵਾਨ ਬੱਚਾ ਘਰਬਾਰ ਖੇਲੇ

(ਤਥਾ)

ਮਾਤਾ ਗੰਗਾ ਸੁਲੱਖਣੀ ਭਾਗਵੰਤੀ ਹਰੀ ਰੂਪ ਜਿਧੀ ਗੋਦੇ ਬਾਲ ਖੇਡੇ
ਹੋਣ ਸੰਗਤਾਂ ਵੇਖ ਨਿਹਾਲ ਚਿਹਰਾ ਸੁੰਦਰ ਰੂਪ ਸਤਿਗੁਰੂ ਦਯਾਲ ਖੇਡੇ
ਜਿਵੇਂ ਰਾਮ ਅਜੁੱਧਯਾ ਵਿਚ ਹੋਯਾ ਵਿੱਚ ਮੱਥਰਾ ਕ੍ਰਿਸ਼ਨ ਗੋਪਾਲ ਖੇਡੇ
ਤਿਵੇਂ ਵਿੱਚ ਵਡਾਲੀ ਦੇ ਗੁਰੂ ਛੇਵਾਂ ਭਰਯਾ ਤੇਜ ਪਰਤਾਪ ਕਮਾਲ ਖੇਡੇ
ਸਿਆਣੇ ਵੇਖਕੇ ਕਰਨ ਅਨੁਮਾਨ ਲੱਗੇ ਇਹਦੁਰਗੱਤਯਾਂਦਾ ਹੈਜ਼ੁਵਾਲ ਖੇਡੇ
ਰੱਖਾਧਰਮੀਆਂਦਾਦਰਦੀਦੇਸਦਾਇਹਜ਼ਾਲਮਹਾਕਮਾਂਦੇਸਿਰਦਾਕਾਲ ਖੇਡੇ
ਦਿੱਲੀਤਖਤਤਾਈਂ ਤਖਤਾਕਰਨਵਾਲਾਸਿੱਖ ਪੰਥ ਦਾਖਾਸਇਕਬਾਲ ਖੇਡੇ
ਭਾਰੇ ਜ਼ੁਲਮ ਮੀਨਾਰ ਦੇ ਢਾਹੁਣ ਵਾਲਾ ਸੱਚੇ ਧਰਮ ਦਾਜ਼ੋਸ਼ਭੁਚਾਲ ਖੇਡੇ
ਗੁਰੂ ਨਾਨਕ ਦਾ ਤੇਜ਼ ਪ੍ਰਗਟ ਹੋਕੇ ਰੂਪ ਭਰਯਾ ਜਾਹੁ ਜਲਾਲ ਖੇਡੇ
ਚੰਦੂਦੁਸ਼ਟ ਜਿਹਾਂਦਾ ਕਰਤਾਰਸਿੰਘਾ ਉਹਵਡਾਲੀ ਦੇ ਵਿਚ ਵਬਾਲ ਖੇਡੇ

(ਵਾਕ ਕਵੀ)

ਸਾਹਿਬਜ਼ਾਦੇਦਾਸੁਨਯਾਂ ਪਰਗਟਹੋਣਾ ਸਿੱਖਾਂਖੁਸ਼ੀਆਂਬਹੁਤਮਨਾਈਆਂ ਜੀ
ਤੋਹਫੇ ਨਜ਼ਰਾਂ ਲੈਕੇ ਕਈ ਚੀਜ਼ਾਂ ਦੂਰ ਦੂਰ ਤੋਂ ਸੰਗਤਾਂ ਆਈਆਂ ਜੀ
ਸਾਹਿਬਜ਼ਾਦੇ ਦਾ ਰੂਪ ਅਨੂਪ ਸੋਹਣਾਵੇਖ ਮਾਤਾ ਨੂੰ ਦੇਣ ਵਧਾਈਆਂ ਜੀ
ਇੱਕ ਪ੍ਰਿਥੀਏ ਬਿਨ੍ਹਾਂ ਕਰਤਾਰ ਸਿੰਘਾਸਰਬੰਧੀਆਂਲੱਾਲੀਆਂਛਾਈਆਂ ਜੀ

(ਪ੍ਰਿਥੀ ਚੰਦ ਦੀਆਂ ਕੁਚਾਲਾਂ)

ਪ੍ਰਿਥੀ ਚੰਦ ਨੇ ਖ਼ਬਰਾਂ ਸੁਣੀਆਂ ਜਾਂ "ਗੁਰੂ ਅਰਜਨ ਦੇ ਘਰ ਬਾਲ ਹੋਯਾ
ਸੁਣੇ*ਕਰਮੋ ਦੇ ਲੱਗੀ ਅੱਗ ਸੀਨੇ ਸੜ ਈਰਖਾ ਵਿਚ ਬੇ ਹਾਲ ਹੋਯਾ
ਦੋਹਾਂਜੀਆਂ ਤਾਈਂ ਚਿੰਤਾਬਹੁਤ ਲੱਗੀਵੱਧੇ ਵਿੱਚ ਸ਼ਰੀਕਇਕਬਾਲ ਹੋਯਾ
ਛੋਟਾ ਹੋ,ਲੈਗਿਆ ਗੁਰਯਾਈ ਪਹਿਲਾਂ ਪੂਜਨੀਕ ਅਤੇ ਮਾਲਾਮਾਲ ਹੋਯਾ
ਹੁਣ ਪੁੱਤਰ ਭੀ ਘਰ ਜੱਮ ਪਿਆ ਹੱਕਦਾਰ ਅੱਗੋਂ ਲਈ ਸੰਭਾਲ ਹੋਯਾ
ਦੂਜੇ ਲੋਕ ਸਭ ਖੁਸ਼ ਕਰਤਾਰ ਸਿੰਘਾ ਵੈਰੀ ਸੱਕਾ ਭਰਾ ਕਮਾਲ ਹੋਯਾ

(ਤਥਾ)

ਦੋਵੇਂ ਜੀ ਬਹਿ ਝੂਰਦੇ ਘਰ ਅੰਦਰ ਲੱਗੀ ਅੱਗ ਸ਼ਰੀਕੇ ਦੀ ਭਾਰੀਏ ਜੀ
ਸੋਚਾਂ ਸੋਚਦੇ ਪਾਪ ਦੀ ਚੜ੍ਹ ਬੇੜੀ ਕਿਵੇਂ ਪੁੱਤਰ ਸ਼ਰੀਕ ਦਾ ਮਾਰੀਏ ਜੀ
ਉਹਮਾਲਕਗੁਰਯਾਈਦਾ ਜੱਮਪਿਆ ਅਸੀਂ ਕਿਸਤਰ੍ਹਾਂ ਵੇਖ ਸਹਾਰੀਏ ਜੀ
ਸਾਡੇ †ਪੁੱਤ ਨੂੰਕਿਸੇਨੇਪੂਜਨਾ ਨਹੀਂ ਦੁਖੀਰਹੇਗਾ ਓਹਉਮਰ ਸਾਰੀਏ ਜੀ
ਕਿਸੇਦਾਈ ਤੋਂ ਜ਼ਹਿਰਦੁਵਾਇਦੱਈਏਫਾਹੀਲੋਭਦੀਕਿਸੇਗਲਡਾਰੀਏ ਜੀ
ਸੱਲ ਮਿਟੇ ਇਹ ਝਬ ਕਰਤਾਰਸਿੰਘਾ ਬਾਲ ਮਰੇ ਤਾਂ ਸ਼ੁਕਰਗੁਜ਼ਾਰੀਏ ਜੀ

(ਵਾਕ ਕਵੀ)

ਪੁਤ੍ਰ ਪ੍ਰਿਥੀਆ ਭੀ ਸਤਿਗੁਰਾਂਦਾ ਸੀ ਕਲਮਲਿੱਖਣੋਂਪਈ ਸ਼ਰਮਾਵੰਦੀ ਏ
ਅਦਬ ਸਿੱਖਾਂ ਨੂੰ ਗੁਰਾਂ ਦੇ ਕੁੱਤਯਾਂ ਦਾ ਸੁਰਤ ਸਮਝਕੇ ਥਰ ਥਰਾਵੰਦੀ ਏ
ਕੀਹ ਲਿਖਾਂਤੇ ਕੀਹ ਨ ਲਿਖਾਂ ਏਥੇ ਪਈ ਦਿਲ ਤਾਈਂਸ਼ਰਮ ਆਵੰਦੀ ਏ
ਬਿਨ੍ਹਾਂਕਿਸੇ ਦ੍ਰਿਸ਼ਟਾਂਤਕਰਤਾਰਸਿੰਘਾਸਿੱਧਾਲਿੱਖਾਂਪ੍ਰਸੰਗ ਇਉਂ ਭਾਵੰਦੀ ਏ

(ਕਰਮੋ ਨੇ ਇੱਕ ਦਾਈ ਨੂੰ ਭੇਜਣਾ)

ਸਦਾਜੈਸਯਾਂਨੂੰਤੈਸੇਮਿਲ ਜਾਂਦੇਕਰਮੋ ਤਾਈਂ ਭੀ ਆ ਇਕਨਾਰ ਮਿਲ ਗਈ
ਬਾਰਾਂਤਾਲਨੀ ਭੈੜੀ ਕੁਚਾਲਨੀ ਉਹ ਭਰੀ ਛੱਲਫ਼ਰੇਬ ਮੱਕਾਰ ਮਿਲ ਗਈ
ਓਹਨੂੰਗੱਲਸਾਰੀਸਮਝਾਈਉਸ੍ਹ ਦਰਦਖ਼ਾਹ ਚੰਗੀਉਹ ਛੱਨਾਰ ਮਿਲ ਗਈ
ਅਰਜਨਦੇ ਵਦੇਪੁੱਤਨੂੰਮਾਰਿਆਤੂੰ ਦੋਹਾਂ ਵੱਚਬੁਰਆਈਦੀਤਾਰ ਮਿਲ ਗਈ
ਪੰਜ ਸੌ ਰੁਪੱਯਾ ਮੈਂ ਦਿਆਂ ਤੈਨੂੰ ਸੋ ਲੈ ਪਹਿਲਾਂ, ਲੋਭ ਧਾਰ ਮਿਲ ਗਈ
ਚੱਲੀਵੱਲਵਡਾਲੀਕਰਤਾਰਸਿੰਘਾ ਜਦ ਲੋਭ ਦੀ ਉਸਨੂੰ ਸਾਰ ਮਿਲ ਗਈ

---

*ਕਰਮੋਂ ਪ੍ਰਿਥੀਚੰਦ ਦੇ ਘਰੋਂ ਸੀ।
†ਪ੍ਰਿਥੀ ਚੰਦ ਦੇ ਪੁੱਤ੍ਰ ਦਾ ਨਾਮ ਮਿਹਰਵਾਨ ਸੀ।

(ਤਥਾ)

ਓਹ ਚੰਦਰੀ ਚੰਦਰਾ ਮਨ ਕਰਕੇ ਸੋਹਣਾ ਦਾਈ ਦਾ ਰੂਪ ਬਣਾਇ ਚੱਲੀ
ਸ੍ਰੀ ਹਰਿ ਗੋਬਿੰਦ ਦੇ ਮਾਰਨੇ ਨੂੰ ਜ਼ਹਿਰ ਥਨਾਂ ਦੇ ਉੱਤੇ ਲਗਾਇ ਚੱਲੀ
ਜਿਵੇਂ ਪੂਤਨਾ ਕੰਸ ਦੇ ਲੱਗ ਆਖੇ ਉੱਠ ਕ੍ਰਿਸ਼ਨ ਨੂੰ ਮਾਰਨੇ ਧਾਇ ਚੱਲੀ
ਪ੍ਰਿਥੀਚੰਦ ਦੇ ਕਹੇ ਕਰਤਾਰਸਿੰਘਾ ਤਿਵੇਂ ਨਾਰ ਉਹਕਦਮ ਉਠਾਇ ਚੱਲੀ

(ਦਾਈ ਦਾ ਮਰਨਾ)

ਮਾਤਾ ਚਾਲ੍ਹੀਂ ਆਨ੍ਹਾਇਕੇ ਬਾਹਰ ਬੈਠੀ ਉਹਛੱਨਾਰ ਜਾ ਮੂੰਹ ਦਿਖਾਵੰਦੀ ਏ
ਨਾਰਾਂਦੇਣਵਧਾਈਆਂਕਈਆਈਆਂ ਓਹਨਾਂਵਿੱਚਬਹਿਗੱਲਾਂਦਲਾਵੰਦੀ ਏ
ਓਦਨ ਬਾਲਕ ਦੁੱਧਨਮੂਲ ਪੀਂਦਾ ਮਾਤਾ ਨਾਰੀਆਂ ਤਈਂ ਸੁਣਾਵੰਦੀ ਏ
ਅੱਜਸਾਹਿਬਜ਼ਾਦਾ ਦੁੱਧ ਪੀਵੰਦਾਨਹੀਂ ਇੱਕਦੂਜੀ ਦੇਤਈਂ ਦਿਖਾਵੰਦੀ ਏ
ਇਹ ਤਾਂ ਦੇ ਲੱਗਾ ਭਾਗਾਂ ਮੇਰਿਆਂ ਨੂੰ ਉਹ ਨ ਖ਼ੁਸ਼ੀਦੇ ਵਿੱਚ ਸਮਾਵੰਦੀ ਏ
ਹਾਂ ਦਾਈ ਆਈ ਰਾਮਦਾਸ ਪੁਰਯੋਂ "ਮੈਂ ਵੇਖਾਂ"ਕਹਿ ਹੱਥ ਵਧਾਵੰਦੀ ਏ
ਮਾਤਾਗੰਗਾ ਨਿਰਛਲਬਿਨਕਪਟਦੇ ਸੀ ਬਾਲਦਾਈਨੂੰ ਝੱਟਫੜਾਵੰਦੀ ਏ
ਓਹ ਪੂਤਨਾ ਰੂਪ ਲੈ ਧਾਰ ਆਈ ਗੋਦੀ ਲੈਕੇ ਥਣ ਮੂੰਹ ਪਾਵੰਦੀ ਏ
ਸ੍ਰੀ ਹਰਗੋਬਿੰਦ ਨੇ ਸ੍ਵਾਸ ਖਿੱਚੇ ਛਿਨ ਵਿੱਚ ਬੇ-ਸੁਰਤ ਹੋ ਜਾਵੰਦੀ ਏ
ਪਿਛ੍ਹਾਂਡਿਗਦਯਾਂ ਜਿੰਦ ਹਵਾ ਹੋ ਗਈ ਮਾਤਾ ਵੇਖ ਇਹ ਖੇਲਘਬਰਾਵੰਦੀ ਏ
ਜਿਵੇਂਕ੍ਰਿਸ਼ਨਨੇ ਪੂਤਨਾਮਾਰਘੱਤੀ ਤਿਵੇਂ ਦਾਈ ਇਹ ਜਿੰਦਗੁਵਾਵੰਦੀ ਏ
ਮਾਉਂਤੁੱਲ ਹੋ ਮੋਈ ਕਰਤਾਰਸਿੰਘਾ ਜਨਮ ਮਰਨ ਦੇ ਫੰਧ ਕਟਾਵੰਦੀ ਏ

(ਵਾਕ ਕਵੀ)

ਓਹ ਪੂਤਨਾ ਮਰ ਗਈ ਬੁਰੀ ਮੌਤੇ ਦਿੱਤੀ ਬਾਹਰਸੁਟਾਇ ਬਦਕਾਰ ਭੈੜੀ
ਇਹ ਗੱਲਸਾਰੇ ਪਿੰਡ ਵਿੱਚ ਉੱਡੀ"ਇੱਕ ਆਈਕਿਤੋਂ ਹੈਸੀ ਨਾਰ ਭੈੜੀ
ਗੁਰੂ ਪੁੱਤਰ ਓਸਦੀ ਜਿੰਦ ਖਿੱਚੀ ਕੋਈ ਆਈ ਹੋਊ ਨੀਤ ਧਾਰ ਭੈੜੀ
ਓਹਦੇ ਥਣਾਂ ਉੱਤੇ ਲੱਗੀਵਿਹੁ ਹੈਸੀ ਭੇਜੀ ਕਿਸੇਦੀ ਆਈ ਛੱਨਾਰ ਭੈੜੀ
ਸਿਆਣੇ ਲੋਕ ਗੱਲਾਂ ਰਲ ਕਰਨ ਲੱਗੇਸਾਰੀ ਪ੍ਰਿਥੀਏਦੀਹੈ ਇਹਕਾਰ ਭੈੜੀ
ਨਿੰਦਾ ਕਰਨ ਲੱਗੇ ਕਰਤਾਰ ਸਿੰਘਾ ਪ੍ਰਿਥੀ ਚੰਦ ਦੀ ਈਰਖਾ ਤਾੜ ਭੈੜੀ

(ਪ੍ਰਿਥੀ ਚੰਦ ਨੇ ਸੱਪਾਂ ਵਾਲੇ ਨੂੰ ਭੇਜਨਾ)

ਦਾਈ ਮਾਰ ਗੁਆਈ ਜਾਂ ਖ਼ਬਰ ਪਾਈ ਪ੍ਰਿਥੀਚੰਦ ਕਰਮੋ ਘਬਰਾਇ ਬਹੁਤੇ
ਖ਼ਾਲੀ ਵਾਰ ਗਿਆਬਦਨਾਮ ਹੋਏਤਾਂਹਨੇ ਮਿਹਣੇ ਆ ਸਿੱਖਾਂਸੁਣਾਇ ਬਹੁਤੇ

ਦਿਨ ਲੰਘ ਗਏ ਸੋਚਾਂ ਵਿੱਚ ਕਈ ਘੋੜੇ ਬੈਠ ਦਲੀਲ ਦੁੜ੍ਹਾਇ ਬਹੁਤੇ
ਇੱਕਦਿਨ ਸੱਪਾਂ ਵਾਲਾ ਆਇਗਿਆ ਜ਼ਹਿਰੀ ਓਸਨੇਸੱਪ ਦਿਖਾਇ ਬਹੁਤੇ
ਪ੍ਰਿਥੀਚੰਦ ਨੂੰ ਪਾਪ ਦੀ ਫੁਰੀ ਆ ਕੇ ਸੱਪਾਂ ਵਾਲੇ ਤਾਈਂ ਲੋਭ ਪਾਇ ਬਹੁਤੇ
ਸਾਰੀ ਗੱਲ ਸਮਝਾ ਕਰਤਾਰਸਿੰਘਾ ਓਹਨੂੰ ਭੇਜਯਾ ਸਬਕ ਸਿਖਾਇ ਬਹੁਤੇ

(ਸਰਪ ਦਾ ਮਰਨਾ)

ਓਹ ਲੋਭ ਦੀ ਤਾਰ ਦੇ ਵਿੱਚ ਫਸਯਾ ਪਹੁੰਚਾ ਵਿੱਚ ਵਡਾਲੀ ਦੇ ਜਾਇਕੇ ਜੀ
ਰਿੜ੍ਹਨਾ ਸਿੱਖਦੇ ਹਰਗੋਬਿੰਦ ਜੀਸਨ, ਅੰਦਰਗਈ ਜਾਂਮਾਤਾ ਬੈਠਾਇਕੇ ਜੀ
ਜ਼ਹਿਰੀ ਸੱਪ ਜਾਕੇ ਕੋਲ ਛੱਡ ਦਿੱਤਾ ਸੱਪਾਂ ਵਾਲੇ ਨੇ ਨਜ਼ਰ ਬਚਾਇਕੇ ਜੀ
ਓਸ ਸ਼ੂਕਦੇ ਨਾਗ ਨੂੰ ਵੇਖ ਕਰਕੇ ਫੜਯਾ ਹਰ ਗੋਬਿਦ ਨੇ ਧਾਇਕੇ ਜੀ
ਘੁੱਟ, ਓਸਦੀ ਜਾਨ ਬੇਹੋਸ਼ ਕੀਤੀ ਚਿੱਥ ਮਾਰਯਾ ਸਿਰ ਘਸਾਇਕੇ ਜੀ
ਮਾਤਾ ਆਈ ਤਾਂ ਵੇਖਕੇ ਸੱਪ ਪਿਆ ਰੌਲਾ ਪਾਵੰਦੀ ਬਹੁਤ ਘਬਰਾਇਕੇ ਜੀ
ਬੱਚਾ ਰੱਖਯਾ ਸਤਿਗੁਰੂ ਹੱਥ ਦੇਇਕੇ ਨਾਗ ਮਾਰਯਾ ਕਲਾ ਵਰਤਾਇਕੇ ਜੀ
ਸਿਰ ਵਾਰਨੇ ਕਰ ਕਰਤਾਰ ਸਿੰਘਾ ਦਿੱਤਾ ਦਾਨ ਗਰੀਬ ਬੁਲਾਇਕੇ ਜੀ

(ਵਾਕ ਕਵੀ)

ਕਲਾਧਾਰਕਰਤਾਰ ਅਵਿਤਾਰਹੋਯਾ ਹਰਨਭਰਨਅੱਖਫੋਰਦੀਕਾਰ ਜਿਸਦੀ
ਨਿਰਗੁਣ ਨੇ ਸਰਗੁਣ ਰੂਪਧਰਯਾ ਜੀਵਜੰਤ ਵਿੱਚਹਿੱਲਦੀ ਤਾਰ ਜਿਸਦੀ
ਸ਼ਿਵ,ਵਿਸ਼ਨ,ਬ੍ਰਹਮਾਅਤੇ ਕੋਟਮਾਇਆ ਸਦਾਲੱਛਮੀਆਗਯਾਕਾਰ ਜਿਸਦੀ
ਚੌਦਾਂਲੋਕਹੀਚੱਲਦੇ ਹੁਕਮਅੰਦਰ ਮਾਯਾਵਰਤਰਹੀਅਨਕ ਪ੍ਰਕਾਰ ਜਿਸਦੀ
ਰੂਪ ਹਰਗੋਬਿੰਦ ਦਾ ਓਸ ਧਰਯਾ ਜੋਤ ਚਮਕਰਹੀ ਵਿੱਚ ਸੰਸਾਰ ਜਿਸਦੀ
ਮਾਰੇ ਓਸਨੂੰ ਕੌਣ ਕਰਤਾਰ ਸਿੰਘਾ ਚੋਟ ਕਾਲ ਨ ਸੱਕੇ ਸਹਾਰ ਜਿਸਦੀ

(ਤਥਾ)

ਦੋ ਬਰਸ ਤੋਂ ਵੱਧ ਵਡਾਲੀ ਅੰਦਰ ਰਹਿਕੇ ਗੁਰਾਂ ਨੇ ਜੀਵ ਤਰਾਇ ਓਥੇ
ਦੂਰ ਦੂਰ ਦੀਆਂ ਚੱਲ ਸੰਗਤਾਂ ਜੀ ਰਹੀਆਂ ਭੇਟ ਚੜ੍ਹਾਦੀਆਂ ਆਇ ਓਥੇ
ਪ੍ਰਿਥੀ ਚੰਦ ਦੇ ਪਾਸ ਨ ਕੋਈ ਜਾਂਦਾ ਸਿੱਖ ਪਹੁੰਚਦੇ ਪੁੱਛ ਪੁਛਾਇ ਓਥੇ
ਲਹਿਰਬਹਿਰ ਸਦਾਚੰਗੀ ਰਹੀਲੱਗੀ ਸਤਿਸੰਗਦਾ ਰਿਹਾ ਪਰਵਾਹਿ ਓਥੇ
ਓਹਨੀਦਿਨੀਲਵਾਇਆ*ਖੂਹਵੱਡਾ ਯਾਦਗਾਰਰਹੀਕਾਇਮਸਦਾਇ ਓਥੇ

---

*ਸ੍ਰੀ ਗੁਰੂ ਹਰਗੋਬਿੰਦ ਜੀਦੇ ਅਵਿਤਾਰ ਧਾਰਨ ਦੀ ਖ਼ੁਸ਼ੀ ਅਤੇ ਓਹਨਾਂ ਦੀ ਯਾਦ-ਗਾਰ ਹੇਤ ਵਡਾਲੀ ਦੇ ਬਾਹਰ ਵਾਰ ਬੜਾ ਭਾਰਾ ਖੂਹ ਲਵਾਯਾ, ਜਿਸ ਤੇ ਛੇ ਹਰਟ ਚੱਲ

(ਬਾਕੀ ਦੇਖੋ ਸਫ਼ਾ ੮੬)

ਨਾਮ, ਦਾਨ, ਗਜਾਨ ਕਰਤਾਰ ਸਿੰਘਾ ਲੱਖਾਂ ਜੀਆਂ ਦੇਫੰਧ ਕਟਾਇ ਓਥੇ

(ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਜੀ ਆਉਣਾ)

ਬਾਬੇ ਬੁੱਢੇ ਤੇ ਭਾਈ ਗੁਰਦਾਸ ਜਿਹਾਂ ਫੇਰਜ਼ੋਰ ਪਾਯਾ ਬਹੁਤੀ ਵਾਰ ਆਏ
ਚੱਲੋ, ਬਰਕਤਾਂ ਲਾਓ ਰਮਦਾਸ ਪੁਰੇ ਕਹਯਾ ਸੰਗਤਾਂ ਭੀ ਬਾਰ ਬਾਰ ਆਏ
ਮਾਤਾ ਗੰਗਾ ਭੀ ਹੋਇ ਉਦਾਸ ਗਈ ਘਰ ਘਾਟ ਦੇ ਤਈਂ ਵਿਸਾਰ ਆਏ
ਸਤਿਗੁਰੂ ਕਬਾਹਿਤੀ ਪ੍ਰਿਥੀਏ ਤੋਂ ਚੰਗਾ ਲਾਂਭੇ ਹੀ ਰਹਿਣਾ ਵਿਚਾਰ ਆਏ
ਜਦ ਸੰਗਤਾਂ ਨੇ ਮਜਬੂਰ ਕੀਤਾ ਸੁਧਾਸਰ ਨੂੰ ਹੋ ਤੱਯਾਰ ਆਏ
ਟੁਰਨ ਲੱਗਯਾਂ ਪਿੰਡ ਦੇ ਚੱਲ ਸਾਰੇ ਪਾਸ ਗੁਰੂ ਜੀ ਦੇ ਨਰ ਨਾਰ ਆਏ
ਸਾਥੋਂ ਕੀਹ ਅਵੱਗਯਾ ਹੋਇ ਗਈ ਸੇਵਾ ਕਰਾਂਗੇ ਹਰ ਪ੍ਰਕਾਰ ਆਏ
ਏਥੇ ਵੱਸੋ ਇਹ ਸਭ ਕੁਝ ਆਪਦਾ ਹੈ ਲੋਕ ਵਿੱਚ ਵੈਰਾਗ ਦੇ ਭਾਰ ਆਏ
ਦਿੱਤੀ ਧੀਰਜ ਸਤਿਗੁਰਾਂ ਸਾਰਯਾਂ ਨੂੰ ਸਤਿਨਾਮ ਕਹਿ ਹੋ ਅਸਵਾਰ ਆਏ
ਸ੍ਰੀ ਹਰ ਗੋਬਿੰਦ ਲੈ ਮਾਤ ਗੰਗਾ ਚੜ੍ਹ ਪਾਲਕੀ ਖ਼ੁਸ਼ੀਆਂ ਧਾਰ ਆਏ
ਦਾਸਾਂ ਦਾਸੀਆਂ ਸੰਗਤਾਂ ਭੀੜ ਬਹੁਤੀ ਚੱਲ ਅੰਮ੍ਰਿਤਸਰ ਦਾਤਾਰ ਆਏ
ਸਭ ਸਾਜ਼ ਸਾਮਾਨ ਸੰਭਾਲ ਕਰਕੇ ਫੇਰ ਕਰ ਅਸ਼ਨਾਨ ਦਰਬਾਰ ਆਏ
ਫੁੱਲ ਭੇਟ ਪ੍ਰਸ਼ਾਦ ਤੇ ਸਾਹਿਬਜ਼ਾਦੇ ਸਣੇ, ਗੁਰੂ ਜੀ ਕਰਨ ਦੀਦਾਰ ਆਏ
ਨਮਸ਼ਕਾਰ ਕਰ ਪਿਤਾਅਸਥਾਨ ਅੰਦਰ ਕਰ ਸਾਰੀ ਪ੍ਰਦੱਛਣਾ ਬਾਹਰ ਆਏ
ਅੰਮ੍ਰਿਤਸਰ ਸਤਿਗੁਰੂ ਜੀ ਰਹਿਣ ਲੱਗੇ ਸਿੱਖ ਦਰਸ਼ਨਾਂ ਨੂੰ ਬੇਸ਼ੁਮਾਰ ਆਏ
ਵਧੀਆਂ ਰੌਣਕਾਂ ਬਹੁਤ ਕਰਤਾਰਸਿੰਘਾ ਚੁੱਭੇ ਪ੍ਰਿਥੀਏ ਦੇ ਸੀਨੇ ਖ਼ਾਰ ਆਏ

(ਵਾਕ ਕਵੀ)

ਮਹਾਂਪੁਰਖਾਂਦੀਲੱਛਮੀਸਦਾਦਾੱਸੀਕਦਮੀ ਬਰਕਤਾਂਲਗਦੀਆਂਆਨ ਭਾਈ
ਚਰਨ ਜਿਸ ਥਾਂ ਬਰਕਤਾਂ ਵਾਲਿਆਂ ਦੇ ਓਥੇ ਝੁਕਦਾ ਆਨ ਜਹਾਨ ਭਾਈ
ਪਜਾਰੇ ਰੱਬ ਦੇ ਜਿਸ ਥਾਂ ਪੈਰ ਧਰਦੇ ਸੋਮੇ ਰਹਿਮਤਾਂ ਚੱਲਦੇ ਜਾਨ ਭਾਈ
ਓਹਨਾਂ ਦਰਾਂ ਦੀ ਖ਼ਾਕਅਕਸੀਰਹੁੰਦੀ ਓਹਫ਼ਕੀਰਾਂ ਨੂੰ ਕਰੇਸੁਲਤਾਨ ਭਾਈ
ਕੁਟੀਆਸਾਧਦੀ ਵਿੱਚ ਜੋ ਬਰਕਤਾਂ ਨੇ ਸ਼ਾਹੀਤਖ਼ਤਦਾ ਓਹਾ ਨ ਸ਼ਾਨ ਭਾਈ

(੮੫ ਸਫੇ ਦੀ ਬਾਕੀ)

ਸੱਕਦੇ ਹਨ। ਏਸੇ ਵਾਸਤੇ ਓਸ ਦਾ ਨਾਮ ਛੇਹਰਟਾ ਸਾਹਿਬ ਸੱਦੀਦਾ ਹੈ। ਸਤਿਗੁਰਾਂ ਨੇ ਓਹ ਖੂਹ ਲਵਾਕੇ ਵਰ ਦਿੱਤਾ ਸੀ ਕਿ ਅਠਰਾ ਦੀ ਬੀਮਾਰੀ ਵਾਲੀ ਇਸਤ੍ਰੀ ਸਾਲ ਭਰ ਇਸ ਖੂਹੇ ਦੇ ਜਲ ਨਾਲ ਅਸ਼ਨਾਨ ਕਰੇ, ਤਦ ਇਹ ਉਸਦਾ ਰੋਗ ਦੂਰ ਹੋ ਜਾਵੇਗਾ।

ਬਾਦਸ਼ਾਹੀ ਮਹੱਲਾਂ ਤੋਂ ਬਹੁਤ ਉੱਚੀ ਉਹ ਫ਼ਕੀਰ ਦੀ ਝੌਂਪੜੀ ਮਾਨ ਭਾਈ
ਜਿਸ ਥਾਂ ਬਿਰਾਜਦੇ ਆਪ ਸਤਿਗੁਰ ਓਥੇ ਕਾਸ ਦੀ ਥੁੜ ਪਛਾਨ ਭਾਈ
ਆਣਭਾਰੀਆਂ ਰੌਣਕਾਂਵਧਗਈਆਂ ਰਾਤਦਿਨ ਹੋਇਭਜਨਭਗਵਾਨ ਭਾਈ
ਵੇਖ ਪ੍ਰਿਥੀਆ ਈਰਖਾ ਵਿੱਚ ਸੜਦਾ ਮੂਲੋਂ ਸੁੱਝੇ ਨ ਖਾਨ ਪਹਿਰਾਨ ਭਾਈ
ਮਾਯਾ ਆਵੰਦੀ ਟੁਰੀ ਕਰਤਾਰਸਿੰਘਾ ਦੇਵੇਂ ਜੀ ਕਚੀਚੀਆਂ ਖਾਨ ਭਾਈ

(ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਚੀਚਕ ਨਿਕਲਣੀ)

ਪੰਜਵੇਂ ਸਾਲ ਵਿੱਚ ਸਤਿਗੁਰਾਂ ਪੈਰ ਪਾਯਾ ਚੀਚਕਰੋਗ ਦੇ ਨਾਲ ਬੀਮਾਰ ਹੋਏ
ਦਾਣੇ ਨਿਕਲੇ ਬੇਸ਼ੁਮਾਰ ਪਿੰਡੇ ਮੂੰਹ, ਅੱਖਾਂ ਭਰੀਆਂ ਤੇ ਲਾਚਾਰ ਹੋਏ
ਤਿੰਨ ਚਾਰ ਦਿਨ ਰਹੇ ਬੇਹੋਸ਼ ਡਾਢੇ ਇੱਕ ਅੱਖ ਉਤੇ ਦਾਣੇ ਭਾਰ ਹੋਏ
ਪਿਆ ਫ਼ਿਕਰ ਪ੍ਰਵਾਰ ਦੇ ਵਿਚ ਭਾਰਾ ਅਰਜ਼ਮੰਦ ਅੱਗੇ ਕਰਤਾਰ ਹੋਏ
ਹੋਈਮਿਹਰ ਅਕਾਲ ਦੀ ਬੜੀ ਭਾਰੀਕੁਝ ਦਿਨਾਂਵਿੱਚ ਦਾਣੇ ਉਡਾਰ ਹੋਏ
ਰਿਹਾ ਜਿਸਮ ਬੇਦਾਗ ਕਰਤਾਰ ਸਿੰਘਾ ਸਿੱਖ ਸੇਵਕ ਖ਼ੁਸ਼ੀ ਅਪਾਰ ਹੋਏ

(ਸ੍ਰੀ ਗੁਰੂ ਪੰਚਮ ਪਾਤਸ਼ਾਹ ਜੀ ਨੇ ਚੀਚਕ ਬਾਇ ਇਹ ਸ਼ਬਦ ਉਚਾਰੇ)

ਗਉੜੀ ਮਹਲਾ ੫ ॥

ਨੇਤ੍ਰ ਪਰਗਾਸੁ ਕੀਆ ਗੁਰ ਦੇਵ ॥ ਭਰਮ ਗਏ ਪੂਰਨ ਭਈ ਸੇਵ ॥
॥੧॥ਰਹਾਉ॥ਸੀਤਲਾਤੇਰਖਿਆਬਿਹਾਰੀ॥ਪਾਰਬ੍ਰਹਮਪ੍ਰਭਕਿਰਪਾਧਾਰੀ॥੧॥
ਨਾਨਕ ਨਾਮੁ ਜਪੈ ਸੋ ਜੀਵੈ ॥ ਸਾਧ ਸੰਗਿ ਹਰਿ ਅੰਮ੍ਰਿਤੁ ਪੀਵੈ ॥

(ਤੰਦਰੁਸਤੀ)

ਸ੍ਰੀ ਹਰਿਗੋਬਿੰਦ ਜੀ ਹੋਇ ਰਾਜ਼ੀ ਮਾਤਾ ਗੰਗ ਬਹੁ ਖ਼ੁਸ਼ੀ ਮਨਾਵੰਦੀ ਏ
ਫੇਰ ਕਰ ਕੜਾਹ ਪ੍ਰਸ਼ਾਦ ਬਹੁਤਾ ਹਰੀਮੰਦਰ ਮੱਥਾ ਟਿਕਾਵੰਦੀ ਏ
ਗੁਰੂ ਨਾਨਕ ਬਾਲ ਨਰੋਆ ਕੀਤਾ ਵੱਡੇ ਗੁਰਾਂ ਦਾ ਯੱਸ ਬਹੁ ਗਾਵੰਦੀ ਏ
ਗੁਰਾਂ ਸ਼ਬਦ ਬਣਾਇ ਕਰਤਾਰਸਿੰਘਾ ਵਰਜੀ ਸੀਤਲਾ ਜ਼ੋਰ ਨ ਪਾਵੰਦੀ ਏ

(ਤਥਾ)

ਸੋਰਠ ਮਹਲਾ ੫ ॥

ਸਦਾ ਸਦਾ ਹਰਿ ਜਾਪੇ ॥ ਪ੍ਰਭ ਬਾਲਕ ਰਾਖੇ ਆਪੇ ॥
ਸੀਤਲਾ ਠਾਕਿ ਰਹਾਈ ॥ ਬਿਘਨ ਗਏ ਹਰਿ ਨਾਈ ॥

(ਵਾਕ ਕਵੀ)

ਕਈਸਿਖਗੁਰਬਾਣੀਦੀਵਾਕਫ਼ੀਬਿਨਕਹਿੰਦੇਗੁਰਾਂ ਨੇ ਦੇਵੀਮਨਾਈ ਹੈ ਜੀ
ਜਾਕੇ ਦੁਰਗਿਆਣੇਪੂਜੀਠੀਕਦੁਰਗਾਗੁਰਬਿਲਾਸਦੀਦੇਂਦੀਗਵਾਹੀ ਹੈ ਜੀ

ਗੁਰਬਾਨੀ ਉੱਤੇ ਬੇਇਤਬਾਰ ਹੋਕੇ*ਮਨਮੁਖਤਾ ਓਹਨਾਂ ਨੇ ਪਾਈ ਹੈ ਜੀ
ਇਹਨਾਂਸ਼ਬਦਾਂਵਿਚ ਕਰਤਾਰਸਿੰਘਾ ਪਾਰਬ੍ਰਹਮ ਲਿਖੀਵਡਿਆਈ ਹੈ ਜੀ

(ਤਥਾ)

ਪੁੱਤ ਗੁਰਾਂ ਦਾ ਨਵਾਂ ਨਰੋਆ ਹੋਇਆ ਸਿੱਖ ਸੰਗਤਾਂ ਖ਼ੁਸ਼ੀ ਮਨਾਈ ਵੱਡੀ
ਮਾਤ ਗੰਗ ਕੀਤੇ ਦਾਨ ਪੁੰਨ ਬਹੁਤੇ ਵੱਡੇ ਗੁਰਾਂ ਦੀ ਕਰੀ ਵਡਿਆਈ ਵੱਡੀ
ਸਾੜਾ ਕਰਮੋ ਦੇ ਦਿਲ ਬਹੁਤ ਲੱਗਾ ਅੱਗ ਵੈਰ ਦੀ ਓਸ ਭੜਕਾਈ ਵੱਡੀ
ਓਹ ਤਾਂ ਚਾਹੁੰਦੀ ਸੀ ਕਝਹੋਰ ਸੁਣਨਾ ਕਲਾ ਪੁਰਖਅਕਾਲ ਵਰਤਾਈ ਵੱਡੀ
ਸਣੇ ਪ੍ਰਿਥੀਏ ਦੇ ਹੋਈ ਬਹੁਤਔਖੀ ਬਾਲ ਬਚਗਿਆ,ਤਿਲਮਲਾਈ ਵੱਡੀ
ਇਹ ਈਰਖਾ ਬੁਰੀ ਕਰਤਾਰਸਿੰਘਾ ਸੱਕੇ ਚਾਹੁੰਦੇ ਕਰਨ ਬੁਰਿਆਈ ਵੱਡੀ

(ਸ੍ਰੀ ਹਰਗੋਬਿੰਦ ਸਾਹਿਬ ਜੀ ਨੂੰ ਪ੍ਰਿਥੀਚੰਦ ਨੇ ਜ਼ਹਿਰ ਦਵਾਉਣ ਦੀ ਕੋਸ਼ਸ਼ ਕਰਨੀ)

ਹੀਲੇ ਬਹੁਤ ਕੀਤੇ ਗਏ ਸਭ ਖ਼ਾਲੀ ਪ੍ਰਿਥੀਚੰਦ ਸੋਚੇ ਕੀਹਬਣਾਯਾ ਜਾਵੇ
ਕਰਮੋਲੈਣਆਰਾਮ ਨ ਮੂਲਦੇਂਦੀ ਕਿਵੇਂ ਓਸਦਾ ਦਿਲਠਹਿਰਾਯਾ ਜਾਵੇ
ਅੱਗਾ ਵਧੇ ਸ਼ਰੀਕ ਦਾ ਮੂਲ ਨਾਹੀਂ ਵਿੱਚੇ ਵਿੱਚ ਕੋਈ ਫੰਦ ਚਲਾਯਾ ਜਾਵੇ

---

*ਓਹਨਾਂ ਸਿੱਖਾਂ ਨੂੰ ਇਹ ਗੱਲ ਆਖਦਯਾਂ ਸ਼ਰਮ ਵੀ ਨਹੀਂ ਆਉਂਦੀ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਿ ਗੋਬਿੰਦ ਸਾਹਿਬ ਨੂੰ ਦੁਰਗਿਆਨੇ ਖੜਕੇ ਸੀਤਲਾ ਦੇ ਮੱਥਾ ਟਿਕਾਇਆ ਤੇ ਦੇਵੀ ਦੀ ਪੂਜਾ ਕੀਤੀ। ਗੁਰ ਪੰਚਮ ਪਾਤਸ਼ਾਹ ਆਪਣੇ ਸ਼ਬਦਾਂ ਵਿਚ ਸਾਫ ਦਸਦੇ ਹਨ ਕਿ "ਸੀਤਲਾ ਠਾਕਿ ਰਹਾਈ॥ਬਿਘਨ ਗਏ ਹਰਿਨਾਈ॥" ਪ੍ਰੰਤੂ ਓਹ ਸਿੱਖ ਚੰਗੀ ਅਕਲ ਵਾਲੇ ਹਨ,ਜੋ ਸਤਿਗੁਰਾਂ ਨੂੰ ਦੇਵੀ ਦੇ ਭਗਤ ਬਣਾਂਦੇ ਹਨ, ਤੇ ਨਾਲੇ ਇਹ ਭੀ ਨਹੀਂ ਸੋਚਦੇ ਕਿ ਓਦੋਂ ਦੁਰਗਿਆਨਾ ਹੈ ਵੀ ਕਿਥੇ ਸੀ,ਤੇ ਕਿਸ ਬਣਾਇਆ ਸੀ? ਚੱਕ ਦੀ ਆਬਾਦੀ ਤਾਂ ਅਜੇ ਹੋ ਰਹੀ ਸੀ। ਦੁਰਗਯਾਨਾ ਤਾਂ ੧੯੦੫ ਬਿਕ੍ਰਮੀ ਵਿਚ ਬਣਯਾਂ ਹੈ। ਦੇਖੋ ਦੁਰਗਯਾਣੇ ਦੀ ਸ਼ਹਿਰ ਵੱਲ ਦੀ ਬਾਹੀ ਤੇ ਇਕ ਥਾਂ ਇਉਂ ਲਿਖਯਾ ਹੈ:-ਬਾਨੀਏ ਤਾਲਾਬ ਦੁਰਗਯਾਨਾ ਲਾਲਾ ਬਾਸ਼ੀ ਰਾਮ ਵਲਦ ਸ਼ਿਵ ਰਾਮ ਦਾਸ ਬਿਨ ਮਾਲੀ ਮੱਲ ਬਿਨ ਮਨੀਰਾਮ ਉਰਫ਼ ਭਸੀਨ ਖੱਤ੍ਰੀ ਸਾਕਨ ਲਾਹੌਰ ਗੁਜ਼ਰ ਤਾਲਵਾੜਾ ਮਿੰਨ-ਇਬਤਦਾਏ ਅੱਵਲ ਮਾਘ ਸੰਨ ੧੯੦੫ ਬਿਕ੍ਰਮੀ। ਇਹ ਤਾਲਾਬ ਓਦੋਂ ਬਣਯਾਂ ਜਦੋਂ ਸਿੱਖਾਂ ਦਾ ਰਾਜ ਖਤਮ ਹੋ ਗਿਆ ਤੇ ਅੰਗ੍ਰੇਜ਼ ਪੰਜਾਬ ਤੇ ਕਾਬਜ਼ ਹੋਏ।

ਇਹ ਪ੍ਰਸੰਗ ਸੂਰਜ ਪ੍ਰਕਾਸ਼ ਵਿਚ ਕਿਸੇ ਨੇ ਪਿਛੋਂ ਪਾ ਦਿਤਾ ਹੈ, ਕਿਉਂਕਿ ਸੂਰਜ ਪ੍ਰਕਾਸ਼ ੧੯੦੦ ਤੋਂ ਪਹਿਲਾਂ ਬਣ ਚੁੱਕਾ ਸੀ ਤੇ ਸ੍ਰੀ ਮਾਨ ਭਾਈ ਸੰਤੋਖ ਸਿੰਘ ਜੀ ਦਾ ੧੯੦੦ ਵਿਚ ਦਿਹਾਂਤ ਭੀ ਹੋ ਗਿਆ ਸੀ।

ਨੋਟ-ਯਾਦ ਰਹੇ ਕਿ ਦੁਰਗਯਾਨਾ ਇੱਕ ਮਾਮੂਲੀ ਤਾਲਾਬ ਸੀ, ਅਕਾਲੀ ਲਹਿਰ ਦੇ ਵਿਚ (੧੯੨੧ ਸੰਨ) ਸ਼ਹਿਰ ਦੇ ਹਿੰਦੂ ਪ੍ਰਬੰਧਕਾਂ ਨਾਲ ਅਛੂਤ ਸੁਧਾਰ ਤੋਂ ਨਾਰਾਜ਼ ਹੋ ਗਏ ਤੇ ਓਹਨਾਂ ਨੇ ਉਜੜੇ ਹੋਏ ਤਾਲਾਬ ਵਿਚ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਨਕਲ ਮੰਦਰ ਤੇ ਪੁਲ ਆਦਿ ਬਣਾ ਲਿਆ,ਜੋ ਸੱਡੇ ਸਾਹਮਣੇ ਬਣਯਾਂ ਹੈ।

ਆਖ਼ਰਸੋਚਯਾ,ਉਨ੍ਹਾਂਦਾ ਆਦਮੀਕੋਈਪਾੜ ਆਪਣੇ ਨਾਲਮਲਾਯਾ ਜਾਵੇ
ਹੱਥੀਂਓਸਦੀ ਜ਼ਹਿਰਦੁਵਾਇਕਰਕੇਹਰਿਗੋਬਿੰਦ ਦੇ ਤਈਂਮਰਵਾਯਾ ਜਾਵੇ
ਰੋਸ਼ਨ ਹੋਯਾ ਚਰਾਗ਼ ਸ਼ਰੀਕ ਦੇ ਘਰ ਝੱਖੜ ਈਰਖਾ ਛੱਡ ਬੁਝਾਯਾ ਜਾਵੇ
ਲੋਭ ਪਾ ਕੇ ਕਿਸੇ ਨੂੰ ਕਰ ਕਾਬੂ ਬੂਟਾ ਜੰਮਦਾ ਜੜ੍ਹੋਂ ਪੁਟਾਯਾ ਜਾਵੇ
ਜੜ੍ਹ ਲੱਗੀ ਪਾਤਾਲ ਕਰਤਾਰ ਸਿੰਘਾ ਫੜ ਕਿਵੇਂ ਸੁਮੇਰ ਹਿਲਾਯਾ ਜਾਵੇ

(ਤਥਾ)

ਜੋ ਢੂੰਡਦਾ ਅੰਤ ਨੂੰ ਪਾਇ ਲੈਂਦਾ ਸਤਿਗੁਰਾਂ ਦਾ ਇੱਕ ਗੁਲਾਮ ਲੱਭਾ
ਸੀ ਖਿਡਾਵਾ ਉਹ ਹਰਗੋਬਿੰਦ ਜੀਦਾ ਦੁਨੀਚੰਦ ਜਾ ਨਿਮਕਹਰਾਮ ਲੱਭਾ
ਓਹਦੀਜ਼ਾਤ ਬ੍ਰਹਿਮਣਅਤੇਕਰਮਮੰਦੇ ਏਸਕੰਮਲਈ ਖ਼ਰਚਕੇ ਦਾਮ ਲੱਭਾ
ਬ੍ਰਹਿਮਣਰੂਪਚੰਡਾਲਕਰਤਾਰਸਿੰਘਾ ਗੋਰਾਰੰਗਹਿਰਦਾਸਿਆਹਿਫ਼ਾਮ ਲੱਭਾ

(ਤਥਾ)

ਦੁਨੀਚੰਦ ਨੂੰ ਢਾਲ ਕੇ ਲੋਭ ਸੱਚੇ ਬੁਰੇ ਕੰਮ ਦੇ ਲਈ ਤਯਾਰ ਕੀਤਾ
ਵਿੱਚਦਹੀਂ ਮਿਲਾਇਕੇਜ਼ਹਿਰਦੇਇਦਿਹ ਧਨਬਹੁਤਦੇਵਾਂ ਇਕਰਾਰ ਕੀਤਾ
ਪੱਪੀ ਜ਼ਾਲਮ ਬ੍ਰਹਿਮਣ ਹੈਂਸਯਾਰੇ ਦਿਲੋਂ ਕੁਝ ਨ ਖ਼ੌਫ਼ ਕਰਤਾਰ ਕੀਤਾ
ਇੱਕ ਗੁਰੂ ਤੇ ਦੂਸਰਾ ਨਿਮਕ ਖਾਧਾ ਅੰਨ੍ਹਾ ਲੋਭ ਨੇ ਮਾਰ ਗਵਾਰ ਕੀਤਾ

ਜ਼ਹਿਰ ਦੇਣ ਦੇ ਲਈ ਤੱਯਾਰ ਹੋਯਾ ਕਾਲਾ ਆਪਨਾ ਮੁੱਖ ਸੰਸਾਰ ਕੀਤਾ
ਬਣਯਾਂ ਜ਼ਾਤ ਕਲੰਕ ਕਰਤਾਰਸਿੰਘਾ ਹੱਥੀਂ ਆਪਣੀ ਅੱਗਾ ਖ਼ਵਾਰ ਕੀਤਾ

(ਦੁਨੀਚੰਦ ਬ੍ਰਹਿਮਨ ਨੇ ਸ੍ਰੀ ਗੁਰੂ ਹਰਗੋਬਿੰਦ ਜੀ ਨੂੰ ਜ਼ਹਿਰ ਖਵਾਨ ਦੀ ਕੋਸ਼ਸ਼ ਕਰਨੀ)

ਲੋਭ ਲਹਿਰਅੰਦਰ ਹਲਕਾਯਾ ਹੋਕੇ ਵਿੱਚ ਦਹੀਂ ਦੇ ਜ਼ਹਿਰਮਿਲਾਇਕੇ ਜੀ
ਹਰਗੋਬਿੰਦ ਜੀ ਤਈਂ ਖਵਾਨ ਲੱਗਾਚੋਰੀ ਕੋੱਠੇ ਦੇ ਉੱਤੇ ਲੈ ਜਾਇਕੇ ਜੀ
ਓਹ ਨ ਖਾਵੰਦੇ,ਓਹ ਖਵਾਇ ਜ਼ੋਰੀ ਮੂੰਹਨੂੰ ਲਾਵੰਦਾ ਬਾਹਾਂ ਹਟਾਇਕੇ ਜੀ
ਮਾਤਾਮਾਤਾ ਪੁਕਾਰਯਾ ਬਾਲਗੁਰ ਨੇ ਮਾਤਾ ਰੋਣਾਸੁਣਯਾਂ ਕੰਨ ਲਾਇਕੇ ਜੀ
ਮਾਤਾ ਆਖਯਾ ਰੋਵੰਦਾ ਸਾਹਿਬਜ਼ਾਦਾ ਗੁਰਾਂ ਸਿੱਖ ਭੇਜੇ ਗਏ ਧਾਇਕੇ ਜੀ
ਝੱਟ ਪੱਟ ਜਾ ਸਿਰ ਤੇ ਸਿੱਖ ਪਹੁੰਚੇ ਦੁਨੀਚੰਦ ਗਿਆ ਘਬਰਾਇਕੇ ਜੀ
ਦਹੀਂ ਸਣੇ ਹਿਠ੍ਹਾਂਲੈਕੇ ਆਇ ਜਲਦੀ ਗੁਰਾਂ ਪੁੱਛਯਾ ਪਾਸ ਬੈਠਾਇਕੇ ਜੀ
ਕਹਿੰਦਾ ਦਹੀਂ ਨਖਾਵੰਦਾ ਸਾਹਿਬਜ਼ਾਦਾ ਐਵੇਂ ਰੋਣਲੱਗਾ ਸ਼ੋਰਪਾਇਕੇ ਜੀ
ਦੂਹਸ਼ਕਤੀਆਂਦੇ ਤਈਂ ਦੁਸ਼ਟ ਪਾਪੀਧੋੱਖਾ ਲਾਣਾਚਾਹੰਦਾ ਵਰਚਾਇਕੇ ਜੀ
ਅੰਤ੍ਰਯਾਮੀ ਸਤਿਗੁਰੂ ਕਰਤਾਰਸਿੰਘਾ ਭੇਦਸਮਝਯਾ ਨਜ਼ਰ ਦੁੜ੍ਹਾਇਕੇ ਜੀ

(ਪਿਸਤੇ ਕੁੱਤੇ ਨੇ ਦਹੀਂ ਖਾਕੇ ਮਰ ਜਾਣਾ)

ਪਾਪਲੋੱਕਾਂਅੰਦਰ ਜ਼ਾਹਿਰਕਰਨ ਖ਼ਾਤਰ ਪਿਸਤੇ ਕੁੱਤੇਦੇਤਈਂ ਬੁਲਾਯਾ ਜੀ
ਲੈ ਪਿਸਤਯਾ ਖਾਹਇਸ ਦਹੀਂ ਤਾਈਂ ਸਤਿਗੁਰਾਂਨੇਮੁਖੋਂ ਫ਼ਰਮਾਇਆ ਜੀ
ਤੂੰ ਜਾਹ ਬੈਕੁੰਠ ਨੂੰ ਛੱਡ ਚੋਲਾ ਤੇਰੇ ਥਾਂ ਹੈ ਬ੍ਰਾਹਮਣ ਆਇਆ ਜੀ
ਤੂੰ ਦੇਵਤਾ ਬਣ ਇਹ ਬਣੇ ਕੁੱਤਾ ਤੇਰੇ ਨਾਲ ਵਟਾਂਦ੍ਰਾ ਲਾਇਆ ਜੀ
ਜਾਂਦੀਵਾਰ ਸਤਿਗੁਰਾਂਦਾ ਕਰਦਰਸ਼ਨ ਕੁੱਤੇਚਰਨਾਂਤੇਸਿਰ ਝੁਕਾਇਆ ਜੀ
ਦਹੀਂ ਖਾਂਦਯਾਂ ਸਾਰ ਕਰਤਾਰਸਿੰਘਾ ਚੋਲਾ ਛੱਡ ਬੈਕੁੰਠ ਸਿਧਾਇਆ ਜੀ

(ਬ੍ਰਾਹਮਣ ਨੇ ਆਪਣੀ ਕੀਤੀ ਦਾ ਫਲ ਪਾਣਾ)

ਪਾਪ ਦੁਨੀਦੇਸਿਰ ਅਸਵਾਰਹੋਯਾ ਕਾਲਾ ਜੱਗਵਿੱਚ ਮੂੰਹਕਰਵਾਇ ਮਰਦਾ
ਹੌਲ ਉੱਠਯਾ ਓਸਦੇ ਦਿਲਅੰਦਰ ਪਾਪੀ ਕੀਤੀਆਂ ਦਾ ਫਲ ਪਾਇ ਮਰਦਾ
ਸੂਲਪੈਗਿਆ ਤੜਪਦਾ ਵਾਂਗਮੱਛੀ ਭੈੜਾ ਕਾਗਦੇਵਾਂਗ ਕੁਰਲਾਇ ਮਰਦਾ
ਪ੍ਰਿਥੀਚੰਦਆਖੇ ਇਹਮੈਂ ਕਾਰਕੀਤੀ,ਸਾਰੇ ਲੋਕਾਂ ਦੇ ਤਈਂ ਸੁਣਾਇ ਮਰਦਾ
ਹਰਿਗੋਬਿੰਦਨੂੰਰੱਖਯਾਆਪਸਤਿਗੁਰਪਾਪੀਦੁਸ਼ਟਓਹਜਨਮਗਵਾਇ ਮਰਦਾ
ਲੈ ਗਿਆ ਨ ਕੁਝ ਕਰਤਾਰ ਸਿੰਘਾ ਕੁਲ ਤਈਂ ਕਲੰਕ ਲਵਾਇ ਮਰਦਾ

(ਇਸ ਪ੍ਰਥਾਇ ਸ੍ਰੀ ਗੁਰੂ ਜੀ ਨੇ ਭੈਰਉ ਰਾਗ ਵਿਚ ਸ਼ਬਦ ਉਚਾਰਨ ਕੀਤਾ):-

ਭੈਰਉ ਮਹਲਾ ੫ ॥

ਲੇਪੁ ਨ ਲਾਗੋ ਤਿਲ ਕਾ ਮੂਲਿ। ਦੁਸਟੁ ਬ੍ਰਾਹਮਣੁ ਮੂਆ ਹੋਇ ਕੈ ਸੂਲ ॥ ੧ ॥ ਹਰਿ ਜਨ ਰਾਖੇ ਪਾਰਬ੍ਰਹਮਿ ਆਪਿ। ਪਾਪੀ ਮੂਆ ਗੁਰ ਪ੍ਰਤਾਪਿ ॥ ੧ ॥ ਰਹਾਉ ॥ ਆਪਣਾ ਖਸਮੁ ਜਨਿ ਆਪਿ ਧਿਆਇਆ। ਇਆਣਾ ਪਾਪੀ ਓਹੁ ਆਪਿ ਪਚਾਇਆ ॥ ੨ ॥ ਪ੍ਰਭ ਮਾਤ ਪਿਤਾ ਆਪਣੇ ਦਾਸ ਕਾ ਰਖਵਾਲਾ। ਨਿੰਦਕ ਕਾ ਮਾਥਾ ਈਹਾਂ ਊਹਾ ਕਾਲਾ ॥ ੩ ॥ ਜਨ ਨਾਨਕ ਕੀ ਪਰਮੇਸਰਿ ਸੁਣੀ ਅਰਦਾਸਿ।ਮਲੇਛੁ ਪਾਪੀ ਪਚਿਆ ਭਇਆ ਨਿਰਾਸੁ ॥੪॥

(ਵਾਕ ਕਵੀ)

*ਬ੍ਰਹਮਣਆਪਣੇਕੀਤੇਦਾਫਲਪਾਯਾ ਲੋਕੀਪ੍ਰਿਥੀਏਦੀਨਿੰਦਾਕਰਨ ਲੱਗੇ
ਬਾਲ ਘਾਤੀ ਅਤੇਕੁਲ ਘਾਤੀ ਕਹਿਕੇ ਦੋਸ਼ਕਈ ਓਹਦੇਸਿਰ ਧਰਨ ਲੱਗੇ
ਵਿਚਸੰਗਤਾਂ ਨਿੰਦਯਾ ਹੋਣਲੱਗੀ ਓਹਦੇ ਦਰਸ਼ਨੋਂ ਭੀ ਸਿੱਖ ਡਰਨ ਲੱਗੇ
ਭਾਈਗੁਰਦਾਸਜੈਸੇ ਕਰਤਾਰਸਿੰਘਾ ਮੀਣਾਦੁਸ਼ਟ ਪਾਪੀਸੀਉਚਰਨ ਲੱਗੇ

(ਪ੍ਰਿਥੀ ਚੰਦ ਨੇ ਸ੍ਰੀ ਅੰਮਰਤਸਰ ਜੀ ਨੂੰ ਛੱਡਣ ਲਈ ਤਯਾਰ ਹੋਣਾ)

ਪ੍ਰਿਥੀਚੰਦ ਦੀ ਨਿੰਦਯਾ ਹੋਇ ਥਾਂਥਾਂ ਮਾਰੇ ਸ਼ਰਮ ਦੇ ਬਹੁਤ ਲਾਚਾਰ ਹੋਇਆ
ਹਠ ਛੱਡਨਾ ਭੀ ਔਖਾ ਓਸ ਤਾਈਂ ਘਰ ਛੱਡਨੇ ਲਈ ਤੱਯਾਰ ਹੋਇਆ
ਇੱਕਦਿਨ ਸੰਭਾਲ ਅਸਬਾਬ ਸਾਰਾਲੱਦ ਗੱਡੇ ਉਤੇ ਘਰੋਂ ਬਾਹਰ ਹੋਇਆ
ਮਹਾਂ ਦੇਵ ਜੀਨੂੰ ਖ਼ਬਰ ਹੋਇ ਗਈ ਸੁਣ ਦਿਲ ਅੰਦਰ ਦੁੱਖ ਭਾਰ ਹੋਇਆ
ਜਾਇਪ੍ਰਿਥੀਏਦੀਚਰਨੀਸਿਰਧਰਯਾਇਉਂਕਰੋਨਾਹੀਂਮਿੰਨਤਦਾਰ ਹੋਇਆ
ਪ੍ਰਿਥੀਆ ਮੱਚਯਾ ਸਗੋਂ ਕਰਤਾਰ ਸਿੰਘਾ ਮੂਹੋਂ ਬਕਦਾ ਜੋਸ਼ ਅਪਾਰ ਹੋਇਆ

(ਪ੍ਰਿਥੀ ਚੰਦ ਨੇ ਮਹਾਂ ਦੇਵ ਜੀ ਨੂੰ ਕੌੜੇ ਉੱਤਰ ਦੇਣੇ)

ਹੁਣ ਸੁਲਹੀ ਖ਼ਾਂ ਦੇ ਪਾਸ ਜਾਕੇ ਸਾਰਾ ਆਪਨਾ ਹਾਲ ਸੁਣਾਵਾਂਗਾ ਮੈਂ
ਓਹਨੂੰਹੇਹਰਾਂਤੋਂ ਨਾਲਲੈ ਜਾਂਦਿੱਲੀ ਅਰਜ਼ੀਬਾਦਸ਼ਾਹ ਦੇਅੱਗੇਪਾਵਾਂਗਾ ਮੈਂ

---

*ਸੂਰਜ ਪ੍ਰਕਾਸ਼ ਵਿੱਚ ਲਿਖਯਾ ਹੈ ਕਿ ਜਦ ਬ੍ਰਹਿਮਣ ਤੜਫ ਕੇ ਮਰਗਿਆ ਤਾਂ ਮਾਤਾ ਜੀ ਨੂੰ ਤਰਸ ਆਯਾ, ਤਦ ਉਹਨਾਂ ਸਤਿਗੁਰਾਂ ਪਾਸ ਬੇਨਤੀ ਕਰ ਬਖ਼ਸ਼ਾ ਦਿੱਤਾ, ਤੇ ਓਹ ਦੁਸ਼ਟ ਫੇਰ ਉਠ ਬੈਠਾ ਤੇ ਓਸ ਨੇ ਸਾਰੀ ਗੱਲ ਦਾ ਭੇਦ ਖੋਲ੍ਹ ਦਿੱਤਾ ਕਿ ਮੈਂ ਇਹ ਕੁਕਰਮ ਪ੍ਰਿਥੀਏ ਦੇ ਆਖੇ ਲੱਗ ਕੇ ਕੀਤਾ ਸੀ। ਸੂਰਜ ਪ੍ਰਕਾਸ਼- ਰਾਸ ੩ ਅਧਯਾਯ ੧੨ ਗੁਰਬਿਲਾਸ ਪਾਤਸ਼ਾਹੀ ਛੇਵੀਂ ਅਧਯਾਯ ੨ ਛੰਦ ੧੦੩.

ਸੁਲਹੀ ਖ਼ਾਂ ਤੇ ਓਸਦੇ ਦੋਸਤਾਂ ਦੀ ਇਮਦਾਦ ਲੈ ਕੰਮ ਬਨਾਵਾਂਗਾ ਮੈਂ
ਓਥੇ ਅਰਜਨ ਤਈਂ ਮੰਗਵਾ ਫੜਕੇ ਬਾਦਸ਼ਾਹ ਤੋਂ ਝੂਠਾ ਕਰਵਾਵਾਂਗਾ ਮੈਂ
ਵੱਡੇ ਪੁੱਤ ਦਾ ਹੱਕ ਸੋ ਲਵਾਂ ਗੱਦੀ, ਆਪ ਲਵਾਂ ਯਾ ਤੈਨੂੰ ਦੁਵਾਵਾਂਗਾ ਮੈਂ
ਮੇਰੇਨਾਲਤੂੰਚੱਲ ਕਰਤਾਰਸਿੰਘਾ ਅਰਜਨਦੇਵਨੂੰ ਗੱਦੀਉਂ ਲਾਹਵਾਂਗਾ ਮੈਂ

(ਮਹਾਂ ਦੇਵ ਜੀ)

ਮਹਾਂ ਦੇਵ ਕਹਿੰਦਾ ਮੈਨੂੰ ਚਾਹ ਕੋਈ ਨ ਤੂੰ ਬੜਾ ਹੈਂ, ਬਣ ਦਾਨਾ ਭਾਈ
ਤੈਨੂੰ ਚਾਹੀਦੀ ਨਹੀਂ ਬੇਸਬਰੀ ਏਹ ਪਤ ਆਪਣੀ ਨਾਹਿੰ ਗੁਵਾ ਭਾਈ
ਪਿਤਾ ਗੁਰੂ ਜੀ ਦੀ ਜਿਸ ਕਰੀ ਸੇਵਾ ਗੱਦੀ ਮੇਵਾ ਲਿਆ ਓਸ ਪਾ ਭਾਈ
ਓਹਦੇ ਨਾਲ ਬਰਾਬਰੀ ਪੁੱਜਦੀ ਨਹੀਂ ਘਰ ਬੈਠਕੇ ਝੱਠ ਲੰਘਾ ਭਾਈ
ਤੁਰਕ ਹਾਕਮਾਂ ਪਾਸ ਖੁਸ਼ਾਮਦਾਂ ਕਰ ਮਾਨ ਆਪਣਾ ਨਾਹਿੰ ਘਟਾ ਭਾਈ
ਜਿਸ ਗੱਦੀ ਅੱਗੇ ਬਾਦਸ਼ਾਹ ਝੁਕਦੇ ਨ ਓਸ ਨੂੰ ਲਾਜ ਲੁਵਾ ਭਾਈ
ਮੀਟੀ ਮੁੱਠ ਅੰਦਰ ਪਤ ਬਣੀ ਰਹਿੰਦੀ ਨ ਫੁੱਟ ਦੇ ਤਈਂ ਵਧਾ ਭਾਈ
ਵੇਖ ਰਾਵਨ ਤੇ ਵੱਲ ਕੈਰਵਾਂ ਦੇ ਦਿੱਤੇ ਫੁੱਟ ਨੇ ਮਾਰ ਖਪਾ ਭਾਈ
ਏਸੇ ਫੁੱਟ ਦੇ ਹੋਇ ਸ਼ਿਕਾਰ ਦੇਖੋ ਰਾਜ ਪੂਤਾਂ ਲਏ ਰਾਜ ਖੁਹਾ ਭਾਈ
ਜਿੱਥੇ ਫੁੱਟ ਪਈ ਫੁੱਟ ਨਸੀਬ ਗਏ ਲੱਗੇ ਵੈਰੀਆਂ ਦੇ ਆਣ ਦਾ ਭਾਈ
ਗੁਰੂ ਘਰ ਦਾ ਸ਼ਾਨ ਜਹਾਨ ਅੰਦਰ ਡੋਬ ਵਿੱਚ ਨ ਲੋਭ ਦਰਯਾ ਭਾਈ
ਘਰ ਆਪਣੇ ਬੈਠ ਕਰਤਾਰ ਸਿੰਘਾ ਲੋਕਾਂ ਤਈਂ ਨ ਮੂਲ ਹਸਾ ਭਾਈ

(ਵਾਕ ਕਵੀ)

ਪ੍ਰਿਥੀਚੰਦ ਨ ਓਸਦੀ ਗੱਲਮੰਨੀ ਲੈ ਪਰਿਵਾਰ*ਹੇਹਰਾਂ ਵੱਲ ਜਾਵੰਦਾ ਜੀ
ਸੁਲਹੀ ਖ਼ਾਂ ਅੱਗੇ ਓਥੇ ਆਯਾ ਹੋਯਾ ਓਹਨੂੰ ਹਾਲ ਜਾ ਰੋਇ ਸੁਣਾਵੰਦਾ ਜੀ
ਪ੍ਰਿਥੀਚੰਦ ਤਾਈਂ ਧੀਰਜ ਓਸ ਦਿੱਤੀਆਦਰਦੇਇਕੇਪਾਸ ਅਟਕਾਵੰਦਾ ਜੀ
ਸੁਲਹੀ ਖ਼ਾਂ ਪਠਾਨ ਕਰਤਾਰ ਸਿੰਘਾ ਚੰਗਾ ਪਾਲਕੇ ਅੰਗ ਦਿਖਾਵੰਦਾ ਜੀ

(ਪ੍ਰਿਥੀ ਚੰਦ ਨੇ ਹੇਹਰੀਂ ਘਰ ਤੇ ਮੰਦਰ ਬਨਵਾਣਾ)

ਸੁਲਹੀ ਹੌਂਸਲਾ ਦੇਇ ਪ੍ਰਿਥੀਚੰਦ ਤਾਈਂ ਕਹਿੰਦਾ ਆਪਣੇ ਘਰ ਬਣਾ ਏਥੇ
ਅੰਮ੍ਰਿਤਸਰ ਵਿੱਚ ਜਾਣ ਦੀ ਲੋੜ ਕੀਹ ਏ ਅੰਮ੍ਰਿਤਸਰ ਹੀ ਲੈ ਰਚਾ ਏਥੇ
ਮੈਥੋਂ ਧਨ ਲੈ ਤੇ ਕੁਝ ਆਪ ਪਾ ਤੂੰ ਸੋਹਣਾ ਮੰਦਰ ਤਾਲ ਰਚਾ ਏਥੇ
ਵੱਡਾ ਗੁਰੂ ਦਾ ਪੁੱਤ ਤੂੰ ਸਾਰਯਾਂ ਤੋਂ ਗੁਰੂ ਬਣ ਕੇ ਪੈਰ ਪੁਜਾ ਏਥੇ

*ਇਹ ਹੇਹਰਾਂ ਲਾਹੌਰ ਦੇ ਜ਼ਿਲੇ ਵਿਚ ਹਨ।

ਇਹ ਪਿੰਡ ਮੈਂ ਤੈਨੂੰ ਹੀ ਦੇਇ ਦੇਵਾਂ ਸਮਾਂ ਮੌਜ ਦੇ ਨਾਲ ਲੰਘਾ ਏਥੇ
ਫੇਰ ਚੱਲਾਂ ਗੇ ਦਿੱਲੀ ਕਰਤਾਰ ਸਿੰਘਾ ਸਿੱਖ ਆਪਣੇ ਆਉਣ ਗਿਝਾ ਏਥੇ

(ਤਥਾ)

ਪ੍ਰਿਥੀਚੰਦ ਸੀ ਚਤੁਰ ਚਾਲਾਕ ਭਾਰਾ ਸਬਜ਼ ਸੁਲਹੀਨੂੰ ਬਾਗ਼ ਦਿਖਾਇ ਓਥੇ
ਓਹਨੂੰ ਗੱਲਾਂ ਦੇ ਵਿੱਚ ਫਸਾਇ ਲਿਆ ਕਈ ਸੋਹਣੇ ਮਕਾਨ ਬਣਾਇ ਓਥੇ
ਲਿਆ ਧਨ ਓਹਦੇ ਪਾਸੋਂ ਝਾੜਬਹੁਤਾ ਇੱਟਾਂ ਰੋੜਾਂ ਦੇ ਭੱਠੇ ਚੜ੍ਹਾਇ ਓਥੇ
ਗੁਰੂ ਬਣਨ ਦੇ ਲਈ ਕਰਤਾਰ ਸਿੰਘਾ ਕਈ ਮੱਕਰ ਫ਼ਰੇਬ ਚਲਾਇ ਓਥੇ

(ਵਾਕ ਕਵੀ)

ਅੰਮ੍ਰਿਤਸਰ ਜੈਸਾ ਛੋਟਾ ਤਾਲ ਓਥੇ ਪ੍ਰਿਥੀ ਚੰਦ ਧਨ ਲਾ ਪੁਟਾਨ ਲੱਗਾ
ਓਸੇ ਤਰ੍ਹਾਂ ਮੰਦਰ ਵਿੱਚ ਰਚਨ ਲੱਗਾ ਸੁਧਾਸਰ ਬਰਾਬਰੀ ਚਾਹਨ ਲੱਗਾ
ਗੁਰੂ ਅਰਜਨ ਦੇ ਵਾਂਗ ਲਾ ਗੱਦੀ ਗੁਰੂ ਆਪਣੇ ਤਈਂ ਸਦਾਨ ਲੱਗਾ
ਅਜ਼ਮਤ ਲਏ ਕਿੱਥੋਂ ਕਰਤਾਰਸਿੰਘਾ ਝੂਠੇ ਐਵੇਂ ਹੀ ਪਾਜ ਬਣਾਨ ਲੱਗਾ

(ਸ੍ਰੀ ਗੁਰੂ ਜੀ ਨੇ ਪ੍ਰਿਥੀ ਚੰਦ ਪਾਸ ਭਾਈ ਗੁਰਦਾਸ ਜੀ ਨੂੰ ਭੇਜਣਾ)

ਭਲਯਾਂ ਸਦਾ ਹੀ ਭਲੇ ਦੀ ਗੱਲ ਕਰਨੀ ਸਤਿਗੁਰਾਂ ਨੇ ਕਰ ਵਿਚਾਰ ਭਾਈ
ਹੈ ਵੱਡਾ ਭਰਾ ਤੇ ਪਿਆ ਰੁਲਦਾ ਏਥੋਂ ਛੱਡ ਗਿਆ ਘਰ ਬਾਰ ਭਾਈ
ਬੂਹੇ ਜਾ ਬੈਠਾ ਤੁਰਕ ਹਾਕਮਾਂ ਦੇ ਗੁਰ ਗੱਦੀ ਦੀ ਸ਼ਰਨ ਵਿਸਾਰ ਭਾਈ
ਓਹਨੂੰ ਚਾਹੀਦਾ ਪਾਸ ਬੁਲਾ ਲੈਣਾ ਆਦਰ ਮਾਨ ਕਰਕੇ ਸਤਿਕਾਰ ਭਾਈ
ਗੁਰਾਂਭਾਈਗੁਰਦਾਸ ਨੂੰ ਭੇਜਦਿੱਤਾ ਸਾਂਝਾ ਓਸਦਾ ਸਮਝ ਅਧਿਕਾਰ ਭਾਈ
ਪ੍ਰਿਥੀਏਪਾਸਜਾ ਓਸ ਕਰਤਾਰਸਿੰਘਾਆੱਸ਼ਾਸਤਿਗੁਰਾਂਦੀਕੀਤੀਜ਼ਾਹਰਭਾਈ

(ਭਾਈ ਗੁਰਦਾਸ ਜੀ)

ਪ੍ਰਿਥੀਏਤਾਈਂ ਭਾਈਗੁਰਦਾਸ ਮਿਲਕੇ ਕਿਹਾ ਕਿਉਂ ਇਹਖੇਦਉਠਾਵੰਦੇ ਹੋ
ਬੂਹੇ ਹਾਕਮਾਂ ਦੇ ਡਿੱਗੇ ਆਣ ਕਰ ਕੇ ਐਵੇਂ ਆਪਣਾ ਮਾਨ ਗੁਵਾਵੰਦੇ ਹੋ
ਘਰ ਵਿੱਚ ਬਖੇੜਾ ਫ਼ਸਾਦ ਕਰ ਕੇ ਐਵੇਂ ਲੋਕਾਂ ਨੂੰ ਪਏ ਹਸਾਵੰਦੇ ਹੋ
ਮੈਨੂੰਭੇਜਯਾ ਸਤਿਗੁਰਾਂਬੇਨਤੀ ਕਰ ਘਰ ਛੱਡ ਕਿਉਂ ਬਾਹਰ ਤਕਾਵੰਦੇ ਹੋ
ਚੱਲੋ ਆਪ ਤਾਈਂ ਹਾਂ ਮੈਂ ਲੈਣ ਆਯਾ ਏਥੇ ਕੀਹ ਖਿੰਡਾ ਖਿੰਡਾਵੰਦੇ ਹੋ
ਵੱਡੇ ਗੁਰਾਂ ਦੇ ਪੁੱਤ ਕਰਤਾਰਸਿੰਘਾ ਲਵੋ ਬਿਨ੍ਹਾਂ ਗੁਰਯਾਈ ਜੋ ਚਾਹਵੰਦੇ ਹੋ

(ਪ੍ਰਿਥੀ ਚੰਦ)

ਚੰਗੀਤਰ੍ਹਾਂਮੈਂਤੁਹਾਨੂੰ ਪਛਾਣਦਾਹਾਂ ਪਹਿਲਾਂਗੱਦੀ ਰਲਤੁਸਾਂ ਖੁਹਾਈ ਮੇਰੀ

ਫੇਰ ਲਾ ਊੱਜਾਂ ਬਦਨਾਮ ਕੀਤਾ ਵਿੱਚ ਸੰਗਤਾਂ ਨਿੰਦਾ ਕਰਾਈ ਮੇਰੀ
ਸਾਰੀ ਆਮਦਨ ਅਰਜਨ ਸਾਂਭਬੈਠਾ ਵਿੱਚ ਤੰਗੀ ਦੇ ਜ਼ਾਨ ਫਸਾਈ ਮੇਰੀ
ਪਿੰਡੋਂ ਕੱਢਯਾ ਧੱਕ ਕੇ ਸਾਰਯਾਂ ਨੇ ਭੰਡੀ ਥਾਂ ਥਾਂ ਤੇ ਪਿਟਵਾਈ ਮੇਰੀ
ਕਿਸਥਾਂਜਾਂਦਾਕਿੱਥੇ ਗੁਜ਼ਰਕਰਦਾ ਸੁਲਹੀ ਨਾਲਨਹੁੰਦੀ ਆਸ਼ਨਾਈ ਮੇਰੀ
ਹੁਣ ਕਿਉਂਡਰਨਲੱਗੇ ਕਰਤਾਰਸਿੰਘਾ ਜ਼ਰਾ ਵੇਖਲੌ ਖਾਂ ਕਾਰਵਾਈ ਮੇਰੀ

(ਤਥਾ)

ਅੰਮ੍ਰਿਤਸਰਵਿੱਚ ਜਾਣਦੀਲੋੜਕੋਈ ਨ ਅੰਮ੍ਰਿਤਸਰ ਹੁਣਏਥੇਬਣਾਵਾਂਗਾ ਮੈਂ
ਮੈਨੂੰ ਪੂਜਨ ਸੰਗਤਾਂ ਆਣ ਏਥੇ ਗੁਰ ਗੱਦੀ ਬਹਿ ਗੁਰੂ ਸਦਾਵਾਂਗਾ ਮੈਂ
ਥੋੜ੍ਹੇ ਚਿਰਨੂੰ ਸੁਲਹੀਨੂੰ ਨਾਲਲੈਕੇ ਦਿੱਲੀ ਬਾਦਸ਼ਾਹਦੇ ਪਾਸਜਾਵਾਂਗਾ ਮੈਂ
ਹੱਕ ਆਪਣੇ ਦੀ ਓਥੇ ਪਾ ਅਰਜ਼ੀ ਅਰਜਨ ਦੇਵ ਨੂੰ ਫੜ ਮੰਗਵਾਵਾਂਗਾ ਮੈਂ
ਗੱਦੀ ਲਵਾਂਗਾ ਜ਼ੋਰ ਦੇ ਨਾਲ ਭਾਈਨਾਲੇ ਕੀਤੀ ਦੀ ਸਜ਼ਾ ਦੁਵਾਵਾਂਗਾ ਮੈਂ
ਗੁਰੂ ਬਣਕੇ ਫੇਰ ਕਰਤਾ ਸਿੰਘਾ ਆਪੇ ਅੰਮ੍ਰਿਤਸਰ ਵਿੱਚ ਆਵਾਂਗਾ ਮੈਂ

(ਭਾਈ ਗੁਰਦਾਸ ਜੀ)

ਗੱਲਾਂ ਹੋਰ ਤੂੰ ਸਾਰੀਆਂ ਕਰ ਲੈਂ ਗਾ ਪਰ ਗੁਰ ਗੱਦੀ ਦੱਸ ਪਾਇਂ ਕਿੱਥੋਂ
ਅੰਮ੍ਰਿਤਸਰ ਦੀ ਸ਼ਕਲ ਬਣਾ ਏਥੇ ਓਹ ਬਰਕਤ ਲਿਆ ਰਖਾਇਂ ਕਿੱਥੋਂ
ਦੁਨੀਆਂ ਦੌਲਤਾਂਦੇ ਦਾਹਵੇ ਹੋਸੱਕਣ ਰੱਬੀਬਰਕਤਾਂ ਦੱਸ ਵੰਡਾਇਂ ਕਿੱਥੋਂ
ਜਿਧੀ ਚੀਜ਼ ਸੀ ਓਸਨੇ ਪਾਇ ਲਈ ਨਾਲ ਜ਼ੋਰ ਜਾ ਦੱਸ ਖੁਹਾਇਂ ਕਿੱਥੋਂ
ਖੰਭ ਬਗਲੇ ਵਾਂਗ ਖਲਾਰ ਚਿੱਟੇ ਗੁਣ ਹੰਸ ਦੇ ਜਾ ਲਿਆਇਂ ਕਿੱਥੋਂ
ਹੀਰਾ ਵਾਂਗ ਬਲੌਰ ਦੇ ਬਣ ਬੈਠੋਂ ਪਰ ਹੀਰੇ ਦੀ ਡਲ੍ਹਕ ਦਿਖਾਇਂ ਕਿੱਥੋਂ
ਬਣ ਜਾਇਂ ਮੁਲੱਮੇ ਦੇ ਵਾਂਗ ਸੋਨਾ ਕੱਸ ਲੱਗਯਾਂ ਸਿਆਹੀਗੁਵਾਇਂ ਕਿੱਥੋਂ
ਗੱਦੀ ਲਾਕੇ ਗੁਰੂਤਾਂਬਣ ਬਹਿੰਗਾ ਪੂਰਨ ਗਯਾਨ ਸਿੱਖਾਂਨੂੰ ਸਖਾਇਂ ਕਿੱਥੋਂ
ਪਾਜ ਉੱਘੜੂ ਘਟੇਗਾ ਸ਼ਾਨ ਤੇਰਾ ਗਏ ਵੇਲੇ ਨੂੰ ਫੇਰ ਤਕਾਇਂ ਕਿੱਥੋਂ
ਅੰਮ੍ਰਿਤਸਰਦੀ ਰੀਸ ਕਰਤਾਰਸਿੰਘਾ ਆਮ ਤੱਲਾਂ ਪਾਸੋਂ ਕਰਵਾਇਂ ਕਿੱਥੋਂ

(ਵਾਕ ਕਵੀ)

ਰੱਬੀ ਬਰਕਤਾਂ ਦੀ ਲੋਕ*ਰੀਸ ਕਰਕੇ ਕੱਚ ਸੱਚ ਤੋਂ ਅਗ੍ਹਾਂ ਲੰਘਾਣਾ ਚਾਹੇਂਦੇ

*ਅੰਮ੍ਰਿਤਸਰ ਦੇ ਕੁਝ ਹਿੰਦੂਆਂ ਨੇ ਅਕਾਲੀ ਪ੍ਰਬੰਧਕਾਂ ਦੇ ਨਾਲ ਵਿਗੜ ਕੇ ਸ਼ਹਿਰ ਤੋਂ ਬਾਹਰ ਦੁਰਗਯਾਣੇ ਤਾਲਾਬ ਵਿਚ (ਜੋ ਚਿਰਾਂ ਦਾ ਘੋੜ ਮੰਡੀ ਦੇ ਘੋੜਯਾਂ ਤੇ ਮੁਰਦਯਾਂ ਦੇ ਪਿਛੇ ਜਾਣ ਵਾਲਯਾਂ ਨੜੋਯਾਂ ਦੇ ਨ੍ਹਾਉਣ ਧੋਣ ਦੇ ਕੰਮ ਆਉਂਦਾ ਸ਼ੀ) ਸ੍ਰੀ ਹਰਿਮੰਦਰ

(ਬਾਕੀ ਦੇਖੋ ਸਫਾ ੯੫)

ਮਾਯਾ ਝੂਠੀ ਦੇ ਪਾ ਚਮਕਾਰ ਕਈ ਅਸਲ ਸੱਚ ਤਾਈਂ ਮਾਤ ਪਾਨਾ ਚਾਹੰਦੇ
ਜਿਹੜੇ ਥਾਂ ਨੇ ਬਰਕਤਾਂ ਵਾਲਯਾਂ ਦੇ ਸ਼ੋਭਾ ਈਰਖੀ ਲੋਕ ਘਟਾਨਾ ਚਾਹੰਦੇ
ਗਊ ਪਿਛ੍ਹਾਂ ਹਟਾ ਕੇ ਚਤਰ ਬੰਦੇ ਅੱਗੇ ਕਰ ਕੇ ਭੇਡ ਪੂਜਾਨਾ ਚਾਹੰਦੇ
ਮਾਨਸਰਦੇ ਹੰਸਾਂ ਨੂੰ ਦੇਇ ਧੋਖਾ ਕੱਲਰਛਪੜੀਆਂ ਵਿੱਚਬੈਠਾਨਾ ਚਾਹੰਦੇ
ਜਾਣ ਬੁਝ ਚੜ੍ਹਕੇ ਬੇੜੀ ਪੱਥਰਾਂ ਦੀ ਮਹਾਂ ਸਾਗਰੋਂ ਪਾਰ ਨੂੰ ਜਾਨਾ ਚਾਹੰਦੇ
ਪਾਣੀ ਪਾ ਕੇ ਅੱਕਾਂ ਦੇ ਬੂਟਯਾਂ ਨੂੰ ਆਸਾਂ ਰੱਖ ਅੰਬਾਂ ਤਈਂ ਖਾਨਾ ਚਾਹੰਦੇ
ਸਰ ਛੱਡ ਕੇ ਗੰਦਯਾਂ ਛੱਪੜਾਂ ਤੋਂ ਕੰਵਲ ਫੁੱਲ ਜਾ ਮੂੜ੍ਹ ਤੁੜਾਨਾ ਚਾਹੰਦੇ
ਕਈ ਅੰਮ੍ਰਿਤਸਰ ਦੀ ਰੀਸ ਕਰਕੇ ਵਾਂਗ ਪ੍ਰਿਥੀਏ ਨਕਲ ਬਨਾਨਾ ਚਾਹੰਦੇ
ਸੋਨਾ ਪੱਥਰ ਲਾਇ ਕਰਤਾਰ ਸਿੰਘਾ ਹਰਿਮੰਦਰ ਨਾਲ ਮਿਲਾਨਾ ਚਾਹੰਦੇ

(ਤਥਾ)

ਸੋਨੇ ਪੱਥਰਾਂ ਦੀ ਜੇ ਕਰ ਹੋਇ ਪੂਜਾ ਓਹੋ ਜਹੇ ਬਥੇਰੇ ਅਸਥਾਨ ਮਿਲਦੇ
ਵੱਧ ਨੂਰ ਜਹਾਂ ਦੇ ਮਕਬਰੇ ਤੋਂ ਸ਼ਾਨਦਾਰ ਨ ਕਿਤੇ ਮਕਾਨ ਮਿਲਦੇ
ਬੇ ਕੀਮਤੀ ਮਹਿਲ ਨੇ ਰਾਜਯਾਂ ਦੇ ਕਿਸੇ ਨਾਲਨਜਿਨ੍ਹਾਂਦੇ ਸ਼ਾਨ ਮਿਲਦੇ
ਕਈ ਕਰੋੜਾਂਰੁਪੱਯਾਂ ਦੇ ਲੱਗੇਹੋਏ ਮੰਦਰ ਵਿੱਚ ਦੇਸਾਂ,ਆਲੀਸ਼ਾਨ ਮਿਲਦੇ
ਸ੍ਰੀਅੰਮ੍ਰਿਤਸਰ ਦੀਆਂਬਰਕਤਾਂ ਜਹੇ ਕਿਸੇਥਾਂਨਹੀਂ ਉੱਕੇਨਿਸ਼ਾਨ ਮਿਲਦੇ
ਇਹਦੇ ਜਿਹਾਹੈਂ ਇਹੋਕਰਤਾਰਸਿੰਘਾਜੀਵ ਰੱਬੋਂਟੁੱਟੇ ਜਿੱਥੇਆਨ ਮਿਲਦੇ

(ਤਥਾ)

ਕੁਟੀਆਸਾਧਦੀ ਵਿੱਚਜੋਬਰਕਤਾਂਨੇਨਜ਼ਰਰਾਜਮਹਿਲਾਂਵਿੱਚਆਇਕੋਈਨ
ਜਾ ਫਕੀਰ ਦੀ ਧੂਣੀਤੇ ਝੁਕੇਦੁਨੀਆਂਰਾਜਮਹਿਲਨੂੰਸੀਸਝੁਕਾਇ ਕੋਈ ਨ
ਪੂਜਾਹੋਵੰਦੀ ਸੰਤਦੀ ਗੋੱਦੜੀਦੀ ਕਿਲ੍ਹੇਕੋੱਟਾਂ ਦੀ ਆਸਰਖਾਇ ਕੋਈ ਨ
ਬਾਦਸ਼ਾਹਫ਼ਕੀਰਾਂਦੇ ਕਦਮਫੜਦੇਮਾਯਾਦੌਲਤਾਂਦੀ ਜਿਨ੍ਹਾਂਭਾਇ ਕੋਈ ਨ
ਰੱਬੀਬਰਕਤਾਂਨਾਜ਼ਲਜਿਨ੍ਹੀ ਥਾਈਂਸ਼ਾਨ ਉਨ੍ਹਾਂਦੇਤਈਂਘਟਾਇ ਕੋਈ ਨ
ਦਿਨੋ ਦਿਨਸਵਾਇ ਕਰਤਾਰਸਿੰਘਾ ਰੱਖੀਅਬਚੱਲ ਨੀਵਹਿਲਾਇ ਕੋਈ ਨ

(ਸਫਾ ੯੪ ਦੀ ਬਾਕੀ)

ਸਾਹਿਬ ਜੀ ਦੀ ਨਕਲ ਤਯਾਰ ਕਰ ਲਈ ਹੈ। ਇੱਟਾਂ ਚੂਨਾ ਸੋਨਾ ਚਾਂਦੀ ਤਾਂ ਧਨੀ ਲੋਕ ਜਿੰਨਾਂ ਚਾਹੁਣ ਲਾ ਲੈਣਗੇ, ਪਰ ਓਹ ਰੱਬੀ ਬਰਕਤਾਂ ਓਸ ਥਾਂ ਵਿਚ ਕਿਥੋਂ ਆਉਣਗੀਆਂ? ਏਸੇ ਵਾਸਤੇ ਸ਼ਰਧਾਵਾਨ ਲੋਕ ਸ੍ਰੀ ਗੁਰੂ ਰਾਮ ਦਾਸ ਜੀ ਦੇ ਚਰਨਾਂ ਨੂੰ ਛੱਡ ਕੇ ਉਥੇ ਨਹੀਂ ਜਾਂਦੇ, ਤੇ ਤਮਾਸ਼ਬੀਨਾਂ ਲੱਭੀ ਬਰਕਤਾਂ ਦੀ ਕੋਈ ਲੋੜ ਹੀ ਨਹੀਂ।

(ਤਥਾ)

ਬਿੱਲੀ ਸੋਨੇਦੀ ਭਾਵੇਂ ਬਣਾਇਕੋਈ ਵੇਖ ਰਾਤਚੂਹੇ ਨਾਹੀਂ ਡਰਨ ਉਸਤੋਂ
ਬੂਹੇ ਉੱਤੇ ਤਸਵੀਰ ਹੋਇ ਸੰਤ੍ਰੀ ਦੀ ਪੈਰ ਚੋਰ ਪਿਛਾਂ ਨ ਧਰਨ ਉਸਤੋਂ
ਨਕਲਅਸਲਦੀਕਰਖਲ੍ਹਾਰਦੱਈਏਕੰਮਅਸਲਵਾਲੇਨਾਹੀਂਸਰਨ ਉਸਤੋਂ
ਜਿਹੜਾਹੋਇ ਹੀਝੂਠਕਰਤਾਰਸਿੰਘਾ ਦਾਨੇਪੁਰਸ਼ਉਮੈਦਕੀਹਕਰਨ ਉਸਤੋਂ

(ਭਾਈ ਗੁਰਦਾਸ ਜੀ ਨੇ ਵਾਪਸ ਸ੍ਰੀ ਅੰਮ੍ਰਿਤਸਰ ਜੀ ਆਉਣਾ)

ਪ੍ਰਿਥੀਚੰਦ ਨੇ ਬਹੁਤ ਕੁਝ ਬੋੱਲਯਾ ਜੀ ਰਹੇ ਸੀ ਗੁਰਦਾਸ ਸਮਝਾਇ ਭਾਈ
ਮੰਨੀ ਓਸਨੇਕੋਈ ਨ ਹਠੀ ਪੱਕਾ ਉੱਠ ਬੈਠੇ ਇਉਂ ਅੰਤ ਸੁਣਾਇ ਭਾਈ
ਤੈਥੋਂ ਕੁਝ ਨ ਵਿਗੜੇ ਗੁਰੂ ਜੀ ਦਾ ਦੁੱਖੀ ਹੋਇੰਗਾ ਫੇਰ ਪਛਤਾਇ ਭਾਈ
ਤੂੰ ਭੀ ਰਿਹੋਂ ਸੁੰਵਾਂ,ਸੁੰਵਾਪਿਆ ਰਹਿਸੀ ਤੇਰਾ ਮੰਦਰਅਤੇ ਤਾਲਾਇ ਭਾਈ
ਸਤਿਗੁਰਾਂ ਦੀ ਮਾਯਾ ਪ੍ਰਬਲ ਭਾਰੀ ਤੇਰਾ ਰੱਖਯਾ ਚਿੱਤ ਭਰਮਾਇ ਭਾਈ
ਬਾਹਰ ਨਿਕਲਆਏ ਮੀਣਾ ਦੁਸ਼ਟਕਹਿਕੇ ਚੱਲੇ ਅੰਮ੍ਰਿਤਸਰਦੇ ਦਾਇ ਭਾਈ
ਹਾਜ਼ਰ ਹੋਇ ਹਜ਼ੂਰ ਸਭਖੋਟ ਉਸਦਾ ਦਿੱਤਾ ਗੁਰੂਜੀ ਤਈਂ ਸੁਣਾਇ ਭਾਈ
ਵਾਰ ਛੱਤੀਵੀਂ ਸਾਰੀ ਕਰਤਾਰ ਸਿੰਘਾ ਪ੍ਰਿਥੀ ਚੰਦ ਦੇ ਲਿਖੀ ਪ੍ਰਥਾਇ ਭਾਈ

(ਵਾਕ ਕਵੀ)

ਸਤਿਗੁਰਾਂ ਦਾ ਵਧੇ ਪ੍ਰਤਾਪ ਦਿਨਦਿਨ ਵੇਖ ਪ੍ਰਿਥੀਏ ਦੀ ਸੁਲਗਾਇ ਛਾਤੀ
ਨ ਸੰਗਤਾਂ ਆਉਣ ਨ ਚੜ੍ਹੇ ਪੂਜਾ ਗਿੱਲੇ ਗੋਹੇ ਦੇ ਵਾਂਗ ਧੁਖਾਇ ਛਾਤੀ
ਕੀਤੇ ਬਹੁਤ ਹੀੱਲੇ ਸਰਯਾ ਕੁਝ ਭੀਨ ਫ਼ਿਕਰ ਈਰਖਾ ਭਾਰ ਕੰਬਾਇ ਛਾਤੀ
ਓਧਰ ਕਰਮੋ ਮਾਰਕੇ ਤੀਰ ਤਾਹਨੇ ਘੜੀ ਮੁੜੀ ਦੁਖੀ ਹੋ ਦੁਖਾਇ ਛਾਤੀ
ਨ ਦਿਨੇ ਆਰਾਮ ਨ ਰਾਤ ਨੀਂਦਰ ਗੱਦੀ ਲੈਣ ਦੇ ਖ਼ਯਾਲ ਸਮਾਇ ਛਾਤੀ
ਹਰਿਗੋਬਿੰਦ ਦਾ ਰੂਪਕਰਤਾਰਸਿੰਘਾਯਾਦ ਆ ਆ ਪਿਆ ਭੜਕਾਇ ਛਾਤੀ

(ਸੁਲਹੀ ਦੇ ਨਾਲ ਪ੍ਰਿਥੀ ਚੰਦ ਨੇ ਦਿੱਲੀ ਪੁੱਜਣਾ)

ਫਕੇ ਬਾਦਸ਼ਾਹੀਉਗਰਾਹ ਕਰਕੇਸੁਲਹੀ ਕੂਚ ਕਰ ਦਿੱਲੀ ਨੂੰ ਜਾਵੰਦਾ ਏ
ਓਧੇ ਨਾਲ ਹੀਪ੍ਰਿਥੀਆ ਚਲਾਗਿਆ ਸੁਲਹੀ ਜਾਨ ਪਛਾਨ ਕਰਾਵੰਦਾ ਏ
ਕਦੋਂ ਬਾਦਸ਼ਾਹ ਦੇ ਨਾਲ ਮੇਲ ਹੋਵੇ ਬੈਠਾ ਪ੍ਰਿਥੀਆ ਵੇਲਾ ਤਕਾਵੰਦਾ ਏ
ਜੋ ਧਨ ਸੀ ਪਾਸ ਕਰਤਾਰ ਸਿੰਘਾ ਵੱਢੀ ਚੀਰਯਾਂ ਵਿੱਚ ਲੁਟਾਵੰਦਾ ਏ

(ਪ੍ਰਿਥੀ ਚੰਦ ਨੇ ਬਾਦਸ਼ਾਹ ਨਾਲ ਮੁਲਾਕਾਤ ਕਰਨੀ)

ਕਈਆਂਖ਼ਾਨਾਂਅਮੀਰਾਂਨੂੰਵੱਢੀਆਂਦੇਇਅੱਗੇਕਈਆਂਦੇਨੱਕਘਸਾਇਆਜੀ

ਸੁਲਹੀ ਖ਼ਾਂ ਅਤੇ ਯਾਰਾਂ ਓਸ ਦਿਆਂ ਬਾਦਸ਼ਾਹ ਦੀ ਕੰਨੀਂ ਚੜ੍ਹਾਇਆ ਜੀ
ਰਾਮਦਾਸ ਸਤਿਗੁਰੂ ਦਾ ਬੜਾ ਪੁੱਤਰ ਮੁਲਾਕਾਤ ਲਈ ਏਥੇ ਆਇਆ ਜੀ
ਬੜਾ ਕਰਾਮਾਤੀ ਜ਼ਾਹਰਾ ਪੀਰ ਉੱਚਾ ਹੈ ਖ਼ੁਦਾ ਨੇ ਸ਼ਾਨ ਵਧਾਇਆ ਜੀ
ਬਾਦਸ਼ਾਹ ਨੇ ਸੁਣੀਆਂ ਜਦੋਂ ਸਿਫ਼ਤਾਂ ਪ੍ਰਿਥੀਚੰਦ ਨੂੰ ਪਾਸ ਬੁਲਾਇਆ ਜੀ
ਵੱਡਾ ਆਉਂਦੇਦਾ ਆਦਰ ਮਾਨ ਕੀਤਾ ਚੌਂਕੀ ਦੇਇਕੇ ਆਪ ਬੈਠਾਇਆ ਜੀ
ਪ੍ਰਿਥੀਚੰਦ ਭੀ ਬੜਾ ਚਾਲਾਕ ਹੈਸੀ ਬਾਦਸ਼ਾਹ ਤਾਈਂ ਵਡਿਆਇਆ ਜੀ
ਸਾਡਾ ਤੁਹਾਡਾ ਸੰਬੰਧ ਕਰਤਾਰ ਸਿੰਘਾ ਹੈ ਆਪ ਖ਼ੁਦਾ ਬਣਾਇਆ ਜੀ

(ਖ਼ੁਸ਼ਾਮਦੀ ਖ਼ਾਨ)

ਸੁਲਹੀ ਖ਼ਾਂ ਤੇ ਓਸਦੇ ਸਾਥੀਆਂ ਨੇ ਕਿਹਾ ਅਰਜ਼ ਸੁਣੀ ਦਿਲ ਲਾਇ ਸ਼ਾਹਾ
ਇਹ ਬੜੇ ਲਾਇਕ ਪੀਰ ਕਰਾਮਾਤੀ ਤੇਰੇ ਪਾਸ ਇਨਸਾਫ਼ ਨੂੰ ਆਇ ਸ਼ਾਹਾ
ਰਾਮਦਾਸ ਸਤਿਗੁਰੂ ਦੇ ਤਿੰਨ ਬੇਟੇ ਵੱਡੇ ਇਹ, ਦੋ ਛੋਟੇ ਭਰਾਇ ਸ਼ਾਹਾ
ਉਹ ਤਾਂ ਸੁਣਯਾਂ ਆਪ ਹੋ ਫ਼ੌਤ ਗਏ ਗੱਦੀ ਲਈ ਛੋਟੇ ਬੇਟੇ ਪਾਇ ਸ਼ਾਹਾ
ਹੱਕ ਇਨ੍ਹਾਂ ਦਾ ਸੀ ਛੋਟਾ ਮਾਰ ਬੈਠਾ ਕਈ ਫੰਧ ਫਰੇਬ ਚਲਾਇ ਸ਼ਾਹਾ
ਮਾਲਕ ਮੁਲਕ ਦੇ ਹੋ ਬਾਦਸ਼ਾਹ ਤੁਸੀਂ ਜਿਧਾ ਹੱਕ ਹੈ ਦਿਹੋਦੁਵਾਇ ਸ਼ਾਹਾ
ਸੁਣਯਾਂ ਅਰਜਨਦੇਵ ਚਾਲਾਕ ਬਹੁਤਾ ਦਿਹੋ ਓਸਦੇ ਤਈਂ ਸਜ਼ਾਇ ਸ਼ਾਹਾ

[ਲੜੀ ਨੰ: ੧੨]

ਅਜੀਤ ਖ਼ਾਲਸਾ

ਅਰਥਾਤ

ਸਿਦਕ ਖ਼ਾਲਸਾ ਦੇ ਨਜ਼ਾਰੇ

ਬਾਬੇ ਬੰਦੇ ਬਹਾਦਰ ਦੇ ਪਿੱਛੋਂ ਸੂਬੇ ਸਮੁੰਦ ਖ਼ਾਂ ਅਤੇ ਖ਼ਾਨ ਬਹਾਦਰ ਦੇ ਅੱਤਯਾਚਾਰ ਅਤੇ ਜ਼ੁਲਿਮ, ਗਸ਼ਤੀ ਫ਼ੌਜ ਦੀਆਂ ਦੇਸ ਵਿੱਚ ਬਰਬਾਦੀਆਂ, ਹੈਦਰੀ ਝੰਡੇ ਦੀਆਂ ਮਾਰਾਂ, ਸਿੰਘਾਂ ਨੂੰ ਅਤੀ ਬਿਪਤਾ, ਵੇਲੇ ਦੇ ਹਾਕਮਾਂ ਦੀ ਬੇ-ਇਨਸਾਫ਼ੀ, ਦੇਸ ਵਿੱਚ ਬੇ-ਅਰਾਮੀ, ਸਿੰਘਾਂ ਦੇ ਸਿਰ ਮੁੱਲ ਵਿਕਣੇ, ਖ਼ਾਲਸਾ ਜੀ ਦੇ ਬੁੱਢੇ ਦਲ ਤੇ ਤਰਨਾ ਦਲ ਦੀਆਂ ਬਹਾ-ਦਰੀਆਂ, ਭਾਈ ਮਹਿਤਾਬ ਸਿੰਘ ਤੇ ਸੁੱਖਾ ਸਿੰਘ ਨੇ ਮੱਸੇ ਰੰਘੜ ਦਾ ਸਿਰ ਸ੍ਰੀ ਹਰੀ ਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਜੀ ਦੇ ਅੰਦਰ ਕੱਟਣਾ, ਨਾਦਰਸ਼ਾਹ ਦੀਆਂ ਲੁੱਟਾਂ, ਭਾਈ ਤਾਰਾ ਸਿੰਘ, ਭਾਈ ਮਨੀ ਸਿੰਘ ਜੀ, ਭਾਈ ਬੋਤਾ ਸਿੰਘ, ਭਾਈ ਹੀਰਾ ਸਿੰਘ, ਭਾਈ ਬਾਘੜ ਸਿੰਘ, ਭਾਈ ਪਹਾੜ ਸਿੰਘ, ਭਾਈ ਕਰਤਾ ਸਿੰਘ, ਭਾਈ ਵਜ਼ੀਰ ਸਿੰਘ, ਭਾਈ ਸੂਰਾ ਸਿੰਘ, ਭਾਈ ਸੁਬੇਗ ਸਿੰਘ, ਭਾਈ ਸ਼ਾਹਬਾਜ਼ ਸਿੰਘ, ਭਾਈ ਮਤਾਬ ਸਿੰਘ, ਭਾਈ ਹਕੀਕਤਰਾਇ ਧਰਮੀਆਂ ਦੀਆਂ ਪੱਥਰ ਦਿਲਾਂ ਨੂੰ ਮੋਮ ਕਰ ਦੇਣ ਵਾਲੀਆਂ ਸ਼ਹੀਦੀਆਂ ਪੰਜਾਬੀ ਬੈਂਤਾਂ ਦ੍ਵਾਰਾ ਬੜੀ ਸਵਾਦਲੀ ਕਵਿਤਾ ਵਿੱਚ ਦਰਜ ਹਨ।

ਗੁਰ ਗੱਦੀ ਤੇ ਬੈਠ ਕਰਤਾਰ ਸਿੰਘਾ ਹੱਕ ਆਪ ਦੇ ਕਰਨ ਦੁਆਇ ਸ਼ਾਹਾ

ਜਲਾਲ ਉੱਦੀਨ (ਅਕਬਰ) ਬਾਦਸ਼ਾਹ

ਬਾਦਸ਼ਾਹ ਅੱਗੋਂ ਕਦੋਂ ਭੋਲਾ ਭਾਲਾ ਕਹਿੰਦਾ ਮੈਂ ਇਹ ਝੇੜਾ ਮੁਕਾਂ ਕੀਕੂੰ
ਗੁਰ ਨਾਨਕ ਦੀ ਗੱਦੀ ਹੈ ਰੱਬੀ ਮੈਂ ਓਸਤੇ ਹੁਕਮ ਚਲਾਂ ਕੀਕੂੰ
ਜਿਨੂੰ ਬਾਪ ਗੱਦੀ ਦਿੱਤੀ, ਗੁਰੂ ਓਹੋ ਮੈਂ ਏਸ ਨੂੰ ਗੁਰੂ ਬਨਾਂ ਕੀਕੂੰ
ਇਹ ਕੋਈ ਦੌਲਤ ਨਹੀਂ ਹੈ ਦੁਨੀਆਂ ਦੀ ਕਰਾਮਾਤ ਦੇ ਤਈਂ ਪਲਟਾਂ ਕੀਕੂੰ
ਹੋਣ ਖੂਹ, ਜ਼ਮੀਨ ਮੈਂ ਵੰਡ ਦੇਵਾਂ ਰੱਬੀ ਬਰਕਤਾਂ ਤਈਂ ਵੰਡਾਂ ਕੀਕੂੰ
ਜਿਨੂੰ ਰੱਬ ਚਾਹਯਾ ਦਿੱਤਾ ਓਸ ਤਾਈਂ ਮੈਂ ਰੱਬ ਦਾ ਹੁਕਮ ਉਲਟਾਂ ਕੀਕੂੰ
ਅੱਗੇ ਮੁੱਢੋਂ ਇਹੋ ਚਾਲਚਲੀ ਆਉਂਦੀ ਪੁੱਠੇ ਵਹਿਣ ਮੈ ਹੁਣ ਵਗਾਂ ਕੀਕੂੰ
ਜੀਊਂਦੇ ਗੁਰੂ ਜਿਨੂੰ ਗੁਰੂ ਕਰ ਜਾਂਦੇ, ਓਹੋ ਗੁਰੂ ਬਣਦਾ ਮੈਂ ਭੁਲਾਂ ਕੀਕੂੰ
ਇਹ ਲਾਇਕ ਹੁੰਦੇ ਮਿੱਲਦੀ ਇਨ੍ਹਾਂ ਤਾਈਂ ਕੀਤੀ ਗੁਰਾਂ ਦੀ ਹੁਣ ਬਦਲਾਂ ਕੀਕੂੰ
ਮੇਰੀ ਤਾਕਤੋਂ ਬਾਹਰ ਕਰਤਾਰ ਸਿੰਘਾ ਬਦੋ ਬਦੀ ਗੁਰ ਗੱਦੀ ਦੁਵਾਂ ਕੀਕੂੰ

(ਵਾਕ ਕਵੀ)

ਪ੍ਰਿਥੀ ਚੰਦ ਦਲੀਲਾਂ ਕਈ ਦਿੱਤੀਆਂ ਸਨ ਪਰ ਬਾਦਸ਼ਾਹ ਧਿਆਨ ਹਟਾ ਦਿੱਤਾ
ਆਖੇ ਵੇਖੇ ਅਮੀਰਾਂ ਦੇ ਬਾਦਸ਼ਾਹ ਨੇ ਗੁਰ ਗੱਦੀ ਦਾ ਮਾਨ ਰਖਾ ਦਿੱਤਾ
ਇਹ ਗੁਰੂ ਪੁੱਤ੍ਰ ਆਯਾ ਚੱਲ ਏਥੇ ਨਜ਼ਰ ਭੇਟਾ ਦੇਇ ਵਿਦਾ ਕਰਵਾ ਦਿੱਤਾ
ਬਾਦਸ਼ਾਹ ਨੇ ਫੇਰ ਕਰਤਾਰ ਸਿੰਘਾ ਕਰ ਵਿਦਿਆ, ਮਨੋ ਭੁਲਾ ਦਿੱਤਾ

(ਤਥਾ)

ਪ੍ਰਿਥੀ ਚੰਦ ਨਿਰਾਸ ਹੋ ਚਲਾ ਆਯਾ ਕੋਠਾ ਵਿੱਚ ਜ਼ਮੀਨ ਆ ਪਾਇਆ ਜੀ
ਵਿੱਚ ਮਾਲਵੇ ਦੇਸ ਦੇ ਥਾਂ ਹੈ ਓਹ*ਕੋਠਾ ਸੋਢੀਆਂ ਹੁਣ ਅਖਵਾਇਆ ਜੀ
ਤਿੰਨਾਂ ਪਿੰਡਾਂ ਦੀ ਮਾਲਕੀ ਬਣ ਗਈ ਪਰ ਫੇਰ ਭੀ ਸਬਰ ਨ ਆਇਆ ਜੀ
ਰਹੀ ਈਰਖਾ ਬਣੀ ਕਰਤਾਰ ਸਿੰਘਾ ਵੈਰ ਦਿਨੋ ਦਿਨ ਸਗੋਂ ਵਧਾਇਆ ਜੀ

(ਸ੍ਰੀ ਅੰਮ੍ਰਿਤਸਰ ਜੀ ਦੇ ਲੋਕਾਂ ਦੀ ਘਬਰਾਹਟ)

ਏਥੇ ਗੁਰੂ ਜੀ ਅੰਮ੍ਰਿਤਸਰ ਅੰਦਰ ਨਿੱਤ ਰੌਣਕਾਂ ਬਹੁਤ ਵਧਾਇ ਰਹੇ

---

*ਸੂਰਜ ਪ੍ਰਕਾਸ਼ ਵਿੱਚ ਇਹ ਕੋਠਾ ਪ੍ਰਿਥੀ ਚੰਦ ਨੇ ਵਸਾਯਾ ਲਿਖਯਾ ਹੈ; ਪ੍ਰੰਤੂ ਗਯਾਨੀ ਗਯਾਨ ਸਿੰਘ ਜੀ ਨੇ ਲਿਖਯਾ ਹੈ ਕਿ ਇਹ ਕੋਠਾ ਗ੍ਰਾਮ ਪ੍ਰਿਥੀ ਚੰਦ ਦੇ ਪੋਤਰੇ ਸੋਢੀ ਕੌਲ ਨੇ ੧੭੨੧ ਵਿੱਚ ਕਪੂਰੇ ਬੈਰਾੜਕਿਆਂ ਪਾਸੋਂ ਜ਼ਮੀਨ ਲੈਕੇ ਵਸਾਯਾ ਸੀ, ਅਤੇ ਓਹਨਾਂ ਸੋਢੀਆਂ ਪਾਸ ਕਪੂਰੇ ਦੇ ਵੇਲੇ ਦੀ ਸਨਦ ਭੀ ਮੌਜੂਦ ਹੈ।

ਗਿਰਦਾ ਗਿਰਦ ਤਾਲਾਬ ਹੋ ਰਿਹਾ ਪੱਕਾ ਸਿੱਖ ਸੇਵਕ ਸੇਵਾ ਕਮਾਇ ਰਹੇ
ਕਈ ਸ਼ਹਿਰਾਂ ਵਿੱਚੋਂ ਸ਼ਾਹੂਕਾਰ ਆ ਆ ਘਰ ਅੰਮ੍ਰਿਤਸਰ ਬਣਾਇ ਰਹੇ
ਕਈ ਸਿੱਖ ਆਬਾਦ ਹੋ ਰਹੇ ਆ ਕੇ ਕਾਰੀਗਰ ਦੁਕਾਨਾਂ ਆ ਪਾਇ ਰਹੇ
ਪਰ ਹੋਇ ਬਪਾਰ ਨ ਕੋਈ ਬਹੁਤਾ ਹੋ ਬੇ-ਰੁਜ਼ਗਾਰ ਘਬਰਾਇ ਰਹੇ
ਗੁਰ ਧੀਰਜਾਂ ਦੇਇ ਕਰਤਾਰਸਿੰਘਾ ਲੋਕਾਂ ਸਾਰਯਾਂ ਤਈਂ ਠਹਿਰਾਇ ਰਹੇ

(ਸੱਚੇ ਪਾਤਸ਼ਾਹ ਦੇ ਵਰ)

ਦੇਣ ਧੀਰਜਾਂ ਗੁਰੂ ਜੀ ਸਾਰਯਾਂ ਨੂੰ ਵਾਧਾ ਹੋਇਗਾ ਬਹੁਤ ਬਪਾਰ ਅੰਦਰ
ਦਿਣੇਉੱਠ ਅਸ਼ਨਾਨ ਕਰ ਤਯਾਰਹੋਕੇ ਨਿਤਆਯਾ ਕਰੋ ਦਰਬਾਰ ਅੰਦਰ
ਇੱਕ ਕੌਡੀ,ਪੈਸਾ,ਧੇਲਾ,ਫੁੱਲ ਕੋਈ ਪਾਯਾ ਕਰੋ ਜਾ ਤੁਸੀਂ ਭੰਡਾਰ ਅੰਦਰ
ਰਾਮਦਾਸ ਅਸਥਾਨ ਨੂੰ ਟੇਕ ਮੱਥਾ ਫੇਰ ਲੱਗਯਾ ਕਰੋ ਵਿਹਾਰ ਅੰਦਰ
ਸਤਿਗੁਰੂ ਵਾਧਾ ਬਹੁਤ ਕਰਨਗੇ ਜੀ ਥੁੜ ਰਹੇਗੀ ਨ ਕਿਸੇ ਕਾਰ ਅੰਦਰ
ਦੋ ਵਕਤ ਦੀਦਾਰ ਕਰਤਾਰ ਸਿੰਘਾ ਕਰੋ, ਸੁਖੀ ਵੱਸੋ ਪਰਿਵਾਰ ਅੰਦਰ

(ਵਾਕ ਕਵੀ)

ਹੁਣਤੱਕ ਇਸਸ਼ਹਿਰਦੀ ਚਾਲਓਹੋ ਤੜਕੇ ਉੱਠ ਦਰਬਾਰਸਭਆਵੰਦੇ ਨੇ
ਲੈਕੇ ਫੁੱਲ ਸਿਹਰਾ ਹੋਰ ਟਕਾ ਪੈਸਾ ਆ ਕੇ ਵਿੱਚ ਖ਼ਜ਼ਾਨੇ ਦੇ ਪਾਵੰਦੇ ਨੇ
ਕੀਹਸਿੰਘਤੇ ਕੀਹਕੋਈ ਸਹਿਜਧਾਰੀ ਬਿਨ੍ਹਾਂਦਰਸਕੀਤੇ ਨਹੀਂ ਜਾਵੰਦੇ ਨੇ
ਪਿੱਛੋਂ ਕਾਰਵਿਹਾਰਦੇ ਵਿੱਚਲੱਗਦੇ ਪਹਿਲਾਂ ਸੀਸਗੁਰਦ੍ਵਾਰੇ ਝੁਕਾਵੰਦੇ ਨੇ
ਭਾਵੇਂ ਸਮੇ ਦੀ ਬਦਲ ਹਵਾ ਗਈ ਪਰ ਸਿਦਕੀ ਸਿਦਕ ਨਿਭਾਵੰਦੇ ਨੇ
ਕਲਪ ਬ੍ਰਿਛ ਗੁਰਘਰ ਕਰਤਾਰਸਿੰਘਾ ਸੇਵਕ ਮਨਇੱਛੇ ਫਲ ਖਾਵੰਦੇ ਨੇ

(ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਸਖ਼ਤ ਬੁਖ਼ਾਰ ਹੋ ਜਾਣਾ)

ਇੱਕ ਦਿਨ ਸ੍ਰੀ ਹਰਿਗੋਬਿੰਦ ਜੀ ਦੇ ਅੰਗ ਤਪਨ ਲੱਗੇ ਝੱਟ ਆਣ ਸਾਰੇ
ਭਾਰੀ ਤਾਪ ਸ੍ਰੀਰ ਤੇ ਪ੍ਰਗਟ ਹੋਯਾ ਦਾਸ ਦਾਸੀਆਂ ਵੇਖ ਘਬਰਾਣ ਸਾਰੇ
ਜਿਧਾ ਨਾਮ ਹਰੇ ਤਿੰਨ ਤਾਪਤਾਈਂ ਨਾਮਲੈਂਦਯਾਂ ਦੁੱਖ ਮਿਟ ਜਾਨ ਸਾਰੇ
ਓਹਨੂੰ ਤਾਪ ਨੇ ਆਣ ਦਬਾਇ ਲਿਆ ਖੇਲ ਕਰਨ ਮਾਨੁੱਖ ਸਾਮਾਣ ਸਾਰੇ
ਮਾਤਾ ਗੰਗਾ ਹੋਈ ਦੇਖ ਦੁਖੀਭਾਰੀ ਵਿੱਸਰ ਗਏ ਉੱਕੇ ਖਾਨ ਪਾਨ ਸਾਰੇ
ਸਤਿਗੁਰੂ ਘਰ ਆਇ ਕਰਤਾਰ ਸਿੰਘਾ ਦੇਖੇ ਜੀਵ ਹੋ ਰਹੇ ਹੈਰਾਨ ਸਾਰੇ

(ਸ੍ਰੀ ਗੁਰੂ ਜੀ)

ਦਿੱਤੀਧੀਰਜ ਸਤਿਗੁਰਾਂ ਸਾਰਯਾਂ ਨੂੰ ਹਰਿਗੋਬਿੰਦ ਜੀ ਗੋਦ ਉਠਾਵੰਦੇ ਨੇ

ਡਿੱਠਾ ਤਾਪ ਸਰੀਰ ਤੇ ਬਹੁਤ ਚੜ੍ਹਯਾ ਘੂਕੀ ਵਿੱਚ ਨ ਅੰਗ ਹਿਲਾਂਵਦੇ ਨੇ
'ਸਰਬ ਰੋਗ ਕਾ ਔਖਦ ਨਾਮ' ਕਹਿਕੇ ਸਤਿਨਾਮ ਗੁਰ ਜਾਪ ਜਪਾਵੰਦੇ ਨੇ
ਸਤਿਨਾਮ ਕਹਿ ਚਿਹਰੇ ਤੇ ਹੱਥ ਧਰਯਾ ਗੁਰੂ ਨਾਨਕ ਦੇਵ ਧਿਆਵੰਦੇ ਨੇ
ਹੋਯਾ ਤਾਪ ਸਰੀਰ ਤੋਂ ਦੂਰ ਸਾਰਾ ਝੱਟ ਹੋਸ਼ ਅੰਦਰ ਸਾਹਿਬ ਆਵੰਦੇ ਨੇ
ਸੋਰਠ ਰਾਗ ਦੇ ਵਿੱਚ ਕਰਤਾਰਸਿੰਘਾ ਸਤਿਗੁਰੂ ਜੀ ਸ਼ਬਦ ਅਲਾਵੰਦੇ ਨੇ

(ਸ੍ਰੀ ਸਤਿਗੁਰੂ ਜੀ ਨੇ ਤਾਪ ਪ੍ਰਥਾਇ ਸ਼ਬਦ ਉਚਾਰਨ ਕਰਨੇ)

ਸੋਰਠਿ ਮਹਲਾ ੫ ॥

ਮੇਰਾ ਸਤਿਗੁਰੁ ਰਖਵਾਲਾ ਹੋਆ। ਧਾਰਿ ਕ੍ਰਿਪਾ ਪ੍ਰਭ ਹਾਥ ਦੇ ਰਾਖਿਆ ਹਰਿਗੋਵਿਦੁ ਨਵਾ ਨਰੋਆ ॥ ੧ ॥ ਰਹਾਉ ॥ ਤਾਪੁ ਗਇਆ ਪ੍ਰਭਿ ਆਪਿ ਮਿਟਾਇਆ ਜਨ ਕੀ ਲਾਜ ਰਖਾਈ। ਸਾਧ ਸੰਗਤਿ ਤੇ ਸਭ ਫਲ ਪਾਏ ਸਤਿਗੁਰ ਕੈ ਬਲਿ ਜਾਂਈ॥੧॥ ਹਲਤੁ ਪਲਤੁ ਪ੍ਰਭ ਦੋਵੈ ਸਵਾਰੇ ਹਮਰਾ ਗੁਣੁ ਅਵਗੁਣੁ ਨ ਬੀਚਾਰਿਆ। ਅਟਲ ਬਚਨ ਨਾਨਕ ਗੁਰ ਤੇਰਾ ਸਫਲ ਕਰੁ ਮਸਤਕਿ ਧਾਰਿਆ ॥ ੨ ॥ ੨੧ ॥ ੪੯ ॥

ਸੋਰਠ ਮਹਲਾ ੫ ॥

ਤਾਪੁ ਗਵਾਇਆ ਗੁਰਿ ਪੂਰੇ। ਵਾਜੇ ਅਨਹਦ ਤੂਰੇ ॥ ਸਰਬ ਕਲਿਆਣ ਪ੍ਰਭਿ ਕੀਨੇ। ਕਰਿ ਕਿਰਪਾ ਆਪਿ ਦੀਨੇ ॥ ੧ ॥ ਬੇਦਨ ਸਤਿਗੁਰ ਆਪ ਗਵਾਈ। ਸਿਖ ਸੰਤ ਸਭਿ ਸਰਸੇ ਹੋਏ ਹਰਿ ਹਰਿ ਨਾਮੁ ਧਿਆਈ ॥ ਰਹਾਉ ॥ ਜੋ ਮੰਗਹਿ ਸੋ ਲੇਵਹਿ। ਪ੍ਰਭ ਅਪਣਿਆ ਸੰਤਾ ਦੇਵਹਿ ॥ ਹਰਿ ਗੋਵਿਦੁ ਪ੍ਰਭਿ ਰਾਖਿਆ। ਜਨ ਨਾਨਕ ਸਾਚੁ ਸੁਭਾਖਿਆ ॥ ੨ ॥ ੬ ॥ ੭੦ ॥

ਸੋਰਠ ਮਹਲਾ ੫ ॥

ਠਾਢਿ ਪਾਈ ਕਰਤਾਰੇ। ਤਾਪੁ ਛੋਡਿ ਗਇਆ ਪਰਵਾਰੇ॥ ਗੁਰਿ ਪੂਰੈ ਹੈ ਰਾਖੀ। ਸਰਣਿ ਸਚੇ ਕੀ ਤਾਕੀ ॥ ੧ ॥ ਪਰਮੇਸਰੁ ਆਪਿ ਹੋਆ ਰਖਵਾਲਾ । ਸਾਂਤਿ ਸਹਜ ਸੁਖ ਖਿਨ ਮਹਿ ਉਪਜੇ ਮਨੁ ਹੋਆ ਸਦਾ ਸੁਖਾਲਾ ॥ ਰਹਾਉ ॥ ਹਰਿ ਹਰਿ ਨਾਮੁ ਦੀਓ ਦਾਰੂ॥ਤਿਨਿ ਸਗਲਾ ਰੋਗ ਬਿਦਾਰੂ॥ ਆਪਣੀ ਕਿਰਪਾ ਧਾਰੀ।

ਤਿਨਿ ਸਗਲੀ ਬਾਤ ਸਵਾਰੀ ॥ ੨ ॥ ਪ੍ਰਭਿ ਆਪਨਾ ਬਿਰਦੁ
ਸਮਾਰਿਆ । ਹਮਰਾ ਗੁਣੁ ਅਵਗੁਣੁ ਨ ਬੀਚਾਰਿਆ ॥ ਗੁਰ ਕਾ
ਸਬਦੁ ਭਇਓ ਸਾਖੀ॥ਤਿਨਿਸਗਲੀ ਲਾਜ ਰਾਖੀ॥੩॥ਬੋਲਾਇਆ
ਬੋਲੀ ਤੇਰਾ । ਤੂ ਸਾਹਿਬੁ ਗੁਣੀ ਗਹੇਰਾ ॥ ਜਪਿ ਨਾਨਕ ਨਾਮੁ
ਸਚੁ ਸਾਖੀ । ਅਪੁਨੇ ਦਾਸ ਕੀ ਪੈਜ ਰਾਖੀ ॥ ੪ ॥ ੬ ॥ ੫੬ ॥

(ਵਾਕ ਕਵੀ)

ਤਾਪਦੂਰਹੋਇਆ ਹਰਿਗੋਵਿੰਦਜੀਦਾ ਧੰਨਵਾਦਸਤਿਗੁਰਾਂ ਕਰਤਾਰ ਕੀਤਾ
ਗ਼ਮੀ ਦੂਰ ਹੋਈ ਖ਼ੁਸ਼ੀ ਛਾਈ ਸਾਰੇ ਬੜਾ ਰਲ ਆਨੰਦ ਪ੍ਰਵਾਰ ਕੀਤਾ
ਦੱਸਾਂਦੱਾਸੀਆਂ ਨੂੰਦਾਨ ਬਹੁਤਦਿੱਤਾ ਭਾਰੀਯੱਗ ਸਤਿਗੁਰੂਦਾਤਾਰ ਕੀਤਾ
ਹਾਜ਼ਰ ਹੋ ਹਰਿਮੰਦਰ ਕਰਤਾਰ ਸਿੰਘਾ ਪ੍ਰਸ਼ਾਦਿ ਬਹੁਤਾ ਖ਼ੁਸ਼ੀ ਧਾਰ ਕੀਤਾ

ਸ੍ਰੀ ਹਰਿਗੋਬਿੰਦ ਜੀ ਨੇ ਬਾਬੇ ਬੁੱਢੇ ਜੀ ਤੋਂ ਵਿੱਦਜਾ ਸਿੱਖਣੀ)

ਸਾਰੀ ਵਿੱਦਜਾ ਦੇ ਮੂਲ ਆਪ ਸਤਿਗੁਰ ਬੱਾਬੇਬੁੱਢੇ ਜੀ ਪਾਸ ਬੈਠਾ ਦਿੱਤੇ
ਜਿਵੇਂ ਰਾਮ ਵਸਿਸ਼੍ਰ ਤੋਂ ਵਿੱਦਜਾਲਈ ਤਿਵੇਂ ਸਤਿਗੁਰੂਭੀਪੜ੍ਹਨੇ ਪਾ ਦਿੱਤੇ
ਸਤਿਨਾਮ ਕਹਿ ਬੱਾਬੇਜੀ ਗੁਰਮੁਖੀ ਦੇ ਅੱਖਰ ਪੱਟੀ ਤੇ ਕੁਝ ਲਿਖਾ ਦਿੱਤੇ
ਸਰਬ ਵਿੱਦਜਾ ਮੂਲ ਕਰਤਾਰਸਿੰਘਾ ਊੜਾ,ਐੜਾ ਪੜ੍ਹਨ ਲੱਗੇ ਸੁਣਾ ਦਿੱਤੇ

(ਵਾਕ ਕਵੀ)

ਸੋਲਾਂ ਕਲਾਂ ਸੰਪੂਰਨ ਸਾਹਿਬਹੈਸਨ ਚੌਦਾਂ ਵਿੱਦਜਾ ਵਿੱਚ ਨਿਧਾਨ ਭਾਈ
ਪਏ ਖੇਲ ਮਾਨੁੱਖ ਅਨੁਸਾਰ ਕਰਦੇ ਸਭ ਸ਼ਕਤੀ ਗੁਪਤ ਰਖਾਨ ਭਾਈ
ਹੌਲੀ ਹੌਲੀ ਪ੍ਰਾਪਤ ਵਿੱਦਜਾ ਕਰ ਹੋ ਗਏ ਹੁਸ਼ਯਾਰ ਸੁਜਾਨ ਭਾਈ
ਘੋੜੇ ਚੜ੍ਹਨ ਦਾ ਸ਼ੌਕ ਅਪਾਰ ਮੁੱਢੋਂ ਖ਼ੂਬ ਹੋ ਅਸਵਾਰ ਦੁੜ੍ਹਾਨ ਭਾਈ
ਸ਼ਸ਼ਤ੍ਰ ਵਿੱਦਜਾ ਵੱਲ ਧਜਾਨ ਬਹੁਤਾ ਖ਼ੁਸ਼ੀ ਵੇਖ ਹੱਥਯਾਰ ਮਨਾਨ ਭਾਈ
ਵੇਖ ਸ਼ਸ਼ਤ੍ਰ ਘੋੜੇ ਕਰਤਾਰ ਸਿੰਘਾ ਖ਼ੁਸ਼ ਹੋਵੰਦੇ ਸਾਹਿਬ ਮਹਾਨ ਭਾਈ

(ਪ੍ਰਾਣ ਸੰਗਲੀ)

ਪੰਦਰਾਂ ਸੌ ਦੇ ਸੱਤ੍ਰਵੇਂ ਸਾਲ ਅੰਦਰ*ਬਾਬੇ ਸਾਗਰ ਤੋਂ ਪਾਰ ਜਾਇ ਭਾਈ
ਦੇਸ ਤਾਰਯਾ ਸੰਗਲਾ ਦੀਪ ਸੰਦਾ ਸ਼ਿਵਨਾਭ ਨੂੰ ਸਿੱਖ ਬਣਾਇ ਭਾਈ

---

*ਸ੍ਰੀ ਗੁਰੂ ਨਾਨਕ ਦੇਵ ਜੀ ।

ਪ੍ਰਾਨ ਸੰਗਲੀ ਗ੍ਰੰਥ*ਬਣਾ ਓਥੇ ਓਸ ਰਾਜੇ ਨੂੰ ਆਇ ਸੌਂਪਾਇ ਭਾਈ
ਇਹ ਰੱਖੋ ਅਮਾਨਤ ਸਾਂਭ ਸਾਡੀ ਸਾਡੇ ਪਿਛੋਂ ਸਮਾ ਕੁਝ ਪਾਇ ਭਾਈ
ਇੱਕ ਸਿੱਖ ਸਾਡਾ ਏਥੋਂ ਲੈ ਜਾਵੇ ਦੂਰ ਦੇਸ ਦੇ ਪੰਧ ਮੁਕਾਇ ਭਾਈ
ਏਸ ਗੱਲ ਨੂੰ ਬੀਤ ਗਏਬਰਸਅੱਸੀ ਗੁਰੂਅਰਜਨਧਜਾਨਦੁੜਾਇ ਭਾਈ
ਓਸ ਪੋਥੀ ਨੂੰ ਓਥੋਂ ਮੰਗਾਨਾ ਚਾਹਯਾ ਪੈੜੇ ਤਈਂ ਤਿਆਰਕਰਾਇ ਭਾਈ
ਓਹਨੂੰ ਸੰਗਲਾ ਦੀਪ ਨੂੰ ਟੋਰਦਿੱਤਾ ਸਾਰੀਰਾਹ ਦੀ ਗੱਲਸਮਝਾਇ ਭਾਈ
ਪੈੜਾ ਸੰਗਲਾਂ ਦੀਪ ਦੇ ਵਿੱਚਪਹੁੰਚਾ ਓਥੇ ਮਿਲਯਾ ਰਾਜੇ ਨੂੰ ਜਾਇ ਭਾਈ
ਪੋੱਥੀ ਲੈਕੇ ਅੰਮ੍ਰਿਤਸਰ ਆਯਾ,ਆਇ ਗੁਰਾਂ ਨੂੰ ਸੀਸ ਨਿਵਾਇ ਭਾਈ
ਵਿੱਚੋਂ ਕੁਝ ਪ੍ਰਸੰਗ ਚੁਰਾਇ ਲਏ ਪੈੜੇ ਮਨ ਤਾਈਂ ਭਰਮਾਇ ਭਾਈ
ਗੁਰਾਂ ਖੋਲ੍ਹ ਗ੍ਰੰਥ ਨੂੰ ਦੇਖਯਾ ਜਾਂ ਯੋਗ ਮਾਰਗ ਲਿਖੇ ਸਬਾਇ ਭਾਈ
ਕਲੂਕਾਲ ਦਾ ਸਮਾ ਵਿਚਾਰ ਕਰਕੇ ਲਈ ਹੋਰ ਦੀ ਹੋਰ ਠਹਿਰਾਇ ਭਾਈ
ਕਿਹਾ ਪੈੜੇ ਨੂੰ ਲਿਆ ਪ੍ਰਸੰਗ ਵਿਚਲੇ ਡੇਰੇਧਰ ਆਯੋਂ ਜੋ ਚੁਰਾਇ ਭਾਈ
ਓਸ ਡਰ ਕੇ ਸਭ ਲਿਆਇ ਦਿੱਤੇ ਓਹ ਸਾਰਾ ਗ੍ਰੰਥ ਉਠਾਇ ਭਾਈ
ਲਿਖਯਾ ਹੈ ਇਹ ਠੀਕ ਕਰਤਾਰ ਸਿੰਘਾ ਦਿੱਤਾਤਾਲਵਿੱਚਾਂ ਡੁਬਾਇ ਭਾਈ

(ਪੰਡਤ ਨਾਲ ਚਰਚਾ)

ਇੱਕ ਦਿਨ ਪ੍ਰਕਰਮਾ ਗੁਰੂ ਕਰ ਰਹੇ ਬੈਠਾ ਬ੍ਰਹਮਣ ਮਕਰ ਫੈਲਾ ਅਗੇ
ਮੱਥੇ ਲਾਇ ਟਿੱਕੇ ਧੋਤੀ ਤੇੜ ਬੱਧੀ ਕਈ ਮੂਰਤਾਂ ਤਈਂ ਟਿਕਾ ਅੱਗੇ
ਵਾਂਗ ਬਗਲੇ ਲਾਈ ਸਮਾਧ ਬੈਠਾ ਪੰਜ ਸੱਤ ਠਾਕਰ ਜੀ ਰਖਾ ਅੱਗੇ
ਗੁਰੂ ਹੱਸ ਪਏ ਵੇਖ ਕਰਤਾਰ ਸਿੰਘਾ ਪੁੱਛ ਕਰਦੇ ਕਦਮ ਵਧਾ ਅੱਗੇ

(ਤਥਾ)

ਇਹ ਮੂਰਤਾਂ ਕਾਧੀਆਂਰੱਖੀਆਂ ਨੇ ਕੌਣ ਇਸ਼ਟ ਤੇ ਕਿੱਨੂੰ ਮਨਾਉ ਤੁਸੀਂ

---

*ਕਈ ਵਿੱਦਵਾਨਾਂ ਦੀ ਰਾਇ ਹੈ ਕਿ ਪ੍ਰਾਣ ਸੰਗਲੀ ਨੂੰ ਸਰੋਵਰ ਵਿਚ ਡੋਬ ਦੇਣਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਓਸਨੂੰ ਨ ਚੜ੍ਹਾਨਾ ਨਿਰਸੰਦੇਹ ਸਾਬਤ ਕਰਦਾ ਹੈ ਕਿ ਪਰਤੱਖ ਸ੍ਰੀ ਗੁਰੂ ਪੰਚਮ ਸਰੂਪ ਨੇ ਓਸਨੂੰ ਗੁਰਬਾਣੀ ਨਹੀਂ ਸੀ ਮੰਨਯਾ। ਜੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਹੁੰਦੀ ਤਾਂ ਕਦੇ ਭੀ ਸਤਿਗੁਰ ਉਸਦੀ ਨਿਰਾਦਰੀ ਨ ਕਰਦੇ।

†ਸੂਰਜ ਪ੍ਰਕਾਸ਼ ਵਿਚ ਲਿਖਯਾ ਹੈ ਕਿ ਭਾਈ ਪੈੜੇ ਦੇ ਨਾਲ ਗੰਗਾ ਤੋਂ ਇੱਕ ਸਾਧ ਆਯਾ ਸੀ ਜਦ ਪ੍ਰਾਨ ਸੰਗਲੀ ਗੁਰੂ ਜੀ ਨੇ ਸਰੋਵਰ ਵਿਚ ਡੋਬ ਦਿਤੀ, ਓਸ ਸਾਧ ਨੇ ਬੜਾ ਅਫਸੋਸ ਕੀਤਾ। ਉਸਨੂੰ ਅਫ਼ਸੋਸ ਕਰਦਯਾਂ ਵੇਖ ਸਤਿਗੁਰਾਂ ਨੇ ਓਸ ਸਾਧ ਨੂੰ ਹੁਕਮ ਦਿੱਤਾ ਕਿ "ਜੇ ਤੇਰਾ ਬੜਾ ਪ੍ਰੇਮ ਹੈ ਤਾਂ ਸਰੋਵਰ ਵਿਚੋਂ ਕੱਢ ਲੈ।" ਉਸ ਸਾਧ ਨੇ ਫੌਰਨ ਕੱਢ ਲਈ। ਅਗ੍ਹਾਂ ਪਤਾ ਨਹੀਂ ਕਿਧਰ ਗਈ।

ਏਸ ਚੌਂਕੀ ਦੇ ਵਿਚ ਕੀ ਰੱਖਿਆ ਹੈ ਜ਼ਰਾ ਚੁਕ ਰੁਮਾਲ ਦਿਖਾਉ ਤੁਸੀਂ
ਕਹਿੰਦਾਬ੍ਰਹਿਮਣ"ਸਾਲਗਰਾਮ ਨੇਇਹ"ਸੀਸਠਾਕੁਰਾਂਤਈਂਝੁਕਾਉ ਤੁਸੀਂ
ਵਰਨ ਛੱਤਰੀ ਨਾਲੇ ਗ੍ਰਿਸਥੀ ਹੌ ਨ ਮਰਯਾਦਾ ਦੇ ਤਈਂ ਤੁੜਾਉ ਤੁਸੀਂ
ਰੱਖੋ ਅਦਬ ਹਮੇਸ਼ ਬ੍ਰਹਿਮਣਾਂ ਦਾ ਕੁਝ ਪੂਜਾ ਭੇਟਾ ਕਰਵਾਉ ਤੁਸੀਂ
ਗੁਰੂ ਆਖਦੇ ਹੱਸ ਕਰਤਾਰ ਸਿੰਘਾ ਐਵੇਂ ਮਾਨੁੱਖ ਜਨਮ ਗਵਾਉ ਤੁਸੀਂ

(ਤਥਾ)

*ਗੁੱਸੇ ਨਾਲ ਬ੍ਰਹਿਮਣ ਲਾਲਹੋਯਾ ਕਹਿੰਦਾ ਚੰਗੀਆਂਰੀਤਾਂ ਚਲਾਵੰਦੇ ਹੋ
ਆਪ ਛੱਤਰੀ ਨਾਲੇ ਗ੍ਰਿਸਥੀ ਹੋ ਪੈਰ ਲੋਕਾਂ ਦੇ ਪਾਸੋਂ ਪੁਜਾਵੰਦੇ ਹੋ
ਵੇਖ ਠਾਕੁਰਾਂ ਤਈਂ ਮਖੌਲ ਕਰਦੇ ਹੱਥ ਬੰਨ੍ਹ ਨਹੀਂ ਸਿਰ ਝੁਕਾਵੰਦੇ ਹੋ
ਗੁਰ ਆਖਦੇ ਅਸੀਂ ਮਖੌਲ ਕਰਦੇ ? ਯਾਂ ਆਪ ਹੀ ਤੁਸੀਂ ਕਰਾਵੰਦੇ ਹੋ
ਓਸ ਸਰਬ ਵਿਆਪਕ ਰਾਮ ਤਾਈਂ ਇੱਕ ਪੱਥਰ ਕਰ ਠਹਿਰਾਵੰਦੇ ਹੋ
ਪੇਟ ਵਾਸਤੇ ਕਰ ਪਾਖੰਡ ਸਾਰੇ ਮਾਯਾ ਕਾਰਨੇ ਜਾਲ ਫੈਲਾਵੰਦੇ ਹੋ
ਬੇੜੀ ਪੱਥਰ ਦੀ ਉੱਤੇ ਪੈਰ ਧਰ ਕੇ ਆਪ ਡੁੱਬੇ ਤੇ ਲੋਕ ਡੁਬਾਵੰਦੇ ਹੋ
ਸੱਚੇ ਠਾਕੁਰ ਦੀ ਪਾਈ ਨ ਸਾਰ ਤੁਸੀ ਮੱਥੇ ਪੱਥਰਾਂ ਅੱਗੇ ਘਸਾਵੰਦੇ ਹੋ
ਇਹ ਉਸਤਤੀ ਨਹੀਂ ਸਗੋਂ ਨਿੰਦਯਾ ਹੈ ਰਾਜਾ ਤਈਂ ਗੁਲਾਮ ਬਣਾਵੰਦੇ ਹੋ
ਠਾਕਰ ਮਿਲਯਾ ਨਹੀਂ ਕਰਤਾਰ ਸਿੰਘਾ ਭੁੱਲੇ ਭਟਕੇ ਪਏ ਚੋਟਾਂਖਾਵੰਦੇ ਹੋ

(ਬ੍ਰਹਿਮਣ ਪ੍ਰਥਾਇ ਸਤਿਗੁਰਾਂ ਨੇ ਸ਼ਬਦ ਉਚਾਰ ਕਰਨਾ)

ਰਾਮਕਲੀ ਮਹਲਾ ੫ ॥

ਮੁਖ ਤੇ ਪੜਤਾ ਟੀਕਾ ਸਹਿਤ। ਹਿਰਦੈ ਰਾਮੁ ਨਹੀ ਪੂਰਨ ਰਹਤ॥
ਉਪਦੇਸੁ ਕਰੇ ਕਰਿਲੋਕਦ੍ਰਿੜਾਵੈ।ਅਪਨਾਕਹਿਆਆਪਿਨਕਮਾਵੈ ॥੧॥
ਪੰਡਿਤਬੇਦੁਬੀਚਾਰਿਪੰਡਿਤ।ਮਨ ਕਾ ਕ੍ਰੋਧੁ ਨਿਵਾਰਿਪੰਡਿਤ।੧।ਰਹਾਉ।
ਆਗੈ ਰਾਖਿਓ ਸਾਲਗਿਰਾਮੁ।ਮਨੁ ਕੀਨੋ ਦਹ ਦਿਸ ਬਿਸਰਾਮੁ ॥
ਤਿਲਕੁ ਚਰਾਵੈ ਪਾਈ ਪਾਇ। ਲੋਕ ਪਚਾਰਾ ਅੰਧੁ ਕਮਾਇ ॥੨॥
ਖਟੁ ਕਰਮਾ ਅਰੁ ਆਸਣੁ ਧੋਤੀ।ਭਾਗਠਿਗ੍ਰਿਹਿਪੜੈ ਨਿਤ ਪੋਥੀ॥
ਮਾਲਾ ਫੇਰੈ ਮੰਗੈਬਿਭੂਤ। ਏਹ ਬਿਧਿਕੋਇ ਨ ਤਰਿਓ ਮੀਤ॥੩॥
ਸੋ ਪੰਡਿਤੁ ਗੁਰ ਸਬਦੁ ਕਮਾਇ। ਤ੍ਰੈ ਗੁਣਕੀਓਸੁਉਤਰੀਮਾਇ॥

*ਇਹ ਬ੍ਰਹਮਪੁਣੇ ਦੇ ਹੰਕਾਰ ਦਾ ਕਾਰਨ ਸੀ।

ਚਤੁਰ ਬੇਦ ਪੂਰਨ ਹਰਿਨਾਇ। ਨਾਨਕਤਿਸਕੀਸਰਣੀਪਾਇ॥੪॥

(ਇਸਦਾ ਭਾਵ)

ਮੂੰਹੋਂ ਪੜ੍ਹਦਾਅਰਥ ਉਚਾਰਦਾ ਹੈਂ ਹਿਰਦੇਰਾਮ ਦੇ ਨਾਮਨੂੰਧਾਰਦਾ ਨਹੀਂ
ਤੇਰੇ ਪਾਸ ਨਹੀਂ ਗੁਣ ਬ੍ਰਿਹਮਣਾਂ ਦੇ ਤੂੰ ਆਪਣਾ ਆਪ ਸੁਧਾਰਦਾ ਨਹੀਂ
ਸਾੱਡੇ ਤਈਂਉਪਦੇਸ਼ ਸੁਣਾਇਰਿਹੋਂ ਕਿਹਾਆਪਣਾ ਮੂਲੋਂਵਿਚਾਰਦਾ ਨਹੀਂ
ਪੜ੍ਹ ਵੇਦ ਛੱਡੇ ਕਿਸ ਕੱਮ ਤੇਰੇ ਹਿਰਦੇ ਵਿੱਚੋਂ ਕ੍ਰੋਧ ਨਿਵਾਰਦਾ ਨਹੀਂ
ਅੱਗੇ ਰੱਖਯਾ ਸਾਲਗਰਾਮ ਤਾਈਂ ਕਾਬੂ ਮਨ ਨੂੰ ਕਰ ਬੈਠਾਰਦਾ ਨਹੀਂ
ਤਿਲਕਲਾਇਪੈਰੀਂਪਵੇਂਠਾਕੁਰਾਂਦੀਲੋੱਕਾਂਤਈਂਦਿਖਾਵੰਦਾ ਹਾਰਦਾ ਨਹੀਂ
ਖੱਟ ਕਰਮੀ ਆਪਣੇ ਤਈਂ ਦੱਸੇਂ ਆਸਣ ਲਾ ਕੇ ਧੋਤੀ ਉਤਾਰਦਾ ਨਹੀਂ
ਭਗਵਾਨ ਬਣ ਬਹੇਂ ਤੇ ਪੜ੍ਹੇਂ ਪੋੱਥੀ ਇੱਕ ਅੱਖਰਤਈਂ ਚਿਤਾਰਦਾ ਨਹੀਂ
ਮਾਲਾ ਫੇਰਦਾ ਵੱਲ ਧਯਾਨ ਮਾਯਾ ਵਾਂਗ ਬਗਲੇ ਨੈਨ ਉਘਾਰਦਾ ਨਹੀਂ
ਤਰਯਾ ਇਉਂ ਨ ਕੋਈਕ੍ਰਤਾਰਸਿੰਘਾਇਹਪਾਖੰਡ ਤਾਂ ਕੁਝਸਵਾਰਦਾ ਨਹੀਂ

(ਤਥਾ)

ਤੂੰ ਆਪੇ ਹੀ ਪੰਡਿਤ ਬਣ ਬੈਠੋਂ ਪੰਡਤਾਈ ਦੇ ਗੁਣ ਨ ਪਾਇ ਭਾਈ
ਸੋ ਪੂਰਨ ਪੰਡਤ ਜੱਗ ਅੰਦਰ ਜੋ ਗੁਰ ਕਾ ਸ਼ਬਦ ਕਮਾਇ ਭਾਈ
ਤਿੱਨਾਂ ਗੁਣਾਂ ਦੀਉੱਤਰੀ ਮੈਲ ਜਿਸਦੀਮਾਯਾ ਵਿੱਚ ਨ ਪੈਰ ਫਸਾਇ ਭਾਈ
ਚੌਂਹ ਬੇੱਦਾਂ ਤੋਂ ਵਧਕੇ ਫਲ ਓਹਨੂੰ ਹਰੀ ਨਾਮ ਜੋ ਜਪੇ ਜਪਾਇ ਭਾਈ
ਐਸੇ ਪੰਡਤ ਜੱਗ ਦੇ ਵਿੱਚ ਥੋੜੇ ਆਪ ਤਰਦੇ ਸਰਿਸ਼ਟ ਤਰਾਇ ਭਾਈ
ਓਹਦੇਚੁੱਮੀਏਂ ਪੈਰ ਕਰਤਾਰਸਿੰਘਾ ਐਸਾ ਬਿੱਪੁਕਿਧਰੇਨਿਗ੍ਹਾਆਇ ਭਾਈ

(ਠਾਕੁਰਾਂ ਪ੍ਰਥਾਇ ਸਤਿਗੁਰਾਂ ਸ਼ਬਦ ਉਚਾਰਨ ਕਰਨਾ)

ਘਰ ਮਹਿ ਠਾਕੁਰੁ ਨਦਰਿ ਨ ਆਵੈ। ਗਲ ਮਹਿ ਪਾਹਣੁ ਲੈ ਲਟਕਾਵੈ ॥ ੧ ॥ ਭਰਮੇ ਭੂਲਾ ਸਾਕਤੁ ਫਿਰਤਾ । ਨੀਰੁ ਬਿਰੋਲੈ ਖਪਿ ਖਪਿ ਮਰਤਾ ॥ ੧ ॥ ਰਹਾਉ ॥ ਜਿਸੁ ਪਾਹਣ ਕਉ ਠਾਕੁਰੁ ਕਹਤਾ। ਓਹ ਪਾਹਣੁ ਲੈ ਉਸ ਕੋ ਡੁਬਤਾ ॥ ੨ ॥ ਗੁਨਹਗਾਰ ਲੂਣ ਹਰਾਮੀ। ਪਾਹਣ ਨਾਵ ਨ ਪਾਰ ਗਿਰਾਮੀ ॥ ੩ ॥ ਗੁਰ ਮਿਲਿ ਨਾਨਕ ਠਾਕੁਰੁ ਜਾਤਾ। ਜਲਿ ਥਲਿ ਮਹੀਅਲਿ ਪੂਰਨ ਬਿਧਾਤਾ ॥ ੪ ॥ [ਸੂਹੀ ਮਹਲਾ ੫

(ਇਸਦਾ ਭਾਵ)

ਇਹ ਠਾਕਰਦੁਆਰਾ ਹੈ ਦੇਹੀ ਤੇਰੀ ਸੱਚਾ ਠਾਕੁਰ ਕਰੇ ਨਿਵਾਸ ਪੰਡਤ
ਉਹ ਤਾਂ ਅੰਦਰੋਂ ਨਜ਼ਰ ਨ ਆਇ ਤੈਨੂੰ ਫਿਰੇਂ ਢੂੰਢਦਾ ਤੂੰ ਆਸਪਾਸ ਪੰਡਤ
ਐਵੇਂ ਪੱਥਰਾਂ ਨੂੰ ਗਲ ਬੱਨ੍ਹੀਂ ਫਿਰੇਂ ਰੱਖੇਂ ਮੁਕਤੀ ਦੀ ਝੂਠੀ ਆਸ ਪੰਡਤ
ਮਨਮੁਖ ਹੋਇ ਜਨਮ ਗੁਵਾਇ ਰਿਹੋਂ ਨਹੀਂ ਕਰਦਾ ਰਤਾ ਕਿਆਸ ਪੰਡਤ
ਪਾਣੀਰਿੜਕਯਾਂਮੱਖਣਲੱਭਣਾਨਹੀਂਬਿਰਥੇਜਾਇਰਹੇਗਿਣਵੇਂ ਸ੍ਵਾਸ ਪੰਡਤ
ਜਿਹੜੇ ਪੱਥਰਾਂ ਨੂੰ ਠਾਕੁਰਆਖਦੇ ਹੋ ਓਹੋ ਲੈ ਡੁੱਬਨ ਕਰਨ ਨਾਸ ਪੰਡਤ
ਜਿਹੜਾ ਠਾਕੁਰ ਪਾਲਦਾ ਪੋਸਦਾ ਏ ਬਣੇ ਓਸਦੇ ਨਹੀਂ ਤੁਸੀਂਦਾਸ ਪੰਡਤ
ਏਸੇ ਵਾਸਤੇ ਨਿਮਕ ਹਰਾਮ ਭਾਰੇ ਹੋਵੇ ਨਰਕਾਂ ਦੇ ਵਿੱਚ ਵਾਸ ਪੰਡਤ
ਕਦੇ ਪੱਥਰਾਂ ਦੀ ਬੇੜੀ ਪੈਰ ਧਰ ਕੇ ਕੌਣ ਪਾਰ ਲੰਘੇ,ਕਰ ਸ਼ਨਾਸ ਪੰਡਤ
ਸ਼ਰਨ ਗੁਰੂ ਦੀ ਲਵੇ ਕਰਤਾਰਸਿੰਘਾ ਕੱਟ ਜਾਇ ਫਿਰ ਜਮਾਂਦੀਫਾਸ ਪੰਡਤ

(ਵਾਕ ਕਵੀ)

ਸ੍ਰੀ ਅੰਮ੍ਰਿਤਸਰ ਦੇ ਵਿੱਚ ਗੁਰ ਜੀ ਰੌਣਕ ਨਵੀਂ ਤੋਂ ਨਵੀਂ ਵਧਾਇ ਰਹੇ
ਹਰੀ ਮੰਦਰ ਅਤੇ ਤਾਲਾਬ ਤਾਈਂ ਸੰਪੂਰਨ ਆਪ ਕਰਾਇ ਰਹੇ
ਹੇਹਰੀਂ ਪ੍ਰਿਥੀਆ ਨਕਲ ਬਣਾਇਰਿਹਾ ਕਈ ਸ਼ੁਗਲ ਅਨੰਦ ਉਡਾਇ ਰਹੇ

ਏਹਨੀਂ ਦਿਨੀ ਕੋਈ ਨ ਛੇੜ ਛਾੜ ਹੋਈ ਗੁਰ ਸੁੱਖ ਦਾ ਝੱਟ ਲੰਘਾਇ ਰਹੇ
ਸਤਿਸੰਗ ਦਾ ਰੰਗ ਅਪਾਰ ਵਧਯਾ ਸਿੱਖ ਗਯਾਨ ਵੈਰਾਗ ਨੂੰ ਪਾਇ ਰਹੇ
ਮਾਤ ਲੋਕ ਦੇ ਵਿੱਚ ਕਰਤਾਰ ਸਿੰਘਾ ਪ੍ਰਤੱਖ ਬੈਕੁੰਠ ਦਿਖਾਇ ਰਹੇ

(ਪ੍ਰਿਥੀ ਚੰਦ ਦੀ ਹਾਲਤ)

ਹੀੱਲੇ ਬਹੁਤ ਕੀਤੇ ਪ੍ਰਿਥੀ ਚੰਦ ਨੇ ਜੀ ਕਿਸੇ ਪਾਸੇ ਪ੍ਰੰਗਤ ਪਏ ਨਾਹੀਂ
ਸਤਿਗੁਰਾਂ ਦਾ ਵੇਖ ਪ੍ਰਤਾਪ ਸੜਦਾ, ਰਹਿੰਦਾ ਭਟਕਦਾ ਇੱਕ ਥਾਂ ਬਹੇ ਨਾਹੀਂ
ਨ ਦਿਨੇ ਆਰਾਮ ਨ ਰਾਤ ਨੀਂਦਰ ਚਿੱਤ ਲਾਲਚੀ ਚੈਨ ਸੁ ਲਏ ਨਾਹੀਂ
ਬਣ ਬਣ ਕੇ ਬੈਠਦਾ ਗੁਰੂ ਆੱਪੇ ਕੋਈ ਕਾਰ ਭੇੱਟਾ ਸਿੱਖ ਦਏ ਨਾਹੀਂ
ਅੰਮ੍ਰਿਤਸਰ ਦੀ ਰੀਸ ਤਾਲਾਬ ਰਚਯਾ ਵੱਗੀ ਮਾਰ ਪਾਨੀ ਮੂਲੋਂ ਰਹੇ ਨਾਹੀਂ
ਕੀਤਾ ਹਿਰਸ ਨੇ ਦੁਖੀ ਕਰਤਾਰਸਿੰਘਾ ਭੈੜਾ ਲੱਗਦਾ ਕਿਸੇ ਦੇ ਕਹੇ ਨਾਹੀਂ

(ਪ੍ਰਿਥੀ ਚੰਦ ਨੇ ਸੂਬੇ ਲਾਹੌਰ ਪਾਸ ਅਰਜੀ ਪਾਨੀ)

ਖਪ ਖੁਪ ਕੇ ਦਿਲ਼ੀਓਂ ਹੋਇ ਮੁੜਯਾ ਬਾਦਸ਼ਾਹ ਨੇ ਦਾਦ ਨ ਕਾਈ ਦਿੱਤੀ
ਦੂੰਹ ਪਿੰਡਾਂ ਦੀ ਮਿਲ ਜ਼ਮੀਨ ਗਈ ਹਿਰਸ ਓਸਨੇ ਦੂਨੀ ਵਧਾਇ ਦਿੱਤੀ
ਅੰਤ ਨਾਲ ਦਿਆਂ ਮੁਫ਼ਤਖੋਰਯਾਂ ਨੇ ਭੈੜੀ ਓਸਨੂੰ ਹੋਰ ਸਲਾਹਿ ਦਿੱਤੀ
ਪਾਸ ਸੂਬੇ ਲਾਹੌਰ ਕਰਤਾਰ ਸਿੰਘਾ ਹੱਕ ਆਪਣੇ ਦੀ ਅਰਜ਼ੀ ਪਾਇ ਦਿੱਤੀ

(੧੬੫੪ ਨੂੰ ਸੂਬੇ ਤਾਹਿਰ ਬੇਗ ਨੇ ਸ੍ਰੀ ਗੁਰੂ ਜੀ ਨੂੰ ਲਾਹੌਰ ਬੁਲਾਣਾ)

ਕੀਤੀ ਸੂਬੇ ਲਾਹੌਰ ਨੇ ਗ਼ੌਰ ਭਾਰੀ ਮੁਹਤਬਿਰਾਂ ਤੋਂ ਪੁੱਛ ਪੁਛਾਇਆ ਜੀ
ਬਹਿਲਮੱਲ, ਨਜ਼ਾਮ ਦੀਂ, ਦਾਸਮੱਲ ਤੋਂ ਸਾਰੇ ਝੇੜੇ ਦਾ ਹਾਲ ਖੁਲ੍ਹਾਇਆ ਜੀ
ਓਹਨਾਂ ਦੱਸਯਾ ਫੋਲ ਕੇ ਹਾਲ ਸਾਰਾ ਪ੍ਰਿਥੀ ਚੰਦ ਕੁਪੱਤ ਵਧਾਇਆ ਜੀ
ਗੁਰੂ ਓਹੋ ਜਿਨ੍ਹੰ ਗੱਦੀ ਗੁਰੂ ਦੇਇ ਗਏ ਜਿਨ੍ਹੰ ਸਮਝਯਾ ਲਾਇਕ ਬੈਠਾਇਆ ਜੀ
ਪ੍ਰਿਥੀਚੰਦ ਹੈ ਝੱਗੜੇ ਬਾਜ਼ ਬਹੁਤਾ ਸਤਿਗੁਰਾਂ ਨੂੰ ਬਹੁਤ ਸਤਾਇਆ ਜੀ
ਗੁਰੂ ਅਰਜਨਦੇਵ ਦੀ ਸਿਫ਼ਤ ਸੁਣਕੇ ਕਰਨਾ ਸੂਬੇ ਦੀਦਾਰ ਨੂੰ ਚਾਹਿਆ ਜੀ
ਆਖ ਸਿੱਖਾਂ ਨੂੰ ਨਾਲ ਆਦਾਬ ਵੱਡੇ ਗੁਰਾਂ ਤਈਂ ਲਾਹੌਰ ਬੁਲਾਇਆ ਜੀ
ਸਿੱਖਾਂ ਆਇਕੇ ਬਹੁਤ ਹੀ ਜ਼ੋਰ ਦਿੱਤਾ ਲੈ ਗਏ ਲਾਹੌਰ, ਸੁਣਾਇਆ ਜੀ
ਧਰਮ ਚੰਦ ਹੋਰਾਂ ਦੀ ਸੀ ਧਰਮਸਾਲਾ ਓਥੇ ਜਾ ਡੇਰਾ ਗੁਰਾਂ ਲਾਇਆ ਜੀ
ਹੋਈਆਂ ਸੰਗਤਾਂ ਖ਼ੁਸ਼ ਕਰਤਾਰਸਿੰਘਾ ਸਤਿਸੰਗ ਦਾ ਰੰਗ ਬਣਾਇਆ ਜੀ

(ਵਾਕ ਕਵੀ)

ਬਣਯਾਂ ਵਿੱਚ ਲਾਹੌਰ ਆਨੰਦ ਭਾਰਾ ਗੁਰੂ ਨਿੱਤ ਦੀਵਾਨ ਲਗਾਵੰਦੇ ਸਨ

ਕਥਾ,ਕੀਰਤਨ,ਗਜਾਨ,ਵੈਰਾਗ ਦੀਆਂ ਸੁੰਦ੍ਰ ਸਾਖੀਆਂ ਰੋਜ਼ ਚਲਾਵੰਦੇ ਸਨ
ਲੰਗਰਵਰਤਦੇ ਨਾਮਦਾ ਜਾਪਹੁੰਦਾ ਮੁਸਲਮਾਨਹਿੰਦੂਪਏਸਲਾਹਵੰਦੇ ਸਨ
ਮੀਆਂ ਮੀਰ ਤੇ ਸ਼ਾਹ ਹੁਸੈਨ ਜੈਸੇ ਚੱਲ ਪਾਸ ਸਤਿਗੁਰਾਂ ਦੇ ਆਵੰਦੇ ਸਨ
ਛੱਜੂ ਭਗਤ,ਪੀਲੋ,ਸ਼ੰਭੂ ਨਾਥ ਹੋਰੀ ਸੰਤ ਭਗਤ ਆ ਲਾਭ ਉਠਾਵੰਦੇ ਸਨ
ਕਦੇ ਧਰਮਸਾਲਾ ਤੇ ਦੀਵਾਨਖ਼ਾਨੇ ਕਦੇ ਜਨਮ ਅਸਥਾਨ ਤੇ ਜਾਵੰਦੇ ਸਨ
ਆਉਨਸੰਗਤਾਂ ਓਥੇ ਹੀ ਲੱਗਪਈਆਂ ਮਾਯਾਸਿੱਖ ਬੇਅੰਤ ਚੜ੍ਹਾਵੰਦੇ ਸਨ
ਜਿਨਾਆਉਂਦਾ ਧਨ ਕਰਤਾਰਸਿੰਘਾ ਗੁਰੂ,ਆਜ਼ਜ਼ਾਂਤਈਂ ਖੁਲਾਵੰਦੇ ਸਨ

(ਪ੍ਰਿਥੀ ਚੰਦ ਦਾ ਫੈਸਲਾ)

ਸੂਬਾ ਕਰ ਦੀਦਾਰ ਪ੍ਰਸੰਨ ਹੋਯਾ ਸ਼ੱਕ, ਸ਼ੁਬ੍ਹਾ ਕੋਈ ਦਿਲ ਰਖਾਇਆ ਨ
ਪ੍ਰਿਥੀਚੰਦ ਤਾਈਂ ਸੱਦਭੇੱਜਯਾ ਜਾਂ ਹਾਲਸੁਣ ਸਾਰੇਉਹ ਤਾਂ ਆਇਆ ਨ
ਅਰਜ਼ੀ ਓਸਦੀ ਸੂਬੇ ਨੇ ਪਾੜ ਛੱਡੀ ਉਹਮੁਆਮਲਾ ਫੇਰਹਿਲਾਇਆ ਨ
ਰੱਬੀ ਬਰਕਤਾਂ ਤਈਂ ਕਰਤਾਰਸਿੰਘਾ ਧਿੰਗੋਜ਼ੋਰੀ ਕਦੀਕਿਸੇ ਪਾਇਆ ਨ

ਅਜੀਬ ਝਗੜਾ

ਸਤਿਗੁਰਾਂ ਦੇ ਹੁੰਦਯਾਂ ਇੱਕ ਝਗੜਾ ਪੇਸ਼ ਸੂਬੇ ਦੇ ਵਿਚ ਦਰਬਾਰ ਹੋਯਾ
*ਛੱਜੂਭਗਤਉੱਤੇਮਾਲਗ਼ਬਨਦਾ ਜੀ ਲੈ ਪਠਾਨਦਾਹਵਾਦਾਹਵੇਦਾਰ ਹੋਯਾ
ਉਹ ਆਖਦਾ'ਮੋਹਰਾਂ ਅਮਾਨਧਰੀਆਂ ਇਹਗਿਆ ਮੁੱਕਰ'ਦਗ਼ੇਦਾਰ ਹੋਯਾ
ਮੈਂ ਸਮਝਕੇ ਭਗਤਇਤਬਾਰ ਕੀਤਾ ਬੇਈਮਾਨਹੁਣ ਇਹਧਰਮਹਾਰ ਹੋਯਾ
ਭਗਤ ਆਖਦਾ,ਮੈਂ ਨਹੀਂ ਮੂਲਲੱਈਆਂ ਮੇਰੇਸਿਰ ਐਵੇਂ ਅਸਵਾਰ ਹੋਯਾ
ਸੂਬਾ ਹੋਯਾ ਹੈਰਾਨ ਕਰਤਾਰ ਸਿੰਘਾ ਛੱਜੂ ਭਗਤ ਦਾ ਸੀ ਇਤਬਾਰ ਹੋਯਾ

(ਸੂਬੇ ਨੇ ਫੈਸਲਾ ਕਰਨਾ)

ਦਾਹਵੇਦਾਰਹੈਸੀ ਮੁਸਲਮਾਨਚੰਗਾ ਏਧਰਭਗਤ ਦਾ ਸੀ ਇਤਬਾਰ ਭਾਈ
ਸੂਬਾ ਫ਼ੈਸਲਾ ਕਰ ਕੁਝ ਸੱਕਯਾ ਨ ਸੋਚਾਂ ਵਿੱਚ ਹੋ ਗਿਆ ਲਾਚਾਰ ਭਾਈ

---

*ਭਾਈ ਸੰਤੋਖ ਸਿੰਘ ਜੀ ਸੂਰਜ ਪ੍ਰਕਾਸ਼ ਰਾਸ ੩ ਅਧਃ ੬੪ ਅੰਦਰ ਇਹ ਪ੍ਰਸੰਗ ਸਿਰਹਿੰਦ ਵਿਚ ਹੋਯਾ ਲਿਖਦੇ ਹਨ, ਲਿਖਯਾ ਹੈ,ਕਿ ਭਾਈ ਰੂਪ ਚੰਦ ਤੇ ਭੀਵਾ ਦੋਵੇਂ ਭਰਾ ਸਨ, ਓਹਨਾਂ ਪਾਸ ਕਿਸੇ ਪਠਾਨ ਨੇ ਦਿੱਲੀ ਜਾਣ ਲੱਗਯਾਂ ਮੋਹਰਾਂ ਅਮਾਨਤ ਧਰੀਆਂ ਸਨ। ਪ੍ਰੰਤੂ ਭਾਈ ਗਜਾਨ ਸਿੰਘ ਜੀ ਗਜਾਨੀ ਲਾਹੌਰ ਵਿੱਚ ਛੱਜੂ ਭਗਤ ਨਾਲ ਇਹ ਕੌਤਕ ਵਰਯਾ ਲਿਖਦੇ ਹਨ।

ਖੁਲ੍ਹਾ ਓਸ ਨੇ ਫ਼ੈਸਲਾ ਕਰ ਦਿੱਤਾ ਸੱਦ ਸ਼ਹਿਰ ਦੇ ਪੈਂਚ ਹੁਸ਼ਯਾਰ ਭਾਈ
ਤਾਈ ਤੇਲ ਦੀ ਇੱਕ ਕੜਾਹੀ ਜਾਵੇ ਦੋਵੇਂ ਹੱਥ ਦੇਵਨ ਵਿੱਚ ਡਾਰ ਭਾਈ
ਜਿਹੜਾ ਹੋਇਸੱਚਾ ਓਹਦਾ ਬੱਚਜਾਵੇ ਹੱਥ ਸੜੇਜਿਹੜਾ ਗੁਨ੍ਹਾਗਾਰ ਭਾਈ
ਏਸੇਤਰਾਂ ਕੀਤਾ ਲੋਕ ਵੇਖ ਰਹੇ ਭਾਣਾ ਵਰਤਯਾ ਆਨ ਕਰਤਾਰ ਭਾਈ
ਛੱਜੂ ਭਗਤ ਦਾ ਹੱਥ ਨ ਮੂਲ ਸੜਯਾ ਸੜਗਿਆ ਪਠਾਨਵਿਚਾਰ ਭਾਈ
ਪਰ ਹੈਸੀਓਹ ਸੱਚਾ ਕਰਤਾਰਸਿੰਘਾ ਓਹਦੇ ਭਾ ਹੋਈ ਉਲਟੀ ਕਾਰ ਭਾਈ

(ਪਠਾਨ ਦਾ ਰੌਲਾ)

ਸਰੇਆਮ ਪਠਾਨ ਦੋਹਾਈ ਦਿੰਦਾ ਚਲਾ ਗਿਆ ਹੈ ਯਾਰੋ ਖੁਦਾ ਕਿਧਰੇ
ਮੈਂ ਸੱਚੇ ਦਾ ਸੜ ਗਿਆ ਹਥ ਦੇਖੋ ਲੱਗੀ ਝੂਠ ਨੂੰ ਨਹੀਂ ਅਜ਼ਾ ਕਿਧਰੇ
ਨਹੀਂ ਈਮਾਨ ਦੀ ਰਹੀ ਹੁਣ ਕਦਰਕੋਈਗਿਆਸੱਚਭੀਮੂੰਹਛੁਪਾ ਕਿਧਰੇ
ਹੋਯਾ ਝੂਠ ਪ੍ਰਧਾਨ ਕਰਤਾਰ ਸਿੰਘਾ ਮੈਂ ਕਰਾਂ ਫੁਰਯਾਦਹੁਣ ਜਾ ਕਿਧਰੇ

(ਪਠਾਨ ਨੇ ਸ੍ਰੀ ਗੁਰੂ ਜੀ ਦੇ ਪਾਸ ਆਉਣਾ)

ਸਾਰੇਸ਼ਹਿਰਦੇ ਵਿੱਚਇਹਪਿਆ ਰੌਲਾ ਸਿਫ਼ਤਗੁਰਾਂਦੀ ਸੁਣਪਠਾਨ ਆਯਾ
ਕਹਿੰਦਾ, ਗੁਰੂ ਸਾਹਿਬ ਮੇਰਾ ਸ਼ੱਕ ਤੋੜੋ ਮੇਰੇਅੰਦਰ ਤਰਕ ਤੂਫ਼ਾਨ ਆਯਾ
ਇਹ ਦੱਸੋ, ਖ਼ੁਦਾ ਹੈ ਨਿਆਇਕਾਰੀ ਯਾਂ ਹੈ ਬੇਇਨਸਾਫ਼ ਸ਼ੈਤਾਨ ਆਯਾ
ਮੇਰੇ ਸੱਚੇ ਦਾ ਸੜ ਗਿਆ ਹਥ ਦੇਖੋ ਨਹੀਂ ਝੂਠੇਨੂੰ ਕੋਈਨਿਸ਼ਾਨ ਆਯਾ
ਹੈ ਅੱਲਾ ਭੀ ਦੋਸਤ ਝੂੱਠਯਾਂ ਦਾ ਕਰਦਾ ਸਿਫ਼ਤਾਂ ਐਵੇਂ ਕੁਰਾਨ ਆਯਾ
ਭਰਮ ਦੂਰਕਰ ਦਿਹੋਕਰਤਾਰ ਸਿੰਘਾ ਆਪਪਾਸਇਨਸਾਫ਼ ਕਰਾਨ ਆਯਾ

(ਸ੍ਰੀ ਸਤਿਗੁਰੂ ਜੀ)

ਰੱਬ ਸੱਚਾ ਤੇ ਸਦਾ ਨਿਆਇਕਾਰੀ ਹੈ ਰਹੀਮ, ਕਰੀਮ, ਗੁਫ਼ਾਰ ਖ਼ੱਾਨਾ
ਕਰਦਾਕਦੇਉਹਬੇਇਨਸਾਫ਼ੀਆਂ ਨਹੀਂ ਓਹਦਾਸੱਚਦੇਨਾਲ ਪਯਾਰ ਖ਼ਾਨਾ
ਤੂੰ ਭਰੋਸਾ ਨ ਰੱਖਯਾ ਓਸ ਉੱਤੇ ਰਿਹੋਂ ਡੋਲਦਾ ਬੇ ਵਿਚਾਰ ਖ਼ਾਨਾ
ਭੱਜਾ ਫਿਰਯੋਂ ਪੀਰਾਂ ਫ਼ਕੀਰਾਂਪਿੱਛੇ ਤੇਰੀ ਕਿਸੇ ਨੇ ਲਈ ਨ ਸਾਰ ਖ਼ਾਨਾ
ਛੱਜੂ ਇੱਕਦਾ ਆਸਰਾ ਫੜੀ ਬੈਠਾ ਓਹਦਾ ਰੱਬ ਹੋਯਾ ਮਦਦਗਾਰ ਖ਼ਾਨਾ
ਇੱਕੋ ਨੁਕਤਾ ਏਹੋ ਕਰਤਾਰ ਸਿੰਘਾ ਕਰ ਏਸਦੇ ਉੱਤੇ ਵਿਚਾਰ ਖ਼ਾਨਾ

(ਛੱਜੂ ਦੀ ਹੱਟੀਉਂ ਮੋਹਰਾਂ ਨਿਕਲ ਆਉਣੀਆਂ)

ਅੱਗੋਂ ਨੇੜੇ ਆ ਰਹੀ ਦੀਵਾਲੀ ਹੈਸੀ ਕੀਤੀਛੱਜੂ ਸਫ਼ਾਈ ਦੁਕਾਨ ਭਾਈ
ਥੈਲੀ ਪਿੱਛੇ ਸੰਦੂਕ ਦੇ ਪਈ ਹੋਈ ਭਗਤ ਹੋ ਗਿਆ ਵੇਖ ਹੈਰਾਨ ਭਾਈ

ਗਲਹੋਈਇਹ,ਕਾਹਲੀਦੇਨਾਲ ਮੋਹਰਾਂਚਲਾਗਿਆਸੀਦੇਇਪਠਾਨ ਭਾਈ
ਛੱਜੂ ਵਹੀ ਉੱਤੇ ਨਾਵਾਂ ਚਾੜ੍ਹਯਾ ਨ ਰਹੀ ਯਾਦ ਨ ਗੱਲ ਪਛਾਨ ਭਾਈ
ਆਪੋਆਪਣੇ ਥਾਂ ਸਨ ਦੋਇ ਸੱਚੇ ਏਸੇਲਈ ਵਧਯਾ ਝਗੜਾ ਆਨ ਭਾਈ
ਛੱਜੂ ਮੋਹਰਾਂ ਤੇ ਇੱਕ ਦੁਸ਼ੱਾਲਾ ਲੈਕੇ ਗਿਆ ਖ਼ਾਨ ਦੇ ਚੱਲ ਮਕਾਨ ਭਾਈ
ਅਰਜ਼ਾਂ ਕੀਤੀਆਂ,ਬਖ਼ਸ਼ ਗੁਨਾਹਮੇਰਾ ਸਾਰਾਦੱਸਯਾ ਫੋਲ ਬਿਆਨ ਭਾਈ
ਓਸ ਆੱਖਯਾ, ਹੁਣ ਮੈਂ ਨਹੀਂ ਲੈਂਦਾ,ਮੈਂ ਹੋਯਾ ਬਦਨਾਮ ਜਹਾਨ ਭਾਈ
ਓਹ ਲਏ ਨਾਹੀਂ ਛੱਜੂ ਰੱਖਦਾ ਨ ਆਇ ਚੱਲਕੇ ਵਿੱਚ ਦੀਵਾਨ ਭਾਈ
ਅੱਗੇ ਗੁਰਾਂ ਦੇ ਧਨ ਕਰਤਾਰ ਸਿੰਘਾ ਦੋਵੇਂ ਖ਼ੁਸ਼ੀਦੇ ਨਾਲ ਚੜ੍ਹਾਨ ਭਾਈ

(*ਲਾਹੌਰ ਦੀ ਬਾਉਲੀ ਸਾਹਿਬ)

ਸਤਿਗੁਰਾਂਨੇਹੋਰ ਧਨ ਪਾ ਪੱਾਸੋਂ ਇੱਕ ਸੁੰਦਰ ਬਾਉਲੀ ਬਣਵਾਇ ਦਿੱਤੀ
ਮਾਯਾ ਝਗੜੇ ਵਾਲੀ ਵਿਚਾਰ ਕਰਕੇ ਭਲੇ ਥਾਂ ਸਾਰੀ ਖ਼ਰਚਾਇ ਦਿੱਤੀ
ਯੋਗੀਰਾਜ ਨੇ ਮੋਹਰੇ ਨੂੰ ਮਾਰ ਕਰਕੇ ਅੰਮ੍ਰਤ ਰੂਪ ਰਸਾਇਨ ਬਣਾਇ ਦਿੱਤੀ
ਪ੍ਰਸ੍ਵਾਰਥ ਤੇ ਲਾਇ ਕਰਤਾਰ ਸਿੰਘਾ ਮਾਯਾ ਸਫ਼ਲੀ ਝੱਟ ਕਰਵਾਇ ਦਿੱਤੀ

ਬੁੱਧੂ ਘੁਮਯਾਰ ਦੀ ਸਾਖੀ

ਗੁਰੂ ਘਰ ਦਾ ਸਿੱਖ ਇੱਕ ਨਾਮ ਬੁੱਧੂ ਵੱਡੇ ਸਿਦਕ ਵਾਲਾ ਘੁਮਯਾਰ ਹੈਸੀ
ਬਹੁਤ ਧਨ ਲਾ ਓਸਨੇ ਬੜਾ ਆਵਾ ਕੀਤਾ ਚਾੜ੍ਹਨੇ ਲਈ ਤੱਯਾਰ ਹੈਸੀ
ਕਈ ਲੱਖ ਇੱਟਾਂ ਪੱਬ ਚਿਣ ਧਰੀਆਂ ਕੂੜਾ ਬਾਲਣ ਬੇ-ਸ਼ੁਮਾਰ ਹੈਸੀ
ਓਹਨੂੰ ਫ਼ਿਕਰ ਇਹ ਕੱਚਾ ਨ ਰਹਿ ਜਾਵੇਘੱਾਟਾ ਪਾ ਬੈਠਾ ਕਈ ਵਾਰ ਹੈਸੀ
ਸਤਿਗੁਰੂ ਸੱਚਾ ਏਥੇ ਆਯਾ ਹੋਯਾ, ਕੀਤੀ ਓਸ ਨੇ ਚਿੱਤ ਵਿਚਾਰ ਹੈਸੀ
ਸਤਿ ਸੰਗਤ ਕਰ ਅਰਦਾਸ ਦੇਵੇ ਆਵਾ ਪੱਕੇ, ਲਈ ਓਸ ਧਾਰ ਹੈਸੀ
ਸਤਿਗੁਰਾਂ ਦਾ ਓਸ ਪ੍ਰਸ਼ਾਦ ਕੀਤਾ ਕੱਠੀ ਸੰਗਤ ਹੋਈ ਅਪਾਰ ਹੈਸੀ

---

*ਉਹ ਬਾਉਲੀ ਹੁਣ ਡੱਬੀ ਬਾਜ਼ਾਰ ਦੇ ਵਿੱਚ ਹੈ। ਲਿਖਯਾ ਹੈ ਕਿ ਖ਼ਾਨ ਬਹਾਦਰ ਸੂਬੇ ਲਾਹੌਰ ਨੇ ਇਹ ਬਾਉਲੀ ਮਿੱਟੀ ਨਾਲ ਭਰਵਾਕੇ ਉੱਪਰ ਕਾਜ਼ੀਆਂ ਦੇ ਘਰ ਬਣਵਾ ਦਿੱਤੇ ਸਨ। ਜੋ ਸੰਮਤ ੧੮੭੯ ਬਿਕ੍ਰਮੀ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਕਾਜ਼ੀਆਂ ਨੂੰ ਹੋਰ ਥਾਂ ਦੇਇ ਕੇ ਘਰ ਪਵਾ ਦਿੱਤੇ, ਤੇ ਬਾਉਲੀ ਦੀ ਮਿੱਟੀ ਕਢਵਾ ਕੇ ਪੰਜਾਹ ਦੁਕਾਨਾਂ ਲੰਗਰ ਵਾਸਤੇ ਬਣਵਾ ਦਿੱਤੀਆਂ, ਜੋ ਸਮੇ ਦੇ ਗੇੜ ਨਾਲ ਕਰਤਾਰ ਪੁਰੀਏ ਸੋਢੀਆਂ ਦੇ ਹੱਥ ਆ ਗਈਆਂ ਤੇ ਲੰਗਰ ਲੁੰਗਰ ਬੱਸ।

ਜਦ ਪੰਗਤ ਖਾਣ ਨੂੰ ਬੈਠ ਗਈ ਇੱਕ ਸਿੱਖ ਪਿੱਛੋਂ ਆਯਾ ਬਾਹਰ ਹੈਸੀ
ਮਿਲੀਆਗਜਾਨਅੰਦਰ ਆਉਣਦੀਜੀ ਦਿੱਤਾ ਬਾਹਰਹੀਡੱਕਖਲ੍ਹਾਰ ਹੈਸੀ
ਛੱਕ ਲਿਆ ਪ੍ਰਸ਼ਾਦ ਕਰਤਾਰ ਸਿੰਘਾ ਬਣਯਾਂ ਭੋਜਨ ਕਈ ਪ੍ਰਕਾਰ ਹੈਸੀ

(ਬੁੱਧੂ ਦਾ ਆਵਾ ਕੱਚਾ)

ਅੰਦਰ ਸੰਗਤ ਵਿੱਚ ਅਰਦਾਸ ਹੋਈ ਆਸ ਬੁੱਧੂ ਦੀ ਗੁਰੂ ਪੁਜਾਇ ਦੇਵੇ
ਆਵਾ ਏਸ ਦਾ ਰਸ ਕੇ ਪੱਕ ਜਾਵੇ ਗੁਰੂ ਦੇਖ ਤੇ ਵਿਘਨ ਨਸਾਇ ਦੇਵੇ
ਆਵਾ ਬੁੱਧੂ ਦਾ ਰਹੇ ਜ਼ਰੂਰਕੱਚਾ ਲੱਖੂ ਸਿੱਖਇਉਂ ਬਾਹਰੋਂ ਸੁਣਾਇ ਦੇਵੇ
ਇੱਕ ਪੂਰਨ ਸਿੱਖ ਕਰਤਾਰ ਸਿੰਘਾ ਕੀਤੀ ਕੱਤਰੀ ਸਭ ਉਲਟਾਇ ਦੇਵੇ

(ਬੁੱਧੂ ਦੀ ਹੈਰਾਨਗੀ)

ਇਹ ਸੁਣਕੇ ਬੁੱਧੂ ਹੈਰਾਨ ਹੋਯਾ ਦਿਲ ਅੰਦਰੋਂ ਓਸ ਦਾ ਹੱਲ ਗਿਆ
ਖ਼ਾਲੀਜਾਵਣਾ ਸਿੱਖਦਾਬਚਨ ਨਾਹੀਂ ਇਹਤੀਰ ਤਕਦੀਰਦਾਚੱਲ ਗਿਆ
ਸਤਿਗੁਰਾਂਦੇ ਜਾਇਕੇ ਚਰਨਫੜਲਏ ਬਚਨ ਸਿੱਖਦਾ ਸੀਨੇਨੂੰਸੱਲ ਗਿਆ
ਨਹੀਂ ਆਉਂਦਾ ਹੱਥ ਕਰਤਾਰਸਿੰਘਾ ਬੁੱਧੂ ਕਹੇ ਵੇਲਾ ਮੈਨੂੰ ਛੱਲ ਗਿਆ

(ਬੁੱਧੂ ਦੀ ਬੇਨਤੀ)

ਬੁੱਧੂਆਖਦਾ ਬਾਜ਼ੀ ਨ ਉਲਟਜਾਵੇ ਮਿਹਰਕਰਕੇ ਆਵਾ ਪਕਾਣਾ ਗੁਰ ਜੀ
ਕੀਤੀ ਕੱਤਰੀ ਨ ਮੇਰੀ ਰੁੜ੍ਹੇ ਕਿਧਰੋ ਮੇਰੇ ਸਿਰ ਤੇ ਹੱਥ ਰਖਾਣਾ ਗੁਰ ਜੀ
ਜੇ ਠੀਕ ਆਵਾਕੱਚਾ ਰਹਿਗਿਆ ਤਾਂਫੇਰਕਿਤੇਨਹੀਂ ਮੇਰਾਟਿਕਾਣਾ ਗੁਰ ਜੀ
ਤੇਰਾ ਰੂਪ ਨੇ ਸਿੱਖ ਕਰਤਾਰ ਸਿੰਘਾ ਦਾਸ ਜਾਣਕੇ ਮੈਨੂੰ ਬਚਾਣਾ ਗੁਰ ਜੀ

(ਸਤਿਗੁਰਾਂ ਨੇ ਬੁੱਧੂ ਨੂੰ ਧੀਰਜ ਦੇਣੀ)

ਬੁੱਧੂ ਆਵਾ ਤਾਂ ਰਹੇ ਜ਼ਰੂਰ ਕੱਚਾਕੀਤੀ ਸਿਖ ਦੀਨਹੀਂ ਉਲਟਾਈ ਜਾਂਦੀ
ਮੇਰੀ ਬਾਂਧੀ ਤਾਂ ਭਗਤ ਛੁਡਾਇ ਲਵੇ ਬਾਂਧੇ ਭਗਤ ਨ ਮੈਥੋਂ ਛੁਡਾਈ ਜਾਂਦੀ
ਇੱਟਾਂਪੱਕੀਆਂ ਦੇ ਭਾਉਵਿਕ ਜਾਵਨਸ਼ਰਧਾਤੇਰੀ ਭੀਨਹੀਂ ਗੁਵਾਈ ਜਾਂਦੀ
ਲੀਲ੍ਹਾ ਹੈਬੇਅੰਤ ਕਰਤਾਰਸਿੰਘਾ ਮਹਿਮਾ ਸਤਿਗੁਰਾਂ ਦੀਨਹੀਂ ਪਾਈ ਜਾਂਦੀ

(ਵਾਕ ਕਵੀ)

ਓਧਰ ਸਿੱਖਦਾ ਵਾਕ ਭੀ ਹੋਯਾਪੂਰਾ ਨਾਹਿੰ ਮੁੜੀਆਂ ਕਲਮਾਂ ਵੱਗ ਗਈਆਂ
ਸੱਚੀ ਸ਼ਰਧਾ ਭੀ ਕੱਮ ਕੱਢ ਗਈ ਗੱਲਾਂ ਦੋਵੇਂ ਅਟੱਲ ਹੋ ਜੱਗ ਗਈਆਂ

ਇੱਟਾਂਆਵੇਦੀਆਂਰਹੀਆਂਕੱਚੀਆਂਹੀ ਪਰ ਪੱਕੀਆਂ ਦੇ ਭਾ*ਲੱਗ ਗਈਆਂ
ਬਾਰਸ਼ਹੋਈਬੇਅੰਤਕਰਤਾਰਸਿੰਘਾ ਕਈ ਇਮਾਰਤਾਂ ਗਿਰ ਅਲੱਗ ਗਈਆਂ

(ਤਥਾ)

ਰਹੇ ਅੱਠ ਮਹੀਨੇ ਲਾਹੌਰ, ਗੁਰ ਜੀ ਸਿੱਖਾਂ ਸੇਵਕਾਂ ਸੇਵਾ ਕਮਾਈ ਸੀ ਜੀ
ਸਤਿਸੰਗ ਦਾ ਰੰਗ ਅਪਾਰ ਬਣਯਾਂ ਸਿੱਖੀ ਸ਼ਹਿਰ ਦੇ ਵਿੱਚ ਫੈਲਾਈ ਸੀ ਜੀ
ਸੰਤ ਭਗਤ ਫ਼ਕੀਰ ਅਮੀਰ ਸਾਰੇ ਕਰਦੇ ਗੁਰੂ ਜੀ ਦੀ ਵਡਿਆਈ ਸੀ ਜੀ
ਤਾਹਿਰ ਬੇਗ਼ ਸੂਬੇ ਹਸਨਖ਼ਾਂ ਨਾਇਬ ਸੇਵਾ ਕਰ ਖੱਟੀ ਭਲਿਆਈ ਸੀ ਜੀ
ਲੰਗਰਨਾਮ ਤੇਅੰਨਦਾ ਵਰਤਦਾਰਹੇਰਹਿੰਦੀ ਜਮ੍ਹਾਹਮੇਸ਼ ਲੁਕਾਈ ਸੀ ਜੀ
ਓਸ ਥਾਂ ਹੀ ਬਹੁਤ ਕਰਤਾਰਸਿੰਘਾ ਲੱਗੀ ਸੰਗਤਾਂ ਦੀ ਆਵਾਜਾਈ ਸੀ ਜੀ

(ਲਾਹੌਰ ਤੋਂ ਸ੍ਰੀ ਗੁਰੂ ਜੀ ਨੇ ਨਨਕਾਣੇ ਸਾਹਿਬ ਆਦਿਕ ਅਸਥਾਨਾਂ ਤੇ ਜਾਣਾ)

ਵਿਦਾ ਹੋ ਲਾਹੌਰ ਤੋਂ ਗੁਰੂ ਸਾਹਿਬ ਨਨਕਾਣੇ ਵੱਲੇ ਚਾਲੇ ਪਾਵੰਦੇ ਨੇ
ਗੁਰੂ ਨਾਨਕ ਸਾਹਿਬ ਦੇ ਥਾਨ ਡਿੱਠੇ ਦਾਨ ਪੁੰਨ ਬੇਅੰਤ ਕਰਾਵੰਦੇ ਨੇ
ਓਥੋਂ ਹਟਕੇ ਮੱਦਰੀਂ ਆਇ ਗਏ †ਗੁੰਦਾਰੇ ਦਾ ਰੋਗ ਹਟਾਵੰਦੇ ਨੇ
ਚੱਲ ਮੱਦਰਾਂ ਤੋਂ ਪਹੁੰਚੇ ਜੰਭਰੀਂ ਜਾ ਸਿੱਖਾਂ ਸੇਵਕਾਂ ਤਈਂ ਤਰਾਵੰਦੇ ਨੇ

---

*ਬੁੱਧੂ ਦਾ ਆਵਾ ਠੀਕ ਕੱਚਾ ਹੀ ਰਿਹਾ ਸੀ, ਪ੍ਰੰਤੂ ਸਤਿਗੁਰੂ ਜੀ ਦੇ ਬਚਨਾਂ ਕਰਕੇ ਕੱਚੀਆਂ ਤੇ ਪਿੱਲੀਆਂ ਇੱਟਾਂ ਭੀ ਪੱਕੀਆਂ ਦੇ ਭਾ ਹੀ ਵਿਕ ਗਈਆਂ। ਅਗਲੇ ਸਾਲ ਬਾਰਸ਼ ਬਹੁਤ ਹੋਣ ਦੇ ਕਾਰਨ ਸ਼ਹਿਰ ਵਿੱਚ ਬਹੁਤ ਮਕਾਨ ਡਿੱਗ ਪਏ, ਤੇ ਦਰਯਾਇ ਰਾਵੀ ਦਾ ਬੰਨ੍ਹ ਭੀ ਕਈਆਂ ਥਾਵਾਂ ਤੋਂ ਟੁੱਟ ਗਿਆ। ਤਦੋਂ ਇੱਟਾਂ ਦੀ ਕਿੱਲਤ ਹੋ ਜਾਣ ਦੇ ਕਾਰਨ ਓਹੋ ਬੁੱਧੂ ਦੀਆਂ ਇੱਟਾਂ ਪੱਕੀਆਂ ਨਾਲੋਂ ਭੀ ਮਹਿੰਗੇ ਭਾ ਵਿਕ ਗਈਆਂ ਸਨ। ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ!

†ਮੱਦਰਾਂ ਵਿੱਚ ਭਾਈ ਗੁੰਦਾਰਾ ਹਜੀਰਾਂ ਦੇ ਰੋਗ ਨਾਲ ਬਹੁਤ ਔਖਾ ਸੀ, ਸਿੱਖਾਂ ਕਿਹਾ ਕਿ ਸਤਿਗੁਰੂ ਜੀ ਪਾਸ ਬੇਨਤੀ ਕਰਕੇ ਰੋਗ ਹਟਵਾ ਲੈ ਤਦ ਭਾਈ ਗੁੰਦਾਰੇ ਨੇ ਆੱਖਯਾ ਕਿ ਇਸ ਝੂਠੇ ਤੇ ਗੰਦ ਦੇ ਥੈਲੇ ਵਾਸਤੇ ਦਾਤਾਰ ਗੁਰੂ ਪਾਸੋਂ ਕੀਹ ਮੰਗ ਮੰਗਾਂ, ਗੁਰੂ ਘਰ ਵਿੱਚੋਂ ਤਾਂ ਮੁਕਤੀ ਮੰਗਣੀ ਚਾਹੀਦੀ ਹੈ। ਸਤਿਗੁਰੂ ਸੁਣਕੇ ਬੜੇ ਖੁਸ਼ ਹੋਏ ਤੇ ਭਾਈ ਗੁੰਦਾਰੇ ਨੇ ਸਾਹਿਬਾਂ ਦਾ ਇਸ਼ਾਰਾ ਪਾਕੇ ਸਤਿਗੁਰਾਂ ਦੀ ਚਰਨ ਦਾਸੀ (ਜੁਤੀ) ਆਪਨੇ ਗਲ ਨਾਲ ਛੁਹਾਈ ਤੇ ਹਜੀਰਾਂ ਦਾ ਰੋਗ ਹਟ ਗਿਆ। ਹੁਣ ਤੱਕ ਭੀ ਮੱਦਰਾਂ ਵਿਖੇ ਸਤਿਗੁਰਾਂ ਦੀ ਓਹੋ ਚਰਨ ਦੱਾਸੀ ਤੇ ਆੱਸਾ ਰੱਖਯਾ ਹੋਯਾ ਹੈ। ਸੁਣਯਾਂ ਹੈ ਕਿ ਬੇ-ਸ਼ੁਮਾਰ ਹਜ਼ੀਰਾਂ ਦੇ ਰੋੱਗੀ ਓਸ ਚਰਨ ਦੱਾਸੀ ਤੇ ਆੱਸੇ ਨਾਲ ਆਪਣੇ ਜ਼ਖਮ ਛੁਹਾਕੇ ਨੌ ਬਰ ਨੌ ਹੋ ਗਏ ਹਨ।

ਸੰਤੂ ਚੋਪੜੇ ਦੇ ਉੱਪਰ ਕਰ ਕਿਰਪਾ ਓਹਦਾ*ਕੁਸ਼ਟ ਦਾ ਰੋਗ ਹਟਾਵੰਦੇ ਨੇ
ਅੱਗੇ ਜੰਭਰਾਂ ਤੋਂ ਗਏ ਚੂਹਨੀਆਂ ਨੂੰ ਨਾਮ ਭਗਤੀ ਪ੍ਰੇਮ ਦ੍ਰਿੜ੍ਹਾਵੰਦੇ ਨੇ
ਭਾਈ ਭੂਰੀਆ ਚੌਧਰੀ ਚੂੜ੍ਹ ਮੱਲ ਜਹੇ ਸੇਵਾ ਨਾਲ ਪਰੇਮ ਕਮਾਵੰਦੇ ਨੇ
ਜ਼ਾਹਿਰਓਥੋਂ ਲੈਗਏ ਬਹਿੜਵਾਲ ਵਾਲੇ ਸੱਡੇਖੂਹ ਖਾਰੇ,ਘਿਘਯਾਵੰਦੇ ਨੇ
ਕਲਾ ਵਰਤੀ ਖੂਹ ਹੋ ਗਏ ਮਿੱਠੇ ਲੋਕ ਸ਼ਰਧਾ ਬਹੁਤ ਵਧਾਵੰਦੇ ਨੇ
ਮੱਝੇ ਵਿਚ ਦੀ ਹੋਵੰਦੇ ਸਤਿਗੁਰੂ ਜੀ ਕਈ ਨੱਗਰੀਂ ਦਰਸ ਦਿਖਾਵੰਦੇ ਨੇ
ਸੋਲਾਂ ਸੌ ਪਚਵੰਜਵਾਂ ਬਿਕ੍ਰਮੀ ਦਾ ਮੇੱਲਾ ਅੰਮ੍ਰਿਤਸਰ ਆ ਲਾਵੰਦੇ ਨੇ
ਆਈਆਂ ਸੰਗਤਾਂਬਹੁਤ ਕਰਤਾਰਸਿੰਘਾ ਗੁਰ ਸਤਿਉਪਦੇਸ਼ ਸੁਣਾਵੰਦੇ ਨੇ

ਗੜ੍ਹ ਸ਼ੰਕਰ ਵਾਲੇ ਜੋਗੀ ਦੀ ਸਾਖੀ

ਗੜ੍ਹ ਸ਼ੰਕਰ ਦ੍ਰਾਬੇ ਦੇ ਵਿਚ ਨੱਗਰ ਓਥੇ ਜੋਗੀ ਪਾਖੰਡ ਖਿੰਡਾਇਆ ਜੀ
ਮੈਨੂੰ ਸ਼ਿਵ੍ਰ ਮਹਾਰਾਜ ਪ੍ਰਤੱਖ ਹੋਏ ਦੇਸ ਵਿੱਚ ਢੰਡੋਰਾ ਫਿਰਾਇਆ ਜੀ
ਸ਼ਿਵਾਂ ਵਰ ਦਿੱਤਾ ਮੈਨੂੰ ਖੁਸ਼ ਹੋਕੇ ਏਸ ਤਰ੍ਹਾਂ ਹੈ ਆਖ ਸੁਣਾਇਆ ਜੀ
ਤੇਰਾਕਰੇ ਦੀਦਾਰ ਜੋ ਆਣ ਕਰਕੇ ਪਾਇ ਵਾਸ†ਕੈਲਾਸ਼ ਜਤਾਇਆ ਜੀ
ਅੱਨ੍ਹਾਦੇਸ ਓਸੇ ਪੱਾਸੇ ਉਲਟ ਪਿਆ ਓਸ ਧਨ ਬੇਅੰਤ ਕਮਾਇਆ ਜੀ
ਲੋੱਕਾਂ ਤਈਂ ਮਿਲਨਾਸੀ ਕੈਲਾਸ਼ਕਿਥੋਂ ਪੈਸਾਜੋਗੀਨੇਬਹੁਤ ਉਡਾਇਆ ਜੀ
ਓਸੇਪਿੰਡ ਸਤਿਗੁਰਾਂਦਾਸਿੱਖਰਹਿੰਦਾਨਾਮਤਿਲਕਾਓਹਦਾ ਲਿਖਾਇਆ ਜੀ
ਗਿਆ ਉਹ ਨ ਜੋਗੀਦੇ ਦਰਸ਼ਨਾਂ ਨੂੰਰੱਖਸਿਦਕਨਦਿਲ ਡੁਲਾਇਆ ਜੀ
ਕੀਤੀਪਾਸਜੋਗੀ ਕਿਸੇਚੁਗਲੀਜਾ ਤਿਲਕਾ ਖੱਤ੍ਰੀਨਹੀਂ ਚੱਲ ਆਇਆ ਜੀ
ਭੇਜੇ ਆਦਮੀ ਨਾਲ ਹੰਕਾਰ ਜੋਗੀ ਭਾਈ ਤਿਲਕੇ ਤਈਂ ਬੁਲਾਇਆ ਜੀ
ਓਸ ਆੱਖਯਾ ਮੇਰਾ ਕੀਹ ਕੰਮ ਓਥੇ ਸਭ ਕੁਝ ਮੈਂ ਗੁਰਾਂ ਤੋਂ ਪਾਇਆ ਜੀ
ਜੋਗੀ ਸੁਣਕੇ ਬੜਾ ਹੈਰਾਨ ਹੋਯਾ ਆਯਾ ਚੱਲਕੇ ਮਾਨ ਗਵਾਇਆ ਜੀ

---

*ਸੰਤੂ ਚੋਪੜਾ ਕੋੜ੍ਹ ਦੇ ਰੋਗ ਨਾਲ ਬੜਾ ਦੁਖੀ ਸੀ। ਉਸ ਨੇ ਸਤਿਗੁਰਾਂ ਪਾਸ ਬੇਨਤੀ ਕੀਤੀ ਤਾਂ ਹੁਕਮ ਹੋਯਾ ਕਿ ਇਹ ਜੋ ਦੋ ਥੱਮ੍ਹ ਗੁਰਦ੍ਵਾਰੇ ਦੇ ਹਨ ਇਨ੍ਹਾਂ ਨਾਲ ਆਪਣਾ ਸਰੀਰ ਰੋਜ਼ ਛੁਹਾਯਾ ਕਰ ਅਤੇ ਲਾਲ ਚੰਦਨ ਤੇ ਸ਼ਹਿਦ ਰਲਾਕੇ ਪੀਆ ਕਰ। ਓਹਦੇ ਏਸੇ ਤਰ੍ਹਾਂ ਕਰਨ ਕਰਕੇ ਉਸ ਦਾ ਰੋਗ ਦੂਰ ਹੋ ਗਿਆ। ਹੁਣ ਤੱਕ ਉਹਨਾਂ ਥੱਮ੍ਹਾਂ ਨਾਲ ਛੋਹ ਕੇ ਲੋਕ ਰਾਜ਼ੀ ਹੁੰਦੇ ਰਹਿੰਦੇ ਹਨ। ਵਾਹ ਸ਼ਕਤੀ ਹੋਵੇ ਤੇ ਇਹੋ ਜਿਹੀ ਹੀ ਹੋਵੇ, ਜੋ ਜੁੱਗਾਂ ਤੱਕ ਤਾਸੀਰ ਰੱਖੇ।

†ਕੈਲਾਸ਼ ਉਸ ਪਹਾੜ ਦਾ ਨਾਮ ਹੈ ਜਿੱਥੇ ਸ਼ਿਵ ਤੇ ਪਾਰਬਤੀ ਰਿਹਾ ਕਰਦੇ ਸਨ।

ਬੰਦ ਤਿਲਕੇ ਨੇ ਬੂਹਾ ਕਰ ਲਿਆ ਨ ਜੋਗੀ ਨੂੰ ਮੂੰਹ ਦਿਖਾਇਆ ਜੀ
ਜੋਗੀ ਬੇਨਤੀ ਕਰੇ ਕ੍ਰਤਾਰ ਸਿੰਘਾ ਕਿਉਂ ਤੂੰ ਆਪਣਾ ਆਪ ਛੁਪਾਇਆ ਜੀ

(ਭਾਈ ਤਿਲਕਾ)

ਤੇਰਾ ਵੇਖਯਾਂ ਮੂੰਹ ਕੈਲਾਸ਼ ਮਿਲਦਾ ਓਹ ਥਾਂ ਤਾਂ ਸਾਨੂੰ ਦਰਕਾਰ ਨਾਹੀਂ
ਜਿੰਨਾਂ, ਭੂਤਾਂ, ਸੱਪਾਂ ਬਿਨਾਂ ਬਾਂਦਰਾਂ ਦੇ ਓਥੇ ਕੋਈ ਵਸਤੂ ਹੋਰ ਸਾਰ ਨਾਹੀਂ
ਸੱਡੇ ਗੁਰਾਂ ਦੇ ਮੁਕਤੀ ਖੜੀਦਰ ਤੇ ਉਹ ਭੀ ਗਿਆਨਯਾਂ ਨੂੰ ਅੰਗੀਕਾਰ ਨਾਹੀਂ
ਅੰਮ੍ਰਿਤਸਰ ਉਤੋਂ ਪੰਛੀ ਉਡਦੇ ਭੀ ਜਾਂਦੇ ਲੰਘ, ਜੰਮਦੇ ਦੂਜੀ ਵਾਰ ਨਾਹੀਂ
ਬੂਹੇ ਖੁੱਲੇ ਬੈਕੁੰਠ ਦੇ ਹਰ ਵੇਲੇ ਸਿੱਖਾਂ ਤਈਂ ਇਟਕਾ ਵਿਚਾਰ ਨਾਹੀਂ
ਇਉਂ ਸੁਣਦੇ ਸਾਰ ਕਰਤਾਰ ਸਿੰਘਾ ਰਿਹਾ ਜੋਗੀ ਦਾ ਮਾਣ ਹੰਕਾਰ ਨਾਹੀਂ

(ਜੋਗੀ)

ਕਹਿੰਦਾ ਗੁਰਸਿੱਖਾ ਬੂਹਾ ਖੋਲ ਜਲਦੀ ਬਾਹਰ ਨਿਕਲ ਕੇ ਦੱਸ ਕੋਈ ਗੱਲ ਮੈਨੂੰ
ਜਿਵੇਂ ਉੱਚ ਨਿਸਚਾ ਤੇਰੇ ਹੱਥ ਆਯਾ ਮਿਹਰ ਕਰਕੇ ਦੱਸ ਉਹ ਵੱਲ ਮੈਨੂੰ
ਜਿਸ ਗੁਰੂ ਨੇ ਦਿੱਤਾ ਗਿਆਨ ਤੈਨੂੰ ਪਾਸ ਓਸਦੇ ਜਲਦ ਲੈ ਚੱਲ ਮੈਨੂੰ
ਕੈਲਾਸ਼ ਤੋਂ ਚੁੱਕ ਕਰਤਾਰ ਸਿੰਘਾ ਗੁਰ ਸਿੱਖਾ ਬੈਕੁੰਠ ਨੂੰ ਘੱਲ ਮੈਨੂੰ

(ਜੋਗੀ ਮਹੇਸ਼ ਨਾਥ ਨੇ ਸ੍ਰੀ ਸਤਿਗੁਰ ਜੀ ਦੀ ਸ਼ਰਨ ਆਉਣਾ)

ਬੂਹਾ ਤਿਲਕੇ ਨੇ ਫੇਰ ਖੋਹਲਦਿੱਤਾ ਦਿਲ ਸਿੱਖ ਦੇਵਿਚ ਪਯਾਰ ਆਇਆ
ਗੜ੍ਹ ਸ਼ੰਕਰੋਂ ਲੈਕੇ ਨਾਲ ਓਹਨੂੰ ਸਤਿਗੁਰਾਂ ਦਾ ਕਰਨ ਦਿਦਾਰ ਆਇਆ
ਅੰਮ੍ਰਿਤਸਰ ਹਰੀਮੰਦਰ ਵੇਖਕਰਕੇ ਮਨਯੋਗੀ ਦੇਵਿੱਚਇਤਬਾਰ ਆਇਆ
ਸਤਿਗੁਰਾਂਦਾ ਬੜਾਪ੍ਰਤਾਪ ਡਿੱਠਾਭਜਨ ਕੀਰਤਨਵੇਖ ਉਲਾਰ ਆਇਆ
ਉਮਰ ਆਪਣੀ ਵੱਡੀ ਤੇ ਗੁਰ ਛੋਟੇ ਏਸ ਗੱਲ ਤੋਂ ਕੁਝਹੰਕਾਰ ਆਇਆ
ਗੁਰ ਲਖਗਏ ਝਟਕਰਤਾਰ ਸਿੰਘਾ ਯੋਗੀਜਿੱਤਬਾਜ਼ੀ ਵੱਲ ਹਾਰ ਆਇਆ

(ਸ੍ਰੀ ਗੁਰੂ ਜੀ ਨੇ ਯੋਗੀ ਪ੍ਰਥਾਇ ਸ਼ਬਦ ਉਚਾਰਨ ਕਰਨਾ)

ਰਾਮਕਲੀ ਮਹਲਾ ੫ ॥

ਤਾਗਾ ਕਰਕੇ ਲਾਈ ਥਿਗਲੀ। ਲਉ ਨਾੜੀ ਸੂਆ ਹੈ ਅਸਤੀ ॥
ਅੰਭੈ ਕਾ ਕਰਿ ਡੰਡਾ ਧਰਿਆ।ਕਿਆ ਤੂ ਜੋਗੀ ਗਰਬਹਿਪਰਿਆ॥੧॥
ਜਪਿ ਨਾਥੁ ਦਿਨੁਰੈਨਾਈ।ਤੇਰੀ ਖਿੰਥਾ ਦੋ ਦਿਹਾਈ॥੧॥ ਰਹਾਉ॥
ਗਹਿਰੀ ਬਿਭੂਤ ਲਾਇ ਬੈਠਾ ਤਾੜੀ। ਮੇਰੀ ਤੇਰੀ ਮੁੰਦ੍ਰਾ ਧਾਰੀ।
ਮਾਗਹਿਟੂਕਾਤ੍ਰਿਪਤਿਨਪਾਵੈ।ਨਾਥੁ ਛੋਡਿਜਾਚਹਿਲਾਜਨ ਆਵੈ॥੨॥
ਚਲ ਚਿਤ ਜੋਗੀ ਆਸਣੁ ਤੇਰਾ। ਸਿੰਙੀ ਵਾਜੈ ਨਿਤ ਉਦਾਸੇਰਾ।
ਗੁਰਗੋਰਖਕੀ ਤੈ ਬੂਝ ਨ ਪਾਈ।ਫਿਰਿਫਿਰਿ ਜੋਗੀਆਵੈਜਾਈ॥੩॥
ਜਿਸਨੋ ਹੋਆ ਨਾਥੁ ਕ੍ਰਿਪਾਲਾ। ਰਹਰਾਸਿ ਹਮਾਰੀਗੁਰਗੋਪਾਲਾ।
ਨਾਮੈ ਖਿੰਥਾਨਾਮੈ ਬਸਤਰੁ।ਜਨ ਨਾਨਕ ਜੋਗੀਹੋਆਅਸਥਿਰੁ॥੪॥
ਇਉ ਜਪਿਆ ਨਾਥੁਦਿਨੁਰੈਨਾਈ। ਹੁਣ ਪਾਇਆ ਗੁਰੁ ਗੋਸਾਈ
॥ ੧ ॥ ਰਹਾਉ ਦੂਜਾ ॥੨ ॥ ੧੩ ॥

(ਮਹੇਸ਼ ਦਾਸ ਜੋਗੀ ਨੇ ਸਿੱਖ ਬਣਨਾ)

ਏਸ ਤਰ੍ਹਾਂ ਦੇ ਸਤਿ ਉਪਦੇਸ਼ ਸੁਣਕੇ *ਜੋਗੀ ਦਿਲੋਂ ਹੰਕਾਰ ਉਠਾ ਦਿੱਤਾ
ਸਿਲਾ ਚਟਦਾ ਰਿਹਾ ਅਲੂਣੀਆਂ ਸੀ ਹਠ ਯੋਗ ਕਰ ਜਨਮ ਗਵਾ ਦਿੱਤਾ
ਨਹੀਂ ਸੀ ਸ਼ਾਂਤੀ ਚਿੱਤ ਨੂੰ ਮੂਲ ਆਈ ਸਮਾ ਭਟਕਣਾ ਵਿੱਚ ਵੰਞਾ ਦਿੱਤਾ
ਸਹਿਜ ਯੋਗ ਦੀ ਗੁਰਾਂ ਨੇ ਦੱਸ ਯੁਕਤੀ ਮਨਭੂਤਨਾ ਬੰਨ੍ਹ ਠਹਿਰਾ ਦਿੱਤਾ

---

* ਜੋਗੀ ਮਹੇਸ਼ ਨਾਥ ਦੀ ਸਮਾਧ ਗੜ੍ਹ ਸ਼ੰਕਰ ਵਿਖੇ ਬਣੀ ਹੋਈ ਹੈ, ਓਥੇ ਸ਼ਿਵਰਾਤ੍ਰੀ ਦਾ ਮੇਲਾ ਲੱਗਦਾ ਹੈ। ਮਹੇਸ਼ ਦਾਸ ਦੀ ਔਲਾਦ ਗੁਰ ਸਿੱਖੀ ਤੋਂ ਬੇ ਮੁਖ ਹੋ ਹੁਣ ਆਪਣੇ ਆਪ ਨੂੰ ਗੁਰੂ ਕਹਾਉਂਦੀ ਹੈ।

ਨਿਜਾ ਨੰਦ ਆਨੰਦ ਦਿਖਾਲ ਦਿੱਤਾ ਨਦਰੀ ਨਦਰਨਿਹਾਲ ਕਰਾ ਦਿੱਤਾ
ਸਿੱਖ ਲਿਆ ਬਣਾ ਕਰਤਾਰ ਸਿੰਘਾ ਚਰਨਾਂਮ੍ਰਤ ਗੁਰਾਂ ਪਿਲਾ ਦਿੱਤਾ

ਵਜ਼ੀਰ ਖ਼ਾਂ ਦਾ ਬੀਮਾਰ ਹੋਣਾ

ਇਹ ਵਜ਼ੀਰ ਖ਼ਾਂ ਅਕਬਰ ਬਾਦਸ਼ਾਹ ਦੇਦਰਬਾਰ ਵਿਚ ਛੋਟਾਵਜ਼ੀਰ ਹੋਯਾ
ਅਕਲ ਮੰਦ ਖ਼ੁਦਾ ਦੇ ਖ਼ੌਫ ਵਾਲਾ ਚੁਣਵਾਂ ਆਦਮੀਰੌਸ਼ਨ ਜ਼ਮੀਰ ਹੋਯਾ
ਚੰਗੀ ਮੰਨੀ ਦੀ ਸ਼ਾਹੀ ਦਰਬਾਰ ਅੰਦਰ ਰੋਅਬਵਾਲਾਤੇਧਨੀਅਮੀਰ ਹੋਯਾ
ਓਹਦੇ ਅੰਦਰ ਜਲੋਧਰ ਹੋਯਾ ਪੈਦਾ ਭੈੜਾ ਰੋਗ ਆਕੇ ਦਾਮਨਗੀਰ ਹੋਯਾ
ਪੇਟ ਫੁੱਲ ਗਿਆ ਵਿੱਚ ਪਿਆ ਪਾਣੀ ਬਦਰੰਗ ਬੇਢੰਗ ਸਰੀਰ ਹੋਯਾ
ਸਭ ਸ਼ਾਹੀ ਹਕੀਮ ਲਾ ਜ਼ੋਰ ਥੱਕੇ ਦਾਰੂ ਕੋਈ ਭੀ ਨ ਪੁਰ ਤਾਸੀਰ ਹੋਯਾ
ਮੌਤ ਸਾਮ੍ਹਣੇ ਆਣ ਖਲੋਇ ਗਈ ਛੱਡ ਹੌਸਲਾ ਉੱਕਾ ਦਿਲਗੀਰ ਹੋਯਾ
ਆਯਾ ਗੁਰਾਂ ਦੀ ਸ਼ਰਨ ਕਰਤਾਰਸਿੰਘਾ ਵੇਖ ਲਿਉ ਸੂ ਜਦ ਅਖ਼ੀਰ ਹੋਯਾ

(ਵਜ਼ੀਰ ਖਾਂ ਨੇ ਸੱਚੇ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਹਾਜ਼ਰ ਹੋਣਾ)

ਸਿਫ਼ਤਾਂ ਨਿੱਤ ਸੁਣਦਾਗੁਰੂਘਰ ਦੀਆਂ ਓਹ ਔਖਾਹੋਇਕੇਓਟ ਤਕਾ ਆਯਾ
ਬਹੁਤ ਪੀਰ, ਫ਼ਕੀਰ, ਹਕੀਮ ਸ਼ਾਹੀ ਇਹਨਾਂ ਦਿਨਾਂਦੇਵਿਚਅਜ਼ਮਾ ਆਯਾ
ਕਿਸੇ ਰੇਖ਼ ਦੇ ਵਿਚ ਨ ਮੇਖ ਮਾਰੀ ਕਰ ਇਲਾਜ ਬਹੁ ਜ਼ਰ ਲੁਟਾ ਆਯਾ
ਸਭ ਥਾਵਾਂ ਤੋਂ ਬੇ ਉਮੈਦ ਹੋ ਕੇ ਅੰਮ੍ਰਿਤਸਰ, ਲਾਹੌਰ ਤੋਂ ਧਾ ਆਯਾ
ਦੁਖ ਭੰਜਨੀ ਸਾਹਿਬ ਸਤਿਗੁਰੂ ਬੈਠੇ ਓਥੇ ਪਾਲਕੀ ਤਈਂ ਚੁਕਵਾ ਆਯਾ
ਹੋਯਾ ਹਾਜ਼ਰ ਹਜ਼ੂਰ ਕਰਤਾਰ ਸਿੰਘਾ ਸਭ ਮਾਨ ਤੇ ਤਾਨ ਗੁਵਾ ਆਯਾ

(*ਵਜ਼ੀਰ ਖ਼ਾਂ ਦੀ ਬੇਨਤੀ)

ਗਾਰਤਾਲ ਦੀਬੈਠਕਦਵਾਰਹਿਸਨ ਮੰਜੀ ਸਾਹਿਬਦੇਬੜੇ ਦਾਤਾਰ ਗੁਰ ਜੀ
ਓਥੇ ਪਾਲਕੀ ਨੌਕਰਾਂ ਆਇ ਰੱਖੀ ਬੈਠੇ ਸਾਮ੍ਹਣੇ ਰੂਪ ਕਰਤਾਰ ਗੁਰ ਜੀ
ਹੱਥਜੋੜ ਸਲਾਮ ਵਜ਼ੀਰਖ਼ਾਂ ਕਰ ਕਹਿੰਦਾ ਮਿਹਰ ਕਰੋ ਕਰਨਹਾਰ ਗੁਰ ਜੀ
ਸਾਰੇ ਪੱਾਸਯਾਂ ਤੋਂ ਬੈ ਉਮੈਦ ਹੋਕੇ ਆਯਾ ਆਪ ਦੇ ਚੱਲ ਦਰਬਾਰ ਗੁਰ ਜੀ

---

*ਇਹ ਬੜਾ ਚਤੁਰ ਤੇ ਨੇਕ ਸੁਭਾ ਵਾਲਾ ਵਜ਼ੀਰ ਸੀ। ਇਸਦੀ ਬਣਾਈ ਹੋਈ ਮਸੀਤ ਅੱਜ ਦਿਣ ਤੱਕ ਲਾਹੌਰ ਵਿਚ ਮਜੂਦ ਹੈ । ਇਸ ਦਾਨੇ ਤੇ ਗੁਰੂ ਘਰ ਤੇ ਸ਼ਰਧਾ ਰਖਣ ਵਾਲੇ ਵਜ਼ੀਰ ਨੇ ਜੋ ਜੋ ਸੇਵਾ ਗੁਰੂ ਘਰ ਦੀ ਕੀਤੀ ਸੀ, ਉਹ "ਸ੍ਰੀ ਖੜਗੇਸ਼ ਪ੍ਰਕਾਸ਼" ਗ੍ਰੰਥ ਅੰਦਰ ਥਾਂ ਥਾਂ ਤੇ ਦਰਜ ਹੈ। ਜ਼ਰੂਰ ਮੰਗਵਾ ਪੜ੍ਹੋ।

ਉੱਚੀ ਆਪਦੀ ਨਿਗ੍ਹਾ ਅਕਸੀਰਭਾਰੀ ਕਰੋ ਡੁੱਬਦੇਬੇੜੇ ਨੂੰ ਪਾਰ ਗੁਰ ਜੀ
ਤੁਸੀਂ ਪੀਰਾਂ ਦੇ ਪੀਰਕਰਤਾਰਸਿੰਘਾਸ਼ਰਨਆਨ ਡਿੱਗਾਹਾਂਮੈਂਹਾਰ ਗੁਰ ਜੀ

(ਸ੍ਰੀ ਗੁਰੂ ਜੀ ਨੇ ਬੱਬੇ ਬੁੱਢੇ ਜੀ ਨੂੰ ਬਚਨ ਕਰਨਾ)

ਵਜ਼ੀਰ ਖ਼ਾਂ ਨੂੰ ਉਸਦੇ ਨੌਕਰਾਂ ਨੇ ਕੱਢ ਪਾਲਕੀ ਵਿਚੋਂ ਲਿਟਾਇਆ ਜੀ
ਓਹਦੀ ਹਾਲਤ ਵੇਖਕੇ ਦਯਾਆਈ ਸਤਿਗੁਰਾਂ ਨੇ ਬਚਨ ਸੁਣਾਇਆ ਜੀ
ਬੱਬਾ ਬੁੱਢਾ ਜੀ ਟੋਕਰੀ ਲਈਜਾਂਦੇ ਕਹਿੰਦੇਇਹ ਵਜ਼ੀਰਖ਼ਾਂ ਆਇਆ ਜੀ
ਤੁਸੀਂ ਏਸਦੇ ਉੱਪਰ ਮਿਹਰ ਕਰੋ ਇਹਨੂੰ ਰੋਗ੍ਹ ਨੇ ਆਨ ਦਬਾਇਆ ਜੀ
ਚੁੱਪ ਕਰਕੇ ਬੱਬਾ ਜੀ ਲੰਘ ਗਏ ਅੱਗੋਂ ਮੋੜ ਨ ਬਚਨ ਦੋਹਰਾਇਆ ਜੀ
ਫੇਰੇ ਦੂਸਰੇ ਆਇ ਤਾਂ ਫੇਰ ਓਵੇਂ ਸਤਿਗੁਰਾਂ ਨੇ ਯਾਦ ਕਰਾਇਆ ਜੀ
ਉਹ ਫੇਰ ਭੀ ਲੰਘ ਗਏ ਚੁੱਪ ਕੀਤੇ ਨਜ਼ਰਤਾਈਂ ਨ ਜ਼ਰਾ ਉਠਾਇਆ ਜੀ
ਤੀਜੀਵਾਰਜਦਆਇ ਕਰਤਾਰਸਿੰਘਾਸਤਿਗੁਰਾਂਮੁੜਓਵੇਂ ਅਲਾਇਆ ਜੀ

(*ਵਜ਼ੀਰ ਖਾਂ ਦਾ ਰੋਗ ਹਟਨਾ)

ਤੀਜੀਵਾਰ ਜਾਂ ਸਤਿਗੁਰਾਂ ਬਚਨਕੀਤਾ ਬੱਬੇਬੁੱਢੇਜੀ ਨੇ ਮੁਸਕਰਾ ਕਰਕੇ
ਸਿਰ ਗਾਰੇ ਦੀ ਟੋਕਰੀ ਚੁੱਕੀ ਸੀ ਜੋ ਦੋਹਾਂ ਹੱਥਾਂ ਦੇ ਉੱਤੇ ਉਠਾ ਕਰਕੇ
ਓਹ ਓਸ ਦੇ ਪੇਟ ਤੇ ਫਹਿ ਮਾਰੀ ਸ੍ਰੀ ਵਾਹਿਗੁਰੂ ਮੂੰਹੋਂ ਸੁਣਾ ਕਰਕੇ
ਚੰਗੀ ਕੁੱਬੇ ਦੇ ਆ ਗਈ ਲੱਤ ਕਾਰੀ ਵੱਜੀ ਐਨ ਟਿਕਾਣੇ ਤੇ ਜਾ ਕਰਕੇ
ਗੋਲਾਪਾਣੀ ਦਾ ਅੰਦਰੋਂ ਹਿੱਲਗਿਆ ਦੋਵੇਂ ਛੁੱਟਗਈਆਂ ਕਲਾਂ ਆ ਕਰਕੇ
ਨਿਕਲ ਗਈ ਸਭ ਬਦ ਬਲਾ ਓਵੇਂ ਗਈ ਟੋਕਰੀ ਪੇਟ ਸਫ਼ਾ ਕਰਕੇ
ਗਰਮ ਗਰਮ ਕੜਾਹ ਪ੍ਰਸ਼ਾਦਿ ਜਲਦੀ ਸਤਿਗੁਰੂ ਜੀ ਨੇ ਮੰਗਵਾ ਕਰਕੇ

---

*ਸੂਰਜ ਪ੍ਰਕਾਸ਼ ਰਾਸ ਚੌਥੀ ਅ: ਪੰਚਾਸ ਵਿਚ ਲਿਖਯਾ ਹੈ ਕਿ ਜਦ ਵਜ਼ੀਰ ਖਾਂ ਦਿੱਲੀ ਤੋਂ ਬਾਦਸ਼ਾਹ ਜਹਾਂਗੀਰ ਦਾ ਭੇਜਯਾ ਹੋਯਾ ਅੰਮ੍ਰਿਤਸਰ ਆਯਾ ਤਾਂ ਉਸਨੇ ਛੇਵੇਂ ਪਾਤਸ਼ਾਹ ਜੀ ਨੂੰ ਆਪ ਸੁਣਾਯਾ ਕਿ ਮੈਂ ਇਕ ਵਾਰ ਜਲੋਧਰ ਦੀ ਬੀਮਾਰੀ ਨਾਲ ਬੀਮਾਰ ਹੋ ਗਿਆ,ਬੜੇ ੨ ਹਕੀਮ ਜ਼ੋਰ ਲਾ ਥੱਕੇ ਮੇਰਾ ਰੋਗ ਨ ਘਟਯਾ। ਲਾਹੌਰ ਜਿਸ ਮਕਾਨ ਵਿਚ ਰਹਿੰਦਾ ਸਾਂ, ਓਸ ਗਲੀ ਵਿਥ ਇਕ ਗੁਰ ਘਰ ਦਾ ਸਿੱਖ ਰਹਿੰਦਾ ਸੀ;ਓਹ ਸੁਖਮਨੀ ਸਾਹਿਬ ਦਾ ਪਾਠ ਕਰਦਾ ਹੁੰਦਾ ਸੀ। ਜਦੋਂ ਕਦੇ ਮੇਰੇ ਕੰਨ ਵਿਚ ਓਸਦੀ ਆਵਾਜ਼ ਆ ਪੈਂਦੀ,ਮੈਨੂੰ ਆਰਾਮ ਆਉਂਦਾ ਤੇ ਰੋਗ ਘਟਨ ਲਗ ਜਾਂਦਾ, ਜਿਸਤੋਂ ਮੈ ਗੁਰਾਂ ਦੀ ਕਲਾਮ ਦੀ ਬਰਕਤ ਸਮਝ ਲਈ ਤੇ ਓਹ ਸਿੱਖ ਤੇ ਕੁਝ ਹੋਰ ਭੀ ਆਪਣੇ ਪਾਸ ਰੱਖ ਲਏ। ਰੋਜ਼ ਸੁਖਮਨੀ ਸਾਹਿਬ ਦਾ ਪਾਠ ਸੁਣਨ ਕਰਕੇ ਤੇ ਗੁਰ ਘਰ ਦਾ ਪ੍ਰਸ਼ਾਦਿ ਛਕਨ ਕਰਕੇ ਮੇਰਾ ਰੋਗ ਦੂਰ ਹੋਗਿਆ, ਓਸ ਦਿਨ ਤੋਂ ਮੈਂ ਆਪ ਦੇ ਘਰ ਦਾ ਗੁਲਾਮ ਹੋ ਰਿਹਾ ਹਾਂ। ਰਾਸ ੪, ਅਧਯਾਯ ੫੦।

ਓਸ ਤਈਂ ਉਠਵਾ ਕਰਤਾਰ ਸਿੰਘਾ ਛਕਵਾਇਆ ਸਾਫ਼ ਕਰਵਾ ਕਰਕੇ

(ਵਾਕ ਕਵੀ)

ਏਸ ਨੇਕੀ ਦਾ ਬਦਲਾ ਨੇਕ ਬੰਦਾ ਵਾਹ ਲੱਗਦੀ ਬਹੁਤ ਪੁਚਾਂਦਾ ਰਿਹਾ
ਜਿੰਨਾਚਿਰ ਰਿਹਾਜੀਊਂਦਾ,ਗੁਰੂਘਰ ਦੇ ਭਲੇ ਵਾਸਤੇ ਜ਼ੋਰ ਲਗਾਂਦਾ ਰਿਹਾ
ਆਖਰਤੱਕਰਿਹਾਖ਼ਿਦਮਤਗਾਰਬਣਯਾਂਸਿੱਖੀਸਿਦਕਦੇ ਤਈਂ ਨਿਭਾਂਦਾ ਰਹਾ
ਬਾਦਸ਼ਾਹ ਦੇ ਨਾਲ ਜੋ ਰਹੇ ਝਗੜੇ ਗੁਰੂ ਘਰ ਦਾ ਪੱਖ ਰਖਾਂਦਾ ਰਿਹਾ
ਬਾਦਸ਼ਾਹੀ ਤੂਫ਼ਾਨ ਜੋ ਰਹੇ ਚੜ੍ਹਦੇ ਉਹ ਦਾਨਾਈ ਦੇ ਨਾਲ ਹਟਾਂਦਾ ਰਿਹਾ
ਗੁਰੂ ਘਰ ਦੀ ਬੜੀ ਤਾਰੀਫ਼ ਭਾਰੀ ਵਿਚ ਸ਼ਾਹੀ ਦਰਬਾਰ ਸੁਣਾਂਦਾ ਰਿਹਾ
ਥਾਂਥਾਂ ਤੇ ਉਨ੍ਹਾਂ ਦਾ ਜ਼ਿਕਰ ਆਯਾ ਸੱਚੇਦਿਲੋਂ ਜੋ ਟਹਿਲੇ ਕਮਾਂਦਾ ਰਿਹਾ
ਨਾਮ ਰਿਹਾ ਅਟੱਲ ਕਰਤਾਰਸਿੰਘਾ ਝੰਡਾ ਯੱਸ ਦਾ ਸਦਾ ਲਹਿਰਾਂਦਾ ਰਿਹਾ

(ਵਾਕ ਕਵੀ)

ਸਾਲ ਤਿੰਨਆਰਾਮਦੇ ਮਿਲਗਏਪ੍ਰਿਥੀਏਹੋਰੀਕੋਈ ਬਣਤ ਬਣਾਉਂਦੇ ਰਹੇ
ਏਧਰ ਗੁਰੂ ਜੀ ਸਿੱਖੀ ਪਰਚਾਰ ਕਰਕੇ ਸਿੱਖਾਂਸੇਵਕਾਂਤਈਂ ਤਰਾਉਂਦੇ ਰਹੇ
ਏਥੇ ਕੁਝ ਕੁ ਸਿੱਖਾਂ ਦੇ ਨਾਮ ਲਿੱਖਾਂ ਸੇਵਾ ਕਰ ਜੋ ਲਾਭ ਉਠਾਉਂਦੇ ਰਹੇ
ਪ੍ਰਸ਼ਨ ਉੱਚੇ ਹਜ਼ੂਰ ਦੇ ਪਾਸ ਕਰਕੇ ਸ਼ੰਕੇ ਦਿਲਾਂ ਦੇ ਵਿਚੋਂ ਮਿਟਾਉਂਦੇ ਰਹੇ
ਲਿਖੇਉਨ੍ਹਾਂਦੇ ਨਾਮਗੁਰਦਾਸ ਜੀਨੇ ਸਿੱਖੀ ਸਿਦਕਜੋਸਬਕ ਪਕਾਉਂਦੇ ਰਹੇ
ਗੁਰੂ ਦੀਨ ਦਯਾਲ ਕਰਤਾਰ ਸਿੰਘਾ ਸਮੇ ਸਮੇ ਉਪਦੇਸ਼ ਸੁਣਾਉਂਦੇ ਰਹੇ

ਭਾਈ ਤ੍ਰਿਲੋਕਾ

ਇਹਗਜ਼ਨੀ ਦਾ ਸਿੱਖਰਹਿਣ ਵਾਲਾ ਅਰਜ਼ ਵਿੱਚ ਦੀਵਾਨ ਸੁਣਾਵੰਦਾ ਏ
ਸਤਿਗੁਰੂ ਜੀ ਕਰੋ ਉਪਦੇਸ਼ ਮੈਨੂੰ ਅੰਤ ਜਮਾਂ ਦਾ ਡਰ ਡਰਾਵੰਦਾ ਏ
ਮੇਰੀ ਜਿਸ ਤਰ੍ਹਾਂ ਹੋ ਕੱਲਯਾਨ ਜਾਵੇ ਜਪ ਤਪ ਨ ਕਰਨਾ ਆਵੰਦਾ ਏ
ਆਯਾਦੂਰ ਤੋਂ ਚੱਲ ਕਰਤਾਰਸਿੰਘਾ ਕਰੋ ਮਿਹਰ ਬਹੁਤਾ ਘਿਘ੍ਹਜਾਵੰਦਾ ਏ

(ਸਤਿਗੁਰੂ ਜੀ)

ਸਤਿਨਾਮ ਦੇ ਨਾਲਪ੍ਰੀਤ ਲਾਵੋਉਠਦੇ ਬਹਿੰਦਿਆਂ ਕਰੋ ਅੱਭਯਾਸ ਭਾਈ
ਸ੍ਵਾਸ ਸ੍ਵਾਸ ਦੇ ਨਾਲ ਉਚਾਰ ਹੋਵੇ ਜਾਵੇ ਬਿਰਥਾ ਮੂਲ ਨ ਸਾਸ ਭਾਈ
ਭਾਣੇ ਵਿਚ ਆਨੰਦ ਪ੍ਰਸੰਨ ਰਹਿਣਾ ਹੋਣਾ ਦਿਲੋਂ ਨ ਕਦੇਉੱਦਾਸ ਭਾਈ
ਇਹ ਦੁਨੀਆਂ ਆਵਣੀ ਜਾਵਣੀ ਏਂ ਜੋ ਉਪਜਯਾ ਹੋਇ ਬਿਨਾਸ ਭਾਈ

ਕੀਤੇ ਆਪਣੇ ਕਰਮ ਦਾ ਫਲ ਪਾਣਾ ਨ ਟਲੇ ਮੱਥੇ ਲਿੱਖਯਾਸ ਭਾਈ
ਕਦੇ ਦੋਸ਼ ਅਰੋਪਣਾ ਪ੍ਰਭੂ ਤੇ ਨ ਓਹਦੀ ਮਿਹਰ ਦੀ ਰੱਖਣੀ ਆਸ ਭਾਈ
ਦਯਾ,ਖਿਮਾਂ,ਗ਼ਰੀਬੀ ਤੇ ਨਾਮ ਸੰਦੀ ਜਮ੍ਹਾ ਰੱਖਣੀ ਸਦਾ ਹੀ ਰਾਸ ਭਾਈ
ਦੂਰ ਕਰਨਾ ਦਿਲੋਂ ਹੰਕਾਰ ਪਾਪੀ ਰਹਿਨਾ ਪ੍ਰਭੂ ਦਾ ਬਣਯਾਂ ਦਾਸ ਭਾਈ
ਗੁਰਸਿੱਖਾਂ ਦੀਸਦਾ ਹੀਟਹਿਲਕਰਨੀਹਿਰਦਾਸ਼ੁੱਧਹੋਇਨਾਮ ਪ੍ਰਕਾਸ਼ ਭਾਈ
ਨਹੀਂ ਦੁਖਾਵਨਾ ਕਿਸੇ ਕਰਤਾਰ ਸਿੰਘਾ ਗੁਰਵਾਕ ਤੇ ਰੱਖ ਵਿਸ੍ਵਾਸ ਭਾਈ

(ਵਾਕ ਕਵੀ)

ਏਸ ਸਿੱਖ ਨੇਜਿਵੇਂ ਉਪਦੇਸ਼ਸੁਣਯਾਂ ਤਿਵੇਂ ਜਾਇਕੇ ਦੇਸ ਕਮਾਇਆ ਜੀ
ਸਿੱਖੀਸਿਦਕਤੋਂ ਪਾਯਾਮੁਰਾਤਬਾਜੇ ਚਮਤਕਾਰ ਜਿਉਂ ਗੁਰਾਂਦਿਖਾਇਆ ਜੀ
ਸਾਰਾ ਵਿੱਚ ਖੜਗੇਸ਼ਪ੍ਰਕਾਸ਼*ਲਿਖਯਾ ਪੜ੍ਹੋਓਸਦੇ ਵਿਚੋਂ ਜਤਾਇਆ ਜੀ
ਲਿਖਯਾਸਮੇਅਨੁਸਾਰਕਰਤਾਰਸਿੰਘਾ ਛੇਵੇਂ ਗੁਰੂਜਿਉਂ ਸਿੱਖਬਚਾਇਆ ਜੀ

ਭਾਈ ਕਟਾਰੂ

ਆਯਾਸਿੱਖਇਹਕਾਬਲੋਂਦਰਸ਼ਨਾਂਨੂੰਕਹਿੰਦਾਮੇਰੀਹੋਵੇ ਨਮਸ਼ਕਾਰ ਗੁਰ ਜੀ
ਮੈਂ ਕੰਮ ਧੜਵਾਈ ਦਾ ਕਰਦਾ ਹਾਂ ਜਿਨਸ ਤੋਲਨੀਹੈਮੇਰੀਕਾਰ ਗੁਰ ਜੀ
ਜਪਤਪ ਨ ਹੋਵੰਦਾ ਕੋਈ ਮੈਥੋਂ ਵਿਹਲ ਮਿਲੇ ਨ ਵਿੱਚ ਪਰਵਾਰ ਗੁਰ ਜੀ
ਕੋਈ ਕਰੋ ਉਪਦੇਸ਼ ਕਰਤਾਰਸਿੰਘਾ ਹੋਵੇਜੱਗ ਤੇ ਜਿਵੇਂ ਉੱਧਾਰ ਗੁਰ ਜੀ

(ਸ੍ਰੀ ਗੁਰੂ ਜੀ)

ਸਿੱਖਾਮੌਤ ਨੂੰ ਰੱਖਣਾ ਯਾਦਹਰਦਮ ਝੂਠਵਿਚ ਵਿਹਾਰ ਦੇ ਬੋੱਲਨਾ ਨਹੀਂ
ਕੰਮਕਾਰ ਅੰਦਰ ਰਹਿੰਦੇਨਾਮ ਜਪਨਾ ਫੜਤੱਕੜੀਤੇ ਘੱਟ ਤੋੱਲਨਾ ਨਹੀਂ
ਆਸ ਰੱਖਣੀਸਦਾ ਕਰਤਾਰ ਦੀਏਦੁੱਖਸੁਖਅੰਦਰ ਦਿਲੋਂ ਡੋੱਲਨਾ ਨਹੀਂ
ਸਿੱਖੀਸਿਦਕਦੇਵਿੱਚਕਰਤਾਰਸਿੰਘਾਮਨਮੁੱਖਤਾਦਾ ਜ਼ਹਿਰ ਘੋੱਲਨਾ ਨਹੀਂ

(ਵਾਕ ਕਵੀ)

ਸਿੱਖ ਲੈ ਉਪਦੇਸ਼ ਤੇ ਚਲਾ ਗਿਆ ਰੁੱਝਾ ਆਪਣੇ ਕਾਰ ਵਿਹਾਰ ਅੰਦਰ
ਓਹਦਾ ਪੰਜ ਪੈਸੇ ਵੱਟਾ ਘੱਟ ਹੈਸੀ ਕੀਤੀ ਸੋਚ ਨ ਸਿੱਖ ਵਿਚਾਰ ਅੰਦਰ
ਘੱਟ ਤੋਲਦਾਆਪਣੇ ਦਿਲੋਂ ਨ ਓਹਸਾਫ਼ਸੁੱਧਰਹਿੰਦਾ ਸਦਾ ਕਾਰ ਅੰਦਰ

*ਦੇਖੋ ਸਫ਼ਾ ੨੦।

ਕਿਸੇਭੇਤੀ ਨੇ ਚੁਗਲੀ ਜਾਇ ਖਾਧੀ ਸਮਾਂਪਾਇਕੇ ਰਾਜ ਦਰਬਾਰ ਅੰਦਰ
ਵੱਟੇ ਸਣੇ ਕਟਾਰੂ ਨੂੰ ਫੜ ਖੜਯਾ ਸਿੱਖ ਡੁੱਬ ਗਿਆ ਗ਼ਮਧਾਰ ਅੰਦਰ
ਬਣੀ ਬਹੁਤ ਲਾਚਾਰੀ ਕਰਤਾਰਸਿੰਘਾ ਬਣੇ ਕੌਣ ਵਾਹਰੂ ਸਰਕਾਰ ਅੰਦਰ

(ਕਟਾਰੂ ਨੇ ਸਤਿਗੁਰਾਂ ਪਾਸ ਬੇਨਤੀ ਕਰਨੀ)

ਘੱਟ ਤੋਲ ਦੀ ਬੜੀ ਸਜ਼ਾਇ ਹੈਸੀ ਸ਼ਰਮਸਾਰ ਹੋ ਬਹੁਤ ਘਬਰਾਨ ਲੱਗਾ
ਕੌਣ ਏਸ ਵੇਲੇ ਵਾਹਰੂ ਬਣੇ ਏਥੇ ਚਾਰੋਂ ਤਰਫ਼ ਹੀ ਨਿਗ੍ਹਾ ਦੁੜਾਨ ਲੱਗਾ
ਸਾਕ ਅੰਗ ਨ ਮੱਦਦੀ ਕੋਈ ਡਿੱਠਾ ਹੋ ਨਿਆਸਰਾ ਗੁਰੂ ਧਿਆਨ ਲੱਗਾ
ਹੈ ਅਨਜਾਣ ਪੁਣੇ ਵਿਚ ਪਾਪ ਹੋਇਆ ਕਾਰਆਪਣੀ ਤੇ ਸ਼ਰਮਾਨ ਲੱਗਾ
ਸਤਿਗੁਰੂ ਜੀ ਕਰੋ ਇਮਦਾਦ ਮੇਰੀ ਇੱਕ ਮਨ ਫ਼ਰਯਾਦ ਸੁਣਾਨ ਲੱਗਾ
ਸਿਰ ਤੇ ਪੂਰਾ ਸੀ ਗੁਰੂ ਕਰਤਾਰਸਿੰਘਾ ਪਤ ਸਿੱਖ ਦੀ ਬਹੁੜ ਬਚਾਨ ਲੱਗਾ

(ਵਾਕ ਕਵੀ)

ਇਹ ਸਮਾਂਕਹਿੰਦੇ ਛੇਵੇਂ ਪਾਤਸ਼ਾਹ ਦਾ ਮੀਰੀਪੀਰੀ ਦਾ ਮਾਲਕਰੂਪ ਹਰਦਾ
ਬੈਠਾ ਤਖ਼ਤ ਅਕਾਲ ਦਰਬਾਰ ਲਾਈ ਸਿੱਖ ਕਾਬਲ ਵਿਚ ਪੁਕਾਰ ਕਰਦਾ
ਭੀੜ ਸਿੱਖ ਤਾਈਂ ਬਣ ਗਈ ਭਾਰੀ ਪੂਰਾ ਗੁਰੂ ਨ ਵੇਖਕੇ ਮੂਲ ਜਰਦਾ
ਚੜ੍ਹੀ ਭੇਟਾ ਵਿੱਚੋਂ ਪੈਸੇ ਪੰਜ ਫੜ ਕੇ ਕਦੇ ਸੱਜੀ ਕਦੇ ਖੱਬੀ ਤਲੀ ਧਰਦਾ
ਕਈ ਵਾਰ ਕੀਤੇ ਉਲਟ ਪੁਲਟ ਪੈਸੇ ਪਤ ਸਿੱਖ ਦੀ ਰਹੀ ਤੇ ਕਾਜ ਸਰਦਾ
ਲਖਯਾ ਕਿਸੇ ਨ ਭੇਦ ਕਰਤਾਰ ਸਿੰਘਾ ਅੰਤ ਪਾ ਸੱਕੇ ਕੌਣ ਗੁਰੂ ਘਰਦਾ

(ਤਥਾ)

ਸਮਾਂ ਪਾ ਕੇ ਆਪ ਕਟਾਰੂ ਆਯਾ ਓਸ ਵਿਚ ਦੀਵਾਨ ਸੁਣਾਯਾ ਜੀ
ਸਤਿਗੁਰੋ ਵੱਡੀ ਤੁਸਾਂ ਮਿਹਰ ਕੀਤੀ ਫਸੇ ਮੌਤ ਦੇ ਮੂੰਹੋਂ ਛੁਡਾਯਾ ਜੀ
ਸਿੱਖਾਂ ਪੁੱਛਯਾ ਓਸ ਨੂੰ ਗੱਲ ਕੀਹ ਏ ਸਾਰਾ ਖੋਲ੍ਹ ਕੇ ਭੇਦ ਜਤਾਯਾ ਜੀ
ਤੋਲੈਘੱਟ ਨ ਕੋਈ ਮੇਰੀਸ਼ਾਹੀਅੰਦਰਸਾਡੇ ਬਾਦਸ਼ਾਹ ਹੁਕਮ ਫਰਮਾਯਾ ਜੀ
ਬਦਕਿਸਮਤੀ ਨੂੰ ਮੇਰਾ ਘੱਟ ਵੱਟਾ ਮੈਂ ਭੇਦ ਨ ਓਸਦਾ ਪਾਯਾ ਜੀ
ਕਿਸੇ ਚੁਗਲ ਨੇ ਚੁਗ਼ਲੀ ਜਾਇ ਖਾਧੀ ਸਣੇ ਵੱਟੇ ਦੇ ਮੈਨੂੰ ਫੜਾਯਾ ਜੀ
ਕੰਬੀ ਜਾਨ ਮੇਰੀ ਦਿੱਸੀ ਮੌਤ ਸਿਰ ਤੇ ਸਤਿਗੁਰਾਂ ਨੂੰ ਤਦੋਂ ਧਿਆਯਾ ਜੀ
ਵੱਟਾ ਵਿਚ ਦਰਬਾਰ ਦੇ ਤੋਲ ਰਹੇ ਪੂਰਾ ਨਿਕਲਯਾ ਬਹੁਤ ਜੁਖਾਯਾ ਜੀ
ਕਈ ਵਾਰ ਅੱਗੇ ਪਿਛੇ ਪਾ ਓਹਨਾਂ ਫੜ ਸਿਆਨਿਆਂ ਹੱਥੀਂ ਤੁਲਾਯਾ ਜੀ
ਮੇਰੀਪਤ ਰਹਿਗਈ ਕਰਤਾਰਸਿੰਘਾ ਚੁਗਲ ਖੋਰ ਨੂੰ ਬਹੁਤ ਧਮਕਾਯਾ ਜੀ

(ਤਥਾ)

ਕਈਆਂਸਿੱਖਾਂਨੂੰਗੱਲ ਓਹਯਾਦ ਆਗਈਗੁਰੂਬੈਠੇਹੋਏਇਖੇਲਰਚਾਰਹਿ ਸਨ
ਲੈ ਕੇ ਪੰਜ ਪੈਸੇ ਹੱਥ ਆਪਣੇ ਤੇ ਦੋਹਾਂ ਤਲੀਆਂ ਉੱਤੇ ਫਿਰਾ ਰਹਿ ਸਨ
ਕੀਹ ਪਤਾ ਸੀ ਕਿਸੇਨੂੰ ਏਸ ਗੱਲਦਾ ਕਲਾ ਕਾਬਲ ਵਿਚ ਵਰਤਾ ਰਹਿ ਸਨ
ਇਹ ਸੁਣ ਪ੍ਰਸੰਗ ਕਰਤਾਰਸਿੰਘਾ ਵਾਹ ਵਾਹ ਸਭ ਸਿੱਖ ਸੁਣਾ ਰਹਿ ਸਨ

ਭਾਈ ਚੂਹੜ ਤੇ ਪੁਰੀਆ

ਭਾਈਚੂਹੜ ਤੇ ਪੁਰੀਆ ਦੋਵੇਂਜਣੇ ਕਹਿੰਦੇਗੁਰੂਜੀ ਕਿਵੇਂ ਕੱਲਯਾਨ ਹੋਵੇ
ਤੁੱਛ ਬੁੱਧ ਹਾਂ ਕਲਜੁਗੀ ਜੀਵ ਅਸੀਂ ਸੱਡੇ ਪਾਸੋਂ ਨ ਪੁੰਨ ਤੇ ਦਾਨ ਹੋਵੇ
ਕੋਈ ਯੁਕਤ ਸੁਖਾਲੀ ਜਹੀਦੱਸਦੇਵੋ ਆਉਣਾਸਫਲਾ ਸੱਡਾ ਜਹਾਨ ਹੋਵੇ
ਅੱਗੇ ਵਿੱਚ ਦਰਗਾਹ ਕਰਤਾਰ ਸਿੰਘਾ ਸੱਡੇ ਮੱਥੇ ਤੇ ਨੇਕ ਨਿਸ਼ਾਨ ਹੋਵੇ

(ਸ੍ਰੀ ਸਤਿਗੁਰੂ ਜੀ)

ਸਤਿਗੁਰੂ ਜੀ ਆਖਦੇ ਭਾਈ ਸਿੱਖੋ ਝੂਠ ਬੋੱਲਣੇ ਜੇਡ ਨਹੀਂ ਪਾਪ ਕੋਈ
ਝੂਠ ਬੋੱਲਣਾ ਅੱਜ ਤੋਂ ਛੱਡ ਦੇਵੋ ਢੁੱਕੇ ਨੇੜੇ ਨ ਫੇਰ ਸੰਤਾਪ ਕੋਈ
ਇੱਕ ਝੂਠ ਹੀ ਮੂਲ ਅਪ੍ਰਾਧ ਦਾ ਏ ਕਰਨ ਦੇਵੇ ਨ ਤਪ ਤੇ ਜਾਪ ਕੋਈ
ਬੋੱਲੋ ਸੱਚ ਹਮੇਸ਼ ਕਰਤਾਰ ਸਿੰਘਾ ਪਵੇ ਰੋਗ ਨ ਸੋਗ ਕਦਾਪ ਕੋਈ

(ਸਿੱਖ)

ਝੂਠਬਿਨ੍ਹਾਂ ਨ ਲੰਘਦਾਝੱਟ ਕਿਧਰੇ ਸੱਚ ਬੋੱਲਣਾ ਬਹੁਤ ਅਜ਼ਾਰ ਗੁਰ ਜੀ
ਅਸੀਂਚੋਧਰੀ ਰਾਜਸੀਕੰਮਾਂ ਵਾਲੇਜਾਣਾ ਪੈਂਦਾਹੈ ਰਾਜ ਦਰਬਾਰ ਗੁਰ ਜੀ
ਮਰਜ਼ੀਹਾਕਮਾਂਤੋਂ ਉਲਟ ਬੋਲੀਏਜੇ ਵਿਗੜਜਾਂਵਦੀਹੈਸਾਰੀਕਾਰ ਗੁਰ ਜੀ
ਕਿਵੇਂਛੱਡੀਏ ਝੂਠ ਕਰਤਾਰਸਿੰਘਾ ਝੂਠਬਿਨ੍ਹਾਂ ਨ ਕੋਈ ਵਿਹਾਰ ਗੁਰ ਜੀ

(ਸ੍ਰੀ ਗੁਰੂ ਜੀ)

ਝੂਠ ਬੋੱਲਯਾਂ ਆਤਮਾ ਹੋਇ ਗੰਦਾ ਝੂਠ ਤੇਜ਼, ਪ੍ਰਤਾਪ ਦੀ ਜੜ੍ਹ ਗਾੱਲੇ
ਕਾਮ, ਕ੍ਰੋਧ ਤੇ ਲੋਭ ਹੰਕਾਰ ਤਾਈਂ ਝੂਠ ਦੇਇ ਲੋਰੀ ਗੋਦੀ ਪਾ ਪਾੱਲੇ
ਝੂਠ,ਜੂਠ ਜਿੱਥੇਦੋਵੇਂ ਹੋਣਕੱਠੇ ਬਰਕਤ ਉੱਡਜਾਂਦੀਪੈਂਦੇ ਕਸ਼ਟ ਬਾੱਹਲੇ
ਝੂਠ ਪਾਪ ਦਾ ਮੁੱਢ ਕਰਤਾਰਸਿੰਘਾ ਦਯਾ ਧਰਮ ਤਾਈਂ ਦੇਂਦਾ ਮਾਰ ਤਾੱਲੇ

(ਤਥਾ)

ਅਸੀਂ ਦੱਸਦੇ ਝੂਠ ਜਿਉਂ ਨਾਸ ਹੋਵੇ ਉਹ ਯਕਤੀ ਪਿੰਡ ਕਮਾਉ ਜਾ ਕੇ

ਸਤਿਸੰਗੀਜਿੱਥੇ ਕੱਠੇ ਹੋ ਸੱਕਣ ਧਰਮਸਾਲ ਇੱਕਸੋਹਣੀ ਬਣਾਉ ਜਾ ਕੇ
ਵੱਡੀ ਵਹੀ ਓੱਥੇ ਇੱਕ ਰੱਖ ਛੱਡੋ ਇਹ ਨਿਯਮ ਭਾਰੀ ਠਹਿਰਾਉ ਜਾ ਕੇ
ਸਾਰਾ ਦਿਨ ਜੋ ਕਰੋ ਕਰਤਾਰਸਿੰਘਾ ਸੱਚੋ ਸੱਚ ਰਾਤੀਂ ਲਿਖਵਾਉ ਜਾ ਕੇ

(ਵਾਕ ਕਵੀ)

ਇਹੋਕਾਰਓਹਨਾਂ ਪਿੰਡ ਜਾਇ ਕੀਤੀਧਰਮਸਾਲਸੋਹਣੀ ਬਣਵਾਈ ਸੀ ਜੀ
ਇੱਕ ਵੱਡੀ ਸਾਰੀ ਵਹੀ ਰੱਖ ਛੱਡੀ ਸਤਿਸੰਗ ਦੀ ਰੀਤ ਚਲਾਈ ਸੀ ਜੀ
ਸਾਰਾਦਿਨ ਜੋ ਸੱਚ ਤੇ ਝੂਠਬੋਲਣ ਰਾਤੀਂ ਲਿਖਣ ਹੱਥੀਂ, ਠਹਿਰਾਈ ਸੀ ਜੀ
ਇਹਚਾਲ ਸਾਰੇ ਪਿੰਡ ਵਧਗਈ ਸਾਰੇ ਲਿਖਣਲੱਗੇ ਮਾਈਭਾਈ ਸੀ ਜੀ
ਦੂਜੇਦਿਨ ਸਭ ਤਈਂ ਸੁਣਾਦੇਣਾ ਸਭ ਦੇ ਸਾਮ੍ਹਣੇਕੀਤੀ ਕਮਾਈ ਸੀ ਜੀ

ਸੱਚ ਵਾਲੇ ਤਾਂ ਬੜੇ ਪ੍ਰਸੰਨ ਹੁੰਦੇ ਗਰਦਨ ਝੂਠਯਾਂ ਨਿੱਤ ਝੁਕਾਈ ਸੀ ਜੀ
ਹੌਲੀਹੌਲੀਸਭਨੂੰ ਸ਼ਰਮਔਣਲੱਗੀ ਝੂਠੋਂਹਟਣਲੱਗਪਈਲੋਕਾਈ ਸੀ ਜੀ
ਜਦੋਂ ਆਵਣਾ ਵਹੀਭੀ ਲੈ ਆਉਣੀ ਕੀਤੀਗੁਰੂਜੀ ਨੇ ਪਕਿਆਈ ਸੀ ਜੀ
ਹਰਇੱਕਸੋਚਦਾਆਪਣੇਦਿਲਅੰਦਰ ਸਭਨੇ ਇਹੋਦਲੀਲਦੁੜ੍ਹਾਈ ਸੀ ਜੀ
ਜਾ ਹਜ਼ੂਰ,ਸ਼ਰਮਿੰਦਯਾਂਪਵੇਹੋਣਾ ਦਿੱਤੀਡਰਦਯਾਂ ਛੱਡ ਬੁਰਿਆਈ ਸੀ ਜੀ
ਉੱਕੀਝੂਠ ਦੀ ਆਦਤ ਰਹੀ ਜਾਂਦੀ ਹੋਈਦਿਲਾਂ ਦੀ ਖ਼ੂਬ ਸਫ਼ਾਈ ਸੀ ਜੀ
ਜੀਉਂਦੇਮੁਕਤਹੋਗਏਕਰਤਾਰਸਿੰਘਾਸਤਿਗੁਰਾਂਤੋਂ ਲਈਵਡਿਆਈ ਸੀ ਜੀ

(ਤਥਾ)

ਏਸੇਤਰ੍ਹਾਂ ਹਰਇੱਕ ਇਨਸਾਨਸੱਚੇ ਅੰਤਸੱਚੇ ਦਰਬਾਰਵਿੱਚਜਾਣਾ ਹੈ ਜੀ
ਜੋ ਕੁਝ ਪਾਪ ਤੇ ਪੁੰਨ ਕਮਾ ਰਹੇ ਹਾਂ ਚਿੱਤ੍ਰ ਗੁਪਤ ਨੇ ਲਿਖ ਰਖਾਣਾ ਹੈ ਜੀ
ਵੇਲੇ ਅੰਤ ਦੇ ਓਹੋ ਐਮਾਲ-ਨਾਮਾ ਸਾਡੇ ਸਾਮ੍ਹਣੇ ਕੱਢ ਦਿਖਾਣਾ ਹੈ ਜੀ
ਬਣ ਆਵੇਗਾ ਕੀਹ ਜਵਾਬ ਓਥੇ ਪਵੇ ਵਿੱਚ ਹਜ਼ੂਰ ਸ਼ਰਮਾਣਾ ਹੈ ਜੀ
ਸੱਚ ਵਾਲਯਾਂ ਤਈਂ ਸ਼ਾਬਾਸ਼ ਮਿਲੂ ਝੂਠੇ ਪਾਪੀਆਂ ਨੇ ਦੁੱਖ ਪਾਣਾ ਹੈ ਜੀ
ਜੋ ਬੀਜਾਂਗੇ ਬੀਜ ਕਰਤਾਰ ਸਿੰਘਾ ਪੈਣਾ ਅੰਤ ਨੂੰ ਓਹੋ ਹੀ ਖਾਣਾ ਹੈ ਜੀ

ਭਾਈ ਪੈੜਾ ਤੇ ਦੁਰਗਾ

ਇੱਕਦਿਨ ਪੈੜਾ ਦੁਰਗਾ ਸਿੱਖਦੋਵੇਂ ਹਾਜ਼ਰ ਗੁਰਾਂ ਦੇ ਵਿਚ ਦਰਬਾਰ ਹੋਏ
ਹੱਥ ਜੋੜ ਕੇ ਬੇਨਤੀ ਕਰਨਲੱਗੇ ਸਾਡਾ ਜਿਸ ਤਰ੍ਹਾਂ ਸਹਿਲ ਉਧਾਰ ਹੋਏ
ਉਹ ਕਰੋ ਸੁਖੈਨ ਉਪਦੇਸ਼ ਕੋਈ ਜਨਮ ਮਰਨ ਤੋਂ ਜਿਵੇਂ ਛੁਟਕਾਰ ਹੋਏ
ਅਸੀਂ ਕਿਰਤੀ ਹਾਂ ਲੋਕ ਕਰਤਾਰਸਿੰਘਾ ਜਪ ਤਪ ਨ ਸਾਥੋਂ ਵਿਚਾਰ ਹੋਏ

(ਸ੍ਰੀ ਗੁਰੂ ਜੀ)

ਧਰਤੀਧਰਮਅੰਦਰ ਕਰਮਬੀਜ ਬੀਜੇ ਜੀਵਜਨਮ ਜਨਮਾਂਤ੍ਰੀ ਖਾਵੰਦਾ ਏ
ਪੂਰਬਜਨਮਦੇ ਵਿੱਚ ਜੋ ਕਰਮਕੀਤੇ ਇਸਜਨਮਫਲਉਨ੍ਹਾਂ ਦਾ ਪਾਵੰਦਾ ਏ
ਸਮੇਂਸਿਰ ਜਿਉਂ ਉੱਗਦੇ ਬੀਜਆਕੇ ਤਿਵੇਂ ਕਰਮ ਭੀ ਫਲ ਦਿਖਾਵੰਦਾ ਏ
ਅੱਫਲਦ੍ਰੱਖ਼ਤ ਸਾਰੇਚਲੇ ਜਾਣਭਾਵੇਂ ਕਰਮ ਫਲੇਬਿਨ੍ਹਾਂ ਨਾਹੀਂ ਜਾਵੰਦਾ ਏ
ਏਸ ਲਈ ਪਾ ਜਨਮ ਮਾਨੁੱਖ ਸੰਦਾ ਦਾਨ ਪੁੰਨ ਜੋ ਪੁਰਸ਼ ਕਮਾਵੰਦਾ ਏ
ਏਥੇ ਦਸ ਤੇ ਸੱਤਰ ਮਿਲੂ ਅੱਗੇ ਬੇਦ ਭੇਦ ਅਛੇਦ ਸੁਨਾਵੰਦਾ ਏ

ਪਿਛਲੇ ਜਨਮ ਜੋ ਬੀਜਿਆ ਬੀਜ ਹੱਥੀਂ ਏਸ ਜਨਮ ਓਹੋ ਹੱਥ ਆਂਵਦਾ ਏ
ਪੂਰਬ ਪੁੰਨਾਂ ਦਾ ਫਲ ਕਰਤਾਰ ਸਿੰਘਾ ਧਨ, ਧਰਮ ਤੇ ਸੁਖ ਭੁਗਾਂਵਦਾ ਏ

(ਤਥਾ)

ਦਸਾਂ ਨੌਹਾਂ ਦੀ ਨੇਕ ਕਮਾਈ ਕਰਕੇ ਨਿਰਮਾਨ ਹੋ ਕੇ ਪੁੰਨ ਦਾਨ ਕਰਨਾ
ਦੇਣਾ ਭੁੱਖਿਆਂ ਤਾਈਂ ਪਕਾਇ ਭੋਜਨ ਬਸਤ੍ਰ ਨੰਗਿਆਂ ਦੇਇ ਸਨਮਾਨ ਕਰਨਾ
ਸਿੱਖ, ਸੰਤ, ਫ਼ਕੀਰ ਦੀ ਸੇਵ ਕਰਨੀ ਜੋ ਸਰੇ ਬਣੇ ਹਾਜ਼ਰ ਆਨ ਕਰਨਾ
ਸਾਰੀ ਵਿੱਚੋਂ ਅੱਧੀ, ਅੱਧੀ ਵਿਚੋਂ ਚੱਪਾ ਹਾਜਤਮੰਦ ਨੂੰ ਦੇਇ ਨ ਮਾਨ ਕਰਨਾ
ਜੋ ਮੰਗਤਾ ਬੂਹੇ ਤੇ ਆਇ ਜਾਵੇ ਕੌੜਾ ਬੋਲ ਨ ਕਦੇ ਅਪਮਾਨ ਕਰਨਾ
ਦਾਤ ਰੱਬ ਦੀ ਸਮਝ ਕਰਤਾਰ ਸਿੰਘਾ ਦਾਨ ਪੁੰਨ ਕਰ ਨਹੀਂ ਗੁਮਾਨ ਕਰਨਾ

(ਵਾਕ ਕਵੀ)

ਦੋਵੇਂ ਸਿੱਖ ਉਪਦੇਸ਼ ਲੈ ਚਲੇ ਗਏ ਘਰ ਆਪਣੇ ਜਾਇ ਕਮਾਨ ਲੱਗੇ
ਹੱਥੀਂ ਮਿਹਨਤ ਮਜੂਰੀ ਤੇ ਕਾਰ ਕਰਕੇ ਯਥਾ ਸ਼ਕਤ ਵਿੱਚੋਂ ਦੇਣ ਦਾਨ ਲਗੇ
ਸਾਧ ਸੰਤ ਮੁਹਤਾਜ ਦੀ ਕਰਨ ਸੇਵਾ ਹਾਜਤਮੰਦਾਂ ਨੂੰ ਦੇਣ ਦਵਾਨ ਲੱਗੇ
ਵੇਖ ਨੰਗਿਆਂ ਨੂੰ ਦੇਣ ਕੱਪੜੇ ਲੈ ਭੋਜਨ ਭੁੱਖਿਆਂ ਤਈਂ ਖੁਲਾਨ ਲੱਗੇ
ਥੋੜ੍ਹੀ ਆਮਦਨ ਖ਼ਰਚ ਵਧੀ ਕਹੁੰਦਾ ਗਹਿਣੇ ਭਾਂਡੇ ਭੀ ਜਾ ਗਹਿਣੇ ਪਾਨ ਲੱਗੇ
ਧਨ ਮੁੱਕਿਆ ਸਭ ਕਰਤਾਰ ਸਿੰਘਾ ਰਹਿ ਅਡੋਲ ਉਹ ਸਿਦਕ ਨਿਭਾਨ ਲੱਗੇ

(ਰੱਬੀ ਇਮਦਾਦ)

ਇੱਕ ਦਿਨ ਓਹਨਾਂ ਵਿਚੋਂ ਇਕ ਜਣਾ ਚਿੰਤਾ ਵਿੱਚ ਹੀ ਬਾਹਰ ਨੂੰ ਜਾਂਵਦਾ ਏ
ਆਇਆ ਜੰਗਲ ਇਕ ਥਾਂ ਬੈਠ ਗਿਆ ਪਾਸ ਲੱਕੜੀ ਪਈ ਉਠਾਂਵਦਾ ਏ
ਬੈਠਾ ਖੁਰਚਨੇ ਲੱਗਾ ਜ਼ਿਮੀਨ ਤਾਈਂ ਆ ਕਰਤਾਰ ਸਬੱਬ ਬਣਾਂਵਦਾ ਏ
ਦੇਗ ਮੋਹਰਾਂ ਦੀ ਦੱਬੀ ਸੀ ਨਜ਼ਰ ਪੈ ਗਈ ਵੇਖ ਰੱਬ ਦਾ ਸ਼ੁਕਰ ਮਨਾਂਵਦਾ ਏ
ਜਾ ਦੂਸਰੇ ਭਾਈ ਨੂੰ ਖ਼ਬਰ ਕੀਤੀ ਮਾਇਆ ਗੁਰੂ ਭੇਜੀ ਉਹ ਸੁਣਾਂਵਦਾ ਏ
ਦੋਵੇਂ ਢੋ ਕੇ ਆਪਣੇ ਘਰ ਲੈ ਗਏ ਝੇੜਾ ਭੁੱਖ ਦਾ ਮੂੰਹ ਛੁਪਾਂਵਦਾ ਏ
ਘਰ ਬਾਰ ਛੁਡਾ ਲਏ ਸਭ ਜੇਵਰ ਪੱਕਾ ਨਿਸਚਾ ਗੁਰਾਂ ਤੇ ਆਂਵਦਾ ਏ
ਹਾਜ਼ਰ ਹੋਇ ਹਜ਼ੂਰ ਕਰਤਾਰ ਸਿੰਘਾ ਸਿੱਖੀ ਸਿਦਕ ਦਾ ਰੰਗ ਸੁਹਾਂਵਦਾ ਏ

(ਵਾਕ ਕਵੀ)

ਜਿਹੜਾ ਨੇਕ ਕਮਾਈ ਕਰ ਦਾਨ ਦੇਂਦਾ ਭੁੱਖੇ ਨੰਗਿਆਂ ਤੇ ਤਰਸ ਖਾਇ ਬਹੁਤਾ
ਵੰਡ ਖਾਇ ਕਮਾਇ ਜੋ ਟਕਾ ਪੈਸਾ ਰੱਬ ਖੁਸ਼ੀ ਹੋ ਧਨ ਵਧਾਇ ਬਹੁਤਾ

ਖੁਲ੍ਹੇ ਦਿਲਚਸ਼ਮਾ ਜਿਵੇਂਦੇਇ ਪਾਨੀ ਨਿੱਤ ਤਰੋਤਾਜ਼ਾ ਪਾਨੀਆਇ ਬਹੁਤਾ
ਦਾਤਾਦਾਨ ਕਰੇ ਧਰੇ ਮਾਨ ਕੋਈ ਨ ਰੱਬ ਓਸਦੇ ਤਈਂ ਰਿਝਾਇ ਬਹੁਤਾ
ਕੋਠਾ ਬਿਨਾਂਪਰਨਾਲੇਦੇ ਢਹਿਪੈਂਦਾ ਪਾਣੀ ਛੱਪੜਾਂਗੰਦਾ ਹੋ ਜਾਇ ਬਹੁਤਾ
ਧਨ, ਵਿੱਦਯਾ ਜਿੰਨੀ ਕੂ ਦਾਨ ਕਰੇ ਵਧੇ ਓਤਨੀ, ਜੱਗਸੁਣਾਇ ਬਹੁਤਾ
ਪੈਸਾ ਸੂਮ ਦਾ ਗੰਦਾ ਹੋ ਚਲ੍ਹੇ ਵਾਂਗੂ ਦੁੱਖ ਅਤੇ ਵਿਕਾਰ ਵਧਾਇ ਬਹੁਤਾ
ਲੱਗੇ ਧਰਮ ਤੇ ਧਨ ਕਰਤਾਰ ਸਿੰਘਾ ਏਥੇ ਜੱਸ ਅੱਗੇ ਸੁਖਦਾਇ ਬਹੁਤਾ

ਭਾਈ ਬੱਲਾ ਤੇ ਕ੍ਰਿਸ਼ਨਾ

(ਵਿੱਦਯਾ)

ਬੱਲਾ,ਕਿਸ਼ਨਾਝਿੰਗਰਨਜ਼ਾਤਦੇਸਨਕਹਿੰਦੇਸੁਣੋਂ ਸੱਡਾਬਿਰਤਾਂਤ ਗੁਰ ਜੀ
ਖਟ ਸ਼ਾਸਤ੍ਰ ਵੇਦ ਪੁਰਾਣ ਪੜ੍ਹੇ ਦੇਖੇ ਬਹੁਤ ਗਰੰਥ ਵੇਦਾਂਤ ਗੁਰ ਜੀ
ਕਥਾ ਕਰਦੇ, ਲੋਕ ਪ੍ਰਸੰਨ ਹੁੰਦੇ ਚੰਗੇ ਜਾਣਦੇ ਜੋੜ ਤੁਕਾਂਤ ਗੁਰ ਜੀ
ਧਨ ਬਹੁਤ ਕਮਾਂਵਦੇ ਕਥਾ ਕਰਕੇ ਲੋਕ ਕਰਨ ਸੇਵਾ ਕਈਭਾਂਤ ਗੁਰ ਜੀ
ਵਧਦੀਜਾਇ ਤ੍ਰਿਸ਼ਨਾ ਬਹੁਤ ਸੱਡੀ ਨਹੀਂ ਚਿਤ ਨੂੰ ਆਂਵਦੀਸ਼ਾਂਤ ਗੁਰਜੀ
ਕ੍ਰਿਪਾ ਸਾਡੇ ਤੇ ਕਰੋ ਕਰਤਾਰ ਸਿੰਘਾ ਕੋਈ ਦੱਸਕੇ ਗੂੜ੍ਹ ਮਤਾਂਤ ਗੁਰ ਜੀ

(ਸ੍ਰੀ ਗੁਰ ਜੀ)

ਭਾਈ ਵਿੱਦਯਾ ਪੜੀ ਤੇਕੀਹ ਹੋਯਾ ਜੇਕਰ ਪੜ੍ਹਕੇ ਅਮਲ ਕਮਾਇਆ ਨ
ਤੋਤੇ ਵਾਂਗ ਪੜ੍ਹ ਬਣ ਗਏ ਚੁੰਚਗਜਾਨੀ ਅੱਖਰ ਹਿਰਦੇ ਇੱਕਵਸਾਇਆ ਨ
ਕੱਲਰਵਾਂਗ ਹਿਰਦਾ ਰਿਹਾਓਵੇਂ ਖਾਰਾ ਬਰਖਾਵਿਚ ਅੰਗੂਰ ਜਮਾਇਆ ਨ
ਥਿੰਦੇ ਭਾਂਡੇ ਤੇ ਜਿਵੇਂ ਨਬੂੰਦ ਅਟਕੇ ਲੋਭੀ ਰਿਦੇਤੇ ਸ਼ਬਦਠਹਿਰਾਇਆ ਨ
ਵਿੱਦਯਾ ਪੜ੍ਹ ਕਰੂਲੀਆਂ ਰਹੇਕਰਦੇ ਅੰਦਰਇੱਕ ਭੀ ਘੁੱਟਲੰਘਾਇਆ ਨ
ਭਾਰ ਗਧੇ ਤੇ ਲੱਦਯਾਪੋਥੀਆਂਦਾਬਿਨਾਂ ਬੋਝ ਕੋਈ ਲਾਭ ਉਠਾਇਆ ਨ
ਕਥਾ ਕਰ ਸੁਣਾਵੰਦੇ ਰਹੇ ਲੋਕਾਂ ਆਪ ਰਸ ਓਹਦਾ ਕੁਝ ਪਾਇਆ ਨ
ਵਾਹੀਆਂਪੋਥੀਆਂਖੋਤੀਆਂਧਨ ਕਾਰਨ ਤਾਤਪਰਜ ਕੋਈਖੋਜ ਖੋਜਾਇਆ ਨ
ਲੋਕਾਂ ਤਾਈਂ ਉਪਦੇਸ਼ ਸੁਣਾਵੰਦੇ ਰਹੇ ਕਦੇ ਆਪਣੇ ਮਨਤੇ ਲਾਇਆ ਨ
ਰਹੇ ਮਸਾਲਚੀ ਬਣੇ ਕਰਤਾਰਸਿੰਘਾ ਅੰਦਰ ਆਪਣੇਦੀਵਾ ਜਗਾਇਆ ਨ

(ਤਥਾ)

ਮੂੰਹੋਂ ਪੜ੍ਹੋ ਸੁਣਾਉ ਜੋ ਹੋਰਨਾ ਨੂੰ ਸੋਚ ਓਸ ਤੇ ਅਮਲ ਕਮਾਉ ਪਹਿਲਾਂ
ਕਿਸੇ ਤਈਂ ਉਪਦੇਸ਼ ਸੁਣਾਉ ਪਿੱਛੋਂ ਉੱਤੇਆਪਣੇਗੱਲਘਟਾਉ ਪਹਿਲਾਂ
ਪੜ੍ਹੇ ਸੁਣੇ ਦਾ ਹੋਵੇਗਾ ਅਸਰਤਾਹੀਏਂ ਮੈਲਮਨ ਦੀ ਸਾਰੀਗੁਵਾਉ ਪਹਿਲਾਂ
ਹੋਵੇਕਹਿਣਾਬਾਅਸਰਕਰਤਾਰਸਿੰਘਾ ਕਰਨੀਕਰਕੇਕੋਈਸਮਝਾਉ ਪਹਿਲਾਂ

(ਵਾਕ ਕਵੀ)

ਸਤਿਗੁਰਾਂ ਤੋਂ ਪਾ ਉਪਦੇਸ਼ ਗਏ ਮਤਲਬਵਿੱਦਯਾਦਾਅਸਲਪਾਯਾ ਓਹਨਾਂ
ਜੋ ਆਖਦੇ ਮੂੰਹੋਂ ਕਮਾਵੰਦੇ ਓਹ ਲੋਭ ਤ੍ਰਿਸ਼ਨਾ ਤਈਂ ਗਵਾਯਾ ਓਹਨਾਂ
ਕਥਾ ਪਰ ਉਪਕਾਰ ਦੇ ਲਈ ਕਰਦੇ ਸਤਿਸੰਗਦਾ ਰੰਗ ਵਧਾਯਾ ਓਹਨਾਂ
ਆਪ ਤਰ ਗਏ ਅੰਤ ਕਰਤਾਰਸਿੰਘਾ ਸੰਗੀ ਸਾਥੀਆਂ ਤਈਤਰਾਯਾ ਓਹਨਾਂ

ਭਾਈ ਸਮੁੰਦਾ

(ਸਨਮੁਖ ਤੇ ਮਨਮੁਖ)

ਸਤਿਗੁਰਾਂ ਦਾ ਸਿੱਖ ਸਮੁੰਦਾ ਸੀ ਇੱਕ ਕਰਦਾਬੇਨਤੀਸੁਣੋਦਾਤਾਰ ਗੁਰ ਜੀ
ਸਨਮੁਖ ਅਤੇ ਮਨਮੁਖ ਦੋਵੇਂ ਨਾਮ ਕਰਦੇ ਲੋਕ ਉਚਾਰ ਗੁਰ ਜੀ
ਲੱਛਨ ਦੋਹਾਂ ਦੇ ਖੋਲ੍ਹਕੇ ਦੱਸ ਦੇਵੋ ਮੈਂ ਗਰੀਬ ਉੱਪਰ ਦਯਾਧਾਰ ਗੁਰ ਜੀ
ਆਵੇ ਸਾਨੂੰਭੀਸਮਝਕਰਤਾਰਸਿੰਘਾਬੇੜਾਭਵਜਲੋਂ ਹੋਜਾਇਪਾਰ ਗੁਰ ਜੀ

(ਸ੍ਰੀ ਗੁਰ ਜੀ)

ਲੱਛਨ ਖ਼ਾਸ ਸਮੁੰਦਯਾ ਸਨਮੁਖਾਂ ਦੇ ਪਹਿਲਾਂ ਸੁਣ ਲੈ ਕਰਵਿਚਾਰ ਭਾਈ
ਜਿਵੇਂ ਬਾਦਸ਼ਾਹ ਆਪਣੇਨੌਂਕਰਾਂ ਨੂੰ ਕਿਤੇ ਭੇਜਦਾ ਸੌਂਪ ਕੇ ਕਾਰ ਭਾਈ
ਭਲੇਲੋਕ ਤੇ ਨਿਮਕਹਲਾਲ ਜਿਹੜੇ ਸ਼ਾਹ ਆਪਣੇਦੇ ਆੱਗਯਾਕਾਰ ਭਾਈ
ਮਾਲਕ ਆਪਣੇ ਦਾ ਰਖ ਖ਼ੌਫ ਭਾਰਾ ਕਾਰਜ ਆਵੰਦੇ ਸਾਰੇ ਹੀਸਾਰ ਭਾਈ
ਮਾਲਕਬਾਦਸ਼ਾਹਤੋਂ ਖ਼ੁਸ਼ੀਆਂ ਲੈਣਬਦਲੇ ਲੈਂਦੇਵਿਗੜੇਕਾਜ ਸਵਾਰ ਭਾਈ
ਸਨਮੁਖ ਉਹ ਹੈਣ ਕਰਤਾਰ ਸਿੰਘਾ ਸਿਰੋ ਪਾਉ ਲੈਂਦੇ ਦਰਬਾਰ ਭਾਈ

(ਤਥਾ)

ਏਸੇ ਤਰ੍ਹਾਂ ਕਰਤਾਰ ਭੀ ਜੱਗ ਅੰਦਰ ਹੈ ਭੇਜਦਾ ਬੰਦਯਾਂ ਸਾਰਿਆਂ ਨੂੰ
ਜਿਹੜੇ ਰੱਖਦੇ ਓਸਦਾ ਖ਼ੌਫ ਹਰਦਮ ਕਰਨਮੂਲ ਨਾਹੀਂ ਮੰਦੇ ਕਾਰਿਆਂ ਨੂੰ

ਨੇਕੀ ਖੱਟਦੇ ਚੱਲਦੇ ਨੇਕ ਰਸਤੇ ਦੇਂਦੇ ਦਾਨ ਅਨਾਥਾਂ ਨਿਕਾਰਿਆਂ ਨੂੰ
ਕਰਦੇਦਾਨਅਸ਼ਨਾਨਕਰਤਾਰਸਿੰਘਾ ਕਹਿੰਦੇਸਨਮੁਖ ਓਨ੍ਹਾਂ ਪਜਾਰਿਆਂ ਨੂੰ

(ਤਥਾ)

ਕਰਦੇਕਾਰਵਿਹਾਰ ਤੇ ਨਾਮਜਪਦੇ ਰਹਿੰਦੇ ਸਦਾਹੀ ਖ਼ੌਫ਼ ਕਰਤਾਰ ਅੰਦਰ
ਧਾਰ ਦੇਹ ਮਾਨੁੱਖ ਨੂੰ ਸਫਲ ਕਰਦੇ ਝੂਠ ਬੋਲਦੇ ਨਹੀਂ ਵਿਹਾਰ ਅੰਦਰ
ਦਯਾ ਖਿਮਾਂ ਰੱਖਦਾ ਨ ਅਸ਼ਨਾਨ ਕਰਦੇ ਨਹੀਂ ਵਰਤਦੇ ਕਦੇ ਹੰਕਾਰ ਅੰਦਰ
ਖੱਟ ਘਾਲ ਹੱਥੋਂ ਸਦਾ ਰਹਿਣ ਦੇਂਦੇ ਨਹੀਂ ਫਸਦੇ ਵਿਸ਼ੇ ਵਿਕਾਰ ਅੰਦਰ
ਪੂੰਜੀ ਨੇਕੀ ਦੀ ਅੰਤ ਨੂੰ ਨਾਲ ਖੜਦੇ ਯੱਸ ਜਾਵੰਦੇ ਖੱਟ ਸੰਸਾਰ ਅੰਦਰ
ਓਹ ਸਨਮੁਖ ਜਾਣ ਕਰਤਾਰ ਸਿੰਘਾ ਮੁੱਖ ਉੱਜਲੇ ਖ਼ਾਸ ਸਰਕਾਰ ਅੰਦਰ

(ਭਾਈ ਕੁੱਲਾ, ਭੁੱਲਾ ਤੇ ਭਗੀਰਥ–'ਗੁਰਮੁਖ ਤੇ ਮਨਮੁਖ')

ਕੁੱਲਾ, ਭੁੱਲਾ ਦੋਵੇਂ ਝੰਜੀਜ਼ਾਤ ਦੇ ਸਨ ਤੇ ਭਗੀਰਥਾ ਸੋਨੀ ਵਿਚਾਰੀਏ ਜੀ
ਤਿੰਨੇਸਤਿਗੁਰਾਂਦੇਪਾਸ ਕਰਨਬਿਨਤੀ ਆਪਦਯਾ ਅਨਾਥਾਂਤੇ ਧਾਰੀਏ ਜੀ
ਲੱਛਣਦੱਸੋ ਮਨਮੁਖਾਂ ਤੇ ਗੁਰਮੁਖਾਂ ਦੇ ਅਸੀਂ ਸੁਣਕੇ ਰਿਦੇਵਿਚਾਰੀਏ ਜੀ
ਦੁਖੀ ਹੋਇ ਹਾਂ ਜਨਮਜਨਮਾਂਤ੍ਰਾਂ ਦੇ ਜਨਮਮਰਨ ਦੇ ਕਸ਼ਟਨੂੰ ਟਾਰੀਏ ਜੀ
ਗਰਭਵਾਸ, ਪ੍ਰਾਣਾਂ ਦੇ ਅੰਤ ਵੇਲੇ ਹੁੰਦਾ ਜੀਵ ਨੂੰ ਹੈ ਦੁੱਖ ਭਾਰੀਏ ਜੀ
ਪੱਈਏ ਗਰਭ ਨ ਫੇਰਕਰਤਾਰਸਿੰਘਾ ਪਾਇ ਜਨਮਮਾਨੁੱਖ ਸਵਾਰੀਏ ਜੀ

(ਸ੍ਰੀ ਗੁਰੂ ਜੀ ਨੇ ਗੁਰਮੁਖਾਂ ਦੇ ਲੱਛਣ ਦੱਸਣੇ)

ਤਿੰਨ ਤਰ੍ਹਾਂਦੇ ਗੁਰਮੁਖ ਭਾਈ ਸਿੱਖੋ ਆਪਸ ਵਿੱਚ ਕੁਝ ਭੇਦ ਰਖਾਵੰਦੇ ਨੇ
ਇੱਕ ਗੁਰਮੁਖ ਤੇ ਗੁਰਮੁਖ ਤਰ ਦੂਜੇ ਤੀਜੇ ਗੁਰਮੁਖ ਤਮ ਸੁਣਾਵੰਦੇ ਨੇ
ਗੁਰਮੁਖ ਉਨ੍ਹਾਂ ਦਾ ਨਾਮਹੈਸਮਝ ਲਵੋ ਗੁਰਬਚਨ ਜੋ ਸਦਾ ਕਮਾਵੰਦੇ ਨੇ
ਪਿੱਠ ਵਿਸ਼ੇਵਿਕਾਰਾਂ ਨੂੰ ਦੇਇ ਕਰਕੇ ਸ਼ੁਭਕਰਮ ਕਰ ਉਮਰ ਲੰਘਾਵੰਦੇ ਨੇ
ਜੇਕੋਈ ਉਨ੍ਹਾਂ ਦੇ ਨਾਲ ਉਪਕਾਰ ਕਰੇ ਯਾਦ ਰੱਖਦੇ, ਨਹੀਂ ਭੁਲਾਵੰਦੇ ਨੇ
ਇੱਕਸਾਰਸਭਨਾਲਭਲਿਆਈਕਰਦੇਦੇਣਾਨੇਕੀਦਾ ਬਦਲਾ ਚਾਹਵੰਦੇ ਨੇ
ਅੱਗੇ ਗੁਰਮੁਖ ਤਰ ਦੇ ਸੁਣੋ ਲੱਛਣ ਸ਼ੁਭਕਰਮ ਨਿਤ ਰਿਦੇ ਵਸਾਵੰਦੇ ਨੇ
ਹੋਰ ਸਰਬ ਵਿਕਾਰ ਤਿਆਗ ਕਰਕੇ ਕਾਰਜ ਸਭ ਦੇ ਸਿਰੇ ਚੜ੍ਹਾਵੰਦੇ ਨੇ
ਜੇਕੋਈਉਨ੍ਹਾਂਦੇਨਾਲ ਬੁਰਿਆਈਕਰਦਾਓਹਦਾਫੇਰਭੀਭਲਾ ਮਨਾਵੰਦੇ ਨੇ
ਕੀਤੀ ਕਿਸੇ ਦੀ ਬਦੀ ਨ ਯਾਦ ਰੱਖਣ ਵਾਹਲੱਗਦੀ ਭਲਾ ਪੁਚਾਵੰਦੇ ਨੇ
ਗੁਰਮੁਖ ਤਮ ਹੈ ਪਦਵੀ ਬਹੁਤ ਉੱਚੀ ਇਉਂ ਵੇਦ ਪੁਰਾਨ ਸੁਣਾਵੰਦੇ ਨੇ

ਪਾਇਪੂਰਨ ਗਜ਼ਾਨ ਹੋਇ ਬ੍ਰਹਮਗਜਾਨੀ ਦ੍ਵੈਤ ਭਾਵਦੇਤਈਂ ਨਸਾਵੰਦੇ ਨੇ
ਸਾਰੇ ਜੱਗ ਨੂੰ ਬ੍ਰਹਮ ਦਾ ਰੂਪ ਜਾਨਣ ਨਹੀਂ ਵੈਰ ਵਿਰੋਧ ਰਖਾਵੰਦੇ ਨੇ
ਜੱਗ ਆਪਣਾ ਰੂਪ ਕਰਤਾਰ ਸਿੰਘਾ ਸਮਝ ਕਿਸੇ ਨੂੰ ਨਹੀਂ ਦੁਖਾਵੰਦੇ ਨੇ

(ਮਨਮੁਖਾਂ ਦੇ ਲੱਛਣ)

ਮਨਮੁਖ ਭੀ ਤਿੰਨਾਂ ਹੀ ਤਰ੍ਹਾਂ ਦੇ ਨੇ ਵੱਖੋਵੱਖਰਾ ਉਨ੍ਹਾਂਦਾ ਬਯਾਨ ਕਰਦੇ
ਮਨਮੁਖਾਂਦੇ ਨਾਲ ਜੋ ਕਰੇ ਨੇਕੀ ਓਹਦੇਨਾਲ ਉਹ ਬਦੀ ਸ਼ੈਤਾਨ ਕਰਦੇ
ਬਿਨਾਂਮਤਲਬੋਂ ਕਰਨਬੁਰਿਆਈਆਂਓਹਸ਼ੁਭਕਰਮਨ ਕਦੇਨਾਦਾਨ ਕਰਦੇ
ਹੋਵੇ ਕਦੇ ਨ ਉਹਨਾਂਤੋਂ ਕਾਰ ਨੇਕੀ ਬਦੀ ਹਰ ਹੀਲੇ ਹਠ ਠਾਨ ਕਰਦੇ
ਪਿੱਛੇ ਚੱਲਦੇ ਆਪਣੇ ਮਨ ਦੇ ਉਹ ਪੁੰਨਪਾਪ ਦਾ ਨਹੀਂ ਧਯਾਨ ਕਰਦੇ
ਪਰਧਨ ਪਰਇਸਤ੍ਰੀ ਸਦਾ ਚਾਹੰਦੇ ਧਰਮਧ੍ਰਮ ਦੀ ਨਹੀਂ ਪਛਾਨ ਕਰਦੇ
ਝੂਠ, ਕਪਟ, ਫ਼ਰੇਬ ਦੇ ਬਣੇ ਪੁਤਲੇ ਨਾਲ ਮਿੱਤ੍ਰਾਂ ਦਗ਼ੇ ਮਹਾਨ ਕਰਦੇ
ਗੁਰੂ ਪੀਰ ਨ ਕੋਈ ਕਰਤਾਰਸਿੰਘਾ ਜੋ ਮਨ ਆਉਂਦੀ ਬੇਈਮਾਨ ਕਰਦੇ

(ਮਨਮੁਖ ਤਰ)

ਉੱਪਰਲਿਖੇ ਲੱਛਣ ਵਿੱਚਹੋਣ ਸਾਰੇ ਔਗੁਣ ਹੋਰ ਭੀ ਬਹੁਤ ਰਖਾਵੰਦੇ ਨੇ
ਭਲਾ ਕਿਸੇ ਦਾ ਵੇਖ ਨ ਜਰ ਸੱਕਣ ਕਿਵੇਂ ਵਿਗੜੇ ਸਮਾਂ ਤਕਾਵੰਦੇ ਨੇ
ਕੰਮ ਸੌਰਦਾ ਵੇਖਕੇ ਦੁਖੀ ਹੁੰਦੇ ਵੇਖ ਵਿਗੜਯਾ ਬਹੁਤ ਹਰਖਾਵੰਦੇ ਨੇ
ਸ਼ੋਭਾ ਕਿਸੇ ਦੀ ਸੁਣਕੇ ਸੜਨਪਾਪੀ ਨਿੰਦਾ ਕਰਦਯਾਂਦਿਣ ਬਿਤਾਵੰਦੇ ਨੇ
ਸਦਾ ਦੂੱਜਯਾਂ ਦੇ ਨੁਕਸ ਤਾੜਦੇ ਨੇ ਅਤੇ ਆਪਣੇ ਸਦਾ ਛੁਪਾਵੰਦੇ ਨੇ
ਹੋਰ ਕਿਸੇ ਦਾ ਭਲਾ ਕੀਹਉਨ੍ਹਾਂਕਰਨਾ ਨਾਲ ਮਿੱਤਰਾਂ ਦਗ਼ੇ ਕਮਾਵੰਦੇ ਨੇ
ਮੂਹੋਂ ਮਿੱਠੇ ਤੇ ਦਿਲ ਦੇ ਬਹੁਤ ਖੋਟੇ ਮੂੰਹ ਹੋਰ ਚਿੱਤ ਹੋਰ ਰਖਾਵੰਦੇ ਨੇ
ਵੈਰ ਸਭ ਦੇ ਨਾਲ ਕਰਤਾਰ ਸਿੰਘਾ ਅੰਤ ਮਰਕੇ ਨਰਕ ਨੂੰ ਜਾਵੰਦੇ ਨੇ

(ਮਨਮੁਖ ਤਮ)

ਮਨਮੁਖ ਤਮ ਦਾ ਤੀਸਰਾ ਹੈਦਰਜਾ ਓਹ ਤਾਂ ਸਭ ਦਾ ਬੁਰਾ ਤਕਾਨ ਭੈੜੇ
ਮਤਲਬ ਆਪਣੇਨੂੰ ਸਦਾ ਮੁੱਖਰੱਖਣ ਮਾਤ ਪਿਤਾਸਿਉਂਦਗ਼ਾਕਮਾਨ ਭੈੜੇ
ਸਤਿਸੰਗ ਨੇੜੇ ਮੂਲੋਂ ਜਾਣ ਨਾਹੀਂ ਦੁਸ਼ਟਾਂ ਨਾਲ ਹੀ ਮੇਲ ਰਖਾਨ ਭੈੜੇ
'ਸਾਨੂੰਭਲਾ ਕੀਤਾ ਭਾਈਨਹੀਂਫਲਦਾ'ਹੋਨਿਸ਼ੰਗਇਉਂਆਖ ਸੁਣਾਨ ਭੈੜੇ
ਦਯਾ ਖਿਮਾਂ ਨ ਢੁੱਕਦੀ ਕੋਹਾਂ ਨੇੜੇ ਕਰਨ ਕਦੇ ਨਾਹੀਂ ਪੁੰਨ ਦਾਨ ਭੈੜੇ

ਬਣੇ ਪੁਤਲੇ ਵਿਸ਼ੇ ਵਿਕਾਰ ਦੇ ਉਹ ਮਾਨਸ ਜਨਮਨੂੰ ਕਰਨ ਵੈਰਾਨ ਭੈੜੇ
ਇਹੋ ਜਹੇ ਮਨਮੁਖਾਂ ਦੇ ਹੈਨ ਲੱਛਣ ਗੋ ਗਰੀਬ ਨੂੰ ਸਦਾ ਸਤਾਨ ਭੈੜੇ
ਬੁਰੀ ਗਤੀ ਨੂੰ ਪਾਨ ਕਰਤਾਰ ਸਿੰਘਾ ਐਵੇਂ ਜਨਮ ਅਮੋਲ ਗਵਾਨ ਭੈੜੇ

(ਵਾਕ ਕਵੀ)

ਲੱਛਣ ਸੁਣਕੇ ਮਨਮੁਖਾਂਗੁਰਮੁਖਾਂ ਦੇ ਤਿੰਨੇ ਸਿੱਖ ਹੀ ਸਿਰ ਝੁਕਾਇ ਗਏ
ਗੁਰਮੁਖਤਾਈਦੇ ਰਾਹ ਤੇ ਟੁਰਨਲੱਗੇ ਅੰਤਸਿੱਖੀ ਦੇ ਮਾਰਗ ਆਇ ਗਏ
ਹੌਲੀਹੌਲੀ ਮੰਨਜ਼ਲਮਕਸੂਦ ਪਹੁੰਚੇ ਲਾਭ ਜਨਮ ਮਾਨੁੱਖਦਾ ਪਾਇ ਗਏ
ਅੰਤ ਹੋਗਏ ਮੁਕਤ ਕਰਤਾਰਸਿੰਘਾ ਜਨਮਮਰਨ ਦਾ ਗੇੜ ਚੁਕਾਇ ਗਏ

ਭਾਈ ਸੰਮਨ

ਇਕਸਿੱਖ ਦਾ ਨਾਮ ਕਪੂਰ ਦੇਉ ਸੀ ਓਹਹਜ਼ੂਰਸਤਿਗੁਰਾਂ ਦੇ ਆਵੰਦਾ ਏ
ਪਾਸ ਬੈਠ ਕੇ ਅਦਬ ਪਯਾਰ ਸੇਤੀ ਹੱਥ ਜੋੜ ਕੇ ਬਚਨ ਸੁਣਾਵੰਦਾ ਏ
ਕੋਈ ਪੂਰਨ ਆਪ ਦਾ ਸਿੱਖ ਹੋਵੇ ਓਹਦੇ ਦੇਖਣੇ ਨੂੰ ਮਨ ਚਾਵੰਦਾ ਏ
ਸੁੱਚਾ ਉੱਚਾ ਦਲੀਲ ਦਾ ਸਿੱਖ ਪੂਰਾ ਨੇੜੇ ਤੇੜੇ ਕੋਈ ਵਾਸ ਰਖਾਵੰਦਾ ਏ
ਮੈਨੂੰਦੱਸੋ,ਮੈਂ ਓਸ ਦੇ ਕਰਾਂ ਦਰਸ਼ਨ ਰਾਤਦਿਨੇ ਹਿਰਦਾ ਲਲਚਾਵੰਦਾ ਏ
ਗੁਰਾਂ ਆੱਖਯਾ ਸੰਮਣ ਸਿੱਖਸਾੱਡਾ ਓਹ*ਸ਼ਾਹਬਾਜ਼ਪੁਰ ਵਿਚ ਰਹਾਵੰਦਾ ਏ
ਸਤਿਸੰਗ ਕਰੋ ਓਹਦੇ ਨਾਲ ਜਾਕੇ ਸਿੱਖ ਸੁਣਦਯਾਂ ਓਧਰੇ ਧਾਵੰਦਾ ਏ
ਮਿਲਯਾ ਸੰਮਣ ਤਈਂ ਕਰਤਾਰਸਿੰਘਾ ਓਹ ਬੜਾ ਪਯਾਰ ਜਤਾਵੰਦਾ ਏ

(ਸੰਮਣ ਦੀ ਕਾਰ)

ਵੇਖ ਸਿੱਖ ਨੂੰ ਚੁੰਮਦਾ ਚਰਨ ਦੋਵੇਂ ਧੂੜ ਲੈ ਕਰਕੇ ਮੱਥੇ ਲਾਈ ਉਸਨੇ
ਫੇਰ ਪੁੱਛਯਾ ਹਾਲ ਹਵਾਲ ਸਾਰਾ ਪਾਣੀ ਧਾਣੀ ਦੀ ਸੇਵ ਕਮਾਈ ਉਸਨੇ
ਸੱਕੇ ਵੀਰਾਂ ਭਰਾਵਾਂ ਤੋਂ ਵਧਕੇ ਜੀ ਚੰਗੀਸਿੱਖ ਦੀ ਸੇਵ ਨਬਾਹੀ ਉਸਨੇ
ਫੇਰ ਰੁੱਝਗਿਆ ਕੰਮ ਆਪਣੇ ਉਹ ਬਿਰਤੀ ਹੋਰਪਾੱਸੇ ਉਲਟਾਈ ਉਸਨੇ
ਫੇਰਲੱਕੜਾਂ ਦਾ ਕੱਠਾਕਰਨਲੱਗਾ ਲਿਆ ਸਮਿੱਗ੍ਰੀ ਹੋਰ ਟਿਕਾਈ ਉਸਨੇ
ਕਿਸੇ ਮੁਰਦੇ ਦੇ ਸਸਕਾਰ ਸੰਦੀ ਆਣ ਚੀਜ਼ ਸਭ ਜਮ੍ਹਾ ਕਰਾਈ ਉਸਨੇ
ਲੰਮੀ ਸਫ਼ ਇੱਕ ਫੇਰ ਬਨਾਉਣ ਲੱਗਾ ਜਹੜੀਸੰਧਯਾਤੱਕਮੁਕਾਈ ਉਸਨੇ

*ਇਹ ਸ਼ਾਹਬਾਜ਼ ਪੁਰ ਅੰਬਾਲੇ ਦੇ ਪਰਗਣੇ ਵਿਚ ਹੈ।

ਸਭਖਿੜੇ ਹੀ ਮੱਥੇ ਕਰਤਾਰਸਿੰਘਾ ਸਾਰਾਦਿਨ ਕੀਤੀ ਕਾਰਵਾਈ ਉਸ ਨੇ

(ਕਪੂਰ ਦੇਉ)

ਦੂਰੋਂ ਚੱਲ ਮੈਂ ਆਪਦੇ ਪਾਸ ਆਯਾ ਤੁਸੀਂ ਲੱਗ ਰਹੇ ਵਿਚ ਬਖੇੜਿਆਂ ਦੇ
ਮੇਰੇ ਨਾਲ ਨ ਬੈਠਕੇ ਗੱਲ ਕੀਤੀ ਵਿਚ ਰੁੱਝੇ ਨਿਕੰਮਯਾਂ ਝੇੜਿਆਂ ਦੇ
ਮੈਂ ਤਾਂਆਪਪਾਸੋਂ ਆਯਾ ਲਾਭਖੱਟਨ ਤੁਸੀਂ ਫਸੇਵਿਚ ਧੰਧਯਾਂ ਕਿਹੜਿਆਂ ਦੇ
ਇਹ ਫੇਰ ਕਰ ਲੈਣੇ ਕਰਤਾਰ ਸਿੰਘਾ ਮੁੱਕੇ ਗੇੜ ਨ ਧੰਦੇ ਸਹੇੜਿਆਂ ਦੇ

(ਸੰਮਨ)

ਇਹਨਾਂ ਚੀਜ਼ਾਂਦੀਭੀਹੈਸੀ ਲੋੜ ਬਹੁਤੀਕੱਲ ਵੇਖਲੈਣਾਕੰਮਆਉਣੀਆਂ ਨੇ
ਜੋ ਲਿਖੀਆਂ ਧੁਰ ਦਰਗਾਹ ਵਿਚੋਂ ਓਹ ਕਿਸਤਰ੍ਹਾਂ ਕਿਸੇਮਟਾਉਣੀਆਂ ਨੇ
ਕਿਸੇ ਰੋਂਦਯਾਂਤੇ ਕਿਸੇਖੁਸ਼ੀਹੋਕੇਆਈਆਂ ਘੜੀਆਂਸਿਰੋਂ ਲੰਘਾਉਣੀਆਂ ਨੇ
ਦੁਖ ਸੁਖਦੇ ਵਿਚ ਕਰਤਾਰਸਿੰਘਾ ਸਦਾ ਖੁਸ਼ੀਆਂ ਸਿੱਖਾਂ ਮਨਾਉਣੀਆਂ ਨੇ

(ਰਾਤ ਨੂੰ ਓਸ ਪਿੰਡ ਵਿਚ ਧਾੜ ਪੈਣੀ)

ਰਾਤ ਧਾੜਵੀ ਪਿੰਡ ਤੇ ਆਨ ਪਏ ਸਭ ਘਰਾਂ ਦੇ ਵਿਚ ਪੁਕਾਰ ਪੈ ਗਈ
ਮਾਰੋ ਫੜੋ ਦਾ ਪੈ ਗਿਆ ਬੜਾਰੌਲਾ ਮਾਲਜਾਨ ਦੀਲੋਕਾਂਨੂੰਸਾਰ ਪੈ ਗਈ
ਪਿੰਡੋਂ ਧਾੜਵੀ ਮਾਲ ਲੈ ਨੱਠ ਟੁਰੇ ਕੱਠੀ ਹੋਕੇ ਪਿਛੇ* ਗੁਹਾਰ ਪੈ ਗਈ

(ਲੜੀ ਨੰ: ੧੬)

ਦਰਬਾਰ ਖਾਲਸਾ

ਸਿੱਖਾਂ ਦਾ ਰਾਜ ਕਿਸ ਤਰ੍ਹਾਂ ਨਸ਼ਟ ਹੋਇਆ ?

ਇਸ ਗ੍ਰੰਥ ਵਿੱਚ ਮਹਾਰਾਜਾ ਰਣਜੀਤ ਸਿੰਘ ਜੀ ਦੇ ਪਿਛੋਂ ਮਹਾਰਾਜਾ ਖੜਗ ਸਿੰਘ, ਕੰਵਰ ਨੌ ਨਿਹਾਲ ਸਿੰਘ, ਮਹਾਂਰਾਣੀ ਚੰਦ ਕੌਰਮਹਾਂਰਾਜਾ ਸ਼ੇਰ ਸਿੰਘ, ਕੰਮਰ ਪ੍ਰਤਾਪ ਸਿੰਘ, ਕੰਵਰ ਕਸ਼ਮੀਰਾ ਸਿੰਘ, ਕੰਵਰ ਪਸ਼ੌਰਾ ਸਿੰਘ, ਮਹਾਰਾਜਾ ਦਲੀਪ ਸਿੰਘ, ਮਹਾਰਾਣੀ ਜਿੰਦ ਕੌਰ ਆਦਿਕਾਂ ਤੇ ਗੁਜ਼ਰੇ ਦਿਲ ਹਲਾ ਦੇਣ ਵਾਲੇ ਕਹਿਰ ਅਤੇ ਜ਼ੁਲਮ ਦੇ ਹਾਲ, ਲਾਹੌਰ ਦਰਬਾਰ ਦੇ ਨਿਮਕ ਹਰਾਮ ਵਜ਼ੀਰਾਂ ਦੀਆਂ ਨਿਮਕ ਹਰਾਮੀਆਂ, ਮੁੱਦਕੀ, ਫੇਰੂ ਸ਼ਹਿਰ, ਅਲੀਵਾਲ, ਬੱਦੋਵਾਲ, ਸੁਭਰਾਵੀਂ ਫੌਜ ਖਾਲਸਾ ਤੇ ਫੌਜ ਅੰਗਰੇਜ਼ੀ ਦੇ ਘੱਲੂਘਾਰੇ, ਰਾਜਾ ਸ਼ੇਰ ਸਿੰਘ ਤੇ ਚਤਰ ਸਿੰਘ ਅਟਾਰੀ ਵਾਲਿਆਂ ਦੇ ਅੰਗ੍ਰੇਜ਼ਾਂ ਨਾਲ ਰਾਮਨਗਰ, ਮੌਂਗ ਰਸੂਲ, ਚੇੱਲੀਆਂ, ਮੌਜੀਆਂ, ਗੁਜਰਾਤ ਆਦਿਕ ਮੈਦਾਨਾਂ ਵਿੱਚ ਖ਼ੂਨ ਖਾਰ ਜੰਗ, ਸਿੱਖ ਰਾਜ ਦਾ ਖ਼ਾਤਮਾਂ, ਮਹਾਰਾਜਾ ਦਲੀਪ ਸਿੰਘ ਤੇ ਮਹਾਰਾਣੀ ਜਿੰਦ ਕੌਰਾਂ ਨੂੰ ਦੇਸ ਨਿਕਾਲਾ, ਅੰਗੇਜ਼ਾਂ ਦਾ ਪੰਜਾਬ ਤੇ ਕਬਜ਼ਾ ਆਦਿਕ ਪ੍ਰਸੰਗ ਠੇਠ ਪੰਜਾਬੀ ਬੈਂਤਾਂ ਵਿੱਚ ਦਰਜ ਹਨ।

*ਗੁਹਾਰ—ਵ੍ਹਾਹਰ।

ਗੋਲੀਚੱਲੀ ਦੁਵੱਲੀਕਰਤਾਰਸਿੰਘਾ ਕਈਘਰੀਂ ਮੂੰਹਮੌਤ ਪਸਾਰ ਪੈ ਗਈ

(*ਮੂਸਨ ਦਾ ਮਰਨਾ)

ਬੇਟਾ ਸੰਮਨ ਦਾ ਵਿਚ ਰਾਮ ਰੌਲੇ ਲੱਗ ਗੋਲੀ ਨੇ ਮਾਰ ਖਪਾਯਾ ਜੀ
ਜਦ ਪਿੰਡ ਨੇ ਸਾਂਭਯਾਂ ਜ਼ਖਮੀਆਂ ਨੂੰ ਮੂਸਨ ਮੋਯਾ ਹੋਯਾ ਓਥੇਪਾਯਾ ਜੀ
ਦਿਨੇ ਸੰਮਨ ਨੇ ਓਸਦੀ ਦੇਹ ਤਾਈਂ ਘਰ ਲਿਆ ਨੁਲ੍ਹਾ ਧੁਲਾਯਾ ਜੀ
ਅੱਗੇ ਸਾਜ਼ ਸਾਮਾਨ ਤਯਾਰ ਹੈਸੀ ਝੱਟ ਪੱਟ ਓਹ ਵਰਤ ਵਰਤਾਯਾ ਜੀ
ਓਹਨਾਂਲੱਕੜਾਂਦੀਚਿਖਾਤਯਾਰ ਕੀਤੀ ਕੀਰਤਨਕਰਦਯਾਂਦਾਹਕਰਾਯਾ ਜੀ
ਕੁਝ ਸੋਗ ਨ ਲਾਯਾ ਚਿੱਤ ਤਾਈਂ ਖੁਸ਼ੀ ਨਾਲ ਸਭ ਕੰਮ ਨਿਭਾਯਾ ਜੀ
ਫੇਰ ਓਹੋ ਚਟਾਈ ਵਛਾਇ ਕਰਕੇ ਸਰਬੰਧੀਆਂ ਤਈਂ ਬੈਠਾਯਾ ਜੀ
ਓਹ ਕਪੂਰ ਦੇਓਦੇਖ ਕਰਤਾਰ ਸਿੰਘਾਡਾਢਾ ਵਿੱਚ ਹੈਰਾਨਗੀ ਆਯਾ ਜੀ

(ਕਪੂਰ ਦੇਉ)

ਮਿਲਯਾ ਵਿਹਲਕਪੂਰਦੇਉਕਹਿਨਲੱਗਾਮੋਹਪੁੱਤ੍ਰਦਾਤੁਸਾਂ ਲਾਯਾ ਕਿਉਂ ਨ
ਜੇਕਰ ਤੁਸਾਂ ਨੂੰਪਹਿਲਾਂਹੀਖਬਰਹੈਸੀ ਸਤਿਗੁਰੂਜੀ ਤੋਂ ਬਖ਼ਸ਼ਾਯਾ ਕਿਉਂ ਨ
ਸਤਿਗੁਰੂ ਜੀ ਦੇ ਅੱਗੇ ਬੇਨਤੀਕਰਮੰਗਪੁੱਤ੍ਰ ਦੀ ਉਮਰ,ਬਚਾਯਾ ਕਿਉਂ ਨ
ਘਾਟਾਕੀਹਗੁਰਘਰਕਰਤਾਰਸਿੰਘਾ ਮੌਤ ਚੰਦਰੀ ਤਈਂ ਹਟਾਯਾ ਕਿਉਂ ਨ

(ਸੰਮਨ)

ਜੋ ਜੰਮਯਾਂ ਓਸ ਅਖੀਰ ਮਰਨਾ ਸਭ ਦਿਹਾਂ ਅਨਿੱਤ ਵਿਚਾਰ ਭਾਈ
ਸਦਾਕਿਸੇਨੇਜੀਊਂਦਿਆਂਨਹੀਂਰਹਿਣਾਨਦੀਨਾਉਂਦਾਮੇਲਪਰਵਾਰ ਭਾਈ
ਗੇੜ ਪੂਰਬ ਕਰਮ ਦੇ ਲੱਗ ਰਹੇ ਜਨਮ ਮਰਨ ਹੈ ਕਰਮ ਅਨੁਸਾਰ ਭਾਈ
ਕੱਚੇ ਘੜੇ ਅੰਦਰ ਜਿਵੇਂ ਨੀਰ ਭਰਯਾ ਤਿਵੇਂ ਦਿਹ,ਸ੍ਵਾਸਦੀ ਕਾਰ ਭਾਈ
ਹੁੰਦੇ ਕਰਮ ਸੰਜੋਗ ਇਹ ਜੀਵ ਕੱਠੇ ਇੱਕ ਬਿਰਖ ਤੇ ਰਾਤ ਗੁਜ਼ਾਰ ਭਾਈ
ਵਾਂਗ ਪੰਛੀਆਂ ਦੇ ਦਿਨੇ ਉੱਡ ਜਾਂਦੇ ਕੋਈ ਨ ਕਿਸੇਨੂੰ ਪੁੱਛਣੇਹਾਰ ਭਾਈ
ਏਸੇਤਰ੍ਹਾਂ ਦਾ ਇਹ ਅਕੱਠ ਬਣਯਾਂ ਧੀਆਂ ਪੁੱਤ ਤੇ ਘਰਦੀ ਨਾਰ ਭਾਈ
ਕਰਮ ਭੋਗ ਕੇ ਆਪਣੀ ਰਾਹੀਂਪੈਂਦੇ ਥਾਂ ਨ ਦੱਸ ਜਾਂਦੇ ਜਾਂਦੀ ਵਾਰ ਭਾਈ
ਹੈ ਧੁਰੋਂ ਸੰਜੋਗ ਵਿਜੋਗਲਿਖਯਾ ਬੱਧਾਨਿਯਮ ਇਹ ਆਪ ਕਰਤਾਰ ਭਾਈ
ਫੇਰ ਕਿਸੇਦੀ ਹੈ ਚਿੰਤਾ ਕੀਹ ਕਰਨੀ ਰਹਿਣਾਆਪ ਨ ਖਿਰਸੰਸਾਰ ਭਾਈ

---

*ਏਸੇ ਤਰ੍ਹਾਂ ਹੀ ਹੂਬਹੂ ਸਾਖੀ ਭਾਈ ਭਿਖਾਰੀ ਦੀ ਗੁਜਰਾਤ ਵਿਚ ਹੋਈ ਲਿਖੀ ਹੈ। ਦੋਹਾਂ ਦਾ ਇਕੋ ਹੀ ਢੰਗ ਹੋਣ ਕਰਕੇ ਏਥੇ ਇਕੋ ਹੀ ਲਿਖੀ ਗਈ ਹੈ।

ਗਯਾਨ ਵਾਨ ਨ ਮੋਹ ਦੇ ਵਿੱਚ ਫਸਦੇ ਹੈ ਮੋਹ ਹੀ ਦੁੱਖ ਭੰਡਾਰ ਭਾਈ
ਪੂਰਨ ਗੁਰਾਂ ਦੇ ਬਿਨ੍ਹਾਂ ਕਰਤਾਰ ਸਿੰਘਾ ਔਖੀਝੱਲਨੀ ਮੋਹ ਦੀਮਾਰ ਭਾਈ

(ਤਥਾ)

ਗੁਰੂ ਘਰ ਹੈ ਕਲਪ ਬ੍ਰਿਛ ਪੂਰਾ ਘਾਟਾ ਬਖਸ਼ਸ਼ਾਂ ਦੇਵਿਚ ਆਵਨਾ ਕੀਹ
ਮੋਖਭੋਗਸਿੱਖਾਂ ਲਈਸਦਾ ਹਾਜ਼ਰ ਦੁਨੀਆਂਦੌਲਤਾਂ ਦਾ ਭੋਗਪਾਵਨਾ ਕੀਹ
ਸਤਿਗੁਰਾਂ ਤੋਂ ਮੰਗਣੀ ਮੁਕਤ ਚਾਹੀਏ ਸਚ ਬਦਲੇ ਕੱਚ ਵਟਾਵਨਾ ਕੀਹ
ਅੰਤ ਜਿਨ੍ਹਾਂ ਪਦਾਰਥਾਂ ਬਿਨਸ ਜਾਣਾਮੋਹ ਉਨ੍ਹਾਂ ਦਾਚਿੱਤਤੇਲਾਵਣਾ ਕੀਹ
ਦੇਵੇ ਸਤਿਗੁਰੂਨਾਮ ਦੀ ਦਾਤ ਉੱਚੀ ਨਾਮਛੱਡਕੇਹੋਰਚਿੱਤਚਾਹਵਨਾ ਕੀਹ
ਇੱਕ ਨਾਮ ਦੇ ਬਿਨ੍ਹਾਂ ਕਰਤਾਰ ਸਿੰਘਾ ਹੋਰ ਸਿੱਖ ਨੇਖੱਟਲੈ ਜਾਵਨਾ ਕੀਹ

(ਵਾਕ ਕਵੀ)

ਨਿਸ਼ਾਹੋ ਗਈ ਸੁਣ ਕਪੂਰਦੇਉ ਦੀ ਸਿੱਖੀਸਿਦਕ ਭਰੋਸਾ ਅਪਾਰ ਡਿੱਠਾ
ਵਿਚ ਵਰਤਦਾਮਾਯਾ ਪਦਾਰਥਾਂ ਦੇ ਮਾਯਾ ਜਾਲਤੋਂ ਸਿੱਖਨੂੰ ਬਾਹਰ ਡਿੱਠਾ
ਪਾਨੀ ਵਿੱਚ ਮੁਰਗ਼ਾਬੀ ਦੇ ਖੰਭ ਵਾਂਗੂੰ ਓਸ ਸਿੱਖ ਦਾ ਸੁੱਧ ਵਿਹਾਰ ਡਿੱਠਾ
ਕੰਵਲਫੁੱਲਨੂੰਲੇਪਨਜਲ ਦੀ ਜਿਉਂ ਰਹਿੰਦਾਸੰਮਨ ਵਿਚਪਰਿਵਾਰ ਡਿੱਠਾ
ਮੱਖੀ ਵਾਂਗ ਨ ਫਸਯਾ ਚਿੱਤ ਕਿਧਰੇ ਕਰਦਾ ਭੌਰ ਦੇ ਵਾਂਗ ਗੁੰਜਾਰ ਡਿੱਠਾ
ਸਤਿਗੁਰਾਂ ਦੀ ਚਰਨੀਂ ਚਿੱਤ ਜੁੜਯਾ ਸਿੱਖੀਨਾਲ ਅਸਚਰਜ ਪਯਾਰ ਡਿੱਠਾ
ਗੁਰ ਗੋਰ ਦੇ ਵਿਚ ਸਮਾਨ ਮੁਰਦੇ ਓਹ ਸਮਾਯਾ ਹੋਯਾ ਇੱਕ ਸਾਰ ਡਿੱਠਾ
ਫਿਰਦਾ ਟੁਰਦਾ ਬਾਨੀ ਦਾ ਪਾਠਕਰਦਾ ਮਨਵਿੱਧਾ ਪ੍ਰੇਮ ਦੀ ਤਾਰ ਡਿੱਠਾ
ਮਤ ਉੱਚੀ ਤੇ ਮਨ ਅਤਯੰਤ ਨੀਵਾਂ ਵੱਡਾ ਗੁਰਮੁਖ ਨਿਰਹੰਕਾਰ ਡਿੱਠਾ
ਗਿਆ ਖ਼ੁਸ਼ ਹੋ ਘਰ ਕਰਤਾਰਸਿੰਘਾ ਪੂਰਨ ਸਿੱਖ ਦਾ ਖ਼ਾਸ ਦੀਦਾਰ ਡਿੱਠਾ

(ਵਾਕ ਕਵੀ)

ਏਸੇ ਤਰ੍ਹਾਂ ਹੀਸਿੱਖ ਅਨੇਕ ਆਉਂਦੇ ਰਸਤਾ ਗਯਾਨਵੈਰਾਗ ਦਾ ਪਾਵੰਦੇ ਜੀ
ਸਤਿਗੁਰੂ ਜੀ ਆਈਆਂ ਸੰਗਤਾਂ ਨੂੰ ਨਿੱਤ ਸ਼ੁਭ ਉਪਦੇਸ਼ ਸੁਣਾਵੰਦੇ ਜੀ
ਅੰਮ੍ਰਿਤਸਰ ਵਿਚ ਰੌਣਕਾਂਬਹੁਤ ਵਧੀਆਂ ਨਵੇਂ ਘਰਬਾਜ਼ਾਰ ਬਣਾਵੰਦੇ ਜੀ
ਲੰਗਰ ਅੰਨ ਤੇ ਨਾਮ ਕਰਤਾਰ ਸਿੰਘਾ ਖੁੱਲ੍ਹੇ ਗੱਫੇ ਸਦਾ ਵਰਤਾਵੰਦੇ ਜੀ

(ਸ੍ਰੀ ਸਤਿਗੁਰੂ ਜੀ ਦੀ ਵਿਚਾਰ)

ਸਤਿਗੁਰਾਂ ਨੇ ਉੱਚੀ ਵਿਚਾਰ ਕੀਤੀ ਕਲਯੁਗ ਸਮਾ ਜ਼ੋਰ ਪਾਇ ਰਿਹਾ
ਫਸੀ ਦੁਨੀਆਂ ਮਾਯਾ ਦੇ ਜਾਲ ਅੰਦਰ ਜ਼ੋਰ ਲੋਭ ਪਾਖੰਡ ਵਧਾਇ ਰਿਹਾ

ਜੀਵ ਲਾਲਚੀ ਦਿਨੋ ਦਿਨ ਹੋ ਰਹੇ ਸੱਤ ਧਰਮ ਹੈ ਮੂੰਹ ਛੁਪਾਇ ਰਿਹਾ
ਯੱਗ ਦਾਨ ਤਪੱਸਯਾ ਹੋਵੰਦੀ ਨਹੀਂ ਬਲ ਧੀਰਜ ਘਟ ਘਟਾਇ ਰਿਹਾ
ਖ਼ਾਲਸ ਪੰਥ ਦੀ*ਗੁਰਾਂਨੇ ਨੀਂਹ ਰੱਖੀ ਘਰ ਘਰ ਹੈ ਫੈਲ ਫੈਲਾਇ ਰਿਹਾ
ਜਿਵੇਂ ਰਹੇ ਅਟੱਲ ਕਰਤਾਰ ਸਿੰਘਾ ਹੀਲਾ ਕਰੀਏ ਸਮਾ ਹੈ ਜਾਇ ਰਿਹਾ

(ਤਥਾ)

ਸਾਰੇ ਧਾਰਨੇ ਦਸ ਸਰੂਪ ਅਸਾਂ ਪਿਛੋਂ ਪੰਥ ਕਿਧੀ ਆਸ ਧਰੇਗਾ ਜੀ
ਜਿੱਨਾ ਚਿਰ ਨ ਆੱਸਰਾ ਹੋਇਕੋਈ ਕਿਵੇਂ ਪੰਥਦਾ ਕਾਜ ਫਿਰ ਸਰੇਗਾ ਜੀ
ਬਿਨ੍ਹਾਂ ਬੱਨ੍ਹ ਬਹਾਰੀ ਨ ਰਹੇ ਬੱਧੀ ਤੀਲ੍ਹੇ ਜਾਨ ਖਿੱਲਰਕੌਣ ਫੜੇਗਾ ਜੀ
ਬੇੜਾ ਚਾਹੀਏ ਪੂਰਾ ਕਰਤਾਰ ਸਿੰਘਾ ਪੰਥ ਆੱਸਰੇ ਜਿਸਦੇ ਤਰੇਗਾ ਜੀ

(ਤਥਾ)

ਪ੍ਰਿਥੀ ਚੰਦ ਜੈਸੇ ਕਈ ਹੋਣ ਅੱਗੋਂ ਜਿਹੜੇ ਮਕਰ ਫਰੇਬ ਫੈਲਾਨਗੇ ਜੀ
ਇਹ ਹੁਣੇ ਕੱਚੀ ਬਾਨੀ †ਰਚ ਰਿਹਾ ਕਈ ਹੋਰ ਭੀ ਲੋਭ ਵਧਾਨਗੇ ਜੀ
ਸਮਾਂ ਗੁਜ਼ਰ ਜਾਇ ਭੋਲੇਸਿੱਖ ਪਿੱਛੋਂ ਭੇਦ ਅਸਲੀ ਕਿਸਤਰ੍ਹਾਂ ਪਾਨਗੇ ਜੀ
ਭਾਵੇਂ ਸੱਚ ਦੇ ਨਾਲ ਨ ਕੱਚ ਰਲਦਾ ਪਰ ਸਿੱਧੇ ਸਾਦੇ ਧੋਖੇ ਖਾਨਗੇ ਜੀ
ਹੈ ਗੁਰੂ ਬਿਨ੍ਹਾਂ ਕੱਚੀ ਹੋਰ ਬਾਨੀ ਕਿਵੇਂ ਸਿੱਖ ਅੰਵਾਨ ਪਰਖਾਨਗੇ ਜੀ
ਕੱਚੇ ਪਿੱਲੇ ਆੱਗੂ ਬਣ ਬੈਠ ਜਾਵਨ ਬੇੜੇ ਪੰਥ ਦੇ ਤਈਂ ਡੁਬਾਨਗੇ ਜੀ
ਸਤਿਗੁਰਾਂ ਦੇ ਸਤਿ ਉਪਦੇਸ਼ ਤਾਈਂ ਪੜਦੇ ਝੂਠ ਦੇ ਹੇਠ ਛਪਾਨਗੇ ਜੀ
ਹੀਰੇ, ਲਾਲ, ਬਲੌਰ ਮਿਲਾ ਕਰਕੇ ਸਿੱਖਾਂ ਸਿੱਧਿਆਂ ਨੂੰ ਲੁੱਟ ਖਾਨਗੇ ਜੀ
ਲੋਕ ਲਾਲਚੀ ਹੋਵੰਦੇ ਰਹਿਣ ਪੈਦਾ ਪੰਥ ਤਈਂ ਨੁਕਸਾਨ ਪੁਚਾਨਗੇ ਜੀ
ਪੱਕੀ ਵਾੜ ਦੇ ਬਿਨ੍ਹਾਂ ਕਰਤਾਰ ਸਿੰਘਾ ਖੇਤ ਧਾੜਵੀ ਪੁੱਟ ਲੈ ਜਾਨਗੇ ਜੀ

(ਤਥਾ)

ਹੈ ਬਾਣੀਹੀ ਗੁਰੂਦਾਰੂਪ ਅਸਲੀ ਬਾਣੀਧੁਰ ਦਰਗਾਹਤੋਂ ਆਈ ਹੋਈ ਏ
ਚੌਹਾਂਗੁਰੂਆਂ ਹੁਕਮਕਰਤਾਰਅੰਦਰ ਸਮੇ ਸਮੇਸਿਰਉਚਰ ਸੁਣਾਈ ਹੋਈ ਏ
ਦੁਨੀਆਂਦਾਰਾਂ ਦੇ ਤਾਰਨੇ ਵਾਸਤੇਜੀ ਗੁਰਸ਼ਕਤੀਬਾਨੀ ਸਮਾਈ ਹੋਈ ਏ

---

* ਸ੍ਰੀ ਗੁਰੂ ਨਾਨਕ ਦੇਵ ਜੀ ਨੇ।

†ਪ੍ਰਿਥੀਚੰਦ ਟੁੱਟੇ ਫੁੱਟੇ ਛੰਦ ਰਚਕੇ ਵਿੱਚ ਨਾਨਕ ਨਾਮ ਰੱਖਕੇ ਆਪਣੇ ਭੋਲੇ ਭਾਲੇ ਸਿੱਖਾਂ ਨੂੰ ਦੱਸਯਾ ਕਰਦਾ ਸੀ ਕਿ ਮੈਂ ਹੀ ਸੱਚਾ ਗੁਰੂ ਹਾਂ ਤੇ ਮੈਨੂੰ ਹੀ ਈਸ਼ਵਰੀ ਬਾਣੀ ਦਾ ਇਲਹਾਮ ਹੁੰਦਾ ਹੈ ਭਾਵ ਪਰਮਾਤਮਾ ਵਲੋਂ ਵੱਡੇ ਗੁਰੂਆਂ ਵਾਂਗੂ ਬਾਨੀ ਮੇਰੇ ਤੇ ਉਤਰਦੀ ਹੈ।

ਜੁਗਾਂ ਤੱਕ ਹੈ ਸਫਲ,ਨ ਨਿਫਲ ਕਦੇ ਸਤਿਪੁਰਖਾਂ ਮੂੰਹੋਂ ਕਢਾਈ ਹੋਈ ਏ
ਸੱਚ ਖੰਡ ਵੱਲੋਂ ਸੱਚੀ ਅਮਰ ਬੂਟੀ ਕਰ ਅੰਮ੍ਰਤ ਰੂਪ ਵਰਤਾਈ ਹੋਈ ਏ
ਬਾਨੀਗੁਰੂਦਾਰੂਪ ਕਰਤਾਰਸਿੰਘਾ ਅਮਰਦਾਸਸਤਿਗੁਰੂਲਿਖਾਈ ਹੋਈ ਏ

(ਤਥਾ)

ਜੇਕਰ ਏਸੇ ਤਰ੍ਹਾਂ ਹੀਇਹ ਰਹੀਖੁੱਲ੍ਹੀ ਹੌਲੀਹੌਲੀ ਸਭ ਸਿੱਖ ਭੁਲਾ ਦੇਵਨ
ਅੱਗੇ ਪਿੱਛੇ ਹੋਜਾਇਗੀ ਇਹ ਖਿੱਲਰ ਸਿੱਖ ਰਤਨ ਅਮੋਲ ਗੁਵਾ ਦੇਵਨ
ਠੱਗ ਲਾਲਚੀ ਮਾਯਾ ਦੇ ਲੋਭ ਵਾਲੇ ਹੋਰ ਬਾਨੀਆਂ ਰਚ ਰਲਾ ਦੇਵਨ
ਝੂਠ ਸੱਚ ਰਲਾਇ ਕਰਤਾਰ ਸਿੰਘਾ ਅਸਲ ਰੂਪ ਦੇ ਤਈਂ ਛੁਪਾ ਦੇਵਨ

(ਤਥਾ)

ਏਸੇ ਲਈ ਬਾਂਨੀ ਕਰ ਸਭ ਕੱਠੀ ਇੱਕ ਬੀੜ ਦੇ ਵਿੱਚ ਰਖਾਈ ਜਾਵੇ
ਚੌਹਾਂ ਸਤਿਗੁਰਾਂ ਦੀ ਅਤੇ ਆਪਨੀ ਭੀ ਇੱਕਥਾਂ ਸਭ ਜਮ੍ਹਾਂਕਰਾਈ ਜਾਵੇ
ਅੱਗੇ ਪਿੱਛੇ ਨ ਕੋਈ ਭੀ ਕਰ ਸੱਕੇ ਪੂਰੀ ਕਰ ਤਰਤੀਬ ਲਿਖਾਈ ਜਾਵੇ
ਸਦਾ ਰਹੇ ਅਟੱਲ ਕਰਤਾਰ ਸਿੰਘਾ ਬੰਦ ਕਰਕੇ ਮੋਹਰ ਲਗਾਈ ਜਾਵੇ

(ਤਥਾ)

ਦਸਾਂ ਜਾਮਯਾਂ ਦੇ ਪਿੱਛੋਂ ਜੁੱਗਾਂ ਤੋੜੀ ਗੁਰ ਰੂਪ, ਉਪਦੇਸ਼ ਸੁਣਾਇ ਏਹੋ
ਗੁਰ ਰੂਪ ਮੌਜੂਦ ਰਹਿ ਪੰਥ ਅੰਦਰ ਭਰਮ, ਭੇਦ, ਪਾਖੰਡ ਨਸਾਇ ਏਹੋ
ਗੁਰੂ ਨਾਨਕ ਦੇ ਉਪਦੇਸ਼ ਸੱਚੇ ਸਿੱਖ ਸੰਗਤਾਂ ਪਾਸ ਪੁਚਾਇ ਏਹੋ
ਸੱਚੇ ਸਿੱਖੀ ਉਪਦੇਸ਼ ਅਸੂਲ ਉੱਚੇ ਜਮ੍ਹਾਂ ਆਪਨੇ ਵਿੱਚ ਰਖਾਇ ਏਹੋ
ਗੁਰੂ, ਪੰਥ ਨੂੰ ਹੋਰ ਨ ਲੱਭਨਾ ਪਏ ਗੁਰੂ ਗਿਆਰ੍ਹਵਾਂ ਰੂਪ ਅਖਵਾਇ ਏਹੋ
ਕੱਟ ਜਨਮ ਜੰਜਾਲ ਕਰਤਾਰ ਸਿੰਘਾ ਸਿੱਖਾਂ ਤਈਂ ਬੈਕੁੰਠ ਪੁਚਾਇ ਏਹੋ

(ਸ੍ਰੀ ਗ੍ਰੰਥ ਜੀ ਦੀ ਬੀੜ ਰਚਨ ਦੀਆਂ ਤੱਯਾਰੀਆਂ)

ਹੋਗਿਆ ਇਹ ਜਦੋਂ ਸੰਕਲਪ ਪੱਕਾ ਫੇਰ ਹੁਕਮਨਾਮੇ ਲਿਖਵਾਇ ਜਲਦੀ
ਜਿਸਸਿੱਖ ਦੇ ਕੰਠ ਕੋਈਸ਼ਬਦ ਹੋਵੇ ਸਾਡੇਪਾਸ ਉਹ ਲਿਖਪੁਚਾਇ ਜਲਦੀ
ਬਾਨੀਕਿਸੇਸਤਿਗੁਰਾਂਦੀ ਲਿਖੀਹੋਵੇਨਾਲਅਦਬਦੇ ਲੈਉਹਆਇ ਜਲਦੀ
ਇਹ ਹੁਕਮਨਾਮੇ ਦੂਰ ਦੂਰ ਤੋੜੀ ਦੇਇ ਸੇਵਕਾਂ ਹੱਥੀਂ, ਪੁਚਾਇ ਜਲਦੀ
ਸਿੱਖ ਦੇੱਸਾਂ ਪ੍ਰਦੇਸਾਂ ਤੋਂ ਗੁਰ ਬਾਨੀ ਲੈਲੈ ਅੰਮ੍ਰਤਸਰ ਨੂੰ ਧਾਇ ਜਲਦੀ
ਬੀੜ ਹੋਈ ਤੱਯਾਰ ਕਰਤਾਰਸਿੰਘਾ ਜਮ੍ਹਾ ਸ਼ਬਦ ਸ਼ਲੋਕ ਕਰਾਇ ਜਲਦੀ

(ਵਾਕ ਕਵੀ)

ਇੱਕ ਬਖ਼ਤਾ ਅਰੋੜਾ* ਜਲਾਲ ਪੁਰੀਆ ਬੜਾ ਭਾਰੀ ਗ੍ਰੰਥ ਲਿਆਇਆ ਜੀ
ਰਾਮਦਾਸ ਸਤਿਗੁਰਾਂ ਦੇ ਪਾਸ ਰਹਿਕੇ ਉਸ ਜਮ੍ਹਾ ਜ਼ਖ਼ੀਰਾ ਕਰਾਇਆ ਜੀ
ਚੌਹਾਂ ਸਤਿਗੁਰਾਂ ਦੀ ਬਾਣੀ ਬਹੁਤ ਸਾਰੀ ਓਸ ਲਿਖ ਰੱਖੀ ਇਹ ਜਤਾਇਆ ਜੀ
ਕਰ ਉੱਦਮ ਬੜਾ ਕਰਤਾਰ ਸਿੰਘਾ ਵੇਲੇ ਸਿਰ ਬਹੁ ਲਾਭ ਪੁਚਾਇਆ ਜੀ

ਗੋਇੰਦਵਾਲੋਂ ਗੁਰਬਾਣੀ ਦਾ ਲਿਆਉਣਾ

ਸਿੱਖ ਸ਼ਬਦ ਸ਼ਲੋਕ ਲੈ ਬਹੁਤ ਆਏ ਕੀਤੀ ਗੁਰਾਂ ਨੇ ਫੇਰ ਵਿਚਾਰ ਭਾਈ
ਗੋਇੰਦਵਾਲ ਅੰਦਰ ਪਾਸ ਮੋਹਨਜੀ ਦੇ ਹੈ ਬਾਣੀ ਦਾ ਬਹੁਤ ਭੰਡਾਰ ਭਾਈ
ਉਹ ਭੀ ਸਾਰਾ ਲਿਆਵਨਾ ਚਾਹੀਦਾ ਏ ਹੋਵੇ ਫੇਰ ਗ੍ਰੰਥ ਤੱਯਾਰ ਭਾਈ
ਇਹ ਸੋਚ ਕੇ ਆਪ ਗੁਰਦਾਸ ਜੀ ਨੂੰ ਓਥੇ ਭੇਜਯਾ ਗੁਰੂ ਦਾਤਾਰ ਭਾਈ
ਅੱਗੇ ਮੋਹਨ ਜੀ ਮਸਤ ਅਲਮਸਤ ਰਹਿੰਦੇ ਕਿਸੇ ਨਾਲ ਨ ਕਾਰ ਵਿਹਾਰ ਭਾਈ
ਬੈਠੇ ਵਿੱਚ ਚੁਬਾਰੇ ਸਮਾਧ ਲਾ ਕੇ ਬੰਦ ਰੱਖਦੇ ਸਦਾ ਕਿਵਾਰ ਭਾਈ
ਥੱਕੇ ਜ਼ੋਰ ਲਾ ਬਹੁਤ ਗੁਰਦਾਸ ਹੋਰੀ ਕਿਵੇਂ ਮੋਹਨ ਜੀ ਦੇਨ ਦੀਦਾਰ ਭਾਈ
ਪਰ ਉਹਨਾਂ ਨੇ ਦਰ ਨੂੰ ਖੋਲ੍ਹਯਾ ਨ ਉੱਤਰ ਦਿੱਤਾ ਨਾਹਿ ਇੱਕਵਾਰ ਭਾਈ
ਅੰਤ ਭਾਈ ਸਾਹਿਬ ਓਥੋਂ ਮੁੜ ਆਏ ਖ਼ਾਲੀ ਹੱਥ ਹੀ ਬਿਨ੍ਹਾਂ ਹੰਕਾਰ ਭਾਈ
ਬੱਬੇ ਬੁੱਢੇ ਨੂੰ ਭੇਜਯਾ ਫੇਰ ਗੁਰਜੀ ਓਹ ਭੀ ਕਰ ਥੱਕੇ ਹੀਲੇ ਭਾਰ ਭਾਈ
ਉੱਕੀ ਖੁੱਲ੍ਹੀ ਸਮਾੱਧੀ ਨ ਮੋਹਿਨ ਜੀ ਦੀ ਨ ਵੇਖਯਾ ਨੈਣ ਉਘਾਰ ਭਾਈ
ਉਹ ਭੀ ਖ਼ਾਲੀ ਹੀ ਮੁੜੇ ਕਰਤਾਰ ਸਿੰਘਾ ਗੋਇੰਦਵਾਲ ਤੋਂ ਹੋਇ ਲਾਚਾਰ ਭਾਈ

(ਤਥਾ)

ਅੰਤ ਆਪ ਸਤਿਗੁਰੂ ਜੀ ਤਯਾਰ ਹੋਕੇ ਗੋਇੰਦਵਾਲ ਪੁਰੀ ਵੱਲ ਜਾਂਵਦੇ ਨੇ
ਪਹਿਲਾਂ ਬਾਉਲੀ ਸਾਹਿਬ ਅਸ਼ਨਾਨ ਕਰਕੇ ਫੇਰ ਪਿਤਾ ਅਸਥਾਨ ਦਰਸਾਂਵਦੇ ਨੇ
ਮਿਲ ਗਿਲ ਕੇ ਸਾਕ ਸੰਬੰਧੀਆਂ ਨੂੰ ਰਾਤ ਕਰ ਆਰਾਮ ਬਿਤਾਂਵਦੇ ਨੇ
ਦਿਨੇ ਸੋਚ ਅਸ਼ਨਾਨ ਧਯਾਨ ਕਰਕੇ ਫੜ ਸੁਰ ਤੰਬੂਰਾ ਕਰਾਂਵਦੇ ਨੇ

*ਇਹ ਬਖ਼ਤਾ ਅਰੋੜਾ ਜਲਾਲ ਪੁਰ ਪਰਗਣੇ (ਹਸਨ ਅਬਦਾਲ) ਪੰਜੇ ਸਾਹਿਬ ਦੇ ਰਹਿਣ ਵਾਲਾ ਸੀ, ਇਸ ਨੇ ਗੁਰਬਾਣੀ ਦਾ ਬੜਾ ਭਾਰੀ ਜ਼ਖੀਰ ਜਗ੍ਹਾ ਕਰ ਰੱਖਯਾ ਸੀ। ਸ੍ਰੀ ਗੁਰੂ ਜੀ ਨੇ ਓਸ ਵਿਚੋਂ ਬਹੁਤ ਸਾਰੀ ਬਾਣੀ ਲਿਖਵਾ ਲਈ ਤੇ ਓਹ ਗ੍ਰੰਥ ਓਸੇ ਨੂੰ ਮੋੜ ਦਿੱਤਾ ਜੋ ਰਾਵਲਪਿੰਡੀ ਵਿੱਚ ਹੁਣ ਤੱਕ ਉਸ ਦੀ ਔਲਾਦ ਪਾਸ ਮੌਜੂਦ ਹੈ।

ਮੋਹਿਨਜਿਸ ਚੁਬਾਰੇ ਦੇ ਵਿੱਚਰਹਿੰਦਾ ਓਸੇਗਲੀ ਜਾਕੇ ਆੱਸਣਲਾਵੰਦੇ ਨੇ
ਗਉੜੀ ਰਾਗ ਦੇ ਵਿੱਚ ਕਰਤਾਰ ਸਿੰਘਾ ਸ੍ਰੀ ਮੁੱਖ ਤੋਂ ਸ਼ਬਦ ਸੁਣਾਵੰਦੇ ਨੇ

(ਤਥਾ)

'ਮੋਹਿਨਤੇਰੇਊਚੇਮੰਦਰਿਮਹਲਅਪਾਰਾ' ਇਤਆਦਿਕਸ਼ਬਦਅਲਾਇਬਹੁਤੇ
ਬਾਰੀਖੋਲ੍ਹਕੇ ਮੋਹਿਨਜੀ ਸਾਮ੍ਹਣੇ ਹੋ ਬੁਰੇਭਲੇ ਕਈਬਚਨ ਸੁਣਾਇ ਬਹੁਤੇ
ਜਿਨ੍ਹਾਂਵਿੱਚਸਨਉਸਤਤੀਨਿੰਦਯਾਦੋਇੰਕਈਤਰ੍ਹਾਂਦੇਵਾਕਕਢਵਾਇ ਬਹੁਤੇ
ਰਹੇ ਗੁਰ ਪ੍ਰਸੰਨ ਕਰਤਾਰਸਿੰਘਾ ਵੇਖ ਮੋਹਿਨ ਜੀ ਦਿਲੋਂ ਹਰਖਾਇ ਬਹੁਤੇ

(ਤਥਾ)

ਲਿਆਕੇਪੋੱਥੀਆਂ ਸਾਰੀਆਂਮੋਹਿਨਜੀਨੇ ਸਤਿਗੁਰਾਂਦੇਹੱਥ ਫੜਾਈਆਂ ਜੀ
ਗੁਰਾਂਅਦਬਦੇਨਾਲਸਿਰਧਰਲਈਆਂਮੂੰਹੋਂਕੀਤੀਆਂਬਹੁਵਡਿਆਈਆਂ ਜੀ
ਭਾਵਨਿੰਮਰੀ ਹੋਇਕੇਮੋਹਿਨਜੀਨੇ ਭੁੱਲਾਂਸਾਰੀਆਮੁਆਫ਼ ਕਰਵਾਈਆਂ ਜੀ
ਗੁਰੂ ਹੋਇ ਪ੍ਰਸੰਨ ਕਰਤਾਰਸਿੰਘਾ ਰਿੱਧਾਂ,ਸਿੱਧਾਂ,ਨਿੱਧਾਂ ਮਾਨੋ ਪਾਈਆਂ ਜੀ

(ਤਥਾ)

ਏਨੇਚਿਰ ਨੂੰ ਮੋਹਰੀ ਜੀ ਆਇ ਗਏ ਸਤਿਗੁਰਾਂਨੂੰ ਘਰ ਲੈ ਜਾਇ ਭਾਈ
ਸੁੰਦਰ ਆੱਸਣ ਦੇਇ ਬੈਠਾਇ ਲਏ ਉੱਚੇ ਪੋੱਥੀਆਂ ਸਾਂਭ ਰਖਾਇ ਭਾਈ
ਆਇ ਮਾੱਮੀ ਨੇ ਸਿਰ ਪਜਾਰ ਦਿੱਤਾ ਸਾਕ ਅੰਗ ਸਾਰੇ ਹਰਖਾਇ ਭਾਈ
ਉਹਦਿਨ ਭੀ ਗੁਰੂ ਜੀ ਰਹੇ ਓਥੇ ਸਾਰੇ ਗੁਰ ਅਸਥਾਨ ਦਰਸਾਇ ਭਾਈ
ਦਿਨ ਅਗਲੇ ਓਥੋਂ ਤਯਾਰ ਹੋਏ ਸੰਬੰਧੀਆਂ ਮਿਲ ਮਿਲਾਇ ਭਾਈ
ਚੁੱਕਪੋਥੀਆਂ ਸਾਰੀਆਂਅਦਬ ਸੇਤੀ ਲੱਈਆਂਖ਼ਾਸੇਦੇਵਿੱਚ ਟਿਕਾਇ ਭਾਈ
ਕੁਝ ਸੰਗਤ ਨਾਲ ਟੁਰ ਪਈ ਓਥੋਂ ਚੱਲੇ ਤੁਰੀਆਂ ਸੰਖ ਵਜਾਇ ਭਾਈ
ਗੋਇੰਦਵਾਲ ਤੋਂ ਚੱਲ ਖਡੂਰ ਪਹੁੰਚੇ ਅੱਗੋਂਆਣ ਦਾੱਤੂ ਅਟਕਾਇ ਭਾਈ
ਗੁਰੂ ਅੰਗਦ ਸਾਹਿਬ ਦੇ ਥਾਨ ਜਾਕੇ ਸਤਿਗੁਰਾਂ ਪ੍ਰਸ਼ਾਦ ਕਰਾਇ ਭਾਈ
ਉਹ ਦਿਨ ਖਡੂਰ ਹੀ ਰਹੇ ਗੁਰ ਜੀ ਪ੍ਰਸੰਗ ਕਈ ਸੁਣੇ ਸੁਣਾਇ ਭਾਈ
ਓਥੋਂਚੱਲ ਅੱਗੇਆਇ ਤਰਨਤਾਰਨ ਅਸ਼ਨਾਨ ਕਰ ਖ਼ੁਸ਼ੀ ਮਨਾਇ ਭਾਈ
ਨੰਗੀਂਪੈਰੀਂਗੁਰਨਾਲਕਰਤਾਰਸਿੰਘਾ ਕਰਦੇਚੌਰਸਨਅਦਬਵਧਾਇ ਭਾਈ

(ਪੋਥੀਆਂ ਲੈਕੇ ਸ੍ਰੀ ਅੰਮ੍ਰਿਤਸਰ ਪਹੁੰਚਣਾ)

ਅੱਗੋਂ ਸੁਣਕੇ ਖਬਰ ਏਹ ਸੁਧਾਸਰ ਤੋਂ ਸ੍ਰੀ ਹਰਿ ਗੋਬਿੰਦ ਉਤਾਲ ਚੱਲੇ
ਬਾਬਾ ਬੁੱਢਾ ਤੇ ਮੁਖੀਏ ਸਿੱਖ ਸਾਰੇ ਕੱਠੇ ਹੋਇ ਕੇ ਖ਼ੁਸ਼ੀ ਦੇ ਨਾਲ ਚੱਲੇ

ਮਿਲੇ ਅੱਗੋਂ ਵਾਲੀ ਜਾਕੇ ਗੁਰੂ ਜੀਨੂੰ ਖ਼ਾਸਾ ਲੈ ਕੇ ਅਗ੍ਹਾਂਕਿਰਪਾਲ ਚੱਲੇ
ਆਪ ਕਰਦੇ ਚੌਰ ਕਰਤਾਰ ਸਿੰਘਾ ਖ਼ਾਸੇ ਨਾਲ ਗੁਰ ਦੀਨ ਦਯਾਲ ਚੱਲੇ

(ਤਥਾ)

ਅੰਮ੍ਰਿਤਸਰਤਾਲਾਬਤੋਂ ਤਰਫਚੜ੍ਹਦੀਖ਼ਾਸਾ*ਥੜ੍ਹੇਉੱਤੇਆ ਟਿਕਾਨ ਗੁਰ ਜੀ
ਬੱਬੇ ਬੁੱਢੇ ਦੇ ਕਰ ਸਪੁਰਦ ਖ਼ਾਸਾ ਸ੍ਰੀ ਮੁੱਖ ਤੋਂ ਸ਼ਬਦ ਸੁਣਾਨ ਗੁਰ ਜੀ
ਏਥੇਸੰਗਤ ਦੇ ਸਣੇ ਤੁਸਾਂ ਰਹਿਣਾਕਰਨਾ ਰਾਤ ਜਗਰਾਤਾਜਤਾਨ ਗੁਰ ਜੀ
ਸ੍ਰੀ ਹਰਿਗੋਬਿੰਦ ਨੂੰ ਨਾਲ ਲੈਕੇ ਸ੍ਰੀ ਹਰੀਮੰਦਰ ਅੰਦਰ ਜਾਨ ਗੁਰ ਜੀ
ਮੱਥਾ ਟੇਕ ਪ੍ਰਕਰਮਾਂ ਗਿਰਦ ਕਰਕੇ ਫੇਰ ਘਰ ਜਾ ਦਰਸ ਦਿਖਾਨ ਗੁਰ ਜੀ
ਦਾਸ ਦਾਸੀਆਂ ਤਈਂ ਕਰਤਾਰਸਿੰਘਾ ਖ਼ੁਸ਼ੀ ਹੋਇਕੇ ਦੇਵੰਦੇਦਾਨ ਗੁਰ ਜੀ

(ਸ੍ਰੀ ਗ੍ਰੰਥ ਸਾਹਿਬ ਜੀ ਦੀ ਬੀੜ ਤੱਯਾਰ ਕਰਨੀ)

ਏਸੇਤਰ੍ਹਾਂ ਸਤਿਗੁਰਾਂ ਨੇ ਬਹੁਤ ਬਾਨੀ ਜਮ੍ਹਾ ਸਿਲਸਿਲੇਵਾਰ ਕਰਾਇ ਲਈ
ਇੱਕਬੀੜਹੁਣਖ਼ਾਸ ਤੱਯਾਰਕਰਨੀਹਿਰਦੇਪੱਕੀ ਦਲੀਲਠਹਿਰਾਇ ਲਈ
ਤਦ ਅੰਮ੍ਰਿਤਸਰ ਤੋਂ ਵੱਲ ਪੂਰਬ ਇੱਕ ਜਗ੍ਹਾ ਇਕਾਂਤ ਬਣਾਇ ਲਈ
ਜਿੱਥੇ ਸੁਖਮਨੀਸਾਹਿਬ ਉਚਾਰੀ ਹੈਸੀ ਓਥੇ ਤੰਬੂ ਕਨਾਤ ਬਣਵਾਇ ਲਈ
ਸੋਲਾਂ ਸੌ ਦਾ ਸੱਠਵਾਂ ਸਾਲ ਹੈਸੀ ਪਾਸ ਕਾਗ਼ਜ਼ ਸਿਆਹੀ ਰਖਾਇ ਲਈ
ਫੇਰ ਸੋਧ ਅਰਦਾਸ ਕਰਤਾਰਸਿੰਘਾ†ਸਤਿਗੁਰਾਂ ਤੋਂ ਆੱਗਯਾ ਪਾਇ ਲਈ

(ਤਥਾ)

ਤੰਬੂ ਵਿੱਚ ਸਤਿਗੁਰੂ ਜੀ ਆਪ ਬਹਿੰਦੇ ਮੁੱਖੋਂ ਬਾਨੀ ਅਗੰਮ ਸੁਣਾਈ ਜਾਂਦੇ
ਬਾਹਰਬੈਠੇ ਭਾਈ ਗੁਰਦਾਸਸਾਹਿਬ ਸਾਫ਼ ਸਿਲਸਿਲੇਵਾਰ ਰਖਾਈ ਜਾਂਦੇ
‡ਦਰਜੇਵਾਰ ਸਤਿਗੁਰਾਂਦੀ ਰੱਖਬਾਨੀ ਰਾਗਰਾਗ ਦੇ ਵਿੱਚਲਿਖਾਈ ਜਾਂਦੇ
ਕਈ ਸੈਂਚੀਆਂ ਅੱਗੇ ਜੋ ਲਿਖੀਆਂ ਸਨ ਸੋਧ ਅੰਦਰੋਂ ਗੁਰੂ ਫੜਾਈ ਜਾਂਦੇ
ਜਿਹੜੀਸੋਧੀ ਹੋਈਓਥੇ'ਸੁੱਧ'ਲਿਖਕੇ ਚਾੜ੍ਹਦਿਹੋ ਇਹਆਖ ਜਤਾਈ ਜਾਂਦੇ

---

*ਏਸ ਥੜ੍ਹੇ ਸਾਹਿਬ ਦੇ ਥਾਂ ਮੰਜੀ ਸਾਹਿਬ' ਗੁਰਦਵਾਰਾ ਬਣਯਾਂ ਹੋਯਾ ਸੀ, ਸੰਮਤ ੧੯੯੦ ਵਿਖੇ ਅਕਾਲੀ ਆੱਗੂਆਂ ਨੇ ਓਸਦੀਆਂ ਇੱਟਾਂ ਉਡਾਕੇ ਉਸ ਥਾਂ ਤੀਵੀਆਂ ਦੇ ਅਸ਼ਨਾਨ ਕਰਨ ਵਾਸਤੇ ਪੌਣਾ ਬਣਵਾ ਦਿੱਤਾ ਤੇ ਇਸ ਮਹਾਨ ਪਵਿੱਤਰ ਅਸਥਾਨ ਦੀ ਬੜੀ ਬੇਅਦਬੀ ਕੀਤੀ, ੧੯੯੫ ਸੰਮਤ ਵਿੱਚ ਫੇਰ ਸੰਗਤਾਂ ਦੇ ਪ੍ਰੇਰਨ ਤੇ ਪੌਣਾ ਢਾਹ ਕੇ ਓਥੇ ਓਸੇ ਤਰ੍ਹਾਂ ਮੰਜੀ ਸਾਹਿਬ ਦੀ ਯਾਦਗਾਰ ਬਣਾਈ ਗਈ ਹੈ।

†ਵੱਡੇ ਸਤਿਗੁਰਾਂ ਤੋਂ।

‡ਦਰਜੇਵਾਰ–ਭਾਵ ਮ: ੧ ਮ: ੨ ਮ: ੩।

ਜਿਹੜੇ ਸੋਧਨੇ ਯੋਗ ਸੀ ਸੁੱਧ ਕੀਚੇ ਭਾਈ ਸਾਹਿਬ ਨੂੰ ਹੁਕਮ ਫ਼ਰਮਾਈ ਜਾਂਦੇ
ਜਿਵੇਂ ਅੰਦਰੋਂ ਗੁਰੂ ਜੀ ਹੁਕਮ ਕਰਦੇ ਤਿਵੇਂ ਭਾਈ ਜੀ ਬਾਹਰ ਚੜ੍ਹਾਈ ਜਾਂਦੇ
ਹਰ ਰੋਜ਼ ਇੱਕ ਪਹਿਰ ਕਰਤਾਰ ਸਿੰਘਾ ਏਸ ਕੰਮ ਉੱਤੇ ਗੁਰੂ ਲਾਈ ਜਾਂਦੇ

(ਤਥਾ)

ਵੱਖੋ ਵੱਖ ਗੁਰਬਾਣੀ ਪਛਾਨਣੇ ਲਈ ਬਾਣੀ ਨਾਲ ਮਹੱਲਾ ਲਿਖਾਇਆ ਜੀ
ਪਹਿਲਾ, ਦੂਸਰਾ, ਤੀਸਰਾ ਫੇਰ ਚੌਥਾ ਅੰਤ ਪੰਜਵਾਂ ਮਹਿਲ ਰਖਾਇਆ ਜੀ
ਵਾਰਾਂ ਪੌੜੀਆਂ ਨਾਲ ਸ਼ਲੋਕ ਲਿਖੇ ਇਹ ਸਿਲਸਿਲਾ ਆਪ ਚਲਾਇਆ ਜੀ
ਭਗਤ ਬਾਣੀਆਂ ਰੱਖੀਆਂ ਅੰਤ ਰਾੱਗਾਂ ਇਹਦੇ ਵਿੱਚ ਭੀ ਭੇਦ ਜਤਾਇਆ ਜੀ
ਸ੍ਰੀਰਾਗ ਪਹਿਲਾਂ ਅੱਗੇ ਮਾਝ ਗਉੜੀ ਆੱਸਾ ਗੂਜਰੀ ਮੇਲ ਮਿਲਾਇਆ ਜੀ
ਅੱਗੇ ਦੇਵ ਗੰਧਾਰੀ ਬਿਹਾਗੜਾ ਲਿਖ ਵਡਹੰਸ ਨੂੰ ਨਾਲ ਰਲਾਇਆ ਜੀ
ਫੇਰ ਸੋਰਠ ਧਨਾਸਰੀ ਜੈਤਸਰੀ ਨੂੰ ਲਿਖ ਟੋੱਡੀ ਬੈਰਾੜੀ ਨੂੰ ਪਾਇਆ ਜੀ
ਪਾ ਤਿਲੰਗ ਤੇ ਸੂਹੀ ਬਿਲਾਵਲ ਅੱਗੇ ਗੋਂਡ ਰਾਮਕਲੀ ਨੱਟ ਆਇਆ ਜੀ
ਮਾੱਲੀ ਗੌੜਾ ਮਾਰੂ ਤੇ ਤੁਖਾਰੀ ਲਿਖਕੇ ਚਾ ਕੇਦਾਰਾ ਤੇ ਭੈਰੋਂ ਬੈਠਾਇਆ ਜੀ
ਪਾ ਬਸੰਤ ਹਿੰਡੋਲ ਤੇ ਰਾਗ ਸਾਰੰਗ ਚਾ ਮਲਾਰ ਤੇ ਕਾਨੜਾ ਗਾਇਆ ਜੀ
ਕਲਿਆਨ ਪ੍ਰਭਾਤੀ ਤੇ ਜੈਜਾਵੰਤੀ ਸੰਸਕ੍ਰਿਤੀ ਗਾਥਾ ਨੂੰ ਠਹਿਰਾਇਆ ਜੀ

ਫੇਰ ਫੁਨਹੇ ਤੇ ਲਿਖੇ ਚੌਬੋਲੇ ਅੱਗੇ ਤੇ ਕਬੀਰ ਫ਼ਰੀਦ ਸੁਣਾਇਆ ਜੀ
ਲਿਖੇ ਭੱਟਾਂ ਦੇ ਅੰਤ ਸੂੰਯੇ ਜਾ ਕੇ ਤੇ ਸ਼ਲੋਕ ਲਿਖ ਕਾਜ ਨਿਬਾਹਯਾ ਜੀ
ਲਾ ਮੁੰਦਾਵਣੀ ਮੋਹਰ ਕਰਤਾਰਸਿੰਘਾ ਅੰਤਸ਼ੁਕਰ ਕਰਤਾਰ ਬਜਾਇਆ ਜੀ

(ਤਥਾ)

ਪੰਜ ਗੁਰੂ ਤੇ ਛੇਵੇਂ ਕਬੀਰ ਸਾਹਿਬ ਨਾਮ ਦੇਵ ਫ਼ਰੀਦ ਵਿਚਾਰ ਭਾਈ
ਧੰਨਾ,ਸਧਨਾ,ਸੈਣ,ਰਵਿਦਾਸ,ਪੀਪਾ ਪਰਮਾ ਨੰਦ ਬੇਣੀ ਰਿਦੇ ਧਾਰ ਭਾਈ
ਸੂਰਦਾਰ, ਤ੍ਰਿਲੋਚਨ, ਅਤੇ ਭੀਖਣ ਜੈ ਦੇਵ ਰਾਮਾ ਨੰਦ ਸਾਰ ਭਾਈ
*ਭੱਟ ਵਿੱਦਯਾ ਵਿਚ ਪ੍ਰਬੀਨ ਬਹੁਤੇ ਸੱਤਾ ਅਤੇ ਬਲਵੰਡਹੁਸ਼ਯਾਰ ਭਾਈ
ਸੁੰਦਰਦਾਸਮਰਦਾਨਾਇਹਗਿਣੇਸਾਰੇ ਬਾਣੀ ਜਿਨ੍ਹਾਂਦੀ ਚੜ੍ਹੀਸੁਮਾਰ ਭਾਈ
ਰਚਯਾ ਨਾਮ ਜਹਾਜ਼ ਕਰਤਾਰ ਸਿੰਘਾ ਜੀਵ ਭਵਜਲੋਂ ਤਾਰਨੇਹਾਰ ਭਾਈ

(ਵਾਕ ਕਵੀ)

ਸ਼ਾਹਹੁਸੈਨ,ਪੀਲੂਅਤੇ ਛੱਜੂ ਕਾਂਹਨਾ ਇਹ ਭਗਤਲਾਹੌਰਤੋਂ ਆਇ ਹੈਸਨ
ਏਹਨਾਂਚਾਹਯਾਸੀਸਾਡੀ ਭੀਚੜ੍ਹੇਬਾਣੀ ਆਪੋਆਪਣੇ ਛੰਦ ਸੁਣਾਇ ਹੈਸਨ
ਰੱਖ ਦਿਲਾਂ ਦੇ ਵਿੱਚ ਹੰਕਾਰ ਆਏ ਸਤਿਗੁਰਾਂ ਨੂੰ ਨਹੀਂ ਸੁਹਾਇ ਹੈਸਨ
ਇਹਨਾਂ ਨਾਲਵਜੀਦ ਕਰਤਾਰਸਿੰਘਾ ਛੰਦ ਕਿਸੇਦੇ ਨਹੀਂਚੜ੍ਹਾਇ ਹੈਸਨ

[ਇਹਨਾਂ ਪੁਰਸ਼ਾਂ ਨੇ ਇਸ ਤਰ੍ਹਾਂ ਦੇ ਛੰਦ ਉਚਾਰੇ ਹਨ]

ਕਾੱਹਨਾ

ਓਹੀ ਰੇ ਮੈਂ ਓਹੀ ਰੇ। ਜਾਂ ਕਉ ਬੇਦ ਪੁਰਾਣ ਸਭ ਗਾਵੈਂ
ਖੋਜਤ ਖੋਜ ਨ ਕੋਈ ਰੇ । ਜਾ ਕੋ ਨਾਰਦ ਸਾਰਦ ਸੇਵੈਂ

*ਕਲਯ, ਕਲਸਹਾਰ, ਟੱਲਯ, ਜਾਲਪ, ਜੱਲਯ, ਕੀਰਤ, ਸੱਲਯ, ਭੱਲਯ, ਨੱਲਯ, ਭਿੱਖਾ, ਜਲਨ, ਦਾਸ, ਗਬੰਦ, ਸੇਵਕ, ਮਥੁਰਾ, ਬੱਲਯ, ਹਰਬੰਸ।

ਨੋਟ:–ਕਲਯ ਅਤੇ ਕਲਸਹਾਰ ਇੱਕੋ ਭੱਟ ਦੇ ਨਾਮ ਹਨ। ਏਸੇ ਤਰ੍ਹਾਂ ਜਾਲਪ, ਜੱਲਯ ਅਤੇ ਜੱਲਨ ਭੀ ਇੱਕੋ ਹੀ ਭੱਟ ਦੇ ਨਾਮ ਹਨ। ਸੰਪ੍ਰਦਾਈਆਂ ਨੇ ਵੱਖੋ ਵੱਖ ਮੰਨੇ ਹੋਏ ਹਨ। ਕਈ ਵਿੱਦਵਾਨਾਂ ਦੀ ਰਾਇ ਹੈ ਕਿ ਭੱਟ ਸਾਰੇ ੧੧ ਸਨ। ਭੱਟ ਵੇਦ ਪਾਠੀਆਂ ਪੰਡਿਤਾਂ ਦੀ ਡਿਗਰੀ (ਸੰਗਯਾ) ਸੀ। ਜਿਸ ਤਰ੍ਹਾਂ ਪੰਡਿਤ ਕੁਮਾਰਲ ਨੂੰ ਭੱਟਾਚਾਰਯ ਆਖਯਾ ਜਾਂਦਾ ਸੀ।

ਸੇਵੈਂ ਦੇਵੀ ਦੇਵਾ ਰੇ।ਬ੍ਰਹਮਾ ਬਿਸ਼ਨ ਮਹੇਸ਼ ਅਰਾਧਹਿੰ ਸਭ ਕਰਦੇ ਜਾਂਕੀ ਸੇਵਾ ਰੇ। ਕਹਿ ਕਾਹਨਾ ਅਸ ਮਮ ਸਰੂਪ ਹੈ ਅਪ੍ਰੰਪਰ ਅਲਖ ਅਭੇਵਾ ਰੇ॥

ਪੀਹਲੋ

ਪੀਲ੍ਹੂ ਅਸਾਂ ਨਾਲੋਂ ਸੇ ਭਲੇ ਜਮਦਯਾਂ ਹੀ ਮੋਏ,
ਓਹਨਾਂ ਚਿੱਕੜ ਪਾਵ ਨ ਬੋੜਯਾ ਨ ਆਲੂਦ ਭਏ॥

ਛੱਜੂ

ਕਾਗਦ ਸੰਦੀ ਪੂਤਰੀ ਤਊ ਨ ਤ੍ਰਿਯਾ ਨਿਹਾਰ।
ਯੌ ਹੀ ਮਾਰ ਲੈ ਜਾਵਹੀ ਜਿਉਂ ਬਲੋਚਾਂ ਦੀ ਧਾੜ॥

ਸ਼ਾਹ ਹੁਸੈਨ

ਚੁਪ ਵੇ ਅੜਿਆ।ਚੁੱਪ ਵੇਅੜਿਆ।ਬੋਲਣ ਦੀ ਨਹੀਂ ਜਾਇ ਵੇ ਅੜਿਆ। ਰਹਾਉ॥ ਸੱਜਣਾ ਬੋਲਣ ਦੀ ਜਾਇ ਨਾਹੀਂ। ਅੰਦਰ ਬਾਹਿਰ ਇੱਕਾ ਸਾਈਂ। ਕਿਸਨੂੰ ਆਖ ਸੁਣਾਈਂ। ਇੱਕੋ ਦਿਲਬਰ ਸਭ ਘਟ ਰਵਿਆ ਦੂਜੀ ਨਹੀਂ ਕਦਾਈਂ। ਕਹੇ ਹੁਸੈਨ ਫ਼ਕੀਰ ਨਿਮਾਣਾ ਸਤਿਗੁਰ ਤੋਂ ਬਲ ਜਾਈਂ।

ਵਜੀਦ

ਪੰਡਤ ਪੈਰ ਪਯਾਦੇ ਪਾੱਟੇ ਜੋੜਿਆਂ। ਮੂਰਖ ਕਰਨ ਅਸਵਾਰੀ ਹਸਤੀ ਘੋੜਿਆਂ।ਸੁਘੜ ਮਜੂਰੀ ਕਰਨ ਮੂਰਖ ਦੇ ਜਾਇ ਘਰ। ਵਜੀਦਾ ਕੌਣ ਸਾਈਂ ਨੂੰ ਆਖੇ ਇਉਂ ਨਹੀਂ ਇਉਂ ਕਰ।

(ਤਥਾ)

ਚੋਰ ਜੋ ਕਰਦੇ ਚੋਰੀ ਲਿਆਵਨ ਲੁੱਟ ਘਰ।ਖਾਂਦੇ ਦੁੱਧ ਮਲਾਈ ਮਲੀਦੇ ਕੁੱਟ ਕਰ। ਜਿੰਨਾਂ ਤੇਰੀ ਆਸ ਸੋ ਜਾਂਦੇ ਭੁੱਖ ਮਰ। ਵਜੀਦਾ ਕੌਣ ਸਾਈਂ ਨੂੰ ਆਖੇ ਇਉਂ ਨਹੀਂ ਇਉਂ ਕਰ।

ਵਿਚਾਰ

੧. ਕਾਹਨੇ ਦੇ ਸ਼ਬਦਾਂ ਵਿੱਚ ਹੰਕਾਰ ਭਰਿਆ ਹੈ,ਜੋ ਗੁਰਮਤ ਤੋਂ ਉਲਟ ਲੈ ਜਾਂਦਾ ਹੈ।
੨. ਪੀਹਲੋ ਨੇ ਮਾਨੁੱਖ ਜਨਮ ਨੂੰ ਨਿੰਦਯਾ ਹੈ,ਜਿਸ ਵਿਚ ਬੜੇ ਪਰਸ੍ਵਾਰਥ ਹੋ ਸਕਦੇ ਹਨ।
੩. ਛੱਜੂ ਨੇ ਇਸਤ੍ਰੀ ਤਯਾਗ ਜਤਾਇਆ ਹੈ,ਜਿਸ ਨਾਲ ਗ੍ਰਿਸਥ ਆਸ਼੍ਰਮ ਨੂੰਧੱਕਾ ਲਗਦਾਹੈ।
੪. ਸ਼ਾਹ ਹੁਸੈਨ ਤੇ ਬੜੇ ਹੀ ਖੁਸ਼ ਹੋਕੇ ਦਾਤਾਰ ਗੁਰੂ ਜੀ ਨੇ ਕਿਹਾ–"ਜੇ ਸੱਜਣਾ ਚੁੱਪ ਹੀ ਚੰਗੀ ਹੈ ਤਾਂ ਚੁੱਪ ਹੀ ਰਹੁ,ਕਿਸੇ ਦੂਜੇ ਨੂੰ ਮੂਲ ਸੁਣਾ ਹੀ ਨ।
੫. ਵਜੀਦ ਦਾ ਸਿਰਜਨਹਾਰ ਸਰਬ ਸ਼ਕਤੀਮਾਨ ਅਕਾਲਪੁਰਖ ਤੇ ਭਰੋਸਾ ਨਹੀਂ।

ਭਾਈ ਗੁਰਦਾਸ ਜੀ ਦੀ ਬਾਣੀ

ਕਿਹਾ ਭਾਈਗੁਰਦਾਸ ਨੂੰ ਬਹੁਤ ਵਾਰੀ ਤੂੰਭੀ ਆਪਨੀ ਬਾਨੀ ਚੜ੍ਹਾ ਏਥੇ
ਮੈਂ ਹਾਂ ਦਾਸ ਨੀਵਾਂ ਤੁਸੀਂ ਗੁਰੂ ਉੱਚੇ ਕਿਵੇਂ ਕਰਾਂ ਬਰਾਬਰੀ ਆ ਏਥੇ
ਥਾਂ ਦਾਸ ਦੇ ਵਾਸਤੇ ਵਿੱਚ ਚਰਨਾਂ ਸ਼ਹਿਨਸ਼ਾਹੀ ਹੀ ਤਖ਼ਤ ਸੁਹਾ ਏਥੇ
ਮੈਂ ਵਾਂਗ ਟਟੈਣੇ ਤੇ ਤੁਸੀਂ ਸੂਰਜ ਚਮਤਕਾਰ ਕੀਹ ਸੱਕਾਂ ਦਿਖਾ ਏਥੇ
ਤੁਸੀਂ ਬੜੇ ਸਰਬੱਗਯ,ਅਲਪੱਗਯ ਹਾਂ ਮੈਂ ਤੁੱਛਬੁੱਧ ਕੀਹ ਸੱਕਾਂ ਜਣਾ ਏਥੇ
ਸੁੱਚੇ ਮੋਤੀਆਂ ਨਾਲ ਕਰਤਾਰ ਸਿੰਘਾ ਦੇਵਾਂ ਕਚਕੜੇ ਕਿਵੇਂ ਰਲਾ ਏਥੇ

(ਸਤਿਗੁਰਾਂ ਨੇ ਭਾਈ ਗੁਰਦਾਸ ਜੀ ਦੀ ਰਚਨਾ ਨੂੰ ਵਰ ਦੇਣਾ)

ਵੱਡੀ ਨਿੰਮ੍ਰਤਾ ਵੇਖ ਪ੍ਰਸੰਨ ਹੋਏ ਸ਼ਰਧਾ ਭਾਈਗੁਰਦਾਸ ਦੀ ਅਤਿ ਦਿੱਖੀ
ਗੁਰ ਯੱਸ ਗਯਾਨ ਦੀ ਭਰੀ ਹੋਈ ਸਿੱਖੀ ਸਿਦਕ ਭਰੋਸੇ ਦੀ ਭਰੀ ਲਿੱਖੀ
ਦਿੱਤਾਵਰ ਖ਼ੁਸ਼ਹੋਇਕੇ ਗੁਰੂਜੀਨੇ ਬਾਨੀ ਸਾਫ਼ਸੁਥਰੀ ਸੋਹਣੀ ਰਚੀ ਪਿੱਖੀ
ਜਿਹੜਾਪੜ੍ਹੂ ਤੇ ਸੁਣੇ ਕਰਤਾਰ ਸਿੰਘਾ ਓਸਤਈਂ ਪਰਾਪਤ ਗੁਰ ਸਿੱਖੀ

{ ਕਵੀਰਾਜ ਸ੍ਰੀ ਮਾਨ ਭਾਈ ਸੰਤੋਖ ਸਿੰਘ ਜੀ ਨੇ ਸੂਰਜ ਪ੍ਰਕਾਸ਼ ਗ੍ਰੰਥ ਵਿਚ ਇਸ ਪ੍ਰਕਾਰ ਲਿਖਿਆ ਹੈ! }

ਤੀਨ ਬੇਰ ਫ਼ਰਮਾਯਹੁ ਸਤਿਗੁਰ ਬਿਨੈ ਸਹਿਤ ਬਾਨੀ ਕਰ
ਬੰਦ। ਅਲਪ ਆਪ ਕੋ ਲਖ ਕਰ ਉਰ ਮਹਿ ਨਹਿ ਸਮਤਾ
ਚਾਹਿਤ ਜਗ ਬੰਦ । ਅਤਿ ਪ੍ਰਸੱਨ ਹੋਇ ਬਰ ਗੁਰ ਦੀਨੋ
ਤੁਵ ਬਾਨੀ ਫਲ ਹੋਇ ਬਲੰਦ। ਪਢਤ ਸੁਨਤ ਸਿੱਖੀ ਗੁਰ ਪ੍ਰਾਪਤ
ਸ਼ਰਧਾ ਸਤਿਗੁਰ ਧਰਹਿ ਮੁਕੰਦ ॥ [ਰਾ: ੩ ਅਧ: ੪੭

(ਵਾਕ ਕਵੀ)

ਇੱਕ ਸਾਲ ਅੰਦਰਸਤਿਗੁਰੂ ਜੀ ਨੇ ਵੱਡਾ ਕੰਮ ਇਹ ਸਿਰੇਚੜ੍ਹਾਇਆ ਜੀ
ਕਲਜੁਗੀਜੀਵਾਂ ਤਾਈਂਤਾਰਨੇ ਲਈਸੋਹਣਾਨਾਮ ਜਹਾਜ ਬਣਾਇਆ ਜੀ

ਸੋਲਾਂ ਸੌ ਇਕਾਹਠ ਦੇ ਸਾਉਣ ਅੰਦਰ ਵੱਡੇ ਕੰਮ ਦੇਤਈਂ ਮੁਕਾਇਆ ਜੀ
ਪੱਕੀ ਨੀਂਹਇਹ ਪੰਥ ਦੀਬੱਨ੍ਹ ਦਿੱਤੀਭਾਰੀ ਜਮਾਖ਼ਜ਼ਾਨਾ ਕਰਾਇਆ ਜੀ
ਖਾਂਧੇ ਖ਼ਰਚਯਾਂ ਤੋਟ ਨ ਮੂਲ ਆਊ ਦਿਨੋ ਦਿਨ ਹੀ ਚੜ੍ਹੇ ਸਵਾਇਆ ਜੀ
ਪਿਉ ਦਾਦੇ ਦੀ ਖੱਟੀ ਨੂੰ ਕੱਠਯਾਂ ਕਰ*ਔਲਾਦ ਦਾ ਫਿਕਰ ਗਵਾਇਆ ਜੀ
ਅਰਜਨਦੇਵਸਤਿਗੁਰੂਓਹਕੱਮਕੀਤਾ ਜਿਹੜਾ ਕਿਸੇਤੋਂਹੋ ਨ ਆਇਆ ਜੀ
ਸਿੱਖ ਪੰਥ ਦੇ ਤਈਂ ਕਰਤਾਰ ਸਿੰਘਾ†ਚੋਰਾਂ ਡਾਕੂਆਂਹੱਥੋਂ ਛੁਡਾਇਆ ਜੀ

(ਤਥਾ)

ਹੋ ਗਈ ਤੱਯਾਰ ਜਾਂ ਬੀੜ ਸਾਰੀ ਸਤਿਗੁਰਾਂ ਨੇ ਖ਼ੁਸ਼ੀ ਮਨਾਈ ਭਾਰੀ
ਦਾਨ ਪੁੰਨਗ਼ਰੀਬਾਂਨੂੰ ਬਹੁਤਦਿੱਤਾ ਵੱਡੇ ਗੁਰਾਂਦੀਕੀਤੀ ਵਡਿਆਈ ਭਾਰੀ
ਹਾਜ਼ਰਹੋਇ ਪ੍ਰਸਾਦਿ ਲੈ ਹਰੀਮੰਦਰਨਾਲਜਮ੍ਹਾ ਹੋਕੇ ਸੰਗਤ ਆਈ ਭਾਰੀ
ਹੋਈ ਬੀੜ ਤਯਾਰ ਕਰਤਾਰ ਸਿੰਘਾ ਵੇਖਣ ਵਾਸਤੇਆਈਲੋਕਾਈ ਭਾਰੀ

(ਰਾਮ ਸਰ ਤੀਰਥ)

ਜਿਸ ਛੱਪੜੀ ਦੇ ਕੰਢੇ ਗੁਰੂ ਜੀ ਨੇ ਸ੍ਰੀ ਗ੍ਰੰਥ ਜੀ ਦੀ ਬੀੜਤਯਾਰ ਕੀਤੀ
ਰਾਮਸਰ ਧਰਯਾ ਗੁਰਾਂ ਨਾਮ ਓਹਦਾ ਮੁੱਖੋਂਸਿਫ਼ਤ ਬਹੁਤੀ ਬਾਰਬਾਰ ਕੀਤੀ
ਏਥੇ ਕਰੇ ਅਸ਼ਨਾਨ ਸੋ ਮੁਕਤ ਪਾਵੇ ਇਹ ਆੱਗਯਾ ਗੁਰੂ ਕਰਤਾਰ ਕੀਤੀ
ਲਿਖਯਾ ਰਾਮ ਯੱਸ ਏਥੇ ਕਰਤਾਰਸਿੰਘਾ ਬਾਣੀ ਅੰਮ੍ਰਿਤ ਰੂਪ ਉਚਾਰ ਕੀਤੀ

{ ਸ੍ਰੀ ਗ੍ਰੰਥ ਜੀ ਦੀ ਜਿਲਦ ਬਨ੍ਹਵਾਣ ਵਾਸਤੇ ਭਾਈ ਬੱਨੋ ਜੀ ਨੇ ਸ੍ਰੀ ਗ੍ਰੰਥ ਜੀ ਨੂੰ ਲਾਹੌਰ ਲੈ ਜਾਣਾ ਤੇ ਦੂਸਰੀ ਬੀੜ ਤੱਯਾਰ ਕਰ ਲੈਣੀ }

ਗੁਰੂਚੱਕ ਅੰਦਰ ਕਾਰੀਗਰਕੋਈ ਨ ਭਾਈਬੱਨੋ ਨੂੰ ਹੁਕਮ ਸੁਣਾਇਆ ਜੀ
ਤੁਸੀਂ ਬੀੜ ਦੇ ਤਈਂ ਲਾਹੌਰ ਲੈ ਜਾਓ ਜਿਲਦਬੰਝ ਜਾਵੇਫ਼ਰਮਾਇਆ ਜੀ
ਖ਼ਾਸਾ ਸੁੰਦਰ 'ਇੱਕ ਤੱਯਾਰ ਕੀਤਾ ਚੁੱਕ ਬੀੜ ਨੂੰ ਵਿੱਚ ਰਖਾਇਆ ਜੀ
ਨਾਲ ਸੰਗਤ ਬਹੁਤ ਤੱਯਾਰ ਹੋ ਪਈ ਅਦਬਵਾਸਤੇ ਚਾਉ ਸਮਾਇਆ ਜੀ
ਟੁਰਨ ਲੱਗਯਾਂ ਬੱਨੋ ਅਧੀਨ ਹੋਕੇ ਭੇਦ ਦਿਲ ਦਾ ਖੋਲ੍ਹ ਲਖਾਇਆ ਜੀ
ਸੱਚੇ ਪਾਤਸ਼ਾਹੋ,ਦਿਹੋਆੱਗਯਾ ਹੁਣ ਮੇਰੇਦਿਲ ਅੰਦਰ ਚਾਉਆਇਆ ਜੀ
ਪਹਿਲਾਂਮਾਂਗਟੀਂ ਬੀੜ ਮੈਂ ਲੈ ਜਾਵਾਂ ਕਰਨਸੰਗਤਾਂ ਦਰਸ,ਜਤਾਇਆ ਜੀ
ਗੁਰਾਂ ਆੱਖਯਾਇੱਕੋ ਹੀਰਾਤਰਹਿਣਾਦਿਣੇਪਰਤ ਆਉਣਾਸਮਝਾਇਆ ਜੀ

---

* ਸਿੱਖ ਪੰਥ ।

† ਭੇਖੀਆਂ, ਪਾਖੰਡੀਆਂ ਤੇ ਕਚੇ ਗੁਰੂਆਂ ਤੋਂ ।

ਜਲਦੀ ਜਿਲਦ ਬਨ੍ਹਵਾ ਕੇ ਆ ਜਾਣਾ ਲੱਗੇ ਦੇਰ ਨ ਪੱਕ ਪਕਾਇਆ ਜੀ
ਟੁਰੇ ਵੱਲ ਲਾਹੌਰਕਰਤਾਰਸਿੰਘਾ ਭਾਈ ਹੋਰਾਂ ਨੇ ਖ਼ਯਾਲ ਦੁੜ੍ਹਾਇਆ ਜੀ

(ਤਥਾ)

ਇੱਕ ਬੀੜ ਜੇ ਰਹੀ ਤਾਂ ਰੋਜ਼ ਦਰਸ਼ਨ ਕਿਥੋਂ ਹੋਣ ਸਾਨੂੰ ਇਹ ਸੋਚ ਵਿਚਾਰ ਕੀਤੀ
ਦੂਜੀ ਬੀੜ ਇੱਕ ਹੋਰ ਤਯਾਰ ਕਰੀਏਕਰਉੱਦਮ ਸ਼ੁਰੂ ਇਹ ਕਾਰ ਕੀਤੀ
ਸੰਗਤ ਵਿੱਚ ਲਿਖਾਰੀ ਸਨ ਬਹੁਤਸਾਰੇ ਰਲ ਸਭਦੇਨਾਲਵਿਚਾਰ ਕੀਤੀ
ਰਾਹ ਵਿੱਚ ਉਤਾਰਾ ਉਤਾਰ ਲੱਹੀਏ ਖੁਸ਼ੀ ਸਾਰਯਾਂ ਨੇ ਸੁਣਕੇ ਜ਼ਾਹਰ ਕੀਤੀ
ਝੱਟ ਸਭ ਸਾਮਾਨ ਤੱਯਾਰ ਕਰ ਲਏ ਰਲ ਬਹੁਤਯਾਂ ਕਾਰ ਸੁਖਾਰ ਕੀਤੀ
ਥੋੜ੍ਹੀ ਮੰਨਜ਼ਲ ਤੇ ਡੇਰਾ ਜਾ ਪਾਵਨ ਵੰਡ ਸੰਚੀਆਂ ਲਿਖਤ ਅਪਾਰ ਕੀਤੀ
ਏਸੇਤਰ੍ਹਾਂ ਹੌਲੀ ਹੌਲੀ ਮਾਂਗਟੀ ਗਏ ਇੱਕੋ ਰਾਤਰਹਿ ਪਿਛ੍ਹਾਂਮੁਹਾਰ ਕੀਤੀ
ਆਇ ਪਰਤ*ਲਾਹੌਰਕਰਤਾਰਸਿੰਘਾ ਦੂਜੀਬੀੜਇਸਤਰ੍ਹਾਂ ਤਯਾਰ ਕੀਤੀ

(ਵਾਕ ਕਵੀ)

ਭਾਈ ਬੰਨੋਜੀਉੱਦਮ ਬਹੁਤਕੀਤਾ ਦੂਜੀਬੀੜ ਤੱਯਾਰ ਕਰਵਾਈ ਸੀ ਜੀ
ਬਾਣੀ ਵੱਧ ਕੁਝਅਸਲਗ੍ਰੰਥ ਜੀਤੋਂ ਓਸ ਬੀੜਦੇਵਿਚ ਲਿਖਵਾਈ ਸੀ ਜੀ
ਜਿਤਦਰਲੱਖਮੁਹੱਮਦਾਂ,ਰਤਨਮਾਲਾ ਤੇਹਕੀਕਤਸ੍ਰਿਨਾਭਦੀ ਪਾਈ ਸੀ ਜੀ
ਆਤਸ਼ਬਾਇਆਦਿਕਹੋਰਸ਼ਬਦਪਾਏਬਿਧੀਲਿਖਸਿਆਹੀਚੜ੍ਹਾਈ ਸੀ ਜੀ
ਦੂਜੀਬੀੜਦੇਵਿੱਚਇਉਂਫ਼ਰਕਹੋਯਾਇਹਦੇਵਿੱਚਭੀਰਮਜ਼ਇਲਾਹੀ ਸੀ ਜੀ
ਕੁਝਲਾਭ ਕੁਝਹਾਨ ਕਰਤਾਰਸਿੰਘਾ ਭਾਈਬੰਨੋ ਕੀਤੀ ਚਤੁਰਾਈ ਸੀ ਜੀ

(ਤਥਾ)

ਦੋਵੇਂ ਜਿਲਦਾਂ ਹੋਇ ਤੱਯਾਰ ਆਈਆਂ ਸਤਿਗੁਰੂ ਜੀ ਵੇਖ ਹੈਰਾਨ ਹੋਏ
ਇਹ ਕੀਹ ਭਾਈ ਜੀਤੁਸਾਂ ਨੇ ਕੰਮਕੀਤਾ ਬਿਨ੍ਹਾਂ ਆਗਜਾ ਨਾ ਫ਼ਰਮਾਨ ਹੋਏ
ਭਾਈਸਾਹਿਬਕਿਹਾਮੈਂਕੀਹਕਰਨਜੋਗਾਕਰਨਕਾਰਨਤੁਸੀਂ ਭਗਵਾਨ ਹੋਏ
ਸੁਣ ਕੇ ਆਜਜ਼ੀ ਦੇਖ ਪ੍ਰੇਮ ਸੱਚਾ ਆਖ਼ਰ ਸਤਿਗੁਰੂ ਜੀ ਮਿਹਰਬਾਨ ਹੋਏ
ਖਾਰੀਬੀੜਉਸਦੂਜੀਦਾ ਨਾਮਕਿਹਾ ਪ੍ਰਗਟਪਹਿਲੀਹੀ ਵਿੱਚ ਜਹਾਨ ਹੋਏ

---

*ਇੱਕ ਬੀੜ ਲਾਹੌਰ ਦੀ ਸੰਗਤ ਨੇ ਜਿਲਦ ਬਝਦਯਾਂ ਬਝਦਯਾਂ ਤੱਯਾਰ ਕਰ ਲਈ ਸੀ।

*ਭੇਦ ਕਈ ਹੋ ਗਏਕਰਤਾਰਸਿੰਘਾ ਨਫ਼ਾ ਥੋੜ੍ਹਾ ਤੇ ਬਹੁਤ ਨੁਕਸਾਨ ਹੋਏ

{ ੧੬੬੧ਭਾਦ੍ਰੋਂ ਸੁਦੀ ਏਕਮ ਨੂੰ ਸ੍ਰੀ ਗੁਰੂ ਜੀ ਨੇ ਸ੍ਰੀ ਗ੍ਰੰਥਜੀ ਨੂੰ ਸ੍ਰੀ ਹਰੀਮੰਦਰ ਸਾਹਿਬ ਜੀ ਦੇ ਅੰਦਰ ਸਥਾਪਨ ਕਰਨਾ }

ਏਸੇਤਰ੍ਹਾਂ ਜਦਬੀੜ ਤੱਯਾਰ ਹੋ ਗਈ ਬੜਾਭਾਰਾ ਉਤਸ਼ਾਹਮਨਾਇ ਕਰਕੇ
ਸੁੰਦ੍ਰਪੀਹੜੇ ਤੇ ਸੋਹਣੇਰੁਮਾਲਪਾਏ ਅਤਰਕੇਵੜਾ ਆਦਿਛਿੜਕਾਇ ਕਰਕੇ
ਬੀੜਬੁੱਢੇ ਜੀ ਤਈਂ ਚੁਕਵਾਇਦਿੱਤੀ ਸਾਰੀਸੰਗਤ ਦੇ ਅੱਗੇਲਾਇ ਕਰਕੇ
ਨੰਗੀਪੈਰੀਂਸਤਿਗੁਰਆਪ ਚੌਰਕਰਦੇ ਚੱਲੇ ਜੈ ਗੁਰਨਾਨਕਬੁਲਾਇ ਕਰਕੇ
ਵੱਾਜੇ ਗੱਾਜਯਾਂ ਦੇ ਨਾਲ ਰਾਮਸਰ ਤੋਂ ਸਾਰੀਸੰਗਤ ਨਾਲਮਿਲਾਇ ਕਰਕੇ
ਹੌਲੀ ਹੌਲੀ ਸੁਧਾਸਰ ਵੱਲ ਚੱਲੇ ਸ਼ਬਦ ਕੀਰਤਨ ਧੁਨ ਉਠਾਇ ਕਰਕੇ
ਦੋ ਘੜੀਆਂ ਸੀ ਬੱਾਕੀ ਰਾਤ ਰਹਿੰਦੀ ਹਰੀਮੰਦਰ ਫ਼ਰਸ਼ ਕਰਾਇ ਕਰਕੇ
ਬੱਾਬੇ ਬੁੱਢੇ ਜੀ ਨੇ ਬੀੜਰੱਖ ਦਿੱਤੀਬੜੇ ਅਦਬ ਦੇ ਨਾਲਲਿਆਇ ਕਰਕੇ
ਗੁਰ ਚੌਰ ਖੜੇ ਕੇ ਕਰਨ ਲੱਗੇ ਕਿਹਾ ਬੁੱਢੇ ਜੀ ਤਈਂ ਸੁਣਾਇ ਕਰਕੇ

---

*ਸ੍ਰੀ ਗ੍ਰੰਥ ਸਾਹਿਬ ਜੀ ਦੀ ਬੀੜ ਦੇ ਦੋ ਭੇਦ ਤਾਂ ਪਹਿਲਾਂ ਹੀ ਹੋ ਗਏ ਅਰਥਾਤ ਇੱਕ ਭਾਈ ਗੁਰਦਾਸ ਵਾਲੀ ਤੇ ਦੂਜੀ ਭਾਈ ਬੰਨੋ ਵਾਲੀ, ਤੀਜੀ ਦਸਮੇਸ ਪਿਤਾ ਜੀ ਨੇ ਭਾਈ ਬੰਨੋ ਵਾਲੀ ਬੀੜ ਦਾ ਉਤਾਰਾ ਕਰਵਾਕੇ ਉਸ ਵਿੱਚ ਨਾਵੇਂ ਸਤਿਗੁਰਾਂ ਦੀ ਬਾਣੀ ਚੜ੍ਹਾ ਕੇ ਉਸ ਨੂੰ ਸੰਮਤ ੧੭੪੮ ਵਿੱਚ ਸੰਪੂਰਨ ਕੀਤਾ। ਉਹ ਬੀੜ ਹੁਣ ਤਖ਼ਤ ਸ੍ਰੀ ਪਟਣੇ ਸਾਹਿਬ ਬਿਰਾਜਮਾਨ ਹੈ ਤੇ ਜਪੁ ਸਾਹਿਬ ਜੀ ਦੀ ਪਹਿਲੀ ਪਉੜੀ ਦਸਮੇਸ਼ ਪਿਤਾ ਜੀ ਦੇ ਹਸਤ ਕੰਵਲਾਂ ਦੀ ਲਿਖੀ ਹੋਈ ਹੈ। ਓਸ ਬੀੜ ਨੂੰ ਵੱਡਾ ਬੱਾਬਾ ਜੀ ਆਖਦੇ ਹਨ, ਜਦ ਤੋਂ ਉਹ ਬੀੜ ਸ੍ਰੀ ਪਟਣੇ ਸਾਹਿਬ ਵਿਖੇ ਗਈ ਹੈ ਤਦ ਤੋਂ ਤਖ਼ਤ ਜੀ ਤੋਂ ਉਤਾਰੀ ਹੀ ਨਹੀਂ ਗਈ। ਪੂਰਨਮਾਸ਼ੀ ਤੇ ਇਕਾਦਸ਼ੀ ਨੂੰ ਓਸ ਬੀੜ ਦਾ ਪ੍ਰਕਾਸ਼ ਹੁੰਦਾ ਹੈ। (ਖਾ: ਧ: ਸ਼) ਚੌਥੀ ਬੀੜ ਸ੍ਰੀ ਦਮਦਮੇ ਸਾਹਿਬ ਵਿਖੇ ਭਾਈ ਗੁਰਦਾਸ ਵਾਲੀ ਬੀੜ ਦੇ ਹੂ-ਬ-ਹੂ ਸ੍ਰੀ ਗੁਰੂ ਦਸਮੇਸ਼ ਪਿਤਾ ਜੀ ਨੇ ਆਪਣੇ ਅਨੁਭਵ ਦ੍ਵਾਰਾ ਸੰਮਤ ੧੭੯੩ ਵਿੱਚ ਉਚਾਰਨ ਕਰਕੇ ਭਾਈ ਮਨੀ ਸਿੰਘ ਜੀ ਪਾਸੋਂ ਲਿਖਵਾਈ ਸੀ। ਇਹ ਬੀੜ ਅਹਿਮਦ ਸ਼ਾਹ ਅਬਦਾਲੀ ਖ਼ਾਲਸੇ ਜੀ ਦੇ ਬੁੱਢੇ ਦਲ ਪਾਸੋਂ ਵੱਡੇ ਘਲੂ ਘਾਰੇ ਵਿੱਚ ਖੋਹ ਕੇ ਲੈ ਗਿਆ ਸੀ ਤੇ ਖੋਜੀਆਂ ਦਾ ਕਥਨ ਹੈ ਕਿ ਉਹ ਇਸ ਵਕਤ ਵੱਡੀ ਧਰਮਸਾਲਾ ਕਾਬਲ ਵਿੱਚ ਮੌਜੂਦ ਹੈ। ਭਾਈ ਗੁਰਦਾਸ ਜੀ ਤੇ ਭਾਈ ਬੰਨੋ ਜੀ ਵਾਲੀਆਂ ਦੋਹਾਂ ਬੀੜਾਂਦੇ ਵੱਖੋ ਵੱਖ ਉਤਾਰੇ ਹੋ ਕੇ ਦੇਸ ਵਿੱਚ ਪ੍ਰਚਲਤ ਹੋ ਗਈਆਂ। ਰਾਵੀ ਨਦੀ ਦੇ ਪੱਛਮ ਵਾਲੇ ਪੱਾਸੇ ਭਾਈ ਬੰਨੋ ਦੀ ਬੀੜ ਦਾ ਪ੍ਰਚਾਰ ਹੋ ਗਿਆ ਤੇ ਮਾਝੇ ਮਾਲਵੇ ਵਿੱਚ ਭਾਈ ਗੁਰਦਾਸ ਜੀ ਦੀ ਬੀੜ ਮੰਨੀ ਜਾਣ ਲੱਗੀ। ਸ੍ਰੀ ਦਮਦਮੇ ਸਾਹਿਬ ਵਾਲੀ ਬੀੜ ਨੂੰ ਕਲਗੀਧਰ ਮਹਾਰਾਜ ਨੇ ਗੁਰ ਗੱਦੀ ਤੇ ਸਥਾਪਨ ਕਰਕੇ ਪੰਥ ਖ਼ਾਲਸਾ ਦੇ ਸਿਰ ਗੁਰ ਰੂਪ ਠਹਿਰਾ ਦਿੱਤਾ। ਪੰਜਵੀਂ ਬੀੜ ਮਿਲਖੀ ਵਾਲੀ ਹੈ ਜੋ ਪ੍ਰਸਿੱਧ ਨਹੀਂ ਹੋਈ ਹੈ। ਇਹ ਬੀੜ ੧੬੬੨ ਵਿੱਚ ਲਿਖੀ ਗਈ ਤੇ ਹੁਣ ਰਾਵਲਪਿੰਡੀ ਵਿੱਚ ਮੌਜੂਦ ਹੈ। (ਖਾ: ਧ: ਸ਼ਾ:)

ਬੈਠੇ ਤੱਬਯਾ ਆਪ ਕਰਤਾਰਸਿੰਘਾ ਕੀਤੀ ਆਗਯਾ ਸੀਸ ਝੁਕਾਇ ਕਰਕੇ

(ਬੱਾਬੇ ਬੁੱਢਾ ਜੀ ਨੂੰ ਸ੍ਰੀ ਹਰੀਮੰਦਰ ਜੀ ਦੇ ਗ੍ਰੰਥੀ ਥਾਪਣਾ)

ਹਰੀਮੰਦਰ ਹਰੀ ਦਾ ਥਾਨ ਉੱਚਾ ਸਭ ਧਾਮਾਂ ਦੇ ਸਿਰ ਸਰਦਾਰ ਭਾਈ
ਹਰੀਮੰਦਰ ਸਾਜਯਾ ਆਪ ਹਰਿ ਜੀ ਉੱਚਾ ਆਤਮਕ ਤਖ਼ਤ ਵਿਚਾਰ ਭਾਈ
ਓਹਦੇ ਵਿੱਚ ਅਸਥਾਪਨ ਕਰਨ ਲਈ ਗੁਰਰਿਦਾ,ਗੁਰਬਾਨੀਸੰਭਾਰ ਭਾਈ
ਸ੍ਰੀ ਗ੍ਰੰਥ ਜੀ ਗਯਾਨ ਸਰੂਪ ਪੂਰਨ ਗੁਰ ਮੂਰਤ ਖ਼ਾਸ ਚਿਤਾਰ ਭਾਈ
ਗੁਰਅਰਜਨ ਜਗਤ ਦੇ ਤਾਰਨੇ ਨੂੰ ਬੱਧੀ ਬੀੜ ਕੀਤਾ ਉਪਕਾਰ ਭਾਈ
ਬਾਨੀ ਗੁਰੂ ਤੇ ਗੁਰੂ ਹੈ ਰੂਪ ਬਾਨੀ ਕਿਹਾ ਆਪ ਸਤਿਗੁਰਾਂ ਉਚਾਰ ਭਾਈ
ਪੂਜਾ ਲਈ ਅਸਥਾਪਨ ਕਰ ਦਿੱਤੀ ਗੁਰ ਮੂਰਤ ਗਯਾਨ ਭੰਡਾਰ ਭਾਈ
ਸ੍ਰੀ ਗ੍ਰੰਥ ਦੀ ਤੱਬਯਾ ਬੈਠਨੇ ਨੂੰ ਦੇਇ ਗਰੰਥੀ ਦਾ ਪਦ ਭਾਰ ਭਾਈ
ਬੱਾਬੇ ਬੁੱਢੇ ਜੀ ਨੂੰ ਗੁਰਾਂ ਥਾਪ ਦਿੱਤਾ ਦਿੱਤੀ ਸੌਂਪ ਸਾਰੀ ਓਹਨੂੰ ਕਾਰ ਭਾਈ
ਆਪ ਟੇਕ ਮੱਥਾ ਬੈਠੇ ਸਾਮ੍ਹਣੇ ਜਾ ਕੀਤਾ ਸੰਗਤਾਂ ਨੇ ਜੈ ਜੈ ਕਾਰ ਭਾਈ
ਲੱਗੇਕੀਰਤਨ ਕਰਨ ਬਲਵੰਡ ਸੱਤਾ ਪੂਰੀਹੋਈਜਦਆਸਾ ਦੀ ਵਾਰ ਭਾਈ
ਫੇਰ ਗ੍ਰੰਥ ਜੀ ਤਾਈਂ ਪ੍ਰਕਾਸ਼ ਕਰਕੇ ਤੁਕ ਬੱਾਬੇ ਜੀ ਪੜ੍ਹੀ ਸਵਾਰ ਭਾਈ
ਸੂਹੀ ਛੰਦ ਮਹੱਲੇ ਪੰਜਵੇਂ ਦਾ ਸ਼ਬਦ ਨਿਕਲਯਾ ਸੀ ਸੁੰਦਰ ਸਾਰ ਭਾਈ
'ਸੰਤਾਂ ਕੇ ਕਾਰਜਆਪ ਖਲੋਇਆ'ਪੜ੍ਹਯਾ ਸ਼ਬਦ ਸੋਹਣੀਰੱਖ ਢਾਰ ਭਾਈ
ਬੜੀ ਸੰਗਤਾਂ ਖ਼ੁਸ਼ੀ ਮਨਾਈ ਭਾਰੀ ਅਤੇ ਮਾਯਾ ਭੀ ਚੜ੍ਹੀ ਅਪਾਰ ਭਾਈ
ਸੋਲਾਂ ਸੌ ਇਕਾਹਠ ਕਰਤਾਰਸਿੰਘਾ ਏਕਮ ਭਾਦਰੋਂ ਸੁਦੀ ਨਿਹਾਰ ਭਾਈ

(ਵਾਕ ਕਵੀ)

ਓਸਦਿਨ ਤੋਂ ਚਲੀ ਮਰਯਾਦ ਔਂਦੀ ਚੁਣ ਗ੍ਰੰਥੀਜਿਹੜਾ ਬਣਾਯਾ ਜਾਂਦਾ
ਗੁਰੂਗ੍ਰੰਥ ਦੀ ਤੱਬਯਾਪੰਥ ਵਿੱਚੋਂ ਉੱਚੀ ਪਦਵੀਸਮਝ ਵਡਿਆਯਾ ਜਾਂਦਾ
ਸਾਰੇਪੰਥ ਦੇ ਰਾਜੇਮਹਾਰਾਜਯਾਂ ਤੋਂ ਦਰਜਾ ਓਸਦਾ ਉੱਚਾਗਿਣਾਯਾ ਜਾਂਦਾ
ਬਿਨ੍ਹਾਂ*ਪਤਤਹੋਇਮੁੜ ਜੀਵੰਦਾਓਹ ਹੇਠਾਂਗੱਦੀਓਂਫੇਰ ਨ ਲਾਹਯਾ ਜਾਂਦਾ
ਸਿੰਘਸਾਹਿਬ ਦੀ ਪਦਵੀ ਪੰਥਦਿੱਤੀ,ਨਾਮਅਦਬ ਦੇ ਨਾਲਬੁਲਾਯਾ ਜਾਂਦਾ
ਉੱਚੀ ਹਸਤੀਵਾਲਾ ਕਰਤਾਰਸਿੰਘਾ ਗ੍ਰੰਥੀ ਪਦ ਦੇਇਏਥੇ ਬੈਠਾਯਾ ਜਾਂਦਾ

---

*ਚੌਂਹ ਕੁਰਹਿਤਾਂ ਵਿਚੋਂ ਕੋਈ ਕੁਰਹਿਤ ਕਰਨ ਵਾਲੇ ਨੂੰ ਪੱਤਤ ਕਹਿੰਦੇ ਹਨ।

(ਸ੍ਰੀ ਹਰੀਮੰਦਰ ਤੇ ਸ੍ਰੀ ਗ੍ਰੰਥ ਸਾਹਿਬ ਜੀ)

ਹਰੀਮੰਦਰ ਹਰਿ ਕਾ ਥਾਨ ਸੋਹਣਾ ਸਾਨੀ ਕੋਈ ਨ ਜਿਧਾ ਜਹਾਨ ਅੰਦਰ
ਪੂਜਾ ਵਾਸਤੇ ਸਤਿਗੁਰਾਂ ਥਾਪ ਦਿੱਤੇ ਸ੍ਰੀ ਗ੍ਰੰਥ ਜੀ ਉੱਚ ਅਸਥਾਨ ਅੰਦਰ
ਹੋਰ ਸਭ ਥਾਂ ਮੂਰਤਾਂ ਪੂਜੀ ਦੀਆਂ ਹਰ ਮੰਦਰ ਹਰ ਮਕਾਨ ਅੰਦਰ
ਏਥੇ ਇੱਕ ਅਕਾਲ ਦੀ ਹੋਇ ਪੂਜਾ ਹਰ ਕੋਈ ਦੇਖ ਲੈ ਰੱਖ ਧਿਆਨ ਅੰਦਰ
ਗੁਰਬਾਣੀ ਲਖਾਇਕ ਬ੍ਰਹਮ ਦੀ ਹੈ ਗੁਰ ਰਿਦਾ ਸਰੂਪ ਪਛਾਨ ਅੰਦਰ
'ਬਾਣੀ ਗੁਰੂ, ਗੁਰੂ ਹੈ ਬਾਣੀ' ਇਹ ਜ਼ਾਹਰ ਹਰਿ ਇੱਕ ਵਿਦਵਾਨ ਅੰਦਰ
ਹੁਕਮੀ ਹੁਕਮ ਦੇ ਵਿੱਚ ਨ ਫ਼ਰਕ ਹੁੰਦਾ ਲਿਖਯਾ ਵੇਦ,ਪੁਰਾਨਕੁਰਾਨ ਅੰਦਰ
ਬਣਯਾਂ ਧਾਮ ਬੈਕੁੰਠ ਕਰਤਾਰਸਿੰਘਾ ਨਿਤਪ੍ਰਤ ਵਾਧਾ ਜਿਧੇ ਸ਼ਾਨ ਅੰਦਰ

(ਤਥਾ)

ਅੱਠੇ ਪਹਿਰ ਹਰੀ ਯੱਸ ਰਹੇ ਹੁੰਦਾ ਹੋਰ ਗੱਲ ਨ ਮੂਲੋਂ ਚਲਾਈ ਜਾਂਦੀ
ਪਹਿਲੇਦਿਨੋਂਮਰਯਾਦਾਇਹ ਟੋਰਦਿੱਤੀਗੁਰਬਾਨੀਨਿਰੋਲ ਸੁਣਾਈ ਜਾਂਦੀ
ਹੋਰ ਕਾਵਯ ਕਲਾ ਕੋਈ ਵਾਰਤਾ ਜੀ ਨ ਵਿਹਾਰ ਦੀ ਗੱਲ ਚਲਾਈ ਜਾਂਦੀ
ਹਰ ਸਮੇ ਹੀ ਸ਼ਾਂਤੀਵਰਤਦੀ ਰਹੇ ਮਹਿਮਾਨਹੀਂ ਹਰਿਮੰਦਰ ਲਿਖਾਈ ਜਾਂਦੀ
ਚਾਰੇ ਦਰ ਚੌਹਾਂ ਵਰਨਾਂ ਲਈ ਖੁੱਲ੍ਹੇ ਇਹੋ ਉੱਚਤਾਈ ਵੱਡੀ ਪਾਈ ਜਾਂਦੀ
ਚਾਰੇ ਫਲ ਗੁਰ ਘਰ ਕਰਤਾਰਸਿੰਘਾ ਆਸਾਵੰਦਾਂਦੀਆਸ ਪੂਰਾਈ ਜਾਂਦੀ

(ਤਥਾ)

ਕਲਪਬ੍ਰਿਛਸਮਾਨ ਇਹ ਹਰੀਮੰਦਰ ਮਾਯਾ ਹੋ ਜਿੱਥੇ ਆੱਗਯਾਕਾਰ ਵਰਤੇ
ਆ ਆ ਲੱਛਮੀ ਚਰਨੀਂ ਪਈਲੱਗੇ ਰੰਗਾ ਰੰਗ ਦੇ ਦੇਇ ਚਮਤਕਾਰ ਵਰਤੇ
ਅੱਠੇ ਪਹਿਰ ਕਰਤਾਰ ਦੇ ਨਾਮ ਦਾ ਜੀ ਰਾਵ ਰੰਕ ਤੇ ਤਈਂ ਭੰਡਾਰ ਵਰਤੇ
ਸੋਢੀ ਪਾਤਸ਼ਾਹ ਬੜੀ ਕਮਾਈ ਕੀਤੀ ਜਿਧੀ ਬਰਕਤਪਈ ਸੰਸਾਰ ਵਰਤੇ
ਓਹਦੇ ਨਾਮ ਪਿੱਛੇ ਪਲਦੇ ਸੈਂਕੜੇ ਜੀ,ਅੱਨ ਧਨਪਿਆ ਬੇਸ਼ੁਮਾਰ ਵਰਤੇ
ਖ਼ੱਲੀ ਜਾਇ ਨ ਕੋਈਕਰਤਾਰਸਿੰਘਾ ਜੋਤਸਤਿਗੁਰੂਦੀਨਿੱਤ ਜ਼ਾਹਰ ਵਰਤੇ

(ਤਥਾ)

ਏਸ ਮੰਦਰ ਨਾਲ ਜਾਗੀਰ ਕੋਈ ਨ ਪਰ ਖ਼ਰਚ ਏਥੇ ਬੇਸ਼ੁਮਾਰ ਹੁੰਦਾ
ਦਾਨ ਪੁੰਨ ਦਾ ਕੋਈਹਸਾਬ ਨਾਹੀਂਭਗਤੀਗਯਾਨ ਤੇ ਭਜਨਅਪਾਰ ਹੁੰਦਾ
ਹੈ ਆਮਦਨ ਲੱਖ ਤੋਂ ਵੱਧ ਇਹਦੀ ਜਮ੍ਹਾ ਚੜ੍ਹਤ ਦਾ ਖ਼ਾਸ ਭੰਡਾਰ ਹੁੰਦਾ
ਔਸਤ ਖ਼ਰਚਸਾਰੇਦੀ ਹੈ ਲਾਇ ਡਿੱਠੀ ਖ਼ਰਚ ਰੋਜ਼ ਦਾ ਇਕ ਹਜ਼ਾਰ ਹੁੰਦਾ
ਏਂਨਾ ਕਿਸੇ ਮੰਦਰ ਕਿਸੇ ਥਾਂਨਉੱਪਰ ਖ਼ਰਚਰੋਜ਼ ਨਹੀਂਵਿੱਚਸੰਸਾਰ ਹੁੰਦਾ
ਰੱਬੀਬਰਕਤਾਂ ਏਥੇਕਰਤਾਰਸਿੰਘਾ ਦਾਨਪੁੰਨ ਭੀ ਗਿਣਤੀਓਂ ਬਾਹਰ ਹੁੰਦਾ

(ਵਡਿਆਈ)

ਰਾਮਦਾਸ ਸਤਿਗੁਰੂ ਜੀ ਧੰਨ ਹੈਂਤੂੰ ਅਤੇ ਧੰਨ ਹੀ ਵੱਡੀ ਕਮਾਈ ਤੇਰੀ
ਤੇਰੇ ਜਿਹਾ ਨ ਦਿੱਸਦਾ ਸ਼ਾਨਕਿਧਰੇ ਦੁਨੀਆਂਵਿੱਚ ਵੱਡੀਵਡਿਆਈ ਤੇਰੀ
ਤੇਰੇ ਨਾਮ ਪਿੱਛੇ ਲੱਖਾਂ ਜੀਵ ਪਲਦੇ ਸਾਰੇ ਜੱਗ ਤੇ ਕੀਰਤੀ ਛਾਈ ਤੇਰੀ
ਕੌਣ ਤੇਰੀ ਬਰਾਬਰੀ ਕਰ ਸੱਕੇ ਵਧ ਸੂਰਜੋਂ ਤੇਜ਼ ਰੁਸ਼ਨਾਈ ਤੇਰੀ
ਮੈਂਭੀ ਕੂਕਰ ਤੇਰੇ ਦਰਬਾਰ ਦਾ ਹਾਂ ਘਰ ਬਾਹਰ ਹੀ ਆਸ ਰਖਾਈ ਤੇਰੀ
ਮੇਰੀ ਲੱਜਯਾ ਰੱਖੀਂ ਕਰਤਾਰਸਿੰਘਾ ਮੰਦਾ, ਚੰਗਾ ਹਾਂ, ਓਟ ਤਕਾਈ ਤੇਰੀ

ਸੱਤਾ ਬਲਵੰਡ ਰਬਾਬੀ

ਹਰੀਮੰਦਰ ਕੀਰਤਨ ਕਰਨ ਸਦਾ ਭਾਈ ਸੱਤਾ ਅਤੇ ਬਲਵੰਡ ਦੋਵੇਂ
ਬਾਹਰ ਗੁਰੂ ਹਜ਼ੂਰ ਦੀਵਾਨ ਲਗਦੇ ਬਾਨੀ ਪੜ੍ਹਦੇ ਪ੍ਰੇਮ ਪਰਚੰਡ ਦੋਵੇਂ
ਸੁਰ, ਤਾਨ ਸੋਹਣੀ ਵਿੱਦਵਾਨ ਚੰਗੇ ਕਰਨ ਕੀਰਤਨ ਬੈਠ ਅਖੰਡ ਦੋਵੇਂ
ਗੁਰੂ ਕਰਦੇ ਮਾਨ ਕਰਤਾਰ ਸਿੰਘਾ ਰੱਖਣ ਲੱਗ ਪਏ ਬੜਾ ਘੁਮੰਡ ਦੋਵੇਂ

(ਸੱਤੇ ਬਲਵੰਡ ਦਾ ਰੋਸਾ)

ਓਹਨਾਂ ਆਪਣੀ ਭੈਣ ਦਾ ਵਿਆਹ ਰਚਯਾ ਮਾਯਾ ਵਾਸਤੇ ਗੁਰਾਂ ਤੋਂ ਮੰਗ ਕੀਤੀ
ਗੁਰਾਂ ਆਖਯਾ "ਕਹੋ ਸੋ ਦੇ ਦੱਈਏ" ਮੰਗ ਕਰ ਸਲਾਹ ਇਸ ਢੰਗ ਕੀਤੀ
ਕੱਲ੍ਹ ਜੋ ਚੜ੍ਹੇ ਸਾਨੂੰ ਦੇਇ ਦੇਣਾ, ਗੁਰਾਂ ਗੱਲ ਮਨਜ਼ੂਰ ਨਿਸ਼ੰਗ ਕੀਤੀ
ਅੱਗੇ ਰੋਜ਼ ਚੜ੍ਹਦਾ ਪੰਜ ਛੇ ਸੋ ਸੀ ਏਸੇ ਲਈ ਸੀ ਓਹਨਾਂ ਉਮੰਗ ਕੀਤੀ
ਪਰ ਓਸ ਦਿਨ ਆਯਾ ਨ ਇੱਕ ਸੌ ਭੀ ਜਾਨ ਓਹਨਾਂ ਦੀ ਹਿਰਸ ਨੇ ਤੰਗ ਕੀਤੀ
ਕੀਤਾ ਕੀਰਤਨ ਬਹੁਤ ਕਰਤਾਰਸਿੰਘਾ ਕਰਮਾਂ ਭੈੜਿਆਂ ਗੱਲ ਬੇਰੰਗ ਕੀਤੀ

(ਤਥਾ)

ਓਹ ਬੜੇ ਕੁੜ੍ਹੇ ਪੈਸੇ ਘੱਟ ਜੁੜੇ ਕਹਿੰਦੇ ਗੁਰਾਂ ਨੇ ਕੋਈ ਇਹ ਚਾਲ ਕੀਤੀ
ਪੂਜਾ ਚਾੜ੍ਹਨੋਂ ਸੰਗਤਾਂ ਰੋਕ ਲਈਆਂ ਸਾਡੇ ਨਾਲ ਹੈ ਬੁਰੀ ਕੁਚਾਲ ਕੀਤੀ
ਉੱਠ ਰੁਸ ਕੇ ਘਰ ਨੂੰ ਚਲੇ ਗਏ ਕੋਈ ਵਿਚਾਰ ਨ ਵਿੱਚ ਖ਼ਯਾਲ ਕੀਤੀ
ਭੁੱਖ ਮਿਲੀ ਦਰਗਾਹੋਂ ਕਰਤਾਰਸਿੰਘਾ ਰੁਸਬਹਿਣ ਦੀ ਗੁਰਾਂ ਦੇ ਨਾਲ ਕੀਤੀ

(ਤਥਾ)

ਅਗਲੇ ਦਿਨ ਵੇਲੇ ਆਸਾ ਵਾਰ ਦੇ ਜੀ ਕਰਨ ਕੀਰਤਨ ਚੱਲ ਨ ਆਇ ਸਨ ਓਹ
ਘਰ ਬੈਠ ਰਹੇ ਮਗ਼ਰੂਰ ਹੋਕੇ ਗੁਰ ਮਹਿਮਾਂ ਨ ਰਿਦੇ ਲਿਆਇ ਸਨ ਓਹ
ਗੁਰਾਂ ਸਿੱਖ ਭੇਜੇ ਆਇ ਫੇਰ ਭੀ ਨ ਭੈੜੀ ਮਾਯਾ ਨੇ ਜਾਲ ਫਸਾਇ ਸਨ ਓਹ
ਅੰਤ ਆਪ ਗਏ ਚੱਲ ਸਤਿਗੁਰੂ ਜੀ ਅਦਬ ਰੱਖ ਨ ਦਿਲੋਂ ਪਛਤਾਇ ਸਨ ਓਹ
ਸਗੋਂ ਅੱਗੋਂ ਕੁਬਚਨ ਸੁਣਾਉਨ ਲੱਗੇ ਹੰਕਾਰ ਨੇ ਚੁੱਕ ਭਰਮਾਇ ਸਨ ਓਹ
ਨਿਕਲੇ ਅੰਤ ਮਿਰਾਸੀ ਕਰਤਾਰਸਿੰਘਾ ਨ ਸਮਝੇ ਮੂਲ, ਸਮਝਾਇ ਸਨ ਓਹ

(ਸੱਤੇ ਬਲਵੰਡ ਦਾ ਹੰਕਾਰ)

ਸਤਿਗੁਰੂ ਜੀ ਹੋਵੰਦੇ ਨਰਮ ਜਿਉਂ ਜਿਉਂ ਓਹ ਤਿਉਂ ਤਿਉਂ ਸਖ਼ਤ ਬੁਰ ਬਾਰ ਹੋਏ
ਕਹਿੰਦੇ ਸਾਡੇ ਹੀ ਤੁਸੀਂ ਬਣਾਇ ਹੋਇ, ਹੋ ਗੁਰੂ ਪ੍ਰਗਟ ਸੰਸਾਰ ਹੋਏ
ਰਸ ਭਰੇ ਕੀਰਤਨ ਅਸੀਂ ਸਦਾ ਕਰਦੇ ਸਾਡੇ ਰਾਗ ਤੇ ਸਿੱਖ* ਸਰਸ਼ਾਰ ਹੋਏ
ਭਾਈ ਮਰਦਾਨੇ ਤੋਂ ਲੈਕੇ ਹੁਣ ਤੋੜੀ ਅਸੀਂ ਹਰ ਸਮੇ ਮਦਦਗਾਰ ਹੋਏ
ਸਾਡੀ ਕੀਤੀ ਨ ਤੁਸਾਂ ਨੇ ਇੱਕ ਜਾਂਤੀ ਲੋਭੀ ਮਾਯਾ ਦੇ ਪੂਰੇ ਭੰਡਾਰ ਹੋਏ
ਜਿਧੇ ਵੱਲ ਹੋਈਏ ਓਹੋ ਗੁਰੂ ਬਣ ਜਾਇ ਅੰਨ੍ਹੇ ਆਨ ਕੇ ਵਿੱਚ ਹੰਕਾਰ ਹੋਏ
ਭਲਾ ਬੁਰਾ ਕਿਹਾ ਵੱਡੇ ਗੁਰਾਂ ਤਾਂਈ ਟੱਪ ਅਦਬ ਅਦਾਬ ਤੋਂ ਬਾਹਰ ਹੋਏ

*ਮਸਤ ।

ਗੁਰੂ ਜਰ ਨ ਸੱਕੇ ਕਰਤਾਰ ਸਿੰਘਾ ਸੁਣ ਗੁਰਾਂ ਦੀ ਨਿੰਦ ਬੇਜ਼ਾਰ ਹੋਏ

(ਸਤਿਗੁਰਾਂ ਨੇ ਸੱਤੇ ਬਲਵੰਡ ਨੂੰ ਸਰਾਪ ਦੇਣਾ)

ਗੁਰੂ ਬੜੇ ਹੀ ਸ਼ਾਂਤ ਸਰੂਪ ਹੈਸਨ ਕਾਮ ਕ੍ਰੋਧ ਨੇੜੇ ਕਦੇ ਆਇ ਕੋਈ ਨ
ਵੱਡੇਗੁਰਾਂਦੀਨਿੰਦਾ ਨ ਜਰ ਸੱਕੇ ਸੁਣਕੇਆਪਣੀਗੁਸਾਲਿਆਇ ਕੋਈ ਨ
ਗੁਰਨਿੰਦਕੋਪਾਪੀਓ ਭੈੜਯੋਓਇ ਕਹਿੰਦੇਤੁਸੀਂਲਿਹਾਜ਼ ਰਖਾਇ ਕੋਈ ਨ
ਸਤਿਗੁਰਾਂਦੀ ਨਿੰਦਯਾਤੁਸਾਂ ਕੀਤੀ ਤੁਹਾਨੂੰਸੰਗਤਾਂ ਵਿੱਚਬੈਠਾਇ ਕੋਈ ਨ
ਗੁਰ ਸਿੱਖੀਉਂ ਅੱਜ ਤੋਂ ਬਾਹਰਹੋਏਸਿੱਖ ਤੁਸਾਂਤਾਈਂ ਮੂੰਹਲਾਇ ਕੋਈ ਨ
ਕੋੜ੍ਹੇ ਹੋ ਕੇ ਮਰੋ ਬਹੁ ਦੁਖੀ ਹੋਵੇ ਫੇਰ ਐਸਾ ਅਪਰਾਧ ਕਮਾਇ ਕੋਈ ਨ
ਇਉਂਆਖਕੇ ਸਤਿਗੁਰੂਚਲੇਆਏ ਕਿਹਾਸੰਗਤਾਂ ਤਈਂ ਭੁਲਾਇ ਕੋਈ ਨ
ਫਿਟਕਾਰੇਗਏਡੂਮ ਕਰਤਾਰਸਿੰਘਾਇਹਨਾਂਤਈਂਹੁਣਸਿੱਖਬੁਲਾਇਕੋਈ ਨ

(ਸਿੱਖਾਂ ਨੂੰ ਵਰ)

ਥੜ੍ਹੇ ਸਾਹਿਬ ਦੀਵਾਨ ਦੇ ਵਿੱਚ ਆਗਏਵਰਦੇਵੰਦੇ ਸਤਿਗੁਰੂ ਸਾਰਯਾਂ ਨੂੰ
ਕਹਿੰਦੇ ਕੀਰਤਨ ਰਲਕੇ ਕਰੋ ਸਿੱਖੋ ਕਰੋ ਫੜਕੇ ਸੁਰ ਦੁਤਾਰਯਾਂ ਨੂੰ
ਅੱਗੋਂ ਰਹੇ ਨ ਡੂਮਾਂ ਦੀ ਲੋੜ ਕੋਈ ਰਾਗ ਬਖਸ਼ਯਾ ਸਿੱਖਾਂ ਪਜਾਰਯਾਂ ਨੂੰ
ਚੱਲ ਪਈ ਓਹ ਚਾਲਕਰਤਾਰਸਿੰਘਾ ਸਿੱਖ ਸਮਝਗਏ ਰਾਗਾਂ ਭਾਰਯਾਂ ਨੂੰ

(ਪਟਨੇ ਸਾਹਿਬ ਦੀ ਸੰਗਤ)

ਆਈ ਸੰਗਤ ਪੂਰਬ ਦੇਸ ਵਿਚੋਂ ਬੈਠ ਪੁੱਛਦੀ ਹਾਲ ਰਬਾਬੀਆਂ ਦਾ
ਕਿੱਥੇ ਗਏ ਸੱਤਾ ਬਲਵੰਡ ਦੋਵੇਂ ਗੁਰ ਦੱਸਦੇ ਹਾਲ ਖ਼ਰਾਬੀਆਂ ਦਾ
ਕੁਝ ਸਿੱਖ ਸਫ਼ਾਰਸ਼ ਕਰਨ ਲੱਗੇ ਦਰਦ ਕਰਕੇ ਦਿਲੀਂ ਅਜ਼ਾਬੀਆਂ ਦਾ
ਗੁਰ ਰੋਕਦੇ ਝੱਟ ਕਰਤਾਰ ਸਿੰਘਾ ਨਾਮ ਲਵੇ ਨ ਬੇ ਅਦਾਬੀਆਂ ਦਾ

(ਗੁਰੂ ਜੀ ਦਾ ਹੁਕਮ)

ਵੱਡੇਗੁਰਾਂ ਦੀ ਡੂਮਾਂ ਨੇ ਨਿੰਦ ਕੀਤੀਨਹੀਂ ਇਹਗੁਨਾਹ ਬਖਸ਼ਾਯਾ ਜਾਊ
ਜਿਹੜਾ ਕਰੇਸ਼ਫਾਰਸ਼ ਉਨ੍ਹਾਂ ਦੀਆ ਕਾਲਾ ਮੂੰਹ ਕਰ ਖੋਤੇ ਚੜਾਯਾ ਜਾਊ
ਸਾਡੇ ਸਾਮ੍ਹਣੇ ਕੋਈ ਨ ਨਾਮ ਲਵੇ ਜੋ ਲਏ ਬੇ ਇੱਜ਼ਤ ਕਰਾਯਾ ਜਾਊ
ਹੋਇ ਬੜੇ ਹੰਕਾਰੀ ਕਰਤਾਰ ਸਿੰਘਾ ਫਲ ਡੂੰਮਾਂ ਤਾਈਂ ਭੁਗਤਾਯਾ ਜਾਊ

(ਸੱਤੇ ਬਲਵੰਡ ਦੀ ਲਾਚਾਰੀ)

ਬਿਰਥਾ ਗਿਆ ਨ ਮੂਲੋਂ ਸਰਾਪਦਿੱਤਾ ਦੋਵੇਂ ਸਿੱਖੀਵਿੱਚੋਂ ਧਿਰਕਾਰੇ ਗਏ
ਕੁਸ਼ਟੀ ਹੋਇਗਈਆਂ ਦਿਹਾਂਦੋਹਾਂ ਦੀਆਂ ਗੁਰੂ ਘਰੋਂ ਜਦੋਂ ਫਿਟਕਾਰੇ ਗਏ

ਕੋਈ ਪਾਸ ਨ ਉਨ੍ਹਾਂਨੂੰ ਬਹਿਣਦੇਂਦਾ ਉਹ ਤਾਂਜੀਊਂਦੇ ਹੀਉੱਕੋਮਾਰੇ ਗਏ
ਹੋਏ ਬੜੇ ਲਾਚਾਰ ਕਰਤਾਰ ਸਿੰਘਾ ਹੋ ਸੱਭੇ ਤਰ੍ਹਾਂ ਦੁਖੀ ਭਾਰੇ ਗਏ

(ਤਥਾ)

ਪੈਸਾ ਪਾਸ ਨ ਮੰਗਿਆਂ ਕੋਈ ਦੇਵੇ ਸਮਝ ਗੁਰ ਦੋਖੀ ਫਿਟਕਾਰਦੇ ਸਨ
ਕੋਈਮੂੰਹ ਨ ਲੱਗਦਾ ਪਾਪੀਆਂ ਦੇ ਜਿਧਰ ਜਾਵੰਦੇ,ਲੋਕੀ ਧਿਰਕਾਰਦੇ ਸਨ
ਤਰਲੇ ਸਿੱਖਾਂਦੇ ਕੱਢਦੇ ਫਿਰਨਦੋਵੇਂ ਸਾਥੋਂ ਹੋਯਾ ਅਪ੍ਰਾਧ ਵਿਚਾਰਦੇ ਸਨ
ਆਉਂਦਾ ਹੱਥ ਨ ਵੇਲਾ ਕਰਤਾਰਸਿੰਘਾ ਤੰਗਹੋਇਬਹੁਦੁੱਖ ਸਹਾਰਦੇ ਸਨ

(ਦੋਹਾਂ ਨੇ ਭਾਈ ਲੱਧੇ ਦੀ ਸ਼ਰਨ ਜਾਣਾ)

ਜਦੋਂ ਕਿਸੇ ਪਾਸੇ ਢੋਈ ਮਿਲੀ ਕੋਈ ਨ ਭੁੱਖਦੁੱਖ ਤੋਂ ਹੋਇ ਲਾਚਾਰ ਦੋਵੇਂ
ਸ਼ਰਨ ਜਾ ਪਏ ਲੱਧੇ ਲਾਹੌਰੀਏ ਦੀ ਵੱਡਾ ਪਰਉਪਕਾਰੀ ਵਿਚਾਰ, ਦੋਵੇਂ
ਓਹਦੇ ਬੂਹੇ ਅੱਗੇ ਧਰਨਾ ਮਾਰ ਬੈਠੇ ਲੱਗੇ ਦੁੱਖਾਂ ਦੀ ਕਰਨ ਪੁਕਾਰ ਦੋਵੇਂ
ਆਯਾਓਸਨੂੰ ਤਰਸ ਕਰਤਾਰਸਿੰਘਾ ਡਿੱਠੇਕੋਹੜ ਦੇ ਨਾਲ ਬੀਮਾਰ ਦੋਵੇਂ

(ਭਾਈ ਲੱਧੇ ਪਰਉਪਕਾਰੀ ਨੇ ਸ੍ਰੀ ਅੰਮ੍ਰਿਤਸਰ ਆਉਣਾ)

ਓਹਨੂੰਪਤਾ ਹੈਸੀ ਗੱਲਾਂਸਾਰੀਆਂਦਾ ਪਰਉਪਕਾਰਦੇਲਈਤੱਯਾਰ ਹੋਇਆ
ਮੂੰਹਸਿਰ ਮੁਨਾ ਲਿਆ ਕਰ ਕਾਲਾ ਆਪੇ ਖੋਤੇ ਉੱਤੇ ਅਸਵਾਰ ਹੋਇਆ
ਅੱਗੇ ਢੋਲ ਵਜਾਉਂਦਾ ਟੁਰੀ ਆਵੇ ਵਿੱਚ ਗਲੀ ਬਾਜ਼ਾਰ ਖ਼ਵਾਰ ਹੋਇਆ
ਮੁੰਡੇ ਮਗਰ ਲੱਗੇ ਹੋਹਿ ਹੋਹਿ ਕਰਦੇ ਧੰਨ ਸਿੱਖ ਜੋ ਝੱਲਨੇ ਹਾਰ ਹੋਇਆ
ਓਸੇ ਤਰ੍ਹਾਂ ਅੰਮ੍ਰਿਤਸਰ ਆਇ ਗਿਆ ਖੋਤੇ ਚੜ੍ਹਯਾ ਮਸਤ ਅਪਾਰ ਹੋਇਆ
ਸਾਰੇਚੱਕਗਿਰਦੇ ਓਸੇਤਰ੍ਹਾਂਫਿਰਯਾਮੁੜ ਨਸ਼ਰਫਿਰਗਲੀ ਬਾਜ਼ਾਰ ਹੋਇਆ
ਸਤਿਗੁਰਾਂਨੇਸੁਣੀਇਹਗੱਲਸਾਰੀਕਹਿੰਦੇ ਸਿੱਖੀਦਾ ਉੱਚਾਮੀਨਾਰ ਹੋਇਆ
ਓਸੇ ਤਰ੍ਹਾਂ ਲੱਧਾ ਕਰਤਾਰ ਸਿੰਘਾ ਹਾਜ਼ਰ ਆਣ ਹਜ਼ੂਰ ਦਰਬਾਰ ਹੋਇਆ

(ਸਤਿਗੁਰਾਂ ਦੇ ਪਾਸ ਲੱਧੇ ਨੇ ਬੇਨਤੀ ਕਰਨੀ)

ਵੇਖ ਸਿੱਖ ਦੀ ਕਾਰਹੈਰਾਨ ਸਾਰੇ,ਜਿੱਥੇ ਬੈਠੇਸਨ ਆਪਭਗਵਾਨ ਗੁਰ ਜੀ
ਲੱਧਾ ਸਾਮ੍ਹਣੇ ਆਇ ਕੇ ਖੜਾ ਹੋਯਾ ਰੂਪ ਵੇਖਕੇ ਹੋਇ ਹੈਰਾਨ ਗੁਰ ਜੀ
ਹੱਥ ਜੋੜ ਕੇ ਲੱਧਾ ਪੁਕਾਰ ਕਰਦਾ ਤੁਸੀਂ ਬਖ਼ਸ਼ਣੇਹਾਰ ਸੁਜਾਨ ਗੁਰ ਜੀ
ਹੁਣਬਖ਼ਸ਼ ਲੋਇਹਨਾਂਰਬਾਬੀਆਂਨੂੰਭੁੱਲਣਹਾਰਹੈਸਦਾਇਨਸਾਨ ਗੁਰ ਜੀ
ਤੁਹਾਡੇਜਿਹਾ ਕ੍ਰਿਪਾਲਬਖ਼ਸ਼ਿੰਦ ਕੋਈ,ਨਹੀਂ ਦੂਸਰਾਵਿੱਚਜਹਾਨ ਗੁਰ ਜੀ
ਸ਼ਰਨਆਯਾਂ ਨੂੰਕੰਠਕਰਤਾਰਸਿੰਘਾ ਸਦਾਲਾਉਣਾ ਬਿਰਦਮਹਾਨ ਗੁਰ ਜੀ

(ਸਤਿਗੁਰਾਂ ਨੇ ਮਿਹਰਬਾਨ ਹੋਣਾ)

ਭਾਈ ਲੱਧੇ ਦੀ ਵੇਖ ਕੇ ਕਾਰਵਾਈ ਗੁਰ ਹੋ ਕਹਿੰਦੇ ਮਿਹਰਬਾਨ ਭਾਈ
ਕੀਤਾ ਇਨ੍ਹਾਂ ਰਬਾਬੀਆਂ ਪਾਪ ਭਾਰਾ ਹੋ ਕੇ ਨਿਮਕ ਹਰਾਮ ਪਛਾਨ ਭਾਈ
ਵੱਡੇ ਗੁਰਾਂ ਦੀ ਨਿੰਦਯਾ ਇਨ੍ਹਾਂਕੀਤੀ ਰਾਗ ਤਾਨ ਦਾ ਕਰਗੁਮਾਨ ਭਾਈ
ਤੇਰੇ ਪਿੱਛੇ ਹੁਣ ਇਨ੍ਹਾਂ ਨੂੰ ਬਖ਼ਸ਼ਦੇ ਹਾਂ ਗੁਰਘਰ ਹੈ ਸਿੱਖੀਦਾ ਮਾਨ ਭਾਈ
ਜਿਹੜੇਮੂੰਹੋਂ ਕੀਤੀਇਹਨਾਂ ਗੁਰਨਿੰਦਾ ਓਸੇਮੂੰਹੋਂ ਹੁਣ ਯੱਸ ਸੁਣਾਨ ਭਾਈ
ਰੋਗ ਹੱਟ ਜਾਵੇ ਕਰਤਾਰ ਸਿੰਘਾ ਤੇਰੇ ਪਿੱਛੇ ਇਹ ਭੀ ਬੱਚ ਜਾਨ ਭਾਈ

(ਸੱਤੇ ਬਲਵੰਡ ਦੀ ਵਾਰ)

ਰਾਗ ਰਾਮ ਕਲੀ ਵਿੱਚ ਓਹਨਾਂ ਡੂੰਮਾਂ ਜੋੜੀਛੋਟੀਜਹੀ ਇੱਕ ਵਾਰ ਸੀ ਜੀ
ਜਦੋਂ ਸਤਿਗੁਰਾਂ ਦਾ ਯੱਸ ਕਰਨਲੱਗੇਹੁੰਦਾਗਿਆਉਹਦੂਰ ਅਜ਼ਾਰ ਸੀ ਜੀ
ਥੋੜ੍ਹੇਦਿਨ੍ਹਾਂ ਦੇ ਵਿੱਚ ਹੋਗਏ ਰਾਜ਼ੀ ਢੋਈ ਮਿਲਗਈ ਫੇਰਦਰਬਾਰ ਸੀ ਜੀ
ਖ਼੍ਵਾਰ ਕੀਤੇ ਹੰਕਾਰੇ ਕਰਤਾਰ ਸਿੰਘਾ ਏਸੇ ਤਰ੍ਹਾਂ ਭਾਵੀ ਕਰਤਾਰ ਸੀ ਜੀ

ਦੀਵਾਨ ਚੰਦੂ ਖੱਤ੍ਰੀ

ਚੰਦੂ ਖੱਤ੍ਰੀ ਸ਼ਾਹੀ ਦੀਵਾਨ ਹੈਸੀ ਪੈਦਾ ਘਰ ਓਹਦੇ ਹੋਣੀ ਆਨ ਹੋਈ
ਹੈਸੀ ਪਿੰਡ *ਰੁਹੀਲੇ ਦੇ ਰਹਿਣ ਵਾਲਾ ਬੇਟੀ ਵਰ ਪ੍ਰਾਪਤ ਜਾਨ ਹੋਈ
ਬੇਟੀ ਕਾਹਦੀ ਓਹ ਇੱਕ ਉਪਾਧ ਹੈਸੀ ਨਾਸ ਕਰਨਹਾਰੀ ਖ਼ਾਨਦਾਨ ਹੋਈ
ਕਿਤੇ ਮੰਗੀਏ ਇਹਨੂੰ ਕਰਤਾਰ ਸਿੰਘਾ ਸੋਚ ਚੰਦੂ ਦੇ ਰਿਦੇ ਮਹਾਨ ਹੋਈ

(ਚੰਦੂ ਨੇ ਨਾਈ ਤੇ ਬ੍ਰਹਿਮਣ ਨੂੰ ਲੜਕੀ ਦਾ ਸਾਕ ਕਰਨ ਵਾਸਤੇ ਟੋਰਨਾ)

ਚੰਦੂ ਨਾਈ ਬ੍ਰਾਹਮਣ ਸੱਦਕਰਕੇ ਕਹਿੰਦਾ ਮੇਰੀਆਂਗੱਲਾਂ ਦਾ ਧਯਾਨ ਹੋਵੇ
ਬੇਟੀ ਲਈ ਕਿਤੇ ਵਰ ਢੂੰਡਨਾ ਹੈ ਉੱਚੀ ਜ਼ਾਤ ਉੱਚਾ ਖ਼ਾਨਦਾਨ ਹੋਵੇ
ਜਿਸ ਤਰ੍ਹਾਂ ਦਾ ਰੁਤਬਾ ਹੈ ਮੇਰਾ ਏਦੂੰ ਵਧ ਹੀ ਓਸਦਾ ਸ਼ਾਨ ਹੋਵੇ
ਹੋਣ ਦੌਲਤ, ਇੱਜ਼ਤ ਦੋਇ ਗੱਲਾਂ ਅਤੇ ਵਰ ਸੋਹਣਾ ਚੰਗਾ ਹਾਨ ਹੋਵੇ
ਘਰ ਵਰ ਪਛਾਣ ਕੇ ਸਾਕ ਕਰਨਾ ਸ਼ੋਭਾ ਜਿਸ ਤਰ੍ਹਾਂ ਮੇਰੀ ਜਹਾਨ ਹੋਵੇ
ਹੋਵੇ ਅੰਤ ਨੂੰ ਓਹੋ ਕਰਤਾਰ ਸਿੰਘਾ ਪਹਿਲੇ ਰੋਜ਼ ਜੋ ਲਿਖੀ ਪਛਾਨ ਹੋਵੇ

*ਰੁਹੀਲੇ ਦੀ ਜਗ੍ਹਾ ਹੁਣ ਸ੍ਰੀ ਹਰਗੋਬਿੰਦ ਪੁਰਾ ਵੱਸਦਾ ਹੈ।

(ਚੰਦੂ ਦੀ ਬੇਟੀ ਦੇ ਸਾਕ ਵਾਸਤੇ ਸ੍ਰੀ ਹਰਗੋਬਿੰਦ ਸਾਹਿਬ ਜੀ ਨੂੰ ਪਸੰਦ ਕਰਨਾ)

ਰਹਿੰਦਾਬਹੁਤਦੀਵਾਨ ਸੀ ਵਿੱਚਦਿੱਲੀ ਲਾਂਗੀਦੋਇੰਓਥੋਂਚੱਲ ਆਵੰਦੇ ਨੇ
ਬਹੁਤ ਨੱਗਰਾਂ ਦੇ ਵਿੱਚ ਫਿਰਨ ਲੱਗੇ ਵਰ ਢੂੰਡਦੇ ਪੁੱਛ ਪੁਛਾਵੰਦੇ ਨੇ
ਜੇਕਰ ਵਰ ਲੱਭੇ ਘਾਟਾ ਧਨ ਦਾ ਹੋਏ ਧਨ ਲੱਭੇ ਤੇ ਵਰ ਨ ਭਾਵੰਦੇ ਨੇ
ਦੋਇੰਗੱਲਾਂ ਨ ਇੱਕ ਥਾਂ ਮਿਲਣਕਿਧਰੇ ਫਿਰਫਿਰ ਕਈਦਿਨਗੁਵਾਵੰਦੇ ਨੇ
ਏਸੇ ਤਰ੍ਹਾਂ ਹੀ ਆਨ ਲਾਹੌਰ ਪਹੁੰਚੇ ਬੈਠ ਜਿਸ ਥਾਂ, ਗੱਲ ਚਲਾਵੰਦੇ ਨੇ
ਗੁਰੂ ਅਰਜਨ ਦੇ ਘਰ ਦੋਇੰ ਗੱਲਾਂ ਵੇਖ ਲੌ, ਸਿਆਣੇ ਜਤਲਾਵੰਦੇ ਨੇ
ਹਰਗੁਬਿੰਦ ਦੀ ਬਹੁਤਯਾਂ ਦੱਸ ਪਾਈ ਦੋਵੇਂ ਅੰਮ੍ਰਿਤਸਰ ਨੂੰ ਧਾਵੰਦੇ ਨੇ
ਬਹੁਤ ਰੌਣਕਾਂ ਅੰਮ੍ਰਿਤਸਰ ਅੰਦਰ ਸਿੱਖ ਆਵੰਦੇ ਧਨ ਚੜ੍ਹਾਵੰਦੇ ਨੇ
ਸੋਭਾ ਵੇਖਦਰਬਾਰ ਦੀ ਦੰਗ ਰਹਿਗਏ ਸਾਰਾਚੰਦੂ ਦਾ ਸ਼ਾਨਭੁਲਾਵੰਦੇ ਨੇ
ਸ੍ਰੀ ਹਰਿਗੋਬਿੰਦ ਨੂੰ ਵੇਖਯਾ ਜਾਂ ਜੋ ਢੂੰਡਨਾ ਸੀ ਸੋਈਓ ਪਾਵੰਦੇ ਨੇ
ਫੇਰ ਭਰੇ ਦੀਵਾਨ ਵਿੱਚ ਖੜੇ ਹੋ ਕੇ ਸਾਰਾ ਆਪਣਾ ਹਾਲ ਸੁਣਾਵੰਦੇ ਨੇ
ਸਾਹਿਬਜ਼ਾਦੇ ਦੇ ਹੱਥ ਕਰਤਾਰ ਸਿੰਘਾ ਅੱਗੇ ਹੋ ਰੁਪਏ ਰਖਾਵੰਦੇ ਨੇ

(ਵਾਕ ਕਵੀ)

ਚੰਦੂਸ਼ਾਹੀ ਦੀਵਾਨ ਦਾ ਨਾਮਸੁਣਕੇ ਸਾਰਾ ਹੋਗਿਆ ਖ਼ੁਸ਼ੀਦੀਵਾਨ ਭਾਈ
ਸਾਕ ਸ਼ਾਹੀ ਦੀਵਾਨ ਦੇ ਘਰੋਂਆਇਆ ਸਿੱਖ ਸੇਵਕ ਖ਼ੁਸ਼ੀਮਨਾਨ ਭਾਈ
ਨਜ਼ਰ ਮਾਰ ਭਵਿੱਖਯਤ ਵੱਲ ਅੱਗੇ ਸਤਿਗੁਰੂਜੀ ਕੁਝ ਮੁਸਕਰਾਨ ਭਾਈ
ਨਾਰਾਂਦੇਣ ਵਧਾਈਆਂ ਮਾਤ ਤਾਈਂ ਘਰ ਬਾਰ ਖ਼ੁਸ਼ੀ ਫੈੱਲੀਆਨ ਭਾਈ
ਹੋਣਹਾਰ ਦਾ ਕਿਸੇ ਨੂੰ ਪਤਾ ਕੀਹ ਸੀ ਵਿਦਾ ਹੋ ਲਾਂਗੀ ਦੋਵੇਂ ਜਾਨ ਭਾਈ
ਕੱਤੇਂ ਸੋਲਾਂ ਸੌ ਸੱਠ ਕਰਤਾਰਸਿੰਘਾ ਭਾਵੀਆਨ ਵਰਤੀ ਭਗਵਾਨ ਭਾਈ

(ਚੰਦੂ ਦਾ ਹੰਕਾਰ)

ਲਾਂਗੀ ਖ਼ੁਸ਼ੀ ਖ਼ੁਸ਼ੀ ਦਿੱਲੀ ਵਿੱਚ ਗਏ ਮਾਨੋ ਬੜੀ ਮੁਹਿੰਮ ਮੁਕਾ ਆਏ
ਫੇਲ ਦੱਸਯਾ ਚੰਦੂ ਨੂੰ ਹਾਲ ਸਾਰਾ ਬਹੁਤ ਸੋਹਣੇ ਥਾਂ ਸਾਕ ਕਰਾ ਆਏ
ਵਰ ਬੇ ਮਿਸਾਲ ਤੇ ਘਰ ਚੰਗਾ ਸਾਕ ਕਰਨਾ ਅਸੀਂ ਠਹਿਰਾ ਆਏ
ਨਾਮ ਸੁਣ ਕੇ ਅਰਜਨ ਦੇਵ ਜੀ ਦਾ ਅੰਗ ਚੰਦੂ ਦੇ ਰੰਗ ਵਟਾ ਆਏ
ਕਹਿੰਦਾ ਕੀਹ ਸਿਆਣਪ ਤੁਸਾਂ ਕੀਤੀ ਮੇਰਾ ਸ਼ਾਨ ਤੇ ਮਾਨ ਗੁਵਾ ਆਏ
ਮੇਰੀ ਧੀ ਚੁਬਾਰੇ ਦੀ ਇੱਟ ਹੈਸੀ ਤੁਸੀਂ ਮੋਰੀ ਦੇ ਵਿੱਚ ਲਗਾ ਆਏ

ਮੈਂ ਦੀਵਾਨ ਹਾਂ ਦਿੱਲੀਦੇਬਾਦਸ਼ਾਹ ਦਾ ਜੋੜਮੰਗਤਯਾਂਨਾਲ ਮਿਲਾ ਆਏ
ਨਹੀਂ ਕੋਈਗੁਰੂ ਦੇ ਪਾਸ ਜਾਗੀਰਦੌਲਤ ਪੂਜਾਆਵੰਦੀ ਵੇਖ ਵਿਖਾ ਆਏ
ਮੇਰੀ ਧੀ ਅਖਵਾਇਗੀ ਕੀਹ ਓਥੇ ਜਾਣ ਬੁੱਝ ਧੋਖਾ ਤੁਸੀਂ ਖਾ ਆਏ
ਬਣਦਾ ਮੋੜਨਾ ਨਹੀਂ ਕਰਤਾਰਸਿੰਘਾ ਹੈ ਮਨਜ਼ੂਰ ਜੋ ਤੁਸੀਂ ਬਣਾ ਆਏ

(ਚੰਦੂ ਨੇ ਕੁੜਮਾਈ ਦਾ ਸ਼ਗਨ ਭੇਜਣਾ)

ਮਨਵਿੱਚ ਕੁੜ੍ਹਯਾਚੰਦੂਬਹੁਤ ਭਾਰਾਅੰਤ ਟੋਰਦਾਸ਼ਗਨ ਕੁੜਮਾਈ ਦਾ ਜੀ
ਦੁਨਯਾਂਦਾਰੀਜ਼ਾਹਰੀਐਵੇਂ ਰੱਖਣੇਨੂੰ ਕੀਤਾਰੱਦਯਾਨਬ੍ਰਹਿਮਣਨਾਈਦਾ ਜੀ
ਪਰ ਦਿਲ ਦੇ ਵਿੱਚ ਹੰਕਾਰ ਬਹੁਤਾ ਕਹਿੰਦੇਵੈਰ ਹੈ ਅੱਤ ਖ਼ੁਦਾਈ ਦਾ ਜੀ
ਮੂੰਹੋਂ ਗੱਲ ਕੱਢੀ ਜਾਂਦੀ ਦੂਰ ਤੋੜੀ ਛਪੇਪਾਪ ਨ,ਬਹੁਤ ਛਪਾਈ ਦਾ ਜੀ
ਚੰਦੂਮੂੰਹੋਂ ਕੁਬਚਨ ਜੋਬੋਲਯਾ ਸੀ ਰੌਲਾਪੈਗਿਆ ਓਸਬੁਰਿਆਈ ਦਾ ਜੀ
ਸਿੱਖਾਂਸੁਣੀ ਇਹਗੱਲਕਰਤਾਰਸਿੰਘਾਦੇਣਾ ਬਦਲਾ ਗੱਲਅਲਾਈ ਦਾ ਜੀ

(ਦਿੱਲੀ ਦੀ ਸੰਗਤ ਨੇ ਗੁਰਮਤਾ ਕਰਕੇ ਸ੍ਰੀ ਸਤਿਗੁਰ ਜੀ ਵੱਲ ਲਿਖਣਾ)

ਗੁਰ ਨਿੰਦਯਾ ਕਿਵੇਂ ਸਹਾਰ ਸਕਦੇ ਸਿੱਖਾਂ ਚੋਰੀ ਇਕੱਠ ਕਰਾਇਆ ਜੀ
ਜੋ ਕੁਬਚਨ ਬੋਲੇਚੰਦੂਦੁਸ਼ਟ ਨੇ ਸਨ ਸਾਰਾ ਫੋਲਪ੍ਰਸੰਗ ਸੁਣਾਇਆ ਜੀ
ਉੱਚਾਸ਼ਾਨਜਹਾਨਵਿੱਚਗੁਰੂਜੀਦਾਜਿਨ੍ਹਾਂਤਈਂ ਕਰਤਾਰਵਡਿਆਇਆ ਜੀ
ਸੱਚੇ ਪਾਤਸ਼ਾਹ ਭਰੇ ਭੰਡਾਰਸੱਚੇਸ਼ਾਹਾਂ ਪਾਤਸ਼ਾਹਾਂ ਤਈਂ ਝੁਕਾਇਆ ਜੀ
ਚੰਦੂਦੁਸ਼ਟ ਓਹਨਾਂਤਾਈਂ ਕਹੇਨੀਵੇਂ ਉੱਚਾਬਣਯਾਂ ਆਪ,ਜਤਾਇਆ ਜੀ
ਕਦਮਜਿਨ੍ਹਾਂ ਦੇ ਵਿੱਚ ਸੁਰਗਲੱਖਾਂ ਮੋਰੀਉਨ੍ਹਾਂ ਦੇ ਤਈਂ ਬਣਾਇਆ ਜੀ
ਮਾਯਾਧਾਰੀਹੰਕਾਰੀ ਹੈ ਅੰਨ੍ਹਾਬੋਲਾ ਕਾਗਹੰਸ ਦਾ ਕਦਰ ਨ ਪਾਇਆ ਜੀ
ਗੁਰਸਿੱਖੀਅੰਦਰਇਹਦਾਮੇਲਕੋਈਨਇਹਨੂੰਤਯਾਗਨਾਮਤਾਪਕਾਇਆਜੀ
ਲਿਖੀਬੇਨਤੀ ਸਤਿਗੁਰਾਂਵੱਲ ਬਹਿਕੇਸਾਰਾ ਫੋਲਕੇ ਹਾਲ ਲਿਖਾਇਆ ਜੀ
ਏਸ ਦੁਸ਼ਟ ਦਾ ਸਾਕ ਨ ਮੂਲ ਲੈਣਾ ਸਾਰੀ ਸੰਗਤ ਨੇ ਜਤਲਾਇਆ ਜੀ
ਓਸੇਵਕਤਹੀ ਗੁਪਤਉਹ ਦੇਇ ਚਿੱਠੀਇੱਕਸਿੱਖਦੇ ਤਈਂ ਦੁੜਾਇਆ ਜੀ
ਪਹਿਲਾਂਨਾਈਬ੍ਰਾਹਮਣੋਂਪਹੁੰਚਣਾ ਤੂੰ ਸ਼ਗਨ ਰੋਕਲੈਣਾਸਿਖਲਾਇਆ ਜੀ
ਚੱਲੀ ਦਿਲੀਉਂ ਚੜ੍ਹ ਉਪਾਧਵੱਡੀ ਜਿਸ ਆਨ ਫ਼ਸਾਦ ਖਿੰਡਾਇਆ ਜੀ
ਸੁਣੋ ਲਾਕੇ ਚਿਤ ਕਰਤਾਰ ਸਿੰਘਾ ਅੱਗੇ ਸਮੇ ਕੀਹ ਰੰਗ ਵਿਖਾਇਆ ਜੀ

(ਸ੍ਰੀ ਗੁਰੂ ਅਰਜਨ ਦੇਵ ਜੀ ਨੇ ਚੰਦੂ ਦੀ ਲੜਕੀ ਦਾ ਸਾਕ ਨਾ-ਮਨਜ਼ੂਰ ਕਰਨਾ)

ਅੱਗੇਪਿੱਛੇ ਦੋਵੇਂਧਿਰਾਂਚੱਲਪਈਆਂ ਪਹੁੰਚੇ ਦੂਰਦੇ ਪੰਧ ਮੁਕਾਇ ਜਲਦੀ

ਨਾਈਬ੍ਰਾਮ੍ਹਣਇੱਕਦਿਨਆਇਪਹਿਲਾਂਦਿੱਤਾਸਗਨਦਾਕਾਜਰਚਾਇਜਲਦੀ
ਸਤਿਗੁਰਾਂਦਾਭਾਰੀ ਦੀਵਾਨ ਲੱਗਾ ਬੈਠੇ ਖ਼ੁਸ਼ੀ ਦੇ ਸਾਜ ਸਜਾਇ ਜਲਦੀ
ਸ਼ਗਨਲੱਗਨੇਵਿੱਚਕੁਝਦੇਰਨਹੀਂਸੀ ਪਹੁੰਚਾਸਿੱਖ ਤਦੋਂ ਓਥੇਆਇ ਜਲਦੀ
ਮੱਥਾ ਟੇਕਕੇਭਰ੍ਹੇ ਦੀਵਾਨ ਅੰਦਰ ਦਿੱਤੀ ਓਸਨੇ ਚਿੱਠੀ ਫੜਾਇ ਜਲਦੀ
ਚਿੱਠੀਪੜ੍ਹੀ ਸਤਿਗੁਰਾਂ ਨੇ ਜਿਸਵੇਲੇ ਦਿੱਤੀਸੰਗਤਵਿੱਚ ਸੁਣਾਇ ਜਲਦੀ
ਆਯਾਲਿੱਖਯਾਦਿੱਲੀਦੇਸਿੱਖਾਂਵੱਲੋਂ ਲੈਣਾਸਾਕ ਨਦੁਸ਼ਟਦਾਆਹਿ ਜਲਦੀ
ਇੱਕੀ ਵਿੱਸਵੇ ਸੰਗਤ ਮੰਨ ਕਰਕੇ ਗੁਰਾਂ ਕਹਿਆ ਪ੍ਰਤੱਖ ਜਤਾਇ ਜਲਦੀ
ਹੁਣ ਸ਼ਗਨ ਪ੍ਰੋਹਤ ਜੀ ਚੁੱਕ ਲਵੋ ਅਤੇ ਚੰਦੂ ਤਾਈਂ ਕਹੋ ਜਾਇ ਜਲਦੀ
ਢੂੰਡ ਕਿਸੇ ਚੁਬਾਰੇ ਨੂੰ ਸਾਕ ਕਰਤੂੰ ਇੱਟਮੋਰੀ ਤੋਂ ਲਵੋ ਉਠਾਇ ਜਲਦੀ
ਮੋਰੀਨਾਲ ਮੋਰੀਆਪੇ ਆਣਮਿਲੂ ਢਹਿ ਜਾਨ ਚੁਬਾਰੇ ਟਕਰਾਇ ਜਲਦੀ
ਗੱਲ ਸੁਣ ਪ੍ਰੋਹਤ ਹੈਰਾਨ ਹੋਯਾ ਗਿਆ ਓਸਦਾ ਮੁੱਖ ਮੁਰਝਾਇ ਜਲਦੀ
ਫੇਰਧੀਰਜ ਨਾਲਸਤਿਗੁਰਾਂਤਾਈਂ ਕਹਿੰਦਾ, ਕਰਦੇਨਹੀਂ ਦਾਨਾਇ ਜਲਦੀ
ਕਾਹਲੀ ਕਰਕੇ ਤੁਸੀਂ ਨ ਸਾਕ ਮੋੜੋ ਸੋਚੋ ਏਸ ਦਾ ਅੰਤ ਸਬਾਇ ਜਲਦੀ
ਗੁਰਾਂਆੱਖਯਾਬਚਨਨਹੀਂਮੂਲਮੁੜਨਾ ਲਿਖਯਾਸੰਗਤਪ੍ਰੇਮ ਵਧਾਇ ਜਲਦੀ

ਹੇਰ ਫੇਰ ਪ੍ਰੋਹਤ ਨੇ ਬਹੁਤ ਕੀਤੇ ਗਈ ਪੇਸ਼ ਨਾਹੀਂ,ਤਮਕ ਖਾਇ ਜਲਦੀ
ਉਹ ਉੱਠ ਬੈਠਾ ਇੱਕ *ਖੱਤ੍ਰੀ ਨੇ ਸੀਸ ਗੁਰਾਂ ਦੇ ਅੱਗੇ ਝੁਕਾਇ ਜਲਦੀ
ਕਿਹਾ ਪੁੱਤ੍ਰੀ ਮੇਰੀ ਦਾ ਸਾਕ ਲੈ ਲੋ ਸਾਰੇ ਕਰ ਉੱਠੇ ਵਾਹਿਵਾਹਿ ਜਲਦੀ
ਓਸੇ ਵਕਤਹੀ †ਰਸਮਅਦਾ ਹੋਗਈ ਲਾਂਗੀਚੰਦੂਦੇਗਏਸ਼ਰਮਾਇ ਜਲਦੀ
ਗਏਦਿੱਲੀ ਨੂੰਚਲੇਕਰਤਾਰਸਿੰਘਾ ਹੋਣੀਆਣ ਬੈਠੀ ਪੀੜ੍ਹਾ ਡਾਹਿ ਜਲਦੀ

(ਬ੍ਰਾਹਮਣ ਤੇ ਨਾਈ ਨੇ ਖ਼ਾਲੀ ਮੁੜ ਜਾਣਾ)

ਖ਼ਾਲੀ ਚੰਦੂ ਦੇ ਆਦਮੀ ਮੁੜ ਗਏ ਜਾ ਕੇ ਓਸਨੂੰ ਗੱਲ ਸੁਣਾਇ ਦਿੱਤੀ
ਕਹਿੰਦੇਸੁਣੋ ਦੀਵਾਨਜੀ ਜਿਵੇਂ ਬੀਤੀ ਕਰਮਗਤੀਨੇਖੇਡਵਿਚਲਾਇ ਦਿੱਤੀ
ਜਿਹੜੀ ਬਾਤ ਏਥੇ ਤੁਸਾਂਕਹੀ ਸਾਨੂੰ ਕਿਸੇਲਿਖਕੇ ਸਾਰੀਪਹੁੰਚਾਇ ਦਿੱਤੀ
ਸੱਡੇ ਨਾਲ ਏਥੋਂ ਪੱਤੀ ਪਹੁੰਚ ਗਈ ਜਿਸ ਬਣੀਬਣਾਈ ਗਵਾਇ ਦਿੱਤੀ
ਲੱਗਾਸਗਨ ਲੱਗਨਜਿਸਸਮੇ ਹੈਸੀ ਪੱਤੀਦੂਤ ਨੇ ਜਾਇ ਫੜਾਇ ਦਿੱਤੀ
ਵਾਚੀਗਈਪੱਤੀ ਲਿਖੀਸਾਧਸੰਗਤ ਪੜ੍ਹਵਿਚ ਦੀਵਾਨ ਦੋਹਰਾਇ ਦਿੱਤੀ
ਲਿਖਯਾ ਦਿੱਲੀ ਦੀ ਸੰਗਤ ਗੁਰੂਵੱਲੇ ਲੈਣਾਸਾਕ ਨ ਪੱਕੀਕਰਾਇ ਦਿੱਤੀ
ਤੁਹਾਨੂੰ ਚੰਦੂ ਨੇਮੋਰੀ ਬਣਾਯਾ ਏ ਬਣਿਆਂ ਆਪ ਚੁਬਾਰਾ ਜਤਾਇ ਦਿੱਤੀ
ਮਨਮੁਖ ਦਾ ਰਿਸ਼ਤਾਨਹੀਂ ਲੈਣਾ ਅੜ ਦਿੱਲੀ ਦੇਸਿੱਖਾਂ ਨੇ ਪਾਇ ਦਿੱਤੀ
ਗੁਰੂ ਓਸੇ ਵੇਲੇ ਸ਼ਗਨ ਮੋੜ ਦਿਤਾ ਇਉਂ ਆਖਕੇ ਆਸ ਚੁਕਾਇ ਦਿੱਤੀ
ਮਿਲੇ ਨਾਲ ਚੁਬਾਰਾਚੁਬਾਰੇ ਜਾਕੇ ਮੋਰੀ ਮੋਰੀ ਨਾਲਮਿਲੂਲਿਖਾਇ ਦਿੱਤੀ
ਓਥੇ ਬੈਠਿਆਂ ਹੀ ਸਾਕ ਦੋ ਹੋ ਗਏ ਵਿਚ ਖ਼ੁਸ਼ੀ ਦੇ ਖ਼ੁਸ਼ੀ ਵਧਾਇ ਦਿੱਤੀ
ਮੂਲੋਂ ਕੁਝ ਪ੍ਰਵਾਹ ਨ ਗੁਰੂ ਕੀਤੀ ਉਚੀ ਸੰਗਤ ਆਂਖ ਵਡਿਆਇ ਦਿੱਤੀ
ਹੁਣ ਜੋ ਮਰਜ਼ੀਕਰੋ ਕਰਤਾਰਸਿੰਘਾ ਬੀਤੀਜਿਵੇਂਤਿਵੇਂਖ਼ਬਰਆਇ ਦਿੱਤੀ

(ਚੰਦੂ ਨੇ ਲਾਂਗੀਆਂ ਨੂੰ ਫੇਰ ਚਿੱਠੀ ਦੇਕੇ ਵਾਪਸ ਭੇਜਣਾ)

ਸੁਣਦੇ ਸਾਰ ਚੰਦੂ ਪੇਚੋਤਾਬ ਖਾਂਧੇ•ਚਿੱਠੀ ਲਿਖਦਾ ਗੱਲ ਵਧਾਉ ਕਾਹਨੂੰ
ਗੁਰੂ ਨਾਨਕ ਦੀ ਗੱਦੀ ਤੁਸੀਂ ਬੈਠੇ ਥੋੜ੍ਹੀ ਗੱਲ ਤੇ ਕ੍ਰੋਧ ਚੜ੍ਹਾਉ ਕਾਹਨੂੰ
ਕਿਸੇਐਵੇਂ ਵਧਾਇਕੇ ਲਿਖ ਦਿੱਤੀ ਬਿਨ੍ਹਾਂਕੰਨੀਂ ਸੁਣੇ ਚਿੱਤਲਾਉ ਕਾਹਨੂੰ

---

*ਨਰਾਇਨ ਦਾਸ ਖੱਤਰੀ ਡੱਲੇ ਪਿੰਡ ਵਾਲਾ (ਦੁਆਬੇ ਵਿਚ) ਭਾਈ ਪਾਰੋ ਦੇ ਬੰਸ ਵਿਚੋਂ ਸੀ।

†ਕਵੀਰਾਜ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਇਕਸੇ ਵਕਤ ਵਿਚ ਦੋ ਕੁੜਮਾਈਆਂ ਹੋ ਗਈਆਂ ਸਨ, ਦੂਸਰੀ ਕੁੜਮਾਈ ਹਰੀ ਚੰਦ ਖੱਤਰੀ ਬਕਾਲੇ ਵਾਲੇ ਦੀ ਬੇਟੀ ਨਾਲ ਹੋਈ ਸੀ। ਰਾਸ ੪ ਅ: ੬ ।

ਮੇਰੀ ਪੁੱਤ੍ਰੀ ਦਾ ਸਾਕ ਮੋੜ ਐਵੇਂ ਬਿਨਾਂ ਕਾਰਨੋਂ ਵੈਰ ਉਠਾਉ ਕਾਹਨੂੰ
ਤੁਹਾਨੂੰਪਤਾਦੀਵਾਨ ਮੈਂ ਬਾਦਸ਼ਾਹ ਦਾ ਵੈਰੀਮੁਫ਼ਤ ਦੇਵਿਚਬਣਾਉ ਕਾਹਨੂੰ
ਮੇਰੇ ਸਾਕ ਬਣਕੇ ਤੁਸੀਂ ਬਣੋ ਉੱਚੇ ਬਦੋਬਦੀ ਨੀਵੇਂ ਪਾਸੇ ਜਾਉ ਕਾਹਨੂੰ
ਮੇਰੇਨਾਲ ਲਗਕੇ ਕਈਕੰਮ ਸੌਰਨ ਵਿਗੜਐਵੇਂ ਮੁਸੀਬਤ ਪਾਉ ਕਾਹਨੂੰ
ਹੋਕੇ ਦਾਨੇ ਸਿਆਨੇ ਕਰਤਾਰ ਸਿੰਘਾ ਫੂਕਾਂਮਾਰਕੇ ਅੱਗਭੜਕਾਉ ਕਾਹਨੂੰ

(ਤਥਾ)

ਬੇਰਾਂਡੁੱ ਲ੍ਹਿਆਂਦਾਕੁਝਵਿਗੜਯਾ ਨਹੀਂ ਜੇਕਰਬਣੋਤੇਸਾਕ ਬਣਾਵਾਂਗਾ ਮੈਂ
ਨਹੀਂ ਤਾਂ ਵੇਖਲੈਣਾਬਦਲਾਏਸਦਾਜੋ ਥੋੜ੍ਹੇਦਿਨਾਂ ਦੇਵਿੱਚ ਦਵਾਵਾਂਗਾ ਮੈਂ
ਤੁਹਾਡੇ ਸਿੱਖਾਂ ਨੇ ਕੁੱਤਾ ਬਣਾਯਾ ਮੈਨੂੰ ਕੁੱਤਾ ਬਣਕੇ ਫੇਰ ਦਿਖਾਵਾਂਗਾ ਮੈਂ
ਵਰਤੋ ਜਿਹੋ ਜਹੇ ਤੁਸੀਂ ਕਰਤਾਰਸਿੰਘਾ ਓਹੋਜਿਹਾ ਅੱਗੋਂ ਪੇਸ਼ ਆਵਾਂਗਾ ਮੈਂ

(ਚੰਦੂ ਦੇ ਆਦਮੀਆਂ ਨੇ ਅੰਮ੍ਰਿਤਸਰ ਪਹੁੰਚਕੇ ਸਤਿਗੁਰਾਂ ਨੂੰ ਚਿੱਠੀ ਦੇਣੀ)

ਲਾਗੀ ਭੌਂਦੀ ਅੱਡੀਫੇਰਪਿਛਾਂਪਰਤੇ ਲਿਖੀਚੰਦੂ ਦੀਆਨ ਪੁਚਾਈ ਪੱਤੀ
ਭਰੇ ਵਿਚ ਦੀਵਾਨ ਦੇ ਸਤਿਗੁਰਾਂ ਨੇ ਪੜ੍ਹ ਹੂਬਹੂ ਤੁਰਤ ਸੁਣਾਈ ਪੱਤੀ
ਸੁਣੀਸਾਰਿਆਂਨੇ ਗੱਲਸਮਝਲਈ ਖੂਬਲਿਖੀ ਹੋਈਨਾਲਚਤੁਰਾਈ ਪੱਤੀ
ਓਹਦੇਜਵਾਬਦੇਵਿਚ ਕਰਤਾਰਸਿੰਘਾ ਸਤਿਗੁਰਾਂਨੇਇਉਂ ਲਿਖਵਾਈ ਪੱਤੀ

(ਸਤਿਗੁਰਾਂ ਨੇ ਚੰਦੂ ਵੱਲ ਲਿਖਣਾ)

ਸੁਣੋ ਸ਼ਾਹੁ ਦੀਵਾਨ ਜੀ ਗੱਲ ਸੱਚੀ ਅਸੀਂ ਸੰਗਤ ਦੇ ਅਨੁਸਾਰ ਸਮਝੋ
ਜਿਵੇਂ ਲਿੱਖਯਾ ਸਿੱਖਾਂ ਨੇ ਸੋਈ ਕੀਤਾ ਇਹੋ ਮਰਜ਼ੀ ਹੈਸੀ ਕਰਤਾਰ ਸਮਝੋ
ਗੁਰੂ ਘਰ ਦੇ ਵਿੱਚ ਹੈ ਆਦਿ ਤੋਂ ਹੀ ਗੁਰਸਿੱਖਾਂ ਦਾ ਬੜਾ ਸਤਿਕਾਰ ਸਮਝੋ
ਜੋ ਲਿਖਿਆ ਸੰਗਤ ਸਿਰ ਮੱਥੇ ਕਰ ਸੱਕਦੇ ਨਹੀਂ ਇਨਕਾਰ ਸਮਝੋ
ਹੁਣ ਦੁੱਖ ਹੋਵੇ ਭਾਵੇਂ ਸੁੱਖ ਹੋਵੇ ਕੀਤੇ ਬਚਨ ਨਹੀਂ ਸੱਕਦੇ ਟਾਰ ਸਮਝੋ
ਅਸੀਂ ਕਿਸੇਦਾ ਬੁਰਾ ਨ ਚਿਤਵਦੇ ਹਾਂ ਬੁਰਾ ਸਾਡਾ ਜੋ ਚਿਤਵਨੇਹਾਰ ਸਮਝੋ
ਓਹ ਆਪਣੇ ਕੀਤੇ ਦਾ ਫਲ ਪਾਵੇ ਗੁਰੂ ਘਰ ਨਿਰਵੈਰ ਵਿਚਾਰ ਸਮਝੋ
ਦਿੱਤੇ ਮੋੜ ਲਾਗੀ ਕਰਤਾਰ ਸਿੰਘਾ ਧੁਰੋਂ ਏਵੇਂ ਹੈਸੀ ਹੋਣਹਾਰ ਸਮਝੋ

(ਵਾਕ ਕਵੀ)

ਲਾਗੀ ਫੇਰ ਓਵੇਂ ਖ਼ਾਲੀ ਮੁੜ ਗਏ ਚੰਦੂ ਵੈਰ ਦੀ ਬਣਤ ਬਣਾ ਬੈਠਾ
ਲਵਾਂ ਬਦਲਾ ਜਿਸਤਰ੍ਹਾਂ ਸਤਿਗੁਰਾਂ ਤੋਂ ਅੱਠੇ ਪਹਿਰ ਸ਼ਤਰੰਜ ਵਛਾ ਬੈਠਾ
ਜਿਹੜੀ ਹੋਵੇਗੀ ਓਹ ਅੱਗੇ ਦੇਖੀ ਜਾਊ ਹਾਲਾਂ ਹੋਣੀਨੂੰ ਘਰ ਬੁਲਾ ਬੈਠਾ

ਹੰਕਾਰ ਦੇ ਵਿਚ ਕਰਤਾਰ ਸਿੰਘਾ ਗੱਲ ਬਣੀ ਬਣਾਈ ਗਵਾ ਬੈਠਾ

(ਕਰਮੋ ਦੀ ਈਰਖਾ)

ਅੰਮ੍ਰਤਸਰ ਆ ਰੌਣਕਾਂਬਹੁਤ ਵਧੀਆਂ ਬੇਸ਼ੁਮਾਰ ਮਾਯਾਰੋਜ਼ ਆਉਨ ਲੱਗੀ
ਇਹਸੁਣਕੇ ਇਸਤ੍ਰੀ ਪ੍ਰਿਥੀਚੰਦ ਦੀ ਕਰ ਈਰਖਾਅੱਗ ਭੜਕਾਉਨ ਲੱਗੀ
ਦਾਹਵਾਕਰਕੇ ਸਿੱਖੀ ਵੰਡਾਉਤੁਸੀਂ ਪਤੀ ਆਪਣੇਤਾਈਂ ਸਿਖਾਉਨ ਲੱਗੀ
ਹੁਣ ਤਾਂ ਚੰਦੂਭੀਓਹਨਾਂਦਾਹੋਯਾਵੈਰੀਹੀੱਲਾਕਰਲੌਕੋਈ ਸਮਝਾਉਨ ਲੱਗੀ
ਦੇਵੇਬਹਿਣਨਾਹੀਂਪ੍ਰਿਥੀਚੰਦਤਾਈਂਅੰਦ੍ਰਬਾਹਰਵੜਦੀਬੁੜਬੁੜਾਉਨਲੱਗੀ
ਮੁੜਨਵੇਂ ਸਿਰਯੋਂ ਕਰਤਾਰਸਿੰਘਾ ਸੁੱਤੀ ਕਲ੍ਹਾਵੇ ਤਈਂ ਜਗਾਉਨ ਲੱਗੀ

(ਮਿਹਰਬਾਨ ਦਾ ਝਗੜਾ)

ਪ੍ਰਿਥੀਚੰਦ ਹੈਸੀ ਦਿੱਲੀ ਹੋ ਆਯਾ ਓਹਨੂੰਬਾਦਸ਼ਾਹ ਮੂੰਹੋਂ ਸੀ ਲਾਹਿ ਦਿੱਤਾ
ਨਾਲ ਚੰਦੂ ਦੀਵਾਨ ਦੇ ਮੇਲ ਕਰਕੇ ਨਵਾਂ ਹੋਰ ਉਸ਼ਟੰਡ ਜਗਾਇ ਦਿੱਤਾ
ਮਿਹਰਵਾਨ ਤਾਈਂ ਦਿੱਲੀ ਭੇਜਕਰਕੇ ਦਾਹਵਾ ਓਸਪਾਸੋਂ ਕਰਵਾਇ ਦਿੱਤਾ
ਗੁਰੂ ਅਰਜਨ ਨੇ*ਝੋਲੀ ਪਾਯਾ ਮੈਨੂੰ ਹੁਣ ਓਹਇਕਰਾਰ ਭੁਲਾਇ ਦਿੱਤਾ
ਮੇਰਾ ਹੱਕ ਖੋਹ ਪੁੱਤ ਨੂੰ ਦੇਣ ਲੱਗਾ ਮੁਤਬੰਨੇ ਦਾ ਝੇੜਾ ਛਿੜਾਇ ਦਿੱਤਾ
ਬਾਦਸ਼ਾਹ,ਵਜ਼ੀਰ ਖ਼ਾਂ ਗਏ ਦੱਖਣ ਪਿੱਛੋਂ ਚੰਦੂ ਨੇ ਦਾਉ ਫਬਾਇ ਦਿੱਤਾ
ਜਾਇਦਾਦਅੱਧੀ ਸਿੱਖੀਜਾਇ ਵੰਡੀ ਇਹਫ਼ੈਸਲਾ ਤੁਰਤ ਕਰਵਾਇ ਦਿੱਤਾ
ਸੁਲਭੀ ਖ਼ਾਂ ਦੇ ਤਈਂ ਕਰਤਾਰਸਿੰਘਾ ਤਕਸੀਮ ਦਾ ਕੰਮ ਸੌਂਪਾਇ ਦਿੱਤਾ

(ਸੁਲਭੀ ਦਾ ਮਰਨਾ)

ਚੰਦੂ ਸੁਲਭੀ ਖ਼ਾਂ ਨੂੰ ਦੇਇ ਵੱਢੀ ਬੈਠ ਓਸਦੇ ਤਈਂ ਸਿਖਾਇਆ ਜੀ
ਜਿਵੇਂ ਹੋਇ, ਫੜ ਗੁਰੂ ਨੂੰਮਾਰ ਦੇਵੀਂ ਰਲ ਪਾਪੀਆਂ ਮਤਾ ਪਕਾਇਆ ਜੀ
ਓਹਤਾਂ ਦਿੱਲਦੇ ਵਿੱਚ ਇਹ ਪਾਪ ਧਰਕੇਸਿੱਧਾ ਚੱਲ ਪੰਜਾਬ ਨੂੰ ਆਇਆ ਜੀ
ਹੌਲੀਹੌਲੀਉਸਮਨਜ਼ਲਾਂਕੱਟਫੜਕਰਕੇਡੇਰਾ ਵਿਚ ਜਾਲੰਧਰ ਆ ਪਾਇਆ ਜੀ
ਹਸਨ ਅਲੀ ਖ਼ਾਂ ਸੀ ਸੱਯਦਓਸ ਬਾਂਦਾਆਨਝੱਗੜਾਓਸ ਉਠਾਇਆ ਜੀ
ਦੋ ਸਾਲ ਦੀ ਓਸਦੀ ਤਲਬ ਰਹਿੰਦੀ ਨ ਸੀਏਸ ਹਿਸਾਬ ਮੁਕਾਇਆ ਜੀ

---

*ਮਿਹਰਬਾਨ ਪ੍ਰਿਥੀਚੰਦ ਦਾ ਪੁੱਤਰ ਸੀ: ਤੇ ਇਹ ਸ਼ਬੀਲ ਦੁਸ਼ਟ ਚੰਦੂ ਨਾਲ ਰਲਕੇ ਬਣਾਈ ਗਈ ਕਿ ਜਦੋਂ ਅਰਜਨ ਦੇਵ ਜੀ ਦੇ ਘਰ ਕੋਈ ਲੜਕਾ ਨਹੀਂ ਸੀ:— ਤਦੋਂ ਏ ਮਿਹਰਬਾਨ ਨੂੰ ਸ੍ਰੀ ਗੁਰੂ ਜੀ ਨੇ ਆਪਣੀ ਝੋਲੀ ਪਾਯਾ ਭਾਵ ਪੁੱਤ ਬਣਾਯਾ ਹੋਯਾ ਸੀ।

ਗੱਲਾਂ ਕਰਦਯਾਂ ਬੋਲ ਕੁਬੋਲ ਹੋਯਾ ਹਸਨਅਲੀ ਨੂੰਗੁੱਸੇ ਜਲਾਇਆ ਜੀ
ਕਰਕੇ ਕੂਚ ਜਾਲੰਧਰੋਂ ਜਦੋਂ ਸੁਲਭੀ ਡੇਰਾਕੰਢੇਬਿਆਸਾਦੇਲਾਇਆ ਜੀ
ਸੱਯਦ ਸਾਥੀਆਂਨੂੰ ਲੈਕੇਫੇਰਆਯਾਮੰਗੀ ਤਲਬਇਸ ਬੁਰਾਸੁਣਾਇਆ ਜੀ
ਹਸਨਅਲੀਮਿਆਨਤੋਂਤੇਗਧੂਹਕੇ ਸੀਸ ਸੁਲਭੀਦਾਮਾਰ ਉਡਾਇਆ ਜੀ
ਡੇਰਾ ਲੁੱਟਕੇ ਝੱਲਦੇਵਿੱਚ ਵੜ ਗਏ ਪਾਪੀਦੁਸ਼ਟਅਕਾਲ ਖਪਾਇਆ ਜੀ
ਗੁਰੂਘਰ ਨਿਰਵੈਰ ਕਰਤਾਰਸਿੰਘਾ ਨਸ਼ਟਹੋਯਾ ਜਿਸਬੁਰਾਤਕਾਇਆ ਜੀ

(ਸੁਲਹੀ ਖ਼ਾਂ)

ਗਿਆ ਮਾਰਯਾ ਰਾਹ ਦੇ ਵਿੱਚਸੁਲਭੀ ਪ੍ਰਿਥੀ ਚੰਦ ਸੁਣਕੇ ਪਛਤਾਵੰਦਾ ਏ
ਸੁਲਹੀ ਖ਼ਾਂ ਸੀ ਤਦੋਂ ਲਾਹੌਰ ਆਯਾ ਜਾ ਓਸਦੇ ਤਈਂ ਭੜਕਾਵੰਦਾ ਏ
ਸੁਲਭੀਤਈਂਅਰਜਨਮਰਵਾਇ ਦਿੱਤਾ ਡਾਕੂਚੋਰਨਿੱਤਪਾਸ ਰਖਾਵੰਦਾ ਏ
ਦੋਵੇਂ ਯਾਰ ਰਲੇ ਇਕੋ ਜਹੇ ਪਾਪੀ ਬੁਰਾ ਗੁਰਾਂ ਦਾ ਜਿਨ੍ਹਾਂ ਨੂੰ ਭਾਵੰਦਾ ਏ
ਸੁਲਹੀ ਖ਼ਾਂ ਭਤੀਜੇ ਦੀ ਮੌਤ ਸੁਣਕੇ ਪੀਹੰਦਾ ਦੰਦ ਤੇ ਵੈਰ ਵਧਾਵੰਦਾ ਏ
ਲੈਣਾ ਬਦਲਾ ਅਰਜਨ ਦੇਵ ਪਾਸੋਂ ਓਹ ਲਾਹੌਰ ਤੋਂ ਕੂਚ ਬੁਲਾਵੰਦਾ ਏ
ਸੁਲਹੀਤਾਂਈਂਹੋਣੀਹੇਹਰਾਂ ਵੱਲ ਲੈ ਗਈ ਆਣਰੱਬ ਸੁਬੱਬ ਬਣਾਵੰਦਾ ਏ
ਗੱਲ ਜ਼ਾਹਰ ਹੋਗਈ ਕਰਤਾਰ ਸਿੰਘਾ ਕਾਲ ਹੋਰ ਹੀ ਖੇਡ ਰਚਾਵੰਦਾ ਏ

(ਲਾਹੌਰ ਦੀ ਸੰਗਤ ਵੱਲੋਂ ਚਿੱਠੀ)

ਚਿੱਠੀ ਲਿਖੀ ਲਾਹੌਰਤੋਂ ਗੁਪਤਸਿੱਖਾਂ ਸੱਚੇਪਾਤਸ਼ਾਹੋ,ਸੁਲਹੀ ਆਇਆ ਜੇ
ਓਹ ਰੱਖ ਕੋਈ ਬਦਨੀਤ ਟੁਰਯਾ ਤੁਸੀਂ ਸੋਚ ਕੇ ਵੇਲਾ ਟਪਾਇਆ ਜੇ
ਪ੍ਰਿਥੀਚੰਦ ਦੇ ਨਾਲ ਜਾ ਮੇਲਕਰ ਲੌ ਜਾਂ ਲਾਂਭੇ ਹੋ ਵਕਤ ਲੰਘਾਇਆ ਜੇ
ਆਪ ਹੋ ਸਮਰਥ ਕਰਤਾਰ ਸਿੰਘਾ ਹੀੱਲਾ ਬਣੇ ਜੋ ਝੱਟ ਬਣਾਇਆ ਜੇ

(ਸਿੱਖਾਂ ਦੀ ਚਿੰਤਾ)

ਇਹ ਖ਼ਬਰ ਸਾਰੇ ਸਿੱਖਾਂ ਵਿੱਚ ਧੁੰਮੀ ਕਹਿੰਦੇ ਰਲਕੇ ਹੀੱਲਾਕਰਾਉ ਗੁਰ ਜੀ
ਮਤਾਂ ਪਾਪੀ ਖ਼ਰਾਬੀ ਕੋਈ ਕਰੇਆਕੇ ਝੱਬ ਮੇਲ ਦਾ ਢੰਗ ਬਣਾਉ ਗੁਰ ਜੀ
ਯਾਕੋਈਆਦਮੀਭੇਜਕੇਸੁਲ੍ਹਾਕਰਲੌਲਿਖਤਪੜ੍ਹਤਕਰਝੇੜਾਮੁਕਾਉ ਗੁਰ ਜੀ
ਵੇਲਾ ਛਲ ਨ ਜਾਇ ਕਰਤਾਰਸਿੰਘਾ ਸੋਚਸਮਝਕੇ ਕਰੋ ਉਪਾਉ ਗੁਰ ਜੀ

(ਇਸ ਪ੍ਰਥਾਇ ਸ੍ਰੀ ਸਤਿਗੁਰ ਜੀ ਨੇ ਇਹ ਸ਼ਬਦ ਉਚਾਰਨ ਕੀਤਾ)

ਆਸਾ ਮਹਲਾ ੫ ॥

ਪ੍ਰਥਮੇ ਮਤਾ ਜਿ ਪਤ੍ਰੀ ਚਲਾਵਉ॥ਦੁਤੀਏ ਮਤਾ ਦੁਇ ਮਾਨੁਖ ਪਹੁ-

ਚਾਵਉ ॥ ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ। ਮੈ ਸਭੁ ਕਿਛੁ ਛੋਡਿਪ੍ਰਭੁ ਤੁਹੀ ਧਿਆਇਆ ॥ ੧ ॥ ਮਹਾ ਅਨੰਦ ਅਚਿੰਤ ਸਹਜਾਇਆ।ਦੁਸਮਨ ਦੂਤ ਮੁਏ ਸੁਖੁ ਪਾਇਆ ॥੧॥ ਰਹਾਉ॥ ਸਤਿਗੁਰਿ ਮੋਕਉਦੀਆਉਪਦੇਸੁ । ਜੀਉਪਿੰਡੁ ਸਭੁਹਰਿਕਾਦੇਸੁ ॥ ਜੋ ਕਿਛੁ ਕਰੀ ਸੁ ਤੇਰਾ ਤਾਣੁ । ਤੂੰ ਮੇਰੀ ਓਟ ਤੂੰਹੈ ਦੀਬਾਣੁ॥੨॥ ਤੁਧ ਨੋ ਛੋਡਿ ਜਾਈਐ ਪ੍ਰਭ ਕੈਂ ਧਰਿ । ਆਨ ਨ ਬੀਆ ਤੇਰੀ ਸਮਸਰਿ॥ਤੇਰੇ ਸੇਵਕ ਕਉ ਕਿਸਕੀ ਕਾਨਿ । ਸਾਕਤੁ ਭੂਲਾ ਫਿਰੈ ਬੇਬਾਨਿ॥੩॥ਤੇਰੀ ਵਡਿਆਈ ਕਹੀ ਨ ਜਾਇ । ਜਹ ਕਹ ਰਾਖਿ ਲੈਹਿ ਗਲਿ ਲਾਇ ॥ ਨਾਨਕ ਦਾਸ ਤੇਰੀਸਰਣਾਈ।ਪ੍ਰਭਿ ਰਾਖੀ ਪੈਜ ਵਜੀ ਵਾਧਾਈ ॥ ੪ ॥ ੫ ॥

(ਸੁਲਹੀ ਖਾਂ ਦਾ ਮਰਨਾ)

ਹੇਹਰੀਂ ਪ੍ਰਿਥੀਆ ਤੇ ਸੁਲਹੀ ਹੋਇ ਕੱਠੇਆਪੋਵਿੱਚ ਰਲਮੌਜ ਬਹਾਰ ਕਰਦੇ
ਕਿਵੇਂ ਅਰਜਨ ਦੇਵ ਨੂੰ ਪਾਰਕਰੀਏ ਪਾਪੀ ਪਾਪਦੀਦੋਇੰ ਵਿਚਾਰ ਕਰਦੇ
ਪਹਿਰ ਪਿਛਲੇ ਚੜ੍ਹਕੇ ਘੋੜਿਆਂ ਤੇ ਜੰਗਲਵਿੱਚ ਜਾ ਸੈਰ ਸ਼ਿਕਾਰ ਕਰਦੇ
ਥੋੜ੍ਹਾ ਦਿਨ ਰਿਹਾ ਭੌਂ ਚੌਂ ਦੋਵੇਂ ਵੱਲ ਪਿੰਡ ਦੇ ਜਦੋਂ ਮੁਹਾਰ ਕਰਦੇ
ਆਵੇ ਪ੍ਰਿਥੀਏ ਨੇ ਚਾੜ੍ਹੇ ਹੋਇ ਹੈਸਨ ਘੋੜੇ ਓਸ ਪਾਸੇਦੋਵੇਂ ਯਾਰ ਕਰਦੇ
ਹੋਯਾ ਹੁਕਮ ਹਜ਼ੂਰੋਂ ਕਰਤਾਰਸਿੰਘਾਸੁਲਹੀ ਮਾਰਨੇਦਾ ਯਮ ਆਹਰ ਕਰਦੇ

(ਤਥਾ)

ਉੱਡੀਆਵੇਤੋਂ ਗਿਰਝਅਚਾਨਕੀ ਹੀ ਘੋੜਾਸੁਲਹੀ ਦਾ ਵੇਖਬਹੁਤ ਡਰਯਾ
ਮਾਰੀਛਾਲ ਨ ਕਾਬੂ ਦੇ ਵਿਚ ਰਿਹਾ ਮੂੰਹ ਜ਼ੋਰਆਵੇ ਉੱਤੇ ਜਾਇ ਚੜ੍ਹਯਾ
ਦੂਜੀ ਮਾਰ ਚੁੰਗੀ ਵਿੱਚਪਿਆਆਵੇਪੈਂਦਾਪੈਂਦਾਸੁਲਹੀਸਣੇ ਤੁਰਤ ਸੜਯਾ
ਪ੍ਰਿਥੀਆਹੋਯਾਹੈਰਾਨਕਰਤਾਰਸਿੰਘਾਕਹਿੰਦਾ ਲੇਖਮੇਰਾਅੱਜ ਗਿਆ ਹਰਯਾ

(ਸੁਲਹੀ ਦੇ ਪ੍ਰਥਾਇ ਸ੍ਰੀ ਸਤਿਗੁਰਾਂ ਨੇ ਸ਼ਬਦ ਉਚਾਰਨ ਕਰਨਾ)

ਬਿਲਾਵਲ ਮਃ ੫ ॥

ਸੁਲਹੀਤੇਨਾਰਾਇਣਰਾਖੁ।ਸੁਲਹੀ ਕਾ ਹਾਥੁ ਕਹੀ ਨ ਪਹੁਚੈਸੁਲਹੀ ਹੋਇ ਮੂਆ ਨਾਪਾਕੁ ॥ ੧ ॥ ਰਹਾਉ ॥ ਕਾਢਿ ਕੁਠਾਰੁ ਖਸਮਿ ਸਿਰੁ ਕਾਟਿਆ ਖਿਨ ਮਹਿ ਹੋਇ ਗਇਆ ਹੈ ਖਾਕੁ। ਮੰਦਾ ਚਿਤਵਤ ਚਿਤਵਤ ਪਚਿਆ ਜਿਨਿ ਰਚਿਆ ਤਿਨਿ ਦੀਨਾ

ਧਾਕੁ ॥ ੧॥ਪੁਤ੍ਰ ਮੀਤ ਧਨ ਕਿਛੁ ਨ ਰਹਿਓਸੁ ਛੋਡਿ ਗਇਆ ਸਭ ਭਾਈ ਸਾਕੁ ॥ ਕਹੁ ਨਾਨਕ ਤਿਸੁ ਪ੍ਰਭ ਬਲਿਹਾਰੀ ਜਿਨ ਜਨਕਾ ਕੀਨੋ ਪੂਰਨ ਵਾਕੁ ॥ ੨ ॥

(੧੬੬੧ ਬਿਕ੍ਰਮੀ ਨੂੰ ਸ੍ਰੀ ਹਰਿਗੋਬਿੰਦ ਸਾਹਿਬ ਜੀ ਦੀ ਸ਼ਾਦੀ)

ਬਾਈ ਭਾਦ੍ਰੋਂ ਨੂੰ ਧੂਮ ਧਾਮ ਕਰਕੇ ਸਤਿਗੁਰਾਂ ਵਿਆਹ ਰਚਾਇਆ ਜੀ
*ਡੱਲੇ ਪਿੰਡ ਦ੍ਵਾਬੇ ਦੇ ਦੇਸ ਅੰਦਰ ਸਾਹਿਬਜ਼ਾਦੇ ਦੇ ਤਈਂ ਵਿਆਹਿਆ ਜੀ
ਹੋਈਆਂ ਰੌਣਕਾਂ ਖੁਸ਼ੀਆਂ ਘਰ ਭਰੀਆਂ ਭਾਗ ਭਾਗ ਕਰਤਾਰ ਨੇ ਲਾਇਆ ਜੀ
ਸਮਾ ਨੇੜੇ ਕੋਈ ਜਾਨ ਕਰਤਾਰ ਸਿੰਘਾ ਭਾਰ ਸਤਿਗੁਰਾਂ ਸਿਰ ਤੋਂ ਲਾਹਯਾ ਜੀ

(ਬਾਬੇ ਸ੍ਰੀ ਚੰਦ ਜੀ ਦਾ ਮਿਲਾਪ)

ਸੋਲਾਂ ਸੌ ਦੇ ਬਾਹਠਵੇਂ ਸਾਲ ਚੜ੍ਹਦੇ ਅੰਮ੍ਰਿਤਸਰ ਬਾਬਾ ਸ੍ਰੀ ਚੰਦ ਆਇਆ
ਵੇਖ ਤਾਲ ਤੇ ਬਣਯਾਂ ਹਰੀਮੰਦਰ ਚਿੱਤ ਓਸਦੇ ਵਿੱਚ ਆਨੰਦ ਆਇਆ
ਸਤਿਗੁਰਾਂ ਆਦਰ ਮਾਨ ਬਹੁਤ ਕੀਤਾ ਆਦਿ ਗੁਰੂ ਜੀ ਦਾ ਫ਼ਰਜ਼ੰਦ ਆਇਆ
ਹੋਯਾ ਬੜਾ ਪ੍ਰਸੰਨ ਕਰਤਾਰ ਸਿੰਘਾ ਘਰ ਬਾਰ ਉਸ ਤਈਂ ਪਸੰਦ ਆਇਆ

(ਭਾਈ ਕਮਲੀਆ)

ਸ੍ਰੀ ਚੰਦ ਜੀ ਦਾ ਸੇਵਕ ਕਮਲੀਆ ਸੀ ਮਾਤਾ ਗੰਗਾ ਜੀ ਦੇ ਪਾਸ ਜਾਵੰਦਾ ਏ
ਮਾਯਾ ਖ਼ਰਚ ਲਈ ਕੁਝ ਓਸ ਮੰਗੀ ਜ਼ਰਾ ਤੇਜ਼ ਹੋ ਬਚਨ ਸੁਣਾਵੰਦਾ ਏ
ਓਸ ਵੇਲੇ ਲੰਗਰ ਵਰਤ ਰਿਹਾ ਹੈਸੀ ਸੁਣੀ ਕਿਸੇ ਨ ਉਹ ਰੌਅਬ ਪਾਵੰਦਾ ਏ
ਦੋ ਚਾਰ ਵਾਰੀ ਜਦੋਂ ਆਖਯੋਸੂ ਉੱਤਰ ਮਿਲਯਾ ਨਾਹਿੰ, ਘਬਰਾਵੰਦਾ ਏ
ਥੱਕੇ ਹੋਇ ਸਨ ਮਾਤਾ ਜੀ, ਖਿਝ ਕਹਿੰਦੇ ਵਾਂਗ ਅਹਿਦੀਆਂ ਪਿਆ ਦਬਕਾਵੰਦਾ ਏ
ਜ਼ਰਾ ਸਾਹ ਲੈ ਬੈਠ ਕਰਤਾਰ ਸਿੰਘਾ ਇਹ ਓਸਦੇ ਤਈਂ ਨ ਭਾਵੰਦਾ ਏ

(†ਸ੍ਰੀ ਚੰਦ ਜੀ)

ਓਸ ਜਾਇ ਕਿਹਾ ਸ੍ਰੀ ਚੰਦ ਜੀ ਨੂੰ ਮਾਤਾ ਗੁੱਸੇ ਹੋ ਇਉਂ ਸੁਣਾਵੰਦੀ ਏ

---

*ਨਰੈਣ ਦਾਸ ਖਤ੍ਰੀ ਦੀ ਬੇਟੀ ਸ੍ਰੀ ਦਮੋਦਰੀ ਜੀ ਦੇ ਨਾਲ।

†ਸੂਰਜ ਪ੍ਰਕਾਸ਼ ਅੰਦਰ ਲਿਖਿਆ ਹੈ ਕਿ ਸ੍ਰੀ ਚੰਦ ਜੀ ਨੇ ਡੇਹਰੇ ਸਾਹਿਬ ਤੋਂ ਕਮਲੀਏ ਨੂੰ ਸ੍ਰੀ ਅੰਮਿਰਤਸਰ ਜੀ ਭੇਜਿਆ ਤੇ ਓਹਦੀ ਰਾਹੀਂ ਸ੍ਰੀ ਗੁਰੂ ਜੀ ਨੂੰ ਕਹਿ ਭੇਜਿਆ ਕਿ ਅੱਗੇ ਗੁਰਗੱਦੀ ਵਲੋਂ ਪੰਜ ਸੌ ਰੁਪੱਯਾ ਸਾਡੇ ਖਰਚ ਵਾਸਤੇ ਮਿਲਦਾ ਹੁੰਦਾ ਹੈ; ਇਸ ਸਾਲ ਨਾਲੇ ਤੁਸਾਂ ਪੁੱਤਰ ਦਾ ਵਿਆਹ ਕੀਤਾ ਹੈ ਨਾਲੇ ਰੁਪੱਯਾ ਨਹੀਂ ਭੇਜਿਆ, ਇਸ ਵਾਸਤੇ ਦੂਨਾ ਰੁਪੱਯਾ ਤੇ ਇਕ ਸੁੰਦਰ ਘੋੜਾ ਭੇਜੋ । ਕਮਲੀਏ ਨੇ ਜੋ ਕੁਝ ਕਿਹਾ ਗੁਰੂ ਜੀ ਬੜੇ ਪ੍ਰੇਮ ਤੇ ਠੰਢੇ ਦਿਲ ਨਾਲ ਸੁਣਦੇ ਰਹੇ। ਪਰੰਤੂ ਕਮਲੀਆ ਜਦੋਂ ਲੰਗਰ ਵਿਚ ਪ੍ਰਸ਼ਾਦ

(ਬਾਕੀ ਦੇਖੋ ਸਫਾ ੬੦)

ਕਿੱਡੇ ਅਹਿਦੀਏ ਚੜ੍ਹਕੇ ਆਇ ਗਏ ਉਹ ਪ੍ਰਵਾਹ ਨ ਮੂਲੋਂ ਰਖਾਵੰਦੀ ਏ
ਸ੍ਰੀ ਚੰਦ ਜੀ ਸਹਿ ਸੁਭਾ ਕਹਿੰਦੇ ਸ੍ਰੀ ਗੰਗਾ ਨੂੰ ਏਹੋ ਜੇ ਭਾਵੰਦੀ ਏ
ਚੰਗਾ, ਅਹਿਦੀਏ ਭੀ ਆ ਜਾਣਗੇ ਜੀਪੂਰੀ ਭਾਵਨਾ ਹੋਇਜੋ ਚਾਹਵੰਦੀ ਏ
ਸ੍ਰੀ ਚੰਦ ਜੀ ਬੜੀ ਕਮਾਈ ਵਾਲੇ ਕੱਢੀ ਗੱਲ ਬੇਅਰਥ ਨ ਜਾਵੰਦੀ ਏ
ਸਮਾ ਪਾ ਹੋਇ ਪੂਰੀ ਕਰਤਾਰ ਸਿੰਘਾਮੂੰਹੋਂ ਹੋਣੀਏਹ ਬਚਨ ਕਢਾਵੰਦੀ ਏ

(ਅਕਬਰ ਬਾਦਸ਼ਾਹ ਨੇ ਸ੍ਰੀ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕਰਨੇ)

ਸੋਲਾਂ ਸੌ ਦੇ ਬਾਹਠ ਵਿਸਾਖ ਅੰਦਰ ਬਾਦਸ਼ਾਹ ਪੰਜਾਬ ਨੂੰਆਇਆ ਸੀ
ਡੇਰਾ ਪਾਸ ਵਟਾਲੇ ਦੇ ਜਦੋਂ ਪੁੱਜਾ ਪ੍ਰਿਥੀ ਚੰਦ ਨੇਜਾਦੂ ਚਲਾਇਆ ਸੀ
ਵੱਢੀ ਦੇਕੇ ਓਥੋਂ ਦੇ ਕਾਜ਼ੀਆਂ ਨੂੰ ਬਾਦਸ਼ਾਹ ਦੇ ਤਈਂ ਜਤਾਇਆ ਸੀ
ਗੁਰੂਅਰਜਨ ਲਿਖੀਕਿਤਾਬ ਵੱਡੀਨਿੰਦਾਦੀਨਦੀ ਕੀਤੀ ਸੁਣਾਇਆ ਸੀ
ਹੈ ਮੁਹੰਮਦਸਾਹਿਬ ਨੂੰ ਬੁਰਾ ਲਿਖਯਾ ਰੋਹ ਬਾਦਸ਼ਾਹ ਤਾਈਂ ਚੜ੍ਹਾਯਾ ਸੀ
ਪਾਸੋਂ ਚੰਦੂਦਾਭੀ, ਦਾਉ ਫੱਬ ਗਿਆ ਓਸ ਬਾਦਸ਼ਾਹ ਨੂੰ ਭੜਕਾਇਆ ਸੀ
ਗੁਰੂ ਸਾਹਿਬ ਨੂੰ ਸਣੇ ਗਰੰਥ ਜੀ ਦੇ ਬਾਦਸ਼ਾਹ ਨੇ ਤੁਰਤਬੁਲਾਇਆ ਸੀ
ਸਤਿਗੁਰੂ ਜੀ ਆਪ ਤਾਂ ਗਏ ਨ ਸੀ ਕੁਝ ਸਿੱਖਾਂ ਨੂੰ ਨਾਲ ਕਰਾਇਆ ਸੀ
ਬੱਬੇ ਬੁੱਢੇਤੇ ਭਾਈਗੁਰਦਾਸਜੀਨੂੰਸਿਆਣੇਕਰਕੇਨਾਲਭਿਜਵਾਇਆ ਸੀ
ਬਾਦਸ਼ਾਹ ਨੇ ਅਦਬ ਦੇ ਨਾਲ ਅੱਗੋਂ ਗ੍ਰੰਥ ਜੀਦੇ ਤਈਂ ਖੁਲ੍ਹਾਇਆ ਸੀ
ਦੂਹ ਚੌਂਹ ਥਾਵਾਂ ਉੱਤੋਂ ਪੜ੍ਹੋ ਕਹਯਾ, ਬੱਬੇਬੁੱਢੇ ਜੀ ਪਾਠਸੁਣਾਇਆ ਸੀ
ਹਰ ਥਾਂ ਹੀ ਰੱਬ ਦੀ ਸਿਫ਼ਤ ਨਿਕਲੀ ਬਾਦਸ਼ਾਹ ਬੜਾ ਸ਼ਰਮਾਇਆ ਸੀ
ਮੋਹਰਾਂਧਰ ਇਕਵੰਜਾ ਤੇ ਟੇਕਮੱਥਾ ਆੱਦਰਨਾਲ ਪਿਛ੍ਹਾਂ ਪਰਤਾਇਆ ਸੀ
ਓਹਨਾਂਚੁਗਲਾਂ ਤਈਂਕਰਤਾਰਸਿੰਘਾ ਪਾਸਸੱਦਕੇ ਬਹੁਤਧਮਕਾਇਆ ਸੀ

(ਬਾਦਸ਼ਾਹ ਨੇ ਸ੍ਰੀ ਅੰਮ੍ਰਿਤਸਰ ਜੀ ਆਉਣਾ)

ਲਹਿੰਦੇਦੇਸ ਦਾ ਬਾਦਸ਼ਾਹ ਕਰਦੌਰਾ ਭਾਦੋਂ ਵਿੱਚ ਪਿਛ੍ਹਾਂਪਰਤ ਆਵੰਦਾ ਏ

(੫੯ ਸਫੇ ਦੀ ਬਾਕੀ)

ਛਕਨ ਗਿਆ ਤਾਂ ਖਲੋਤੇ ਹੀ ਪ੍ਰਸ਼ਾਦ ਮੰਗਿਆ। ਓਸ ਵੇਲੇ ਮਾਤਾ ਗੰਗਾ ਜੀ ਲੰਗਰ ਵਰਤਾ ਰਹੇ ਸਨ। ਓਹਨਾਂ ਕਿਹਾ ਕਿ ਬਹਿ ਜਾਵੋ ਹੁਣੇ ਪ੍ਰਸ਼ਾਦ ਆਪ ਜੀ ਨੂੰ ਮਿਲ ਜਾਂਦਾ ਹੈ। ਕਮਲੀਏ ਨੇ ਜ਼ਰਾ ਤੇਜ਼ ਹੋਕੇ ਕਿਹਾ ਕਿ ਪਰਸ਼ਾਦ ਮੈਂ ਖਲੋਤੇ ਨੇ ਹੀ ਲੈਣਾ ਹੈ, ਦੇਰ ਨ ਕਰੋ। ਮਾਤਾ ਜੀ ਨੇ ਸਹਿ ਸੁਭਾ ਕਿਹਾ ਕਿ ਭਾਈ ਤੂੰ ਤਾਂ ਅਹਿਦੀਆਂ ਵਾਂਗ ਮੰਗਦਾ ਹੈਂ ਇਹ ਸੁਣਕੇ ਓਹ ਚਲਾ ਗਿਆ ਤੇ ਇਹ ਸਾਰੀ ਵਾਰਤਾ ਸ੍ਰੀ ਚੰਦ ਜੀ ਨੂੰ ਜਾ ਦੱਸੀ, ਓਹ ਸੁਣਕੇ ਨ ਜਰ ਸੱਕੇ ਤੇ ਸਰਾਪ ਦੇ ਦਿੱਤਾ।

ਅੰਮ੍ਰਿਤਸਰ ਆਯਾ ਵੇਖਣ ਵਾਸਤੇ ਓਹ ਦਰਸ਼ਨ ਸਤਿਗੁਰਾਂ ਦਾ ਆਇ ਪਾਵੰਦਾ ਏ
ਹਰੀ ਮੰਦਰ ਤੇ ਤਾਲ ਵੇਖ ਕਰਕੇ ਸਾਰੇ ਵਹਿਮ ਤੇ ਭਰਮ ਗਵਾਵੰਦਾ ਏ
ਲੰਗਰ ਚੱਲਦੇ ਬੰਦਗੀ ਭਜਨ ਹੁੰਦਾ ਵੇਖ ਬਾਦਸ਼ਾਹ ਬਹੁਤ ਹਰਖਾਵੰਦਾ ਏ
ਬਾਰਾਂ ਪਿੰਡ ਲੰਗਰ ਲਈ ਹੋਰ ਦਿੱਤੇ ਪਟਾ ਲਿਖ ਕੇ ਤੁਰਤ ਦੁਵਾਵੰਦਾ ਏ
ਭਾਵੇਂ ਗੁਰੂ ਜੀ ਚਾਹਵੰਦੇ ਮੂਲ ਨਹੀਂ ਸਨ ਪਰ ਬਾਦਸ਼ਾਹ ਪ੍ਰੇਮ ਜਤਾਵੰਦਾ ਏ
ਫੇਰ ਗੁਰੂ ਜੀ ਦੇ ਕਹੇ ਦੇਸ ਦਾ ਜੀ ਸਾਰਾ ਮੁਆਮਲਾ ਮੁਆਫ਼ ਕਰ ਜਾਵੰਦਾ ਏ
ਗੁਰੂ ਘਰ ਨਿਰਪੱਖ ਕਰਤਾਰ ਸਿੰਘਾ ਹਰ ਇੱਕ ਦਾ ਭਲਾ ਮਨਾਵੰਦਾ ਏ

(ਮਾਤਾ ਭੰਾਨੀ ਅਤੇ ਮਹਾਂਦੇਵ ਜੀ ਦਾ ਜੋਤੀ ਜੋਤ ਸਮਾਉਣਾ)

ਏਸੇ ਸਾਲ ਹੀ ਜਾ ਗੋਇੰਦਵਾਲ ਅੰਦਰ ਮਾਹ ਅੱਸੂ ਦੇ ਖ਼ਾਸ ਪਛਾਨ ਭਾਈ
ਮਾਤਾ ਭੰਾਨੀ ਜੀ ਦਿਹ ਤਯਾਗ ਗਏ ਦੇਖ ਜਗਤ ਦੇ ਸੁਖ ਤੇ ਸ਼ਾਨ ਭਾਈ
ਫੇਰ ਕੱਤੇਂ ਸੁਦੀ ਆਇ ਪੰਚਮੀ ਨੂੰ ਮਹਾਂ ਦੇਵ ਜੀ ਰਿਖੀ ਮਹਾਨ ਭਾਈ
ਜੋਤੀ ਜੋਤ ਸਮਾਇ ਕਰਤਾਰ ਸਿੰਘਾ ਗੁਰਾਂ ਬਹੁਤ ਕੀਤੇ ਪੁੰਨ ਦਾਨ ਭਾਈ

ਲੀਲਾ ਪ੍ਰਹਿਲਾਦ ਭਗਤ

ਭਾਰਤ ਵਰਸ਼ ਵਿੱਚ ਕੋਈ ਅਜਿਹਾ ਪੁਰਸ਼ ਨਹੀਂ ਜੋ ਪ੍ਰਹਿਲਾਦ ਦੇ ਨਾਮ ਤੋਂ ਵਾਕਫ਼ ਨ ਹੋਵੇ, ਇਸ ਗ੍ਰੰਥ ਵਿੱਚ ਪ੍ਰਹਿਲਾਦ ਦੀ ਸਾਰੀ ਲੀਲਾ ਇਸਤਰ੍ਹਾਂ ਦਰਜ ਹੈ, ਜੈ ਬਿਜੈ ਨੂੰ ਸਨਕਾਦਕਾਂ ਦਾ ਸਰਾਪ ਹੋਣਾ, ਓਹਨਾਂ ਨੇ ਮੁਲਤਾਨ ਵਿੱਚ ਪੈਦਾ ਹੋਣਾ, ਦੋਹਾਂ ਨੇ ਹਰਨਾਕਸ਼ ਅਤੇ ਹਿਰਨਕਸ਼ਪ ਦੇ ਨਾਵਾਂ ਨਾਲ ਮਸ਼ਹੂਰ ਹੋਣਾ, ਹਿਰਨਕਸ਼ਪ ਨੇ ਮਰਨਾ, ਹਰਨਾਕਸ਼ ਨੇ ਮੌਤ ਤੋਂ ਡਰਕੇ ਸ਼ਿਵਾਂ ਪਾਸੋਂ ਵਰ ਲੈਣਾ, ਹਰਨਾਕਸ਼ ਦੇ ਘਰ ਪ੍ਰਹਿਲਾਦ ਦਾ ਪੈਦਾ ਹੋਣਾ, ਨਾਰਦ ਨੇ ਉਪਦੇਸ਼ ਦੇਣਾ, ਤਪ ਕਰਕੇ ਵਰ ਲੈਣ ਪਿਛੋਂ ਹਰਨਾਕਸ਼ ਨੇ ਆਪਣੀ ਰਾਜਧਾਨੀ ਮੁਲਤਾਨ ਵਿੱਚ ਪਹਾੜਾਂ ਵਿੱਚੋਂ ਵਾਪਸ ਆ ਜਾਣਾ, ਰਾਮ ਨਾਮ ਦਾ ਜਾਪ ਬੰਦ ਕਰਨਾ, ਈਸ਼੍ਵਰ ਦੇ ਭਗਤਾਂ ਤੋਂ ਈਸ਼ਵਰ ਦਾ ਜਾਪ ਛੁਡਾਕੇ ਆਪਣਾ ਨਾਮ ਜਪਾਣਾ, ਅਤਿ ਕਸ਼ਟ ਦੇਣੇ, ਪ੍ਰਹਿਲਾਦ ਨੇ ਹਠ ਧਾਰ ਕੇ ਪਾਂਧੇ ਦੇ ਤਾੜਨ ਤੇ ਭੀ ਰਾਮ ਨਾਮ ਦਾ ਹੀ ਜਾਪ ਕਰਨਾ। ਰਾਜੇ ਨੇ ਪ੍ਰਹਿਲਾਦ ਨੂੰ ਰਾਮ ਨਾਮ ਦੇ ਜਾਪ ਤੋਂ ਨ ਮੁੜਦਾ ਵੇਖਕੇ ਹਾਥੀ ਅੱਗੇ ਸੁਟਾਣਾ, ਅੱਗ ਵਿੱਚ ਬਹਾਣਾ, ਪਹਾੜ ਤੋਂ ਡੇਗਣਾ, ਸੂਲੀ ਤੇ ਚੜ੍ਹਾਨਾ, ਪਰ ਪ੍ਰਹਿਲਾਦ ਨੇ ਸਭ ਥਾਵਾਂ ਤੋਂ ਬਚ ਜਾਣਾ, ਰਾਜੇ ਨੇ ਕ੍ਰੋਧ ਵਿੱਚ ਆ ਕੇ ਤਲਵਾਰ ਮਾਰਨ ਪੈਣਾ; ਭਗਵਾਨ ਨੇ ਥੰਮ੍ਹ ਪਾੜਕੇ ਨਰ ਸਿੰਘ ਰੂਪ ਵਿੱਚ ਰਾਜੇ ਨੂੰ ਫੜ ਲੈਣਾ ਤੇ ਨੌਹਾਂ ਨਾਲ ਪੇਟ ਪਾੜ ਕੇ ਮਾਰ ਦੇਣਾ, ਭਗਤ ਦੀ ਰੱਖਯਾ ਕਰਨੀ ਆਦਿ ਪਰਸੰਗ ਬੜੀ ਹੀ ਰਸੀਲੀ ਤੇ ਸਿੱਖਯਾਦਾਇਕ ਕਵਿਤਾ ਦ੍ਵਾਰਾ ਪੰਜਾਬੀ ਬੈਂਤਾਂ ਵਿੱਚ ਦਰਜ ਹਨ।

(ਸ਼ਾਹਜ਼ਾਦਾ ਖ਼ੁਸਰੋ)

ਬਾਦਸ਼ਾਹ ਅਕਬਰ ਕਾਲ ਵੱਸਹੋਯਾ ਦਿੱਲੀਤਖ਼ਤ ਉੱਤੇ ਜਹਾਂਗੀਰ ਬੈਠਾ
ਇਹਦਾਇੱਕ ਸ਼ਾਹਜ਼ਾਦਾਸੀਨਾਮ ਖ਼ੁਸਰੋਵਿਗੜਬਾਪਦੇਨਾਲਅਖ਼ੀਰ ਬੈਠਾ
ਇੱਕ ਦੂਜੇ ਦੇ ਮਾਰੂ ਹੋ ਗਏ ਦੋਵੇਂ ਹਾਰ ਖ਼ੁਸਰੋ ਅੰਤ ਤਕਦੀਰ ਬੈਠਾ
ਕਾਬਲ ਵੱਲ ਭੱਜਾ ਕਰਤਾਰ ਸਿੰਘਾ ਖ਼ਰਚ ਮੁੱਕਯਾ ਹੋ ਦਲਗੀਰ ਬੈਠਾ

(ਸ਼ਾਹਜ਼ਾਦੇ ਖ਼ੁਸਰੋ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਹਜ਼ੂਰ ਆਉਣਾ)

ਓਹਨੀਂ ਦਿਨੀਂਸਤਿਗੁਰੂਸਨਤਰਨਤਾਰਨਖ਼ੁਸਰੋਧਾਰਕੇਆਸਰਾਜਾਵੰਦਾ ਏ
ਮੁੱਕਾ ਖ਼ਰਚ ਮੈਨੂੰ ਬਣੀ ਬਹੁਤ ਤੰਗੀ ਸਾਰਾ ਰੋਇ ਕੇ ਹਾਲ ਸੁਣਾਵੰਦਾ ਏ
ਦਿਹੋ ਕੁਝ ਰੁਪਯਾ ਮੈਂ ਜਾਂ ਕਾਬਲ ਵਾਪਸ ਦਿਆਂਗਾ ਕਰ, ਜਤਾਵੰਦਾ ਏ
ਗੁਰਾਂ ਓਸ ਨੂੰ ਪੰਜ ਹਜ਼ਾਰ ਦਿਤਾ ਵਾਪਸ ਅਸਾਂ ਨੂੰ ਲੈਣਾ ਨ ਭਾਵੰਦਾ ਏ
ਚਲਾ ਗਿਆ ਸ਼ਾਹਜ਼ਾਦਾ ਸ਼ਲਾਮ ਕਰਕੇ ਮੌਕਾ ਵੈਰੀਆਂਨੂੰਹੱਥਆਵੰਦਾ ਏ
ਚੰਦੂ ਦੁਸ਼ਟ ਪਾਪੀ ਕਰਤਾਰ ਸਿੰਘਾ ਵੇਖੋ ਹੁਣ ਕੀ ਬਣਤ ਬਣਾਵੰਦਾ ਏ

(ਚੰਦੂ ਦੀਆਂ ਸੋਚਾਂ)

ਚੰਦੂ ਚਾਹੁੰਦਾ ਸ਼ਾਹ ਲਾਹੌਰ ਚੱਲੇ ਓਥੇ ਬਦਲਾ ਗੁਰਾਂ ਦਾ ਲਾਂ ਜਲਦੀ
ਯਾਰਾਂ ਦੋਸਤਾਂ ਰਾਹੀਂ ਅਖਵਾ ਕਰਕੇਅਰਜਨ ਗੁਰੂ ਦੇਤਈਂ ਫੜਾਂ ਜਲਦੀ
ਅਰਜਨਦੇਵ ਦੇ ਤਈਂ ਮਰਵਾ ਕਰਕੇ ਪ੍ਰਿਥੀਚੰਦ ਨੂੰ ਗੱਦੀ ਬੈਠਾਂ ਜਲਦੀ
ਮੇਰੇਦਿਲ ਅੰਦਰ ਜਿਹੜੀ ਅੱਗ ਲੱਗੀ ਮਾਰ ਵੈਰੀਦੇਤਈਂ ਬੁਝਾਂ ਜਲਦੀ
ਗੁਰਾਂ ਕੀਤੀ ਇਮਦਾਦ ਸ਼ਾਹਜ਼ਾਦੇਦੀਏ ਮੌਕਾ ਪਾਕੇ ਸਾਰੀ ਸੁਣਾਂ ਜਲਦੀ
ਬਾਦਸ਼ਾਹ ਨੂੰ ਚੁੱਕ ਕਰਤਾਰ ਸਿੰਘਾ ਵਿੱਚ ਫਾਹੀ ਦੇ ਵੈਰੀ ਫਸਾਂ ਜਲਦੀ

(ਬਾਦਸ਼ਾਹ ਨੇ ਦਿੱਲੀ ਤੋਂ ਲਾਹੌਰ ਆਉਣਾ)

ਬਾਦਸ਼ਾਹ ਨੂੰ ਚੁੱਕ ਚੁਕਾ ਕਰਕੇ ਕੀਤਾ ਵੱਲ ਲਾਹੌਰ ਤੁਯਾਰ ਭਾਈ
ਸਭ ਲੱਗੇ ਬੰਧੇ ਨਾਲ ਤਯਾਰ ਹੋ ਪਏ ਸਣੇ ਬੇਗਮਾਂ ਹੋਰ ਪਰਵਾਰ ਭਾਈ
ਤੋਪਾਂ ਰਹਿਕਲੇ ਨਾਲਬਾਰੂਦ ਖ਼ਾਨੇ ਨਾਲ ਲਈਇੱਕ ਫ਼ੌਜ ਜ਼ੋਰਾਰ ਭਾਈ
ਹੌਲੀਹੌਲੀ ਲਾਹੌਰਨੂੰ ਆਇ ਰਹੇ ਕਰਦੇ ਰਾਹਾਂ ਵਿੱਚ ਸੈਰ ਸ਼ਿਕਾਰ ਭਾਈ
ਗੋਇੰਦਵਾਲ ਬਿਆਸਾ ਆ ਪਾਰ ਹੋਏ ਮਾਝੇਵਿੱਚ ਦੀਲੰਘ ਵਿਚਾਰ ਭਾਈ
ਗਏ ਪਹੁੰਚ ਲਾਹੌਰਕਰਤਾਰਸਿੰਘਾ ਹੋਈਆਂ ਰੌਣਕਾਂ ਗਲੀ ਬਾਜ਼ਾਰ ਭਾਈ

(ਪ੍ਰਿਥੀ ਚੰਦ ਦਾ ਮਰਨਾ)

ਸੱਦ ਭੇਜਯਾ ਚੰਦੂ ਨੇ ਪ੍ਰਿਥੀਏ ਨੂੰ ਬਾਦਸ਼ਾਹ ਦੇ ਪਾਸ ਫ਼ਰਯਾਦ ਕਰੀਏ

ਰਲ ਮਿਲ ਦੋਵੇਂ ਵੈਰੀ ਆਪਣੇ ਨੂੰ ਜਿਵੇਂ ਹੋ ਸੱਕੇ ਬਰਬਾਦ ਕਰੀਏ
ਦਿਨੋ ਦਿਨ ਓਹ ਵਧਦਾ ਫੁੱਲਦਾ ਏ ਨਿੱਤ ਰੋ ਅਸੀਂ ਦੁੱਖ ਯਾਦ ਕਰੀਏ
ਛੇਤੀ ਆਉ ਲਾਹੌਰ ਕਰਤਾਰਸਿੰਘਾ ਵੈਰੀ ਵਧਦੇ ਨੂੰ ਬੇ ਬੁਨਯਾਦ ਕਰੀਏ

(ਤਥਾ)

ਪ੍ਰਿਥੀਚੰਦ ਹੇਹਰਾਂਵਿੱਚੋਂ ਖ਼ੁਸ਼ੀ ਭਰਯਾਕਦਮ ਵੱਲ ਲਾਹੌਰ ਉਠਾਵੰਦਾ ਜੀ
ਰਾਹ ਵਿੱਚ ਹੀ ਓਸ ਨੂੰ ਸੂਲ ਪਿਆ ਵਿੱਚ ਪਲਾਂ ਦੇ ਹੋਸ਼ ਗੁਵਾਵੰਦਾ ਜੀ
ਸੋਲਾਂ ਸੌ ਦਾ ਬਾਠਵਾਂ ਸਾਲ ਹੈਸੀ ਮੱਘਰ ਦਿਨ ਸਤਾਈਆਂ ਜਾਵੰਦਾ ਜੀ
ਸੂਲਨਾਲਮਰਗਿਆਕਰਤਾਰਸਿੰਘਾਲਿਆਵੈਰ ਨ,ਗਿਆ ਪਛਤਾਵੰਦਾ ਜੀ

(ਵਾਕ ਕਵੀ)

ਰਾਮਦਾਸ ਸਤਿਗੁਰਾਂ ਦਾ ਪੁੱਤ ਵੱਡਾ ਉਮਰ ਝੇੜਯਾਂ ਵਿੱਚ ਗੁਵਾ ਛੱਡੀ
ਇੱਕ ਦਿਨ ਨ ਸਬਰ ਦੇ ਨਾਲ ਬੈਠਾ ਐਵੇਂ ਜ਼ਿੰਦਗੀ ਨਾਸ ਕਰਵਾ ਛੱਡੀ
ਨਾਲ ਸੱਕੇ ਭਰਾ ਦੇ ਵੈਰ ਚਾਇਆ ਜ਼ਿੱਦ ਮਰਦਯਾਂ ਤੱਕ ਨਿਭਾ ਛੱਡੀ
ਮਰਗਿਆ ਗੁਰਯਾਈ ਨੂੰ ਲੱਭਦਾ ਹੀ ਹਿਰਸ ਈਰਖਾ ਹੋਸ਼ ਭੁਲਾ ਛੱਡੀ
ਪ੍ਰਿਥੀਚੰਦ ਤਾਂ ਆਪ ਜੋ ਸੀ ਸੋ ਸੀ ਘਰੋਂ ਸ੍ਵਾਣੀ ਨੇ ਹੱਦ ਪੁਚਾ ਛੱਡੀ
ਗੁਰਿਆਈ ਦੇ ਵਿੱਚ ਕਰਤਾਰਸਿੰਘਾ ਦੁਨੀਆਂਦਾਰੀ ਦੀ ਲੱਤਅੜਾ ਛੱਡੀ

(ਬਾਦਸ਼ਾਹ ਪਾਸ ਚੁਗ਼ਲੀ)

ਖ਼ੁਸਰੋ ਜਿਹਲਮਦਰਯਾ ਤੋਂ ਫੜਘੱਤਾਓਹਲਾਹੌਰਦੇਵਿੱਚ ਮੰਗਾਯਾ ਗਿਆ
ਬਾਦਸ਼ਾਹ ਦੇ ਗ਼ਜ਼ਬ ਦੇ ਵਿੱਚ ਪੈਕੇ ਹੈਸੀ ਓਹ ਓਥੇ ਕਤਲਾਯਾ ਗਿਆ
ਚੰਦੂਵਰਗਯਾਂ ਦਾ ਦਾਉਫੱਬਯਾ ਆ ਬਾਦਸ਼ਾਹ ਦੀ ਕੰਨੀਂ ਚੜ੍ਹਾਯਾ ਗਿਆ
ਗੁਰੂਅਰਜਨ ਇਹਨੂੰਇਮਦਾਦਦਿੱਤੀ ਜਹਾਂਗੀਰਨੂੰਬੁਰਾ ਭੜਕਾਯਾ ਗਿਆ
*ਗੁਰੂ ਧਾੜਵੀ ਤੇ ਚੋਰ ਪਾਸ ਰੱਖੇ ਕਈ ਵਾਰ ਅੱਗੇ ਹੈ ਸੁਣਾਯਾ ਗਿਆ

---

*ਸੂਰਜ ਪ੍ਰਕਾਸ਼ ਰਾਸ ੪ ਅਧ: ੨੪ ਅੰਦਰ ਲਿਖਯਾ ਹੈ ਕਿ ਜਹਾਂਗੀਰ ਬਿਆਸਾ ਦੇ ਕੰਢੇ ਸ਼ਿਕਾਰ ਖੇਡਦਾ ਘੋੜੇ ਤੋਂ ਡਿੱਗ ਪਿਆ ਤੇ ਪਾਲਕੀ ਵਿੱਚ ਪਾਕੇ ਡੇਰੇ ਆਂਦਾ ਗਿਆ। ਉਸ ਵੇਲੇ ਬਾਦਸ਼ਾਹ ਨੇ ਆਪਣ ਨਜੂਮੀ ਨੂੰ ਆਖਯਾ "ਮੇਰੀ ਜਨਮ ਪੱਤ੍ਰੀ ਦੇਖਕੇ ਦੱਸ ਕਿ ਮੈਨੂੰ ਸੱਟ ਕਿਉਂ ਲੱਗੀ ਹੈ?" ਚੰਡਾਲ ਚੰਦੂ ਨੇ ਵੇਲਾ ਪਾਕੇ ਓਸੇ ਵੇਲੇ ਬਲਦੀ ਤੇ ਤੇਲ ਪਾਂਦਯਾਂ ਹੋਯਾਂ ਕਿਹਾ ਕਿ "ਜਹਾਂ ਪਨਾਹ, ਪੱਤ੍ਰੀ ਤਾਂ ਕੱਲ ਰਾਤੀਂ ਹੋਰ ਸਾਮਾਨ ਸਣੇ ਚੋਰੀ ਹੋ ਗਈ ਹੈ।"ਬਾਦਸ਼ਾਹ ਨੇ ਰੋਹ ਵਿੱਚ ਆਕੇ ਕਿਹਾ ਕਿ"ਮੇਰੀ ਸਲਤਨਤ ਵਿੱਚ ਮੇਰਾ ਡੇਰਾ ਲੁੱਟਨ ਵਾਲੇ ਚੋਰ ਭੀ ਹੈਣ?"ਤਾਂ ਚੰਦੂ ਨੇ ਕਿਹਾ ਕਿ"ਹਜ਼ੂਰ! ਗੁਰੂਅਰਜਨ ਜੋ ਬੜਾਹੰਕਾਰੀ, ਚੋਰਾਂ,ਰਾਹਜ਼ਨਾ,ਧਾੜਵੀਆਂ, ਡੱਕੂਆਂ ਦਾ ਮੇਲੀ ਹੈ,ਇਹ ਸਭ ਕਾਰਵਾਈ ਓਹ ਕਰਵੰਦਾ ਹੈ

(ਬਾਕੀ ਦੇਖੋ ਸਫ਼ਾ ੧੬੪)

ਸੁਲਭੀਖ਼ਾਂ ਤੇ ਸੁਲਹੀ ਦੋਹਾਂ ਤਾਈਂ ਚੋਰਾਂ ਡਾਕੂਆਂ ਤੋਂ ਮਰਵਾਯਾ ਗਿਆ
ਹੁਣ ਸੱਕੇ ਭਰਾ ਨੂੰ ਮਾਰ ਦਿੱਤਾ ਰਸਤੇ ਵਿਚ ਹੀ ਓਹਨੂੰ ਮੁਕਾਯਾ ਗਿਆ
ਬਕ ਊਤ ਪਟਾਂਗ ਕਰਤਾਰ ਸਿੰਘਾ ਬਾਦਸ਼ਾਹ ਦੇ ਤਈਂ ਭਖਾਯਾ ਗਿਆ

(ਜਹਾਂਗੀਰ ਨੇ ਸ੍ਰੀ ਗੁਰੂ ਜੀ ਨੂੰ ਲਾਹੌਰ ਬੁਲਾਣਾ)

ਬਾਦਸ਼ਾਹਾਂ ਦੇ ਹੋਵੰਦੇ ਕੰਨਕੱਚੇ ਕਹਿੰਦਾ ਗੁਰੂ ਜੀ ਤਾਈਂ ਬੁਲਾਉ ਛੇੱਤੀ
ਸੱਦ ਉਨ੍ਹਾਂ ਨੂੰ ਪੁੱਛੀਆਂ ਜਾਣਗੱਲਾਂ ਮੇਰੇ ਵੱਲੋਂ ਚਿੱਠੀ ਲਿਖਵਾਉ ਛੇੱਤੀ
ਚੰਦੂਚੰਦਰੇਨੂੰ ਚੜ੍ਹੇਚਾਉਭਾਰੇ ਕਹਿੰਦਾ*ਅਹਿਦੀਆਂ ਨੂੰ ਤੁਸੀਂ ਜਾਉ ਛੇੱਤੀ
ਗੁਰੂ ਅਰਜਨ ਤਈਂ ਕਰਤਾਰਸਿੰਘਾ ਬਾਦਸ਼ਾਹ ਦੇ ਪਾਸ ਲਿਆਉ ਛੇੱਤੀ

(ਸ੍ਰੀ ਗੁਰੂ ਜੀ ਨੇ ਲਾਹੌਰ ਜਾਣ ਲਈ ਤੱਯਾਰ ਹੋਣਾ)

ਚੱਲ ਅਹਿਦੀਏ ਆਇ ਲਾਹੌਰਵਿੱਚੋਂ ਉਹਮੁਰਾਸਲਾ ਆਨ ਪੁਚਾਵੰਦੇ ਨੇ
ਚਿੱਠੀ ਗੁਰਾਂ ਪੜ੍ਹਾਕੇ ਸੁਣੀ ਸਾਰੀ, ਅਸੀਂ ਆਵਾਂਗੇ ਆਖ ਸੁਣਾਵੰਦੇ ਨੇ
ਪਿੱਛੋਂ ਬਾਬੇ ਬੁੱਢੇ 'ਗੁਰਦਾਸ ਤਾਈਂ ਸਾਰਾ ਖੋਲ੍ਹ ਕੇ ਭੇਦ ਜਤਾਵੰਦੇ ਨੇ
ਅਸਾਂ ਹੈ ਲਾਹੌਰ ਜ਼ਰੂਰ ਜਾਣਾ ਦਿਹ ਨੂੰ ਤਯਾਗਣਾ ਓਥੇ ਲਖਾਵੰਦੇ ਨੇ
ਅੰਤ੍ਰਯਾਮੀ ਸਤਿਗੁਰੂਤੋਂ ਸੁਣਕਰਕੇ ਜਿਵੇਂਹੁਕਮ,ਕਹਿ ਸੀਸ ਝੁਕਾਵੰਦੇ ਨੇ
ਫੇਰ ਸੱਦ ਕੇ ਹਰ ਗੋਬਿੰਦ ਜੀ ਨੂੰ ਬਾਬੇ ਬੁੱਢੇ ਨੂੰ ਬਾਂਹ ਫੜਾਵੰਦੇ ਨੇ
ਤੁਸਾਂ ਇਹਨਾਂਦੀਆਗਯਾਵਿੱਚਰਹਿਣਾ ਸਾਹਿਬਜ਼ਾਦੇਨੂੰਗੁਰੂ ਫ਼ਰਮਾਵੰਦੇ ਨੇ
ਸਾਨੂੰਹੁਕਮ ਲਾਹੌਰ ਤਿਆਗਣੀਦਿਹ ਕਾਰਬਾਰ ਕਈ ਹੋਰ ਸਮਝਾਵੰਦੇ ਨੇ
ਪਿੱਛੋਂ ਛੱਤਰੀ ਧਰਮ ਸੰਭਾਲ ਲੈਣਾ ਪਾਪ ਧਰਤ ਉੱਤੇ ਪਏ ਛਾਵੰਦੇ ਨੇ
ਰਹਿਣਾਰਸਨਹੀਂ ਨਾਲ ਚੁਗੱਤਯਾਂ ਦੇ ਖ਼ੁਦਗਰਜ਼ ਪਏਜਾਲ ਫੈਲਾਵੰਦੇ ਨੇ
ਹੋਕੇ ਆਪਣੇ ਖ਼ਾਂ ਹੁਸ਼ਯਾਰ ਰਹਿਣਾ ਦਿਣ ਬੁਰੇ ਤੋਂ ਬੁਰੇ ਪਏ ਆਵੰਦੇ ਨੇ

(੧੬੩ ਸਫ਼ੇ ਦੀ ਬਾਕੀ)

ਅਤੇ ਓਹ ਜ਼ਰਾ ਜਿਤਨੀ ਭੀ ਕਿਸੇ ਦੀ ਪ੍ਰਵਾਹ ਨਹੀਂ ਰੱਖਦਾ। ਆਪਣੇ ਵੱਡੇ ਭਰਾ ਤੋਂ ਗੁਰਗੱਦੀ ਦਾ ਹੱਕ ਖੋਹ ਕੇ ਉਸਨੂੰ ਘਰੋਂ ਕੱਢ ਦਿੱਤਾ ਹੋਯਾ ਸੂ, ਤੇ ਹਜ਼ੂਰ ਨੇ ਉਸ ਗ਼ਰੀਬ ਤੇ ਰਹਿਮ ਖਾ ਕੇ ਉਸਨੂੰ ਦੋ ਪਿੰਡ ਜਾਗੀਰ ਭੀ ਦਿੱਤੇ ਸਨ, ਅਤੇ ਓਹਦੀਆਂ ਤੱਦੀਆਂ ਬਾਬਤ ਹਜ਼ੂਰਪਾਸ ਬਹੁਤ ਸ਼ਿਕਾਇਤਾਂ ਆ ਚੁੱਕੀਆਂ ਹਨ।" ਬਾਦਸ਼ਾਹਨੂੰ ਯਕੀਨ ਨ ਆਯਾ ਤੇ ਕਹਿਣ ਲੱਗਾ ਕਿ ਸ਼ਾਇਦ ਗੁਰੂ ਘਰ ਖਰਚ ਬਹੁਤ ਵਧ ਗਿਆ ਹੋਵੇ ਤੇ ਆਮਦਨ ਘਟ ਹੋਵੇ। ਲਾਹੌਰ ਚੱਲਕੇ ਲੰਗਰ ਵਾਸਤੇ ਹੋਰ ਪਿੰਡ ਜਾਗੀਰ ਲਗਾ ਦੇਵਾਂਗੇ।

*ਗ੍ਰੰਥਾ ਕਾਰ ਲਿਖਦੇ ਹਨ ਕਿ ਸ੍ਰੀ ਚੰਦ ਜੀ ਦਾ ਸਰਾਪ–ਕਿ ਅਹਿਦੀਏ ਭੀ ਆ ਜਾਣਗੇ–ਇਸ ਸਮੇਂ ਪੂਰਾ ਹੋ ਗਿਆ।

ਫੇਰਰਸਮ ਗੁਰਯਾਈ ਦੀਗੁਪਤ ਕਰਕੇ ਬਾਬੇਬੁੱਢੇ ਜੀ ਹੱਥ ਫੜਾਵੰਦੇ ਨੇ
ਸਾਡੇ ਪਿੱਛੋਂ ਇਹ ਰਸਮ ਅਦਾ ਕਰਨੀ ਗੁੱਝੇ ਭੇਦ ਕਈਹੋਰ ਖੁਲ੍ਹਾਵੰਦੇ ਨੇ
ਫੇਰ ਘਰ ਜਾਕੇ ਸ੍ਰੀ ਗੰਗ ਤਾਈਂ ਆਦਰ ਮਾਨ ਦੇਇ ਪਾਸ ਬੈਠਾਵੰਦੇ ਨੇ
ਜਦੋਂ ਦੱਸਯਾ ਫੋਲਕੇ ਹਾਲ ਸਾਰਾ ਸੁਣ ਮਾਤਾ ਜੀ ਬਹੁਤ ਘਬਰਾਵੰਦੇ ਨੇ
ਬੜੀ ਧੀਰਜ ਨਾਲ ਕਰਤਾਰ ਸਿੰਘਾ ਚਿੰਤਾ ਓਹਨਾਂਦੀਸਾਰੀਗੁਵਾਵੰਦੇ ਨੇ

(ਤਥਾ)

ਸਾਡੇ ਜਾਣ ਤੇ ਘਾਬਰੋ ਮੂਲ ਨਾਹੀਂ ਪਿੱਛੇ ਵੇਖਣੇ ਤੁਸਾਂ ਨੇ ਸ਼ਾਨ ਵੱਡੇ
ਸਾਹਿਬਜ਼ਾਦਾ ਹੋਵੇ ਪਰਤਾਪ ਵਾਲਾ ਕਰਨੇ ਏਸ ਨੇ ਹੈਨ ਘਮਸਾਨ ਵੱਡੇ
ਮੀਰੀ ਪੀਰੀ ਦੀਆਂ ਵਧਣ ਰੌਣਕਾਂ ਆ ਏਥੇ ਵਧਣੇ ਸ਼ਾਹੀ ਸਾਮਾਨ ਵੱਡੇ
ਸਮਾ ਸ਼ਾਂਤੀ ਦਾ ਹੁਣ ਖ਼ਤਮ ਹੋਯਾ ਹੋਣੇ ਜੰਗ ਜੱਦਾਲ ਪਛਾਨ ਵੱਡੇ
ਤੁਹਾਡੇ ਘਰ ਪੜੋਤਰਾ ਹੋਇ ਜਿਹੜਾ ਓਹਦੇ ਝੁਲਣੇ ਜੱਗ ਨਿਸ਼ਾਨ ਵੱਡੇ
ਓਸ ਦਿੱਲੀ ਲਾਹੌਰ ਨੂੰ ਝੂਣ ਦੇਣਾ ਪੈਂਦਾ ਕਰਨੇ ਸਿੰਘ ਜਵਾਨ ਵੱਡੇ
ਸਾਰੇ ਦੇਸ ਅੰਦਰ ਪੰਥ ਫੈਲ ਜਾਵੇ ਸਿੰਘ ਸੂਰਮੇ ਦੁੰਦ ਉਠਾਨ ਵੱਡੇ
ਰੱਖੋ ਹੌਸਲਾ ਤੁਸੀਂ ਕਰਤਾਰ ਸਿੰਘਾ ਬੜੇ ਰੰਗ ਇਕਬਾਲ ਦਿਖਾਨ ਵੱਡੇ

(ਤਥਾ)

ਬਾਬੇ ਬੁੱਢੇ ਭਾਈਗੁਰਦਾਸ, ਬਹਿਲੋਅਤੇ ਸਾਲ੍ਹੋ, ਕਲਯਾਨੇਨੂੰਜਾਨ ਭਾਈ
ਘਰ ਬਾਰ ਦੇ ਕੰਮ ਸੌਂਪਾਇ ਸਾਰੇ ਕੀਤੇ ਸਭ ਸਪੁਰਦ ਸਾਮਾਨ ਭਾਈ
ਦਾਸਾਂ ਦਾਸੀਆਂ ਚੱਕ ਦੇ ਵਾਸੀਆਂ ਨੂੰ ਸੱਦ,ਆਦਰ ਮਾਨ ਦਵਾਨ ਭਾਈ
ਫੇਰ ਹਰੀਮੰਦਰ ਅੰਦਰ ਜਾ ਕਰਕੇ ਦਿੱਤੇ ਬਹੁਤ ਗ਼ਰੀਬਾਂ ਨੂੰ ਦਾਨ ਭਾਈ
ਰਾਮਦਾਸ ਸਤਿਗੁਰੂ ਨੂੰ ਟੇਕ ਮੱਥਾ ਗੁਰੂ ਨਾਨਕ ਨਾਮ ਧਿਆਨ ਭਾਈ
ਚੌਹਾਂ ਸਤਿਗੁਰਾਂ ਦੇ ਨਾਮ ਯਾਦ ਕਰਕੇ ਖੜੇ ਹੋ ਅਰਦਾਸ ਸੁਧਾਨ ਭਾਈ
ਓਥੋਂ ਕਰ ਪ੍ਰਕਰਮਾ ਬਾਹਿਰ ਨਿਕਲੇ ਸਿੱਖ ਸੰਗਤਾਂ ਤਈਂ ਠਹਿਰਾਨ ਭਾਈ
ਵਿਦਾ ਸਭ ਤੋਂ ਹੋ ਕਰਤਾਰ ਸਿੰਘਾ ਕਦਮ ਵੱਲ ਲਾਹੌਰ ਉਠਾਨ ਭਾਈ

ਸ੍ਰੀ ਗੁਰੂ ਜੀ ਨੇ ਲਾਹੌਰ ਪਹੁੰਚਨਾ

ਸਤਿਗੁਰੂ ਜੀ ਜਾਇ ਲਾਹੌਰ ਪਹੁੰਚੇ ਧਰਮ ਦੇਸ ਦੇ ਹੇਤ ਕੁਰਬਾਨ ਹੋਵਨ
*ਪੰਜ ਸਿੱਖ ਗਏ ਨਾਲ ਗੁਰੂ ਚੱਕੋਂ ਜੋ ਨ ਦੁੱਖ ਪਾ ਦੁੱਖੀ ਪਛਾਨ ਹੋਵਨ

*ਭਾਈ ਜੇਠਾ, ਪੈੜਾ, ਬਿਧੀ ਚੰਦ, ਲੰਗਾਹਾ, ਪਿਰਾਣਾ।

ਭਾਈ ਸੁੱਧੂ ਦੇ ਘਰ ਜਾ ਉੱਤਰੇ ਜੀ ਸੁਣ ਸਿੱਖ ਸੇਵਕ ਕੱਠੇ ਆਨ ਹੋਵਨ
ਏਸ ਤਰ੍ਹਾਂ ਕਿਉਂ ਗੁਰੂ ਲਾਹੌਰ ਆ ਗਏ ਸੋਚਾਂ ਸੋਚਦੇ ਸਿੱਖ ਹੈਰਾਨ ਹੋਵਨ
ਆਵਾਜਾਈ ਸਾਰਾਦਿਨਰਹੀਲੱਗੀ ਸ਼ਬਦਕੀਰਤਨਭਜਨਭਗਵਾਨ ਹੋਵਨ
ਕਰਦਰਸ਼ਨਾਂ ਤਈਂ ਕਰਤਾਰਸਿੰਘਾ ਮਾਈਭਾਈ ਸਭਖੁਸ਼ੀ ਮਹਾਨ ਹੋਵਨ

(ਸ੍ਰੀ ਗੁਰੂ ਜੀ ਦੀ ਬਾਦਸ਼ਾਹ ਨਾਲ ਮੁਲਾਕਾਤ)

ਦਿਨ ਕੁਝ ਕੂ ਰਹਿੰਦਯਾਂ ਹੋਇ ਗਏ ਚੰਦੂ ਸ਼ਾਹ ਨੂੰ ਯਾਦ ਕਰਾਇਆ ਜੀ
ਪੀਰਹਿੰਦ ਦਾ ਏਥੇਹੈ ਆ ਯਾਹੋਯਾ ਮਿਲਣਆਪਦੇ ਤਈਂ ਨ ਆਇਆ ਜੀ
ਦੋਖੀਸਦਾ ਅਨਹੋਣੀ ਹੀ ਗੱਲਕਰਦੇ ਓਵੇਂ ਚੰਦੂ ਨੇ ਸ਼ਾਹ ਭਖਾਇਆ ਜੀ
ਬਾਦਸ਼ਾਹ ਨੇ ਆਖ ਵਜ਼ੀਰ ਖ਼ਾਂ ਨੂੰ ਸਤਿਗੁਰਾਂ ਦੇ ਤਈਂ ਬੁਲਾਇਆ ਜੀ
ਪੰਜਾਂ ਸਿੱਖਾਂ ਨੂੰ ਨਾਲ ਲੈ ਗੁਰੂ ਜੀ ਨੇ ਜਾ ਸ਼ਾਹ ਨੂੰ ਦਰਸ ਦਿਖਾਇਆ ਜੀ
ਦੇਖ ਸੱਦਾ ਲਿਬਾਸ ਤੇ ਨੂਰਚਿਹਰੇਜਹਾਂਗੀਰਕੁਝ ਦਿਲੋਂ ਸ਼ਰਮਾਇਆ ਜੀ
ਉੱਠ ਤਖ਼ਤ ਦੇ ਸਾਮ੍ਹਣੇ ਗੁਰੂ ਜੀਨੂੰ ਬੜੇਅਦਬ ਦੇ ਨਾਲਬੈਠਾਇਆ ਜੀ
ਮਾਹਰਫ਼ਤ ਦੇ ਕਈ ਸਵਾਲ ਕੀਤੇ ਉੱਚਾ ਗੁਰਾਂ ਗਯਾਨ ਸੁਣਾਇਆ ਜੀ
ਚੋਰ ਧਾੜਵੀ ਗੁਰੂ ਜੀ ਰੱਖਦੇ ਜੋ ਇਹ ਭਰਮ ਸਭ ਦਿਲੋਂ ਗੁਵਾਇਆ ਜੀ
ਗੱਲਾਂਫਰਕੇ ਬਹੁਤ ਕਰਤਾਰਸਿੰਘਾ ਅਸਲਗੱਲ ਦੇ ਤਈਂਚਲਾਇਆ ਜੀ

(ਜਹਾਂਗੀਰ ਬਾਦਸ਼ਾਹ)

ਗੱਲਾਂਕਰਦਾਬਾਦਸ਼ਾਹਇਉਂ ਕਹਿੰਦਾਤੁਸਾਂਇਹਅਪ੍ਰਾਧ ਕਮਾਇਆ ਕਿਉਂ
ਮੇਰੇਤਖ਼ਤ ਤੇ ਤਾ ਜਦਾਬੜਾਵੈਰੀ ਪਾਸਆਪਣੇਓਹਨੂੰਠਹਿਰਾਇਆ ਕਿਉਂ
ਮੇਰੇਨਾਲਸ਼ਾਹਜ਼ਾਦਾਸੀਵਿਗੜਆਯਾਓਹਨੂੰਲੱਖਰੁਪਯਾਦਵਾਇਆ ਕਿਉਂ
ਦਿੱਲੀਤਖ਼ਤ ਤੇਰੇਤਾਈਂਲੈ ਦੱਹੀਏ,ਇਮਦਾਦ ਦਾਨਾਮਸੁਣਾਇਆ ਕਿਉਂ
ਦੋ ਲੱਖ ਭਰੋ ਡੰਨ ਓਸਦਾ ਹੁਣ ਸ਼ਾਹੀਬਾਗ਼ੀ ਦਾ ਦਿਲਵਧਾਇਆ ਕਿਉਂ
ਗੱਦੀਹੋਵਿਫ਼ਕੀਰੀ ਕਰਤਾਰਸਿੰਘਾ ਏਡਾਹੌਂਸਲਾਕਰ ਵਿਖਾਇਆ ਕਿਉਂ

(ਸ੍ਰੀ ਗੁਰੂ ਜੀ)

ਵੈਰੀ ਤਖ਼ਤ ਤੇ ਤਾਜ ਦਾ ਸਮਝ ਕੇ ਨ ਅਸਾਂ ਕੀਤਾ ਓਦ੍ਹਾ ਸਤਿਕਾਰ ਸ਼ਾਹਾ
ਬੇਟਾ ਸਮਝਕੇ ਦਿੱਲੀਦੇਬਾਦਸ਼ਾਹ ਦਾ ਹੋਯਾ ਖ਼ਰਚ ਖੁਣੋਂਦੁਖਿਆਰ ਸ਼ਾਹਾ
ਆਯਾ ਸ਼ਰਨ ਉਹ ਚੱਲਕੇ ਗੁਰੂਘਰਦੀ ਖੁੱਲ੍ਹਾਸਭ ਦੇਲਈ ਦਰਬਾਰ ਸ਼ਾਹਾ
ਮਿਲਯਾਗੁਰੂ ਘਰਤੋਂ ਲੰਗਰਲਈਓਹਨੂੰ ਸੱਚ ਸਮਝਲੇ ਪੰਜ ਹਜ਼ਾਰ ਸ਼ਾਹਾ
ਕਿੱਥੋਂ ਦੇਵਣਾ ਅਸਾਂ ਨੇ ਲੱਖ ਹੈਸੀ ਜਮ੍ਹਾਂ ਨਹੀਂ ਖ਼ਜ਼ਾਨੇ ਵਿਚਾਰ ਸ਼ਾਹਾ

ਨਾਲੋ ਨਾਲ ਜੋ ਆਵੰਦਾ ਖ਼ਰਚ ਹੁੰਦਾ ਰਾਹ ਰੱਬ ਦੇ, ਥਾਂ ਉਪਕਾਰ ਸ਼ਾਹਾ
ਦੋ ਲੱਖ ਕਿੱਥੋਂ ਤੈਨੂੰ ਹੁਣ ਦੱਹੀਏ ਨ ਜਾਗੀਰ ਨ ਮੁਲਕ,ਬਪਾਰ ਸ਼ਾਹਾ
ਸਤਿਨਾਮ ਹੈ ਜਮ੍ਹਾਂ ਕਰਤਾਰ ਸਿੰਘਾ ਤੂੰ ਭੀ ਲੈ ਜੇ ਦੇਊ ਕਰਤਾਰ ਸ਼ਾਹਾ

(ਵਾਕ ਕਵੀ)

ਗੱਲਾਂ ਕਰਦਯਾਂ ਰਾਤ ਪੈ ਗਈ ਹੈਸੀ ਫੇਰ ਉੱਠ ਗਿਆ ਦਰਬਾਰ ਸਮਝੋ
ਕਿਸੇਗੱਲਦਾਫ਼ੈਸਲਾਹੋਯਾਕੋਈਨਆਇਸਤਿਗੁਰੂਜੀਕਿਲ੍ਹਯੋਂਬਾਹਰ ਸਮਝੋ
ਚੰਦੂ ਪਾਪੀ ਦਾ ਫੱਬਯਾ ਦਾਉ ਆਕੇ ਗਿਰਦ ਕਰ ਦਿੱਤੇ ਅਸਵਾਰ ਸਮਝੋ
ਲੈਗਿਆ ਆਪਣੇਘਰ ਕਰਤਾਰਸਿੰਘਾ ਹੈਸੀ ਗੁੱਝਾ ਕੋਈ*ਇਸਰਾਰ ਸਮਝੋ

(ਤਥਾ)

ਬਾਦਸ਼ਾਹ ਚਲਾ ਗਿਆ ਸਿੰਧ ਵੱਲੇ ਗੱਲ ਚੰਦੂ ਤਾਈਂ ਸਮਝਾਇ ਕਰਕੇ
ਬਾਦਸ਼ਾਹ ਦੀ ਰਾਇ ਦੇ ਨਾਲਸਮਝੋ ਚੰਦੂਗੁਰਾਂ ਨੂੰ ਘਰ ਲੈ ਜਾਇ ਕਰਕੇ
ਨਜ਼ਰਬੰਦ ਫ਼ਰੇਬ ਦੇ ਨਾਲ ਕੀਤਾ ਪਹਿਰੇ ਤਕੜੇ ਬਾਹਰ ਲੁਵਾਇ ਕਰਕੇ
ਪੰਜਾਂਸਿੱਖਾਂ ਨੂੰ ਰੱਖਯਾਵਿੱਚ ਡਿਉੜੀ ਸੁੱਤਾ ਘਰ ਜਾ ਖ਼ੁਸ਼ੀਮਨਾਇ ਕਰਕੇ
ਸ਼ਹਿਰਵਿੱਚ ਨ ਕਿਸੇ ਨੂੰ ਖ਼ਬਰਕੋਈਕਿੱਥੇਗਏਗੁਰੂ ਕਿਲ੍ਹਯੋਂਆਇ ਕਰਕੇ
ਚੰਦੂ ਹੱਤਯਾਰੇ ਨੇ ਕਰਤਾਰਸਿੰਘਾ ਕੀਤਾ ਕਹਿਰ ਇਉਂ ਫੰਧ ਚਲਾਇ ਕਰਕੇ

(ਸਤਿ ਗੁਰਾਂ ਦੇ ਨਾਲ ਚੰਦੂ ਦੀ ਗੱਲ ਬਾਤ)

ਦਿਨੇ ਉੱਠਕੇ ਗੁਰਾਂ ਦੇ ਪਾਸਆਯਾ ਕਹਿੰਦਾ ਤੁਸਾਂ ਕੀਤਾ ਅਵਾਜ਼ਾਰ ਮੈਨੂੰ
ਮੇਰੀ ਲੜਕੀ ਦਾ ਨਾੱਤਾ ਛੱਡ ਦਿੱਤਾ ਕੀਤਾ ਵਿੱਚ ਸੰਸਾਰ ਖ਼ੁਵਾਰ ਮੈਨੂੰ
ਦੋ ਵਾਰੀ ਮੈਂ ਆਦਮੀ ਹੈਨ ਭੇੱਜੇ ਤੁਸਾਂ ਸਮਝਯਾ ਕੋਈ ਗੁਵਾਰ ਮੈਨੂੰ
ਰੱਤੀਜਿੰਨੀ ਕੋਈ ਨਹੀਂ ਤੁਸਾਂਪ੍ਰਵਾਹਕੀਤੀਕੀਤਾਦੁੱਖੀ ਹੈ ਵਿੱਚਪ੍ਰਵਾਰ ਮੈਨੂੰ
ਬੂਹੇ ਧੀ ਕੁਵਾਰੀ ਹੈ ਬੈਠੀ ਹੋਈ ਤੱਾਹਨੇ ਦੇਣ ਸ਼ਰੀਕ ਹਜ਼ਾਰ ਮੈਨੂੰ
ਲਿਆ ਆਪਣਾ ਪੁੱਤ ਵਿਆਹਕਿਧਰੇ ਆਇਰਹੀ ਸੁਣਕੇਵੱਡੀ ਖ਼ਾਰ ਮੈਨੂੰ
ਖਾਣਾਸੁੱਝਦਾ ਰਾਤ ਨ ਨੀਂਦ ਪੈਂਦੀ ਚਿੰਤਾ ਚਿਖਾਅੰਦਰਦਿੱਤਾ ਡਾਰ ਮੈਨੂੰ
ਮਰਜ਼ੀ ਹੁਣ ਕੀਹ ਤੇਰੀ ਕਰਤਾਰਸਿੰਘਾ ਸੋਚ ਸਮਝ ਕੇ ਦੱਸਵਿਚਾਰ ਮੈਨੂੰ

(ਸ੍ਰੀ ਗੁਰੂ ਜੀ)

ਸਾਕ, ਰਿਸ਼ਤਾ, ਦੋਸਤੀ ਨਿਭਣ ਓਥੇ ਹੋਣ ਦੋਵੇਂ ਹੀ ਧਿਰਾਂ ਸਮਾਨ ਜਿੱਥੇ
ਓਥੇ ਕਦੇ ਨਿਬਾਹ ਨਹੀਂ ਮੂਲ ਹੁੰਦਾ ਹੋਵੇ ਫ਼ਰਕ ਜ਼ਿਮੀ ਅਸਮਾਨ ਜਿੱਥੇ

*ਭੇਦ।

ਓਥੇ ਕਿਵੇਂ ਪਜਾਰ ਵਿਹਾਰ ਚੱਲੇ ਹੋਣ ਭਰੇ ਹੋਇ ਖ਼ੁਦੀ ਗੁਮਾਨ ਜਿੱਥੇ
ਨਿੰਮ੍ਰਤਾਈ ਗ਼ਰੀਬੀ ਨੂੰ ਕੌਣ ਪੁੱਛੇ ਗੱਡੇ ਹਉਮੈਂ ਦੇ ਹੋਣ ਨਿਸ਼ਾਨ ਜਿੱਥੇ
ਓਥੇ ਅਸਾਂ ਗ਼ਰੀਬਾਂ ਨੂੰ ਕੌਣ ਪੁਛਦਾ ਰਾਜਮਧ ਸਨ ਭਰੇ ਪਠਾਨ ਜਿੱਥੇ
ਰਿਸ਼ਤਾ ਕਰ ਲਿਆ ਹੈ ਕਰਤਾਰਸਿੰਘਾ ਸਾਨੂੰ ਲੱਭਯਾ ਆਪਣਾ ਹਾਨ ਜਿੱਥੇ

(ਤਥਾ)

ਤੂੰ ਆਪਚੁਬਾਰਾ ਤੇਅਸੀਂ ਮੋਰੀ ਇਹਨਾਂ ਦੋਹਾਂ ਦਾ ਮੇਲ ਮਿਲਾਨ ਕੀਹ ਏ
ਜਾਇਮਿਲੇਚੁਬਾਰਾ ਚੁਬਾਰੇਤਾਈਂ ਮੋਰੀਨਾਲਮੋਰੀਮਿਲਯਾਂ ਹਾਨ ਕੀਹ ਏ
ਤੂੰ ਸ਼ਾਹੀਵਜ਼ੀਰ ਫ਼ਕੀਰ ਅਸੀਂ ਸੱਡੇ ਨਾਲ ਤੇਰੀ ਦੱਸ ਸਿਆਨ ਕੀਹ ਏ
ਜਿਹੜੀਮਰਜ਼ੀਕਰਕਰਤਾਰਸਿੰਘਾਜਿਹੜੀਫਿਰੇ ਉਹਭੈੜੀਜ਼ੁਬਾਨ ਕੀਹ ਏ

(ਚੰਦੂ)

ਬੇਰਾਂਭੁੱਲਯਾਂਦਾਅਜੇਵਿਗੜਯਾਕੀਹ ਮੇਰੀਬੇਟੀਦਾ ਨੱਤਾਮੱਨਜ਼ੂਰ ਕਰ ਲੌ
ਮੇਰੇਨਾਲ ਮਿਲਯਾਂਤੁਹਾਡੀ ਸ਼ਾਨਦੂਨੀ ਮੇਰੀਗੱਲਮਨਜ਼ੂਰ ਜ਼ਰੂਰ ਕਰ ਲੌ
ਨਹੀਂ ਤਾਂ ਯਾਦਰੱਖੋ ਮੈਂ ਭੀ ਹਾਂ ਚੰਦੂ ਸੋਚ ਸਮਝਕੇ ਦੂਰ ਗਰੂਰ ਕਰ ਲੌ
ਜੇਕਰਸਾਕ ਬਣਜਾਹੁ ਕਰਤਾਰਸਿੰਘਾ ਫੇਰਫ਼ਿਕਰਫ਼ਾਕੇ ਸਾਰੇ ਦੂਰ ਕਰ ਲੌ

(ਸ੍ਰੀ ਗੁਰੂ ਜੀ)

ਫਲ ਕੇਲੇ ਨੂੰ ਆਵੰਦਾ ਵਾਰਇੱਕੋ ਦੂਜੀਵਾਰ ਮੁੜਕੇਂਕਦੇ ਆਵੰਦਾ ਨਹੀਂ
ਬੋਲ ਸੂਰਮਾ ਕੱਢੇ ਜ਼ਬਾਨਵਿੱਚੋਂ ਮੁੜ ਓਸ ਨੂੰ ਪਿਛਾਂ ਪਰਤਾਵੰਦਾ ਨਹੀਂ
ਦੂਜੀ ਵਾਰ ਨ ਇਸਤ੍ਰੀ ਤੇਲ ਚੜ੍ਹਦੀ ਗੁਰ ਗੱਦੀਨੂੰਝੂਠ ਸੁਹਾਵੰਦਾ ਨਹੀਂ
ਚੱਲੇਧ੍ਰੂ,ਸਮੇਰਤੇ ਧਰਤਚੱਲੇ ਸੱਚਾ ਸੰਤਕਰ ਬਚਨ ਉਲਟਾਵੰਦਾ ਨਹੀਂ
ਸੂਰਜ ਚੰਦਤਾਰੇਸਾਰੇਚਲੇ ਜਾਵਨ ਕੀਤੇਸੁਖ਼ਨਨੂੰ ਮੋੜਨਾ ਭਾਵੰਦਾ ਨਹੀਂ
*ਸਾਧ ਬਚਨ ਅਟੱਲ ਕਰਤਾਰਸਿੰਘਾ ਏਥੇ ਜ਼ੋਰਧੱਕਾ ਪੇਸ਼ ਜਾਵੰਦਾ ਨਹੀਂ

(ਤਥਾ)

ਤੂੰ ਹੰਕਾਰ ਕਰ ਮੋਰੀ ਬਣਾਯਾ ਸੱਨੂੰ ਅਤੇ ਆਪ ਚੁਬਾਰੇ ਸਮਾਨ ਬਣਯੋਂ
ਸਾਨੂੰ ਮੰਗ ਖਾਣੇ ਤੇ ਗ਼ਰੀਬ ਕਿਹਾ ਥਾਂ ਆਪਣੇ ਸ਼ਾਹੀ ਦੀਵਾਨ ਬਣਯੋਂ
ਗੁਰੂ ਘਰ ਦੀ ਨਿੰਦਯਾ ਤੂੰ ਕੀਤੀ ਨਿੰਦਕ ਪੁੰਜ ਕੇ ਵਿਚ ਜਹਾਨ ਬਣਯੋਂ
ਅਸਾਂ ਮਾੜਯਾਂ ਦੇ ਨਾਲ ਗੰਢਲਈ ਤੂੰ ਫੇਰ ਉਲਟਾਵੈਰੀ ਆਨ ਬਣਯੋਂ

---

*ਅੰਡ ਬਿਨਾਸੀ ਜੇਰ ਬਿਨਾਸੀ ਉਤਭੁਜ ਸੇਤ ਬਿਨਾਧਾ ॥
ਗਿਰਿ ਬਸੁਧਾ ਜਲ ਪਵਨ ਜਾਇਗੋ ਇਕਿ ਸਾਧ ਬਚਨ ਅਟਲਾਧਾ ॥

ਰਲ ਮਿਲਕੇ ਸਾਜ਼ਸ਼ਾਂ ਕੀਤੀਉ ਨੀ ਵੈਰਧਾਰ ਸਭ ਦਾ ਅਗਵਾਨ ਬਣਯੋਂ
ਸਾਡਾ ਦੋਸ਼ ਨਹੀਂ ਕੁਝ ਕਰਤਾਰਸਿੰਘਾ ਆਪੇ ਵੈਰ ਪਾਵੈਰੀ ਪਛਾਨ ਬਣਯੋਂ

(ਚੰਦੂ)

ਮੈਨੂੰ ਸਾਮ੍ਹਣੇ ਮੇਰਿਆਂ ਲ਼ਾਗੀਆਂ ਦੇ ਕੁੱਤਾ ਆਖਕੇ ਤੁਸਾਂ ਦੁਰਕਾਰਯਾ ਸੀ
ਮੈਂ ਦੋ ਵਾਰੀ ਭੇਜੇ ਆਦਮੀ ਸਨ ਤੁਸਾਂ ਰਤੀ ਨ ਸੋਚ ਵਿਚਾਰਯਾ ਸੀ
ਕੁੱਤਾ ਬਣਕੇ ਹੀ ਹੁਣ ਦੱਸਾਂਗਾ ਮੈਂ ਮੇਰਾ ਖ਼ੌਫ਼ ਨ ਤੁਸਾਂ ਨੇ ਧਾਰਯਾ ਸੀ
ਬੋੱਲੇ ਬੱਦਹਵਾ ਕਰਤਾਰ ਸਿੰਘਾ ਚੰਦੂ ਚੰਦਰਾ ਬੜਾ ਹੰਕਾਰਯਾ ਸੀ

(ਸ੍ਰੀ ਗੁਰੂ ਜੀ)

ਫਿੱਕਾ ਬੋੱਲਯਾਂ ਹੋਵੰਦਾ ਮਨਫਿੱਕਾ ਗੱਲਾਂਬਣਨ ਜੋ ਪਿਆ ਬਣਾਇੰਗਾ ਤੂੰ
ਕੁੱਤਾਂ ਕਹਿਣਦੀ ਅਸਾਂਨੂੰ ਲੋੜਕੀਹਸੀ ਹੁਣਬਣੇਂਗਾਦਿਲੋਂ ਜੇ ਚਾਹਿੰਗਾ ਤੂੰ
ਅਸਾਂਸੰਗਤਾਂਦਾ ਕਿਹਾ ਮੋੜਨਾ ਨਹੀਂ ਦੁੱਖ ਝੱਲਾਂਗੇ ਜਿਹੜੇ ਪੁਚਾਇੰਗਾ ਤੂੰ
ਜੋ ਬੀਜੇਂਗਾ ਬੀਜ ਕਰਤਾਰ ਸਿੰਘਾ ਫਲ ਓਸਦਾ ਆਪੇ ਹੀ ਖਾਇੰਗਾ ਤੂੰ

(ਪਹਿਰੇਦਾਰਾਂ ਨੂੰ ਪੱਕੀ)

ਚੰਦੂਵੇੱਖਯਾ ਏਥੇ ਨਹੀਂ ਦਾਲ ਗਲਦੀ ਗੁਰੂ ਲੋਭ ਤੇ ਭੈ ਰਖਾਇ ਕੋਈ ਨ
ਪਹਿਰੇਦਾਰਾਂਤਾਂਈਪੱਕੀਬਹੁਤਕਰਦਾਤੁਸੀਂ ਯਾਦਰੱਖੋਗਲਤੀਖਾਇ ਕੋਈ ਨ
ਇਹ ਰਹਿਣ ਭੁੱਖੇ ਏਸੇ ਤਰ੍ਹਾਂ ਬੈਠੇ ਏਥੇ ਅੱਨ ਤੇ ਪਾਣੀ ਪੁਚਾਇ ਕੋਈ ਨ
ਗੁਰੂਤਾਈਂ ਆਰਾਮ ਨਕਰਨਦੇਣਾਸਿੱਖਾਂਵਿੱਚੋਂਨੇੜੇਇਹਦੇਆਇ ਕੋਈ ਨ
ਸਿੱਖਸ਼ਹਿਰਦਾ ਵੜੇਨ ਕੋਈਅੰਦਰ ਬਾਹਰੋਂਆ ਖੁਲਾਇਪਿਲਾਇ ਕੋਈ ਨ
ਖ਼ਬਰਦਾਰ,ਹੁਸ਼ਯਾਰਕਰਤਾਰਸਿੰਘਾ ਮੇਰੇਹੁਕਮਦੇਤਾਈਂ ਭੁਲਾਇ ਕੋਈ ਨ

(ਸ੍ਰੀ ਗੁਰੂ ਜੀ)

ਤੂੰਫ਼ਿਕਰ ਨ ਕਰਚੰਦੂ ਰਤੀ ਜਿੰਨਾ ਅਸੀਂਛੋੜ ਚੋਰੀ ਕਿਤੇ ਜਾਵੰਦੇ ਨਹੀਂ
ਅਸੀਂ ਠੀੱਕਰਾ ਛੱਨਣਾਸਿਰਤੇਰੇ ਅੱਨਪਾਨੀ ਹੁਣਤੋਂ ਅਸੀਂ ਖਾਵੰਦੇ ਨਹੀਂ
ਬੈਠੇ ਰਹਾਂਗੇ ਏਥੇ ਹੀ ਏਸੇ ਤਰ੍ਹਾਂ ਅਸੀਂ ਸੁੱਖ ਅਰਾਮ ਨੂੰ ਚਾਹਵੰਦੇ ਨਹੀਂ
ਜੋ ਚਾਹਿ,ਸੋ ਕਰ ਕਰਤਾਰ ਸਿੰਘਾ ਅਸੀਂ ਰੋਕ ਅੱਗੋਂ ਕੋਈ ਪਾਵੰਦੇ ਨਹੀਂ

(ਵਾਕ ਕਵੀ)

ਕਰ ਪੱਕੀਆਂ ਦੁਸ਼ਟਬਦਜ਼ਾਤ ਪਾਪੀ ਪਹਿਰੇ ਅੱਛੀ ਤਰ੍ਹਾਂ ਲਗਵਾਇ ਕਰਕੇ
ਖ਼ੁਸ਼ੀ ਨਾਲ ਮਹੱਲਾਂ ਨੂੰ ਚਲਾ ਗਿਆ ਮਨ ਵਿਚ ਹੰਕਾਰ ਵਧਾਇ ਕਰਕੇ
ਆਪ ਖਾ ਖਾਣੇ ਪੀਤਾ ਸਰਦ ਪਾਣੀ ਸੁੱਤਾ ਗ਼ਮ ਤੇ ਫ਼ਿਕਰ ਗੁਵਾਇ ਕਰਕੇ

ਸਤਿਗੁਰਾਂ ਤੇ ਨਾਲ ਦੇ ਸਿੱਖਾਂ ਤਾਈਂ ਭੁੱਖਣਭਾਣੇਹੀ ਬੰਦ ਕਰਵਾਇ ਕਰਕੇ
ਰੁੱਤ ਜੇਠਦੀ ਤਪਸ਼ ਬੇਅੰਤ ਵਰ੍ਹਦੀ ਰੱਖੇ ਧਰਤ ਆਕਾਸ਼ ਤਪਾਇ ਕਰਕੇ
ਗੁਰ ਕੋਮਲ ਬਦਨ ਕਰਤਾਰ ਸਿੰਘਾ ਬੈਠੇ ਭੋਇੰ ਤੇ ਸ਼ੁਕਰ ਮਨਾਇ ਕਰਕੇ

(ਸੰਗਤਾਂ ਨੂੰ ਫ਼ਿਕਰ)

ਕਿਲ੍ਹਯੋਂ ਮੁੜਕੇਫੇਰ ਨ ਗਏਗੁਰਜੀ ਸਿੱਖਬਹੁਤ ਹੀ ਫ਼ਿਕਰ ਦੁੜਾਨ ਲੱਗੇ
ਆਇ ਪਰਤ ਨ ਗੁਰੂ ਜੀ ਗਏ ਕਿੱਧਰ ਇਕ ਦੂਜੇ ਨੂੰ ਪੁਛ ਪੁਛਾਨ ਲੱਗੇ
ਏਧਰ ਓਧਰ ਸਾਰੇਸ਼ਹਿਰ ਵਿੱਚ ਫਿਰਦੇ ਘਰੀਂ ਸਿੱਖਾਂਦੀ ਢੂੰਡਢੂੰਡਾਨ ਲੱਗੇ
ਕਿਸੇ ਦੱਸਯਾ ਚੰਦੂ ਦੇ ਗਏ ਘਰ ਨੂੰ ਸਿੱਖ ਸੁਣਕੇ ਬਹੁਤ ਪਛਤਾਨ ਲੱਗੇ
ਪਹਿਰੇਦਾਰਸੁਣਯਾਂ ਬਹੁਤੇ ਨਾਲਹੈਸਨ ਗ਼ਮਾਂਵਿਚ ਪੈ ਕੇ ਗ਼ੋਤੇ ਖਾਨ ਲੱਗੇ
ਓਸ ਗਲੀਦੇਵਿੱਚੋਂ ਕਰਤਾਰਸਿੰਘਾ ਚੋਰੀ ਚੋਰੀ ਫਿਰ ਸੂਹਾਂ ਕਢਾਨ ਲੱਗੇ

(ਵਾਕਕਵੀ)

ਪਾਪੀ ਜ਼ਾਲਮ ਦਾ ਦਾਉ ਫੱਬ ਗਿਆ ਗੁਰ ਕੋਠੜੀ ਵਿਚ ਬੈਠਾ ਛੱਡੇ
ਬਾਹਰ ਕਿਸੇ ਨੂੰ ਪਤਾ ਨ ਕੀਹਬਣਦਾ ਪਹਿਰੇ ਕਰੜੇਗਿਰਦ ਲਗਾ ਛੱਡੇ
ਨ ਖਾਣ ਨ ਪੀਣ ਨੂੰ ਕੁਝ ਦੇਂਦਾ ਮਗਰੂਰ ਹੋ ਫ਼ਿਕਰ ਗੁਵਾ ਛੱਡੇ
ਗੁਰ ਅੰਦਰ ਬੰਦ ਕਰਾਇ ਹੋਏ ਸਿੱਖ ਵੱਖਰੇ ਕੈਦ ਕਰਾ ਛੱਡੇ
ਓਧਰ ਗਰਮੀ ਪਵੇ ਹਨੇਰ ਵਾਲੀ ਸੂਰਜ ਤੱਪ ਕੇ ਭੱਠ ਚੜ੍ਹਾ ਛੱਡੇ
ਗੁਰੂ ਮਸਤ ਸੁਭਾਵ ਕਰਤਾਰ ਸਿੰਘਾ ਸਭ ਆਸ ਅੰਦੇਸੇ ਚੁਕਾ ਛੱਡੇ

ਚੰਦੂ ਦੀ ਨੂੰਹ

ਕਰਮਚੰਦ ਦੇ ਨਾਲ ਵਿਆਹੀ ਹੋਈ ਕਿਸੇਸਿੱਖ ਦੀ *ਧੀ ਵਿਚਾਰ ਭਾਈ
ਸੁਣੀ ਓਸ ਨੇ ਜਦੋਂ ਇਹ ਗੱਲਸਾਰੀ, ਗੁਰੂਪੰਜਵਾਂ ਧਰਮਅਵਿਤਾਰ ਭਾਈ
ਓਹਦੇਨਾਲ ਦੀਵਾਨ ਨੇ ਵੈਰਪਾਯਾ ਵਿਗੜਸਾਕ ਉੱਤੋਂ ਗਈ ਕਾਰ ਭਾਈ
ਹੁਣ ਨਾਲ ਫ਼ਰੇਬ ਦੇ ਸੱਦ ਏਥੇ ਬਾਦਸ਼ਾਹ ਤੋਂ ਲੈ ਇਖ਼ਤਯਾਰ ਭਾਈ
ਕੈਦ ਕੀਤੇ ਹਵੇਲੀ ਦੇ ਵਿੱਚ ਲਿਆਕੇ ਹੋਈ ਸੁਣ ਕੇ ਬੜੀ ਲਾਚਾਰ ਭਾਈ
ਦਿੱਤਾਅੰਨਪਾਣੀਗੁਰਾਂਤਈਂ ਕੋਈ ਨ ਦਿਣ ਗੁਜ਼ਰਗਏ ਤਿੰਨਚਾਰ ਭਾਈ
ਖ਼ੂਨ ਸਿੱਖੀ ਵਾਲਾ ਜੋਸ਼ ਮਾਰ ਆਯਾ ਦਿਲ ਸੱਕਯਾ ਨਾਹਿੰ ਸਹਾਰ ਭਾਈ

*ਕਿਸੇ ਇਤਿਹਾਸਕਾਰ ਨੇ ਇਹ ਨਹੀਂ ਦੱਸਿਆ ਕਿ ਇਹ ਬੀਬੀ ਕਿੱਥੋਂ ਦੀ ਤੇ ਕਿਸ ਦੀ ਬੇਟੀ ਸ਼ੀ।

ਲੱਗੀਸਿੱਕ ਪਧਾਰੇ ਦੇ ਦਰਸ਼ਨਾਂਦੀ ਦੇਂਦੀਬਹਿਣ ਨਾਹੀਂ ਘਰ ਬਾਰ ਭਾਈ
ਰੱਬੀ ਜੋਤਦੇ ਕਰਾਂ ਦੀਦਾਰ ਛੇਤੀ ਚੋਰੀ ਕਰਨਲੱਗੀ ਆਹਰ ਪਾਹਰ ਭਾਈ
ਅੰਤ ਟੁਰ ਘਈਉੱਠ ਕਰਤਾਰਸਿੰਘਾ ਦਰਸ਼ਨਪਾਵਨੇ ਗੁਰੂਕਰਤਾਰ ਭਾਈ

(ਸਿੱਖ ਬੱਚੀ ਦਾ ਉੱਦਮ)

ਗਈ ਰਾਤ ਪ੍ਰਵਾਰ ਜਾ ਸੌਂ ਗਿਆ ਸੀ ਉੱਠੀਲੜਕੀ ਸਮਾਵਿਚਾਰ ਕਰਕੇ
ਥਾਲਲਿਆਪਕਵਾਨ ਦਾ ਨਾਲਸੋਹਣਾ ਘਰੋਂਨਿਕਲੀ ਹੌਂਸਲਾਧਾਰ ਕਰਕੇ
ਪਹਿਰੇਦਾਰਾਂ ਲਿਆ ਅਟਕਾਅੱਗੋਂ ਚੋਂਗਾਲੋਭ ਦਾ ਓਹਨਾਂ ਨੂੰ ਡਾਰ ਕਰਕੇ
ਅੰਦਰਲੰਘਗਈਓਹਕਰਤਾਰਸਿੰਘਾ ਰੋਈਵਿਹੰਦਯਾਂ ਹੀ ਭੁੱਬਾਂ ਮਾਰ ਕਰਕੇ

(ਪ੍ਰੇਮ)

ਉਹ ਪੰਜਵਾਂ ਪਾਤਸ਼ਾਹ ਗੁਰੂ ਸੱਚਾ ਉੱਤੇ ਨਰਮ ਗਦੇੱਲਯਾਂਬਹਿਨ ਵਾਲਾ
ਲੱਖਾਂ ਸਿੱਖਾਂ ਦੇ ਸਿਰਾਂ ਦਾ ਤਾਜਉੱਚਾ ਅੰਮ੍ਰਿਤਸਰਬੈਕੁੰਠ ਵਿੱਚਰਹਿਨ ਵਾਲਾ
ਰੁਲੇਲੱਛਮੀ ਜਿਸਦੇ ਵਿੱਚਕਦਮਾਂ ਸੁਖ਼ਨ ਆਬਿਹੱਯਾਤ ਸਮਕਹਿਨ ਵਾਲਾ
ਪੂਜਨੀਕ ਸੰਸਾਰ ਕਰਤਾਰ ਸਿੰਘਾ ਕਦੇ ਫੁੱਲ ਦੀ ਸੱਟ ਨ ਸਹਿਨ ਵਾਲਾ

(ਤਬਾ)

ਬਿਨ੍ਹਾਂਫ਼ਰਸ਼ ਤੋਂ ਭੁੰਏ ਹੀ ਪਿਆ ਹੋਇਆਓਹਮਾਲਕਬਰਕਤਾਂ ਭਾਰੀਆਂ ਦਾ

ਖ਼ੂਨਿ ਸ਼ਹੀਦਾਂ

ਅਰਥਾਤ

ਸਾੱਕਾ ਸ੍ਰੀ ਨਨਕਾਣਾ ਸਾਹਿਬ

ਕਿੰਨੇਦਿਨ ਲੰਘੇਬਿਨ੍ਹਾਂ ਅੰਨਪਾਣੀਡਿੱਠਾਹਾਲ ਉਸਕਹਿਰਗੁਜ਼ਾਰੀਆਂ ਦਾ
ਰੋਈ ਵੇਖ ਕੇ ਜਰ ਨ ਮੂਲ ਸੱਕੀ ਕਾਰਾ ਸੌਹਰੇ ਦੀਆਂ ਬਦਕਾਰੀਆਂ ਦਾ
ਢੱਠੀ ਚਰਨੀਂ ਜਾਇ ਕਰਤਾਰਸਿੰਘਾ ਬਣੀ ਰੂਪ ਮਾਨੋ ਆਹੋਜ਼ਾਰੀਆਂ ਦਾ

(ਬੀਬੀ)

ਮੈਂ ਸਤਿਗੁਰੋ ਸਿੱਖਾਂ ਦੀ ਹਾਂ ਬੇਟੀ ਦਿੱਤੀ ਆਣ ਨਸੀਬਾਂ ਨੇ ਹਾਰ ਮੈਨੂੰ
ਇਸ ਚੰਦਰੇ ਦੀ ਬਣੀ ਨੂੰਹ ਆ ਕੇ ਵੱਗੀ ਕਿਸੇ ਕੁਕਰਮ ਦੀ ਮਾਰ ਮੈਨੂੰ
ਅੱਜ ਸੁਣਯਾ ਆਪ ਦਾ ਹਾਲ ਸਾਰਾ ਔਖਾ ਲੰਘਣਾ ਹੋਯਾ ਅਹਾਰ ਮੈਨੂੰ
ਪਹੁੰਚੀ ਆਪ ਦੇ ਪਾਸ ਕਰਤਾਰਸਿੰਘਾ ਹੋਯਾਮੁਸ਼ਕਲਾਂ ਨਾਲਦੀਦਾਰ ਮੈਨੂੰ

(ਤਥਾ)

ਕਈਆਂਦਿਨਾਂ ਦੇ ਭੁੱਖੇਤਿਹਾਇ ਤੁਸੀਂਇਹਪ੍ਰਸ਼ਾਦਛੱਕੋ ਠੰਢਾਪੀਓ ਪਾਣੀ
ਮੇਰੀਜਿੰਦੜੀ ਨੂੰ ਠੰਢਪਏ ਗੁਰ ਜੀ ਮੈਂ ਭੀ ਭੁੱਖੀਤਿਹਾਈ ਹਾਂ ਹੁਣ ਤਾਣੀ
ਜਿੰਨਾਂ ਚਿਰ ਨ ਤੁਸੀਂ ਪ੍ਰਸ਼ਾਦ ਛੱਕੋ ਓੱਨਾਂ ਚਿਰ ਰੋਟੀ ਮੈਂ ਭੀ ਨਹੀਂ ਖਾਣੀ
ਪਏ ਰੱਬ ਦਾ ਕਹਿਰ ਕਰਤਾਰਸਿੰਘਾ ਇਹਨਸ਼ਟ ਹੋਇ ਚੰਦਰੀ ਊਤ ਢਾਣੀ

(ਸ੍ਰੀ ਗੁਰੂ ਜੀ)

ਸਾਡਾ ਪੁੱਤ੍ਰੀ ਫ਼ਿਕਰ ਨ ਕਰ ਮੂਲੋਂ ਵਿੱਚ ਭਾਣੇ ਦੇ ਸ਼ੁਕਰ ਮਨਾ ਰਹੇ ਹਾਂ
ਇਸ ਪਾਪੀ ਦਾ ਕੁਝ ਨਹੀਂ ਮੂੰਹ ਲਾਣਾ ਪ੍ਰਸੰਨ ਹੋ ਦਿਨ ਲੰਘਾ ਰਹੇ ਹਾਂ
ਇਹ ਏਸੇ ਤਰ੍ਹਾਂ ਭਾਣਾ ਵਰਤਣਾ ਏ ਮਰਜ਼ੀਆਪਣੀ ਕਰ ਕਰਵਾ ਰਹੇ ਹਾਂ
ਜ਼ੁਲਮ ਰਾਜ ਦੀਆਂ ਕਰਤਾਰ ਸਿੰਘਾ ਧੱਕਾ ਮਾਰ ਕੇ ਜੜ੍ਹਾਂ ਹਿਲਾ ਰਹੇ ਹਾਂ

(ਤਥਾ)

ਦਿਨ ਤਿੰਨ ਰਹਿ ਗਏ ਤੇਰੀਜ਼ਿੰਦਗੀ ਦੇ ਸਾਡੇਨਾਲ ਹੋ ਰਹੁ ਤੱਯਾਰ ਬੱਚੀ
ਮੁੱਕ ਗਿਆ ਹੈ ਕਰਮ ਸੰਜੋਗ ਸਾਰਾ ਹੋ ਗਿਆ ਹੈ ਖ਼ਤਮ ਵਿਹਾਰ ਬੱਚੀ
ਚੌਥੇ ਦਿਣ ਬੈਕੁੰਠ ਨੂੰ ਨਾਲ ਸਾਡੇ ਚਲੇ ਚੱਲਣਾ ਛੱਡ ਸੰਸਾਰ ਬੱਚੀ
ਜਾਹ ਕਰ ਆਰਾਮ ਕਰਤਾਰਸਿੰਘ ਸਾਡੇ ਫ਼ਿਕਰ ਨੂੰ ਦਿਲੋਂ ਵਿਸਾਰ ਬੱਚੀ

(ਵਾਕ ਕਵੀ)

ਕਰ ਅੰਤ ਦੀਦਾਰ ਨੂੰ ਚਲੀ ਗਈ ਮੋਹ ਮਾਯਾ ਦੀ ਸੁਰਤ ਵਿਸਾਰ ਬੈਠੀ
ਜੋ ਕੁਝ ਸੀ ਪਾਸ ਸੋ ਦਾਨ ਕੀਤਾ ਸੁਰਤ ਜੋੜ ਕੇ ਨਾਲ ਕਰਤਾਰ ਬੈਠੀ
ਮਨਸਤਿਗੁਰਾਂ ਦੇ ਚਰਨਾਂਵਿੱਚਜੁੜਯਾਖ਼ਾਲੀਦਿਹ ਹੀ ਵਿੱਚਪਰਵਾਰ ਬੈਠੀ
ਝੇੜੇ ਸਭ ਮੁਕਾਇ ਕਰਤਾਰ ਸਿੰਘਾ ਬਣ ਜੀਵਨ ਮੁਕਤ, ਤੱਯਾਰ ਬੈਠੀ

(ਚੰਦੂ)

ਇੱਕ ਦਿਨ ਸਵੇਰੇ ਹੀ ਆ ਪਾਪੀ ਕਹਿੰਦਾ ਅਜੇ ਭੀ ਵੇਲਾ ਬਚਾ ਦਿਆਂਗਾ
ਮੇਰੀ ਲੜਕੀ ਦਾ ਨੌਤਾ ਮੰਨ ਲਵੋ, ਹਾਂ, ਕਰੋ ਤੇ ਹੁਣੇ ਛੁਡਾ ਦਿਆਂਗਾ
ਬਾਦਸ਼ਾਹਦੇ ਵੱਲੋਂ ਜੋ ਡੰਨਲੱਗਾਉਹਭੀਸਾਰਾ ਹੀਮੁਆਫ਼ਕਰਵਾ ਦਿਆਂਗਾ
ਨਹੀਂ ਤਾਂ ਹੁਣੇਹੀ ਵੇਖ ਕਰਤਾਰਸਿੰਘਾ ਤੈਨੂੰਬਹੁਤ ਹੀ ਬੁਰੀਸਜ਼ਾ ਦਿਆਂਗਾ

(ਸ੍ਰੀ ਗੁਰੂ ਜੀ)

ਇੱਕ ਵਾਰ ਜਿਹੜੀ ਤੈਨੂੰ ਆਖ ਚੁੱਕੇ ਓਹੋ ਹੁਣਤੇ ਓਹੋ ਹੀ ਫੇਰ ਜ਼ਾਲਿਮ
ਘੜੀਮੁੜੀ ਕਾਹਨੂੰ ਪਿਆ ਆਖਦਾਹੈਂਝੂਠੇ ਪਿਆ ਕਰੇਂ ਹੇਰ ਫੇਰ ਜ਼ਾਲਿਮ
ਅਸਾਂ ਸਿੱਖਾਂਦਾਫ਼ੈਸਲਾ ਤੋੜਨਾ ਨਹੀਂ ਹਿੱਲ ਥਾਂ ਤੋਂ ਜਾਇਸੁਮੇਰ ਜ਼ਾਲਿਮ
ਸਾਨੂੰ ਦੇਹ ਦੇ ਨਾਲ ਪਿਆਰ ਕੋਈ ਨ ਜੋ ਚਾਹਿੰ ਮਚਾਲੈ ਅੰਧੇਰ ਜ਼ਾਲਿਮ
ਇਹ ਤੈਨੂੰ ਹੀ ਅੰਤ ਨੂੰ ਚੁੱਭਣੇ ਨੇ ਜਿੰਨੇ ਚਾਹਿੰ ਤੂੰ ਕੰਡੇ ਖਲੇਰ ਜ਼ਾਲਿਮ
ਬੇੜਾ ਰਾਜ ਦਾ ਡੋਬ ਕਰਤਾਰ ਸਿੰਘਾ ਛੇਤੀ ਕਰ ਤੇ ਲਾ ਨ ਦੇਰ ਜ਼ਾਲਿਮ

(ਸ੍ਰੀ ਗੁਰੂ ਜੀ ਨੂੰ ਉਬਲਦੀ ਦੇਗ ਵਿੱਚ ਬੈਠਾਲਣਾ)

ਦੇਂਦਾ ਹੁਕਮ ਚੰਡਾਲ ਉਹ ਨੌਕਰਾਂਨੂੰ ਵੱਡੀਅੱਗ ਤੇ ਦੇਗ਼ ਚੜ੍ਹਾਉ ਜਲਦੀ
ਪਾਨੀ ਤਪਕੇ ਅੱਗ ਦੇ ਵਾਂਗ ਹੋਵੇ ਇਹ ਨੂੰ ਫੜਕੇ ਵਿੱਚ ਬੈਠਾਉ ਜਲਦੀ
ਦੁਨੀਆਂ ਵਿੱਚ ਮੇਰਾਵੈਰੀ ਇਹੋਵੱਡਾ ਜਿੰਨਾ ਪੁੱਜਦਾ ਦੁੱਖ ਪੁਚਾਉ ਜਲਦੀ
ਮੇਰਾ ਮੰਨਕੇ ਹੁਕਮ ਕਰਤਾਰ ਸਿੰਘਾ ਮੈਨੂੰ ਨਰਕਾਂ ਵਿੱਚ ਸੁਟਾਉ ਜਲਦੀ

(ਤਥਾ)

ਓਸੇ ਵਕਤ ਹੋਗਈ ਤਾਮੀਲ ਸਾਰੀ ਪਾਨੀ ਅੱਗਦੇ ਵਾਂਗ ਤਪਾਯਾ ਗਿਆ
ਸਤਿਗੁਰਾਂ ਨੂੰਲੱਗੇ ਬੈਠਾਉਨਜਦੋਂ ਸਿੱਖਾਂਪਾਸੋਂ ਨ ਜ਼ਬਤ ਰਖਾਯਾ ਗਿਆ
ਜੇਠਾ ਦੌੜਕੇ ਸਾਮ੍ਹਣੇ ਆਇਗਿਆ ਓਹਨੂੰ ਮਾਰਕੇਪਿਛ੍ਹਾਂ ਹਟਾਯਾ ਗਿਆ
ਬੱਸ ਜੇਠਯਾ ਬੈਠ ਰਹੁ ਥਾਂ ਓਸੇ ਇੱਕ ਰਮਜ਼ਦੇ ਨਾਲ ਸਮਝਾਯਾ ਗਿਆ
ਸਤਿਗੁਰੂਜੀ ਦੇਗਦੇਵਿੱਚ ਬਹਿਗਏ ਥੱਲੇਅੱਗਬਾਲਣਹੋਰਡਾਹਯਾ ਗਿਆ
ਪਾਨੀਤਪਕੇ ਅੱਗਦਾ ਰੂਪ ਬਣਯਾਂ ਸਤਿਗੁਰਾਂ ਦਾ ਹਠ ਅਜ਼ਮਾਯਾ ਗਿਆ
ਜਿਵੇਂ ਬਾਹਰ ਬੈਠੇ ਤਿਵੇਂਵਿੱਚਬੈਠੇ ਸਭਦਿਹ ਅੱਧਯਾਸ ਮਿਟਾਯਾ ਗਿਆ
ਉਹ ਕੋਮਲ ਸਰੀਰ ਕਰਤਾਰਸਿੰਘਾ ਚੌਲਾਂਵਾਂਗ ਉਬਾਲ ਦਿਖਾਯਾ ਗਿਆ

(ਸ੍ਰੀ ਗੁਰੂ ਜੀ ਦੀ ਦੇਹੀ ਤੇ ਤੱਤੀ ਰੇਤ ਪਾਈ ਜਾਂਣੀ)

ਦਿਨ ਦੂਸਰੇ ਭੱਠ ਭਖਵਾ ਜ਼ਾਲਮ ਰੇਤ ਅੱਗਦੇ ਵਾਂਗ ਤਪਵਾਨ ਲੱਗਾ

ਆਪ ਪਾਸ ਖਲੋਕੇ ਭਰ ਕੜਛੇ ਨਰਮ ਬਦਨ ਦੇ ਉੱਤੇ ਪਵਾਨ ਲੱਗਾ
ਜਿਸਮ ਵਾਂਗ ਮਕੱਈ ਦੇ ਫੁਲਯਾਂ ਦੇ ਹੋਕੇ,ਜ਼ੁਲਮ ਨਿਸ਼ਾਨ ਦਿਖਾਨ ਲੱਗਾ
ਏਸ ਕਹਿਰ ਨੂੰ ਵੇਖ ਕਰਤਾਰ ਸਿੰਘਾ ਆਫ਼ਤਾਬ ਭੀ ਖਰਥੱਰਾਨ ਲੱਗਾ

(ਤਥਾ)

ਤਪੇਜੇਠ ਦੁਪਹਿਰ ਤੇਕਹਿਰ ਵਰਤੇ ਵੇਖੋਕਹਿਰ ਤੇਕਹਿਰ ਵਰਤਾਈ ਜਾਂਦੇ
ਫੁੱਲਾਂਨਾਲੋਂਭੀ ਨਰਮਜੋਜਿਸਮਹੈਸੀ ਗਰਮ ਅੱਗਰੇੱਤਾ ਉੱਤੇਪਾਈ ਜਾਂਦੇ
ਸੂਰਜਕਹਿਰਨੂੰ ਵੇਖਕੇ ਠਹਿਰਗਿਆ ਉਡਦੇਪੰਛੀਭੀਪਾਂਦੇ ਦੁਹਾਈ ਜਾਂਦੇ
ਤੱਤੀਰੇਤਪੈਂਦੀ ਸਹਿੰਦੀਕਸ਼ਟਦੇਹੀ ਗੁਰ'ਸ਼ੁਕਰ'ਦਾ ਬੋਲਾ ਸੁਣਾਈ ਜਾਂਦੇ

ਇੱਕਇਕ ਪਸੀਨੇਦੀ ਬੂੰਦਡਿੱਗੀ ਉਹਕੁਰਬਾਨੀਆਂ ਲੱਖਾਂਸਿਖਾਗਈ ਸੀ
ਸਬਰਸ਼ੁਕਰਦੀ ਬਾਤ ਬਰਸਾਤਹੋਕੇ ਅੰਤ ਜ਼ੁਲਮ ਦੀ ਅੱਗ ਬੁਝਾਗਈ ਸੀ

(ਵਾਕ ਕਵੀ)

ਕੱਚੇ ਜੌਂ ਹੁੰਦੇ ਪਾਣੀ ਵਾਂਗ ਗਿੱਲੇ ਰੇਤ ਭੱਠ ਦੀ ਪੈਂਦੀ ਜਲਾ ਜਾਂਦੀ
ਬੇਜ਼ਬਾਨ ਦਾਣੇ ਉਹਦੁਹਾਈ ਪਾਂਦੇ ਪੈਂਦੀ ਜਿਸਮ ਦਾ ਲਹੂ ਸੁਕਾ ਜਾਂਦੀ
ਉਹ ਰੇਤ ਪੈ ਰਹੀ ਨਰਮ ਬਦਨ ਉੱਤੇ ਸਾਰੀ ਖੱਲੜੀ ਫੁੱਲ ਫੁਲਾ ਜਾਂਦੀ
ਸਤਿਗੁਰੂ ਜੀ ਸ਼ਾਂਤ ਅਡੋਲ ਰਹੇ ਲਰਜ਼ਾ ਧਰਤ ਭੀ ਵੇਖਕੇ ਖਾ ਜਾਂਦੀ
ਕੱਢੀ ਹਾਇ ਤੇ ਸੀ ਨ ਮੂਲ ਮੂੰਹੋਂ ਏਸੇ ਤਰ੍ਹਾਂ ਹੀ ਘੜੀ ਵਿਹਾ ਜਾਂਦੀ
ਚੱਲ ਸਬਰ ਦੀ ਲਹਿਰ ਕਰਤਾਰਸਿੰਘਾ ਬੇੜਾ ਚੰਦੂ ਦਾ ਸ਼ਹੁ ਰੁੜ੍ਹਾ ਜਾਂਦੀ

(ਸ੍ਰੀ ਗੁਰੂ ਜੀ ਨੂੰ ਤੱਤੀ ਲੋਹ ਤੇ ਬੈਠਾਯਾ ਜਾਣਾ)

ਸਾਰਾਜਿਸਮ ਛਾਲੋਛਾਲਾ ਹੋਇ ਗਿਆ ਰੱਖ ਹੌਂਸਲਾ ਗੁਰੂ ਦਿਖਾਨ ਵਧਕੇ
ਅਗਲੇਦਿਨ ਚੰਦੂਜ਼ਾਲਮ ਫੇਰਆਯਾ ਲੱਗਾਹੋਰਹੀ ਜ਼ੁਲਮ ਕਮਾਨ ਵਧਕੇ
ਅੱਗ ਵਾਂਗ ਤਪਾਇਕੇ ਲੋਹ ਤੱਤੀ ਦੁਖ ਦੇਣ ਲੱਗਾ ਬੇਈਮਾਨ ਵਧਕੇ
ਉੱਤੇ ਗੁਰੂ ਬੈਠਾਇ ਕਰਤਾਰ ਸਿੰਘਾ ਲੱਗਾ ਬੋਲਣੇ ਬਦਜ਼ਬਾਨ ਵਧਕੇ

(ਚੰਦੂ)

ਵੇਖਾਲਆਜੇ ਮੈਂਕੁੱਤਾਕਿਸਤਰ੍ਹਾਂ ਦਾ, ਨੌਹੀਂ ਡਿੱਠਾ ਤੇ ਹੋਰ ਦਿਖਾਇ ਦੇਵਾਂ
ਵੇਲਾ ਅਜੇਭੀ ਸਾਕ ਮਨਜ਼ੂਰ ਕਰਲੌ ਹੁਣੇ ਕਸ਼ਟ ਤੋਂ ਜਿੰਦ ਬਚਾਇ ਦੇਵਾਂ
ਨਹੀਂਤਾਂ ਏਸਤੋਂਭੀ ਦੁੱਖਬਹੁਤ ਦੇਇ ਕੇ ਕੋਹਿ ਕੋਹਿਕੇਜਿੰਦ ਖਪਾਇ ਦੇਵਾਂ
ਤੈਨੂੰ ਮਾਰਕੇ ਪਿੱਛੋਂ ਕਰਤਾਰ ਸਿੰਘਾ ਤੇਰੇ ਪੁੱਤ ਨੂੰ ਸਖ਼ਤ ਸਜਾਇ ਦੇਵਾਂ

(ਵਾਕ ਕਵੀ)

ਸਤਿਗੁਰਾਂ ਨ ਤੱਕਯਾ ਦੁਸ਼ਟ ਵੱਲੇ ਨਿਗ੍ਹਾਆਪਣੀਸੀ ਨੀਵੀਂ ਪਾਈ ਰੱਖੀ
ਕੋਈ ਤਰ ਜੁਵਾਬ ਨ ਮੂਲ ਦਿੱਤਾ ਸੁਰਤ ਵਿੱਚ ਸਰੂਪ ਟਿਕਾਈ ਰੱਖੀ
ਤਲੀਆਂਸੜਕੇਝੁਰੜੀਆਂਬੱਝ ਗਈਆਂਧੀਰਜਸਤਿਗੁਰਾਂਦੂਣਸਵਾਈ ਰੱਖੀ
ਝੱਲੇ ਬਹੁਤ ਹੀ ਕਸ਼ਟ ਕਰਤਾਰਸਿੰਘਾ ਭਾਰੀਅਜ਼ਮਤ ਗੁਰਾਂਛੁਪਾਈ ਰੱਖੀ

(ਤਥਾ)

ਲਰਜ਼ਾਆਯਾਲਾਹੌਰਦੀਸ਼ਾਹੀਅੰਦ੍ਰਦਿਲੀਦਹਿਲੀਤੇ ਸਾਰਾ ਜਹਾਨ ਡਰਯਾ
ਕੰਬੀਧਰਤਤੇ ਪਰਬਤਾਂਗੂੰਜ ਖੱਧੀ ਪੀਲਾ ਰੰਗ ਪਿਆ ਆਸਮਾਨ ਡਰਯਾ
ਆਫ਼ਤਾਬ ਬੇਤਾਬ ਹੋ ਕੰਬ ਰਿਹਾ ਛਾਯਾ ਖ਼ੌਫ਼ ਇਨਸਾਨ ਹੈਵਾਨ ਡਰਯਾ
ਡਰੀ ਨਜ਼ਰਆਉਂਦੀਮਖ਼ਲੂਕਾਤਸਾਰੀਹਠੀਇੱਕ ਨ ਚੰਦੂ ਦੀਵਾਨ ਡਰਯਾ

ਹੋਯਾਬਾਦਸ਼ਾਹੀਵਿੱਚਜ਼ੁਲਮ ਭਾਰਾ ਜਹਾਂਗੀਰ ਭੀ ਹੋਇ ਦਿਲਗੀਰ ਬੈਠਾ
ਕਿਉਂ ਨ ਜ਼ਿਮੀਅਸਮਾਨਨੂੰਅੱਗਲੱਗੀ ਤੱਤੀਲੋਹ ਤੇ ਪੀਰਾਂਦਾ ਪੀਰ ਬੈਠਾ

(ਤਥਾ)

ਧਰਤੀਧਸਕਜਾਂਦੀਖਾਂਦੀਸ਼ੋਹਗੋੱਤਾ ਅੱਗਲੱਗਦੀਜ਼ਿਮੀਂਅਸਮਾਨ ਅੰਦਰ
ਸ਼ਾਹੀਗ਼ਰਕਦੀਫਰਕਦੀਅੱਖਪਿੱਛੋਂਰੁੜ੍ਹਦੇਲਾਉਲਸ਼ਕਰਪੈਤੂਫ਼ਾਨ ਅੰਦਰ
ਕਹਿਰਵਰਤਜਾਂਦਾ ਸਮਾਂਪਰਤਜਾਂਦਾ ਭੜਕਉੱਠਦੀ ਅੱਗ ਜਹਾਨ ਅੰਦਰ
ਬਿਨ੍ਹਾਂਸ਼ੁਕ੍ਰ ਕ੍ਰਤਾਰਜੇਗੁਰੂਸਾਹਿਬਲਿਆਉਂਦੇਸ਼ਬਦਕੋਈਹੋਰਜ਼ਬਾਨ ਅੰਦਰ

ਮਾਲਕਸ਼ਕਤੀਆਂਦਾਬੈਠਾਲੋਹ ਉੱਤੇ ਸਬਰਸ਼ੁਕਰਦਾਸਬਕਸਿਖਾਨ ਖ਼ੱਤਰ
ਖ਼ੂਨ ਹੋ ਪਸੀਨੇ ਦੀ ਸ਼ਕਲ ਟੁਰਯਾ ਦੇਸੋਂਜ਼ੁਲਮ ਦੀ ਅੱਗਬੁਝਾਨ ਖ਼ੱਤਰ

(ਤਥਾ)

ਨ ਉਹ ਸ਼ਾਹੀ ਗੁਮਰਾਹੀ ਦੀ ਬਾਤਰਹੀ ਨ ਰਹੇ ਉਹਜ਼ੁਲਮ ਕਮਾਨ ਵਾਲੇ
ਕਿਲ੍ਹੇ ਕੋਟ ਖੱਲੀ ਬਿਨ੍ਹਾਂ ਰਹੇ ਵੱਲੀ ਲੱਦ ਗਏ ਉਹ ਜ਼ੋਰ ਜਤਾਨ ਵਾਲੇ
ਤੀਰਸਬਰ ਦਾ ਗਿਆ ਖ਼ਤਾ ਨ ਉਹ ਕਾਮਲਪੀਰਸਨ ਆਪਚਲਾਨ ਵਾਲੇ
ਬੈਠਾਵਿੱਚਨਿਸ਼ਾਨੇ ਦੇ ਠੀਕ ਜਾਕੇਮੂੰਹ ਦੇ ਭਾਰਡਿੱਗੇ ਜ਼ਾਲਿਮ ਸ਼ਾਨ ਵਾਲੇ

ਮਰ ਮਿਟਨਵਾਲੇ ਲੱਖਾਂ ਹੋਇ ਪੈਦਾ ਜਿਨ੍ਹਾਂ ਪੀਤਾ ਸ਼ਹੀਦੀ ਦਾ ਜਾਮ ਤੇਰਾ
ਦੁਨੀਆਂ ਵਿੱਚ ਤ੍ਹਾਹੀਏਂ ਕਰਤਾਰਸਿੰਘਾ ਉੱਚਾ ਵਿੱਚਸ਼ਹੀਦਾਂ ਦੇ ਨਾਮ ਤੇਰਾ

(ਦੁਸ਼ਟ ਚੰਦੂ ਨੇ ਸ੍ਰੀ ਗੁਰੂ ਜੀ ਨੂੰ ਗਊ ਦੀ ਕੱਚੀ ਖੱਲ ਵਿੱਚ ਬੰਦ ਕਰਨ ਦਾ ਹੁਕਮ ਦੇਣਾ)

ਏਡੇ ਕਸ਼ਟ ਭੀ ਝੱਲ ਨ ਗੁਰੂ ਡੋਲੇ ਤਦ ਹੋਰ ਹੀ ਹੁਕਮ ਚੜ੍ਹਾਇ ਚੰਦੂ
ਖੱਲ ਗਊ ਦੀ ਸੱਜਰੀ ਲੈ ਆਵੋ ਹੁਕਮ ਨੌਕਰਾਂ ਤਈਂ ਸੁਣਾਇ ਚੰਦੂ
ਵਿੱਚ ਓਸ ਦੇ ਏਸ ਨੂੰ ਬੰਦ ਕਰਕੇ ਦਿਹੋ ਮਾਰ ਅਖ਼ੀਰ ਜਤਾਇ ਚੰਦੂ
ਗੁਰਾਂ ਵੇਖਯਾ ਅੰਤ ਕਰਤਾਰ ਸਿੰਘਾ ਗਿਆਨੀਚਤਾ ਦੇ ਉੱਤੇ ਆਇ ਚੰਦੂ

(ਸ੍ਰੀ ਗੁਰੂ ਜੀ ਨੇ ਰਾਵੀ ਤੇ ਅਸ਼ਨਾਨ ਕਰਨ ਜਾਣਾ)

ਗੁਰਾਂ ਆਖਯਾ ਰਾਵੀ ਅਸ਼ਨਾਨ ਕਰਕੇ ਤੇਰੀ ਗੱਲ ਤੇ ਫੇਰਵਿਚਾਰ ਕਰੀਏ
ਚੰਦੂ ਚੰਦਰਾ ਬੜਾ ਹੀ ਖ਼ੁਸ਼ ਹੋਯਾ ਕਹਿੰਦਾ ਜਲਦਅਸ਼ਨਾਨ ਸਵਾਰ ਕਰੀਏ
ਓਸੇ ਵਕਤ ਹੀ ਨਾਲ ਸਿਪਾਹੀ ਦਿੱਤੇ ਤਕੜਾਈ ਹੋ ਕੇ ਹੁਸ਼ਯਾਰ ਕਰੀਏ
ਗੁਰੂਨਿਕਲੇ ਬਾਹਰ ਕਰਤਾਰਸਿੰਘਾਕਹਿੰਦੇ ਅੱਜਲੇੱਖਾ ਸਾਰਾਪਾਰ ਕਰੀਏ

(ਤਬਾ)

ਓਸਦੁਸ਼ਟ ਦੇ ਘਰ ਤੋਂ ਬਾਹਰਨਿਕਲੇ ਪੰਜਸਿੱਖ ਭੀ ਨਾਲਹੀ ਜਾਵੰਦੇ ਨੇ
ਪੈਰ ਜ਼ਿਮੀਂ ਤੇ ਲੱਗਦੇ ਮੂਲ ਨ ਸੀ ਬੜੀਆਂ ਮੁਸ਼ਕਲਾਂ ਨਾਲਰਖਾਵੰਦੇ ਨੇ
ਹੱਥ ਰੱਖ ਲੰਗਾਹੇ ਦੇ ਮੋਢੇ ਉੱਤੇ ਹੌਲੀ ਹੌਲੀ ਗੁਰ ਪੈਰ ਉਠਾਵੰਦੇ ਨੇ
ਪੰਜ ਦਿਨ ਹੋਇ ਅੰਨ ਪਾਣੀ ਖੂਣੋਂ ਅੰਗ ਸਿਥਲੇ ਹੋਏ ਦਿਸਾਵੰਦੇ ਨੇ
ਵੇਖ ਗੁਰਾਂ ਨੂੰ,ਸਿੱਖ ਹੈਰਾਨ ਰਹਿ ਗਏ ਢਹਿ ਚਰਨੀਂ ਸੀਸ ਝੁਕਾਵੰਦੇ ਨੇ
ਨਿਕਲਛੋਟੇ ਦਰਵਾਜ਼ਯੋਂ ਬਾਹਰਗਏ ਰਾਵੀਕੰਢੇ ਜਾ ਕੇ ਆਸਣਲਾਵੰਦੇ ਨੇ
ਬਿਧੀ ਚੰਦ ਨੂੰ ਪਾਸ ਬੈਠਾਲ ਲਿਆ ਭੇਦ ਓਸ ਨੂੰ ਸਾਰੇ ਜਤਾਵੰਦੇ ਨੇ
ਅਸਾਂ ਹੁਣੇ ਹੀ ਦਿਹ ਤਿਆਗ ਦੇਣੀ ਕਰਨੀਜਲ ਪਰਵਾਹ,ਸਮਝਾਵੰਦੇ ਨੇ
ਤੁਸਾਂ ਅੰਮ੍ਰਤਸਰ ਨੂੰ ਚਲੇ ਜਾਣਾ ਰਹਿਣਾ ਓਥੇ ਹੀ ਗੁਰੂ ਫ਼ਰਮਾਵੰਦੇ ਨੇ
ਬੜੇ ਹੋਵਣੇ ਖੇਲ ਕਰਤਾਰ ਸਿੰਘਾ ਤੁਸੀਂ ਵੇਖਣੇ ਸਭ ਸੁਣਾਵੰਦੇ ਨੇ

(੨੨ ਜੇਠ,ਸੁਦੀ ਚੌਥ ਸ਼ੁਕਰਵਾਰ ਸ੍ਰੀ ਗੁਰੂ ਜੀ ਨੇ ਜੋਤੀ ਜੋਤ ਸਮਾਉਣਾ)

ਹੋਰ ਕਈ ਗੱਲਾਂ ਸਮਝਾ ਕਰਕੇ ਗੁਰਾਂ ਰਾਵੀ ਦੇ ਵਿੱਚ ਅਸ਼ਨਾਨ ਕੀਤਾ
ਬਾਹਰ ਬੈਠ ਕੇ ਜਪੁਜੀ ਸਾਹਿਬ ਜੀ ਦਾ ਸਾਰਾ ਪਾਠ ਗੁਰੂਭਗਵਾਨ ਕੀਤਾ
ਫੇਰ ਲੇਟ ਗਏ ਓਸੇ ਘਾਹ ਉੱਤੇ ਸ੍ਵੈ ਸਰੂਪ ਦਾ ਖ਼ਾਸ ਧਯਾਨ ਕੀਤਾ
ਦਿਹ ਛੱਡ ਗਏ ਸਰਪ ਦੀ ਕੁੰਜ ਵਾਂਗੂੰ ਬੈਕੁੰਠ ਦੇ ਵੱਲ ਪਯਾਨ ਕੀਤਾ
ਪੰਜੇ ਵੇਖਦੇ ਸਿੱਖ ਹੈਰਾਨ ਹੋ ਗਏ ਸਤਿਗੁਰਾਂ ਇਹ ਖੇਲ ਮਹਾਨ ਕੀਤਾ
ਭੰਨ ਠੀਕਰਾ ਦਿਹ ਕਰਤਾਰ ਸਿੰਘਾ ਝੂਠਾ ਚੰਦਰਾ ਚੰਦੂ ਦੀਵਾਨ ਕੀਤਾ

(ਵਾਕਕਵੀ)

ਗੁਰੂ ਦਿਹ ਦਾ ਠੀਕਰਾ ਭੰਨ ਕਰਕੇ ਜੋਤੀ ਜੋਤ ਦੇ ਵਿੱਚ ਸਮਾਇ ਗਏ
ਬਾਈ ਜੇਠ ਤੇ ਸੁਦੀ ਦੀ ਚੋਥ ਹੈਸੀ ਸਤਿਗੁਰੂ ਜੀ ਭਾਣਾ ਵਰਤਾਇ ਗਏ
ਸਿੱਖਾਂ ਦਿਹ ਦਰਯਾ ਪਰਵਾਹ ਕੀਤੀ ਆਪ ਅੰਮ੍ਰਿਤਸਰ ਨੂੰ ਆਇ ਗਏ
ਕੀਤੇ ਚੰਦੂ ਦੀਵਾਨ ਦੇ ਪਾਪ ਭਾਰੇ ਬਾਦਸ਼ਾਹੀ ਦੀ ਜੜ੍ਹ ਹਿਲਾਇ ਗਏ
ਸ੍ਰੀ ਹਰਿਗੋਬਿੰਦ ਨੂੰ ਦੱਸਯਾ ਆ ਗ਼ਮ ਵਿੱਚ ਪ੍ਰਵਾਰ ਦੇ ਛਾਇ ਗਏ
ਹੋਯਾ ਕਹਿਰ ਇਹ ਬੜਾ ਕਰਤਾਰ ਸਿੰਘਾ ਗੁਰ ਸ਼ਾਂਤ ਸਰੂਪ ਸਤਾਇ ਗਏ

(ਚੰਦੂ ਦੀ ਨੂੰਹ ਦਾ ਮਰਨਾ)

ਓਧਰਚੰਦੂਦੀ ਨੂੰਹ ਭੀ ਵਕਤਓਸੇਸਦਾਲਈ ਉਸਘਰੋਂ ਛੁਟਕਾਰ ਪਾ ਗਈ
ਸਿੱਖੀਸਿੱਦਕ ਨੂੰ ਪੂਰਾ ਨਿਬਾਹਿਗਈ ਅਤੇ ਯੱਸ ਭੀ ਵਿੱਚਸੰਸਾਰ ਪਾ ਗਈ
ਹਾਹਾਕਾਰ ਮੱਚੀਘਰ ਦੁਸ਼ਟ ਦੇ ਭੀ ਸਿਰ ਸੌਹਰੇ ਦੇ ਨਿੰਦਾ ਦੀਛਾਰ ਪਾ ਗਈ
ਆਪਮੁਕਤ ਹੋ ਗਈ ਕਰਤਾਰਸਿੰਘਾ ਚੰਦੂ ਚੰਦਰੇ ਨੂੰ ਫਿਟਕਾਰ ਪਾ ਗਈ

(ਸ੍ਰੀ ਅੰਮ੍ਰਿਤਸਰ)

ਅੰਮ੍ਰਿਤਸਰ ਦੇ ਵਿੱਚ ਜਦ ਖ਼ਬਰਪਹੁੰਚੀ ਸਿੱਖਸੰਗਤਾਂ ਸੋਗ ਮਨਾਯਾ ਬਹੁਤਾ
ਗਾਲ੍ਹਾਂ ਦੇਵੰਦੇ ਚੰਦੂ ਤੇ ਬਾਦਸ਼ਾਹ ਨੂੰ ਰਲਦੋਹਾਂ ਨੇ ਕਹਿਰ ਕਮਾਯਾ ਬਹੁਤਾ
ਸੁਣਸੁਣ ਕੇ ਹੋਯਾ ਪਰਿਵਾਰ ਕੱਠਾ ਦੁੱਖ ਵਿੱਚ ਘਰ ਬਾਰ ਦੇ ਛਾਯਾ ਬਹੁਤਾ
ਸ੍ਰੀ ਹਰਿਗੋਬਿੰਦ ਜੀ ਨਾਲ ਧੀਰਜ ਸੋਗ ਤਜੋ ਕੁਟੰਬ ਸਮਝਾਯਾ ਬਹੁਤਾ
ਸਭ ਕੁਝ ਹੀ ਸੁਣਯਾਂ ਨਾਲ ਧੀਰਜ ਰੱਖ ਹੌਂਸਲਾ ਹੈ ਸੀ ਦਿਖਾਯਾ ਬਹੁਤਾ
ਏਸ ਸਾਕੇ ਤੋਂ ਸਮਝ ਕਰਤਾਰ ਸਿੰਘਾ ਜੋਸ਼ ਸੰਗਤਾਂ ਵਿੱਚ ਸਮਾਯਾ ਬਹੁਤਾ

(ਵਾਕ ਕਵੀ)

ਇਹਪਹਿਲੀਕੁਰਬਾਨੀਲਾਸਾਨੀਹੋਈਸਿੱਖਪੰਥਦੀ*ਕਾਯਾਂਪਲਟਾ ਗਈਸੀ

---

*ਸਯਦ ਮੁਹੰਮਦ ਲਤੀਫ਼ ਬਾਵਜੂਦ ਬੜਾ ਕੱਟਰ ਮੁਸਲਮਾਨ ਲਿਖਾਰੀ ਹੋਣ ਦੇ ਭੀ ਸ੍ਰੀ ਗੁਰੂ ਅਰਜਨਦੇਵ ਜੀਦੀ ਕੁਰਬਾਨੀ ਦਾ ਜੋ ਅਸਰ ਸਿੱਖਾਂ ਤੇ ਪਿਆ ਉਸਨੂੰ ਇਸਤਰ੍ਹਾਂਲਿਖਿਆਹੈ:—

The death of Guru Arjan is a great turning point of the history of the Sikh Nation, for it inflamed the religious passion of the Sikhs, and it was at this time that those seeds of hataredof the musalman power were sown which took such deep rost in the minds of all the faithfull followers of Nanak:—Page 254.

ਭਾਵ:—ਸ੍ਰੀ ਗੁਰੂ ਅਰਜਨ ਦੇਵ ਜੀ ਦਾ ਅਕਾਲ ਚਲਾਣਾ ਸਿੱਖ ਤਵਾਰੀਖ਼ ਵਿਖੇ ਇੱਕ ਬੜਾ ਭਾਰੀ ਇਨਕਲਾਬ ਹੋਯਾ ਹੈ, ਕਿਉਂਕਿ ਇਸ ਚਲਾਣੇ ਦੇ ਕਾਰਨ ਸਿੱਖਾਂ ਦੇ ਮਜ਼ਬੀ ਜਜ਼ਬਾਤ ਭੜਕ ਉੱਠੇ ਸਨ; ਅਤੇ ਇਹੋ ਹੀ ਇੱਕ ਵਕਤ ਸੀ ਜਦੋਂ ਕਿ ਮੁਸਲਮਾਨ ਸ਼ਾਹੀ ਦੇ ਵਾਸਤੇ ਸ੍ਰੀ ਗੁਰੂ ਨਾਨਕ ਦੇਵ ਦੇ ਸਿੱਖਾਂ ਅੰਦਰ ਨਫ਼ਰਤ ਦਾ ਬੀਜ ਬੀਜਿਆ ਗਿਆ।

ਸ੍ਰੀ ਹਰਿਗੋਬਿੰਦ ਦੇ ਦਿਲ ਅੰਦਰ ਦੰਡ ਦੇਣ ਦੀ ਗੱਲ ਸਮਾ ਗਈ ਸੀ
ਮਾਲਾ ਫੇਰੂਆਂ ਸਿੱਖਾਂ ਦੇ ਖ਼ੂਨਤਾਈਂ ਜੋਸ਼ ਦੇਇਕੇ ਬਹੁਤਭੜਕਾ ਗਈ ਸੀ
ਸ਼ਾਂਤ ਰਸ ਦੇ ਨਾਲ ਹੀ ਝੱਟ ਦੇਕੇ ਬੀਰ ਰਸ ਲਿਆਇ ਬੈਠਾ ਗਈ ਸੀ
ਜੋਹਰਛੱਤਰੀ ਪੁਨੇ ਦੇ ਪ੍ਰਗਟ ਹੋ ਪਏ ਜੰਗਾਂਯੁੱਧਾਂ ਦੀ ਨੀਂਹਰਖਾ ਗਈ ਸੀ
ਮਾਲਾ ਜੀਤ ਤੇ ਰੱਖ ਕਰਤਾਰ ਸਿੰਘਾ ਹੱਥ ਤੇਜ਼ ਤਲਵਾਰ ਫੜਾ ਗਈ ਸੀ

(ਤਥਾ)

ਸ੍ਰੀ'ਅਰਜਨ ਪ੍ਰਕਾਸ਼'ਹੋ ਗਿਆ ਪੂਰਾਜਿਵੇਂ ਬੁੱਧ ਸੀ ਤਿਵੇਂ ਲਿਖਾਇ ਦਿੱਤਾ
ਜੀਵਨ ਅਰਜਨਦੇਵ ਸਤਿਗੁਰੂ ਜੀ ਦਾ ਸੋਹਣਾਕਰਕੇ ਖੋਜ ਬਣਾਇ ਦਿੱਤਾ
ਲਿਖੇ ਲੋੜ ਅਨੁਸਾਰ ਪ੍ਰਸੰਗ ਸਾਰੇ ਗੁੰਦ ਲੜੀਆਂ ਹਾਰ ਪੁਰਾਇ ਦਿੱਤਾ
ਪੰਥ ਕਰੇ ਮੰਨਜ਼ੂਰ ਕਰਤਾਰ ਸਿੰਘਾ ਭੇਟਾ ਇਹ ਭੀ ਗ੍ਰੰਥ ਰਖਾਇ ਦਿੱਤਾ

(ਤਥਾ)

ਇਹ ਗੁਰੂ ਵੈਸਾਖ'ਦੀ ਠਾਹਰਵੀਂ ਨੂੰ ਵਦੀ ਸੱਤਮੀ ਤੇ ਮੰਗਲਵਾਰ ਸਮਝੋ
ਸੋਲਾਂ ਸੌ ਉੱਤੇ ਦਸ ਸਾਲ ਗਏ ਰਾਜੇ ਬਿਕ੍ਰਮਾਜੀਤ ਦੇ ਸਾਰ ਸਮਝੋ
ਪੰਦਰਾਂ ਸੌ ਚੁਰੰਜਵਾਂ ਈਸਵੀ ਸੀ ਹਿਜਰੀ ਨੌ ਸੌ ਬਿਆਸੀ ਵਿਚਾਰ ਸਮਝੋ
ਨਾਨਕਸ਼ਾਹੀ ਚੋਰਾਸੀਏਂ ਸਾਲ ਅੰਦਰ ਗੋਇੰਦਵਾਲਧਰਯਾਅਵਤਾਰ ਸਮਝੋ
ਮਾਤਾ ਭਾਨੀ ਗੁਰੂ ਰਾਮਦਾਸ ਪਿਤਾ ਸੋਢਬੰਸ ਅਵਿਤੰਸ ਚਮਕਾਰ ਸਮਝੋ
ਠਾਈ ਬਰਸਾਂ ਤੋਂ ਵੱਧ ਦਿਨ ਯਾਰਾਂ ਉਪਰ ਨਾਲ ਮਹੀਨੇ ਭੀ ਚਾਰ ਸਮਝੋ
ਗੁਰ ਗ਼ੱਦੀ ਉੱਤੇ ਬਿਰਾਜ ਹੋਏ ਲੱਖਾਂ ਜੀਆਂ ਦਾ ਕੀਤਾ ਉਧਾਰ ਸਮਝੋ
ਚੌਵੀ ਬਰਸ ਤੇ ਨੌ ਮਹੀਨੇ ਸਾਰੇ ਦੋ ਦਿਨ ਗੁਰਯਾਈ ਦੀ ਕਾਰ ਸਮਝੋ
ਕਰ,ਬਰਸ ਤ੍ਰਿਵੰਜਾ ਤੇ ਡੇਡ ਕੂ ਮਾਹ ਸਾਰੀ ਏਤਨੀ ਉਮਰ ਗੁਜ਼ਾਰ ਸਮਝੋ
ਜੋਤੀ ਜੋਤ ਸਮਾਇ ਕਰਤਾਰ ਸਿੰਘਾ ਭਾਰੇ ਕਰ ਕੇ ਪਰ-ਉਪਕਾਰ ਸਮਝੋ

(ਤਥਾ)

ਇਹਨਾਂ ਸਤਿਗੁਰਾਂ ਨੇ ਬੜੇ ਕੰਮਕੀਤੇ ਸਿੱਖ ਪੰਥ ਦੀ ਨੀਂਹ ਜਮਾਇ ਗਏ
ਅੰਮ੍ਰਿਤਸਰ, ਸੰਤੋਖਸਰ, ਰਾਮਸਰ ਭੀ ਤਰਨ ਤਾਰਨ ਤਾਲ ਲਵਾਇ ਗਏ
ਸ੍ਰੀ ਅੰਮ੍ਰਿਤਸਰ ਤੇ ਤਰਨ ਤਾਰਨ ਕਰਤਾਰ ਪੁਰ ਗਾਉਂ ਵਸਾਇ ਗਏ
ਸ੍ਰੀ ਗ੍ਰੰਥ ਜੀ ਦੀ ਬੀੜ ਤੱਯਾਰ ਕਰਕੇ ਬੜਾ ਪਰ ਉਪਕਾਰ ਕਮਾਇ ਗਏ
ਵੱਧ ਸਾਰੇ ਅਵਿਤਾਰਾਂ ਪੈਗ਼ੰਬਰਾਂ ਤੋਂ ਇਹ ਕਰਕੇ ਕੰਮ ਦਿਖਾਇ ਗਏ
ਰਚ ਹਰੀਮੰਦਰ ਕਰਤਾਰ ਸਿੰਘਾ ਮੁਕਤ ਭੁਗਤ ਦੇ ਦਰ ਖੁਲ੍ਹਾਇ ਗਏ

(ਗ੍ਰੰਥ ਦੇ ਸਮਾਪਤ ਹੋਣ ਦੀ ਤਾਰੀਖ਼)

ਬਾਰਾਂ ਚੇਤ ਤੇ ਮਾਰਚੋਂ ਚੌਵੀ ਹੈਸੀ ਅਤੇ ਦਿਨ ਸੋਹਣਾ ਐਤ ਵਾਰ ਭਾਈ
ਉਨ੍ਹੀ ਸੌ ਪਚਾਸੀਆਂ ਬਿਕ੍ਰਮੀ ਸੀ ਉਨ੍ਹੀ ਸੌ ਉਨੱਤੀ ਈਸਾ ਧਾਰ ਭਾਈ
ਸੰਨ ਚਾਰ ਸੌ ਸੱਠਵਾਂ ਗੁਰੂ ਨਾਨਕ ਦੋ ਸੌ ਤੀਹ ਸੀ ਖ਼ਾਲਸਾ ਸਾਰ ਭਾਈ
ਅੰਮ੍ਰਿਤਸਰ ਇਹ ਗ੍ਰੰਥ ਤੱਯਾਰ ਹੋਯਾ ਕ੍ਰਿਪਾ ਗੁਰਾਂ ਦੀ ਹੋਈ ਅਪਾਰ ਭਾਈ
ਗੁਰੂ ਪੰਥ ਦੀ ਨਜ਼ਰ ਮੱਨਜ਼ੂਰ ਹੋਵੇ ਮੇਰੀ ਬੇਨਤੀ ਇਹ ਬਾਰ ਬਾਰ ਭਾਈ
ਲੜੀ ਪੰਜਵੀਂ ਇਹ ਕਰਤਾਰ ਸਿੰਘਾ ਪੂਰੀ ਹੋ ਗਈ, ਸ਼ੁਕਰ ਹਜ਼ਾਰ ਭਾਈ

(ਤਾਕੀਦ)

ਜਿੰਨੇ ਗ੍ਰੰਥ ਮੁੜ ਨਵੇਂ ਤੱਯਾਰ ਕੀਤੇ ਹੱਕ ਸਭ ਦਾ ਪਾਸ ਰਖਾਇਆ ਮੈਂ
ਕੋਈ ਆੱਗਯਾ ਬਿਨ੍ਹਾਂ ਨ ਛਾਪ ਸੱਕੇ ਕਾਨੂਨ ਅਨੁਸਾਰ ਲਖਾਇਆ ਮੈਂ
ਉਹ ਹੋਇ ਮੁਜਰਮ ਜਿਹੜਾ ਕਰੇਚੋਰੀ ਲਿਖ ਲਿਖ ਢੰਡੋਰਾਫਿਰਾਇਆ ਮੈਂ
ਹੱਕ ਰਾਖਵੇਂ ਸਭ ਕਰਤਾਰ ਸਿੰਘਾ ਖ਼ਾਸੋ ਆਮ ਦੇ ਤਈਂ ਜਤਾਇਆ ਮੈਂ

ਸ੍ਰੀ ਖੜਗੇਸ਼ ਪ੍ਰਕਾਸ਼

ਏਦੂੰ ਅੱਗੇ ਛੇਵੇਂ ਪਾਤਸ਼ਾਹ ਜੀ ਦਾ ਪੜ੍ਹੋ ਗ੍ਰੰਥ ਜੋ ਧਰ ਹੁਲਾਸ ਲਿਖਯਾ
ਛੇਵੇਂ ਸਤਿਗੁਰਾਂ ਦੇ ਜੰਗਾਜੁੱਧਾਂ ਦਾ ਜੀ ਕਰ ਵੇਰਵਾਨਾਲ ਸੱਨਾਸ ਲਿਖਯਾ
ਸਵਾ ਤਿੰਨ ਸੌ ਤੋਂ ਸਫ਼ੇ ਵੱਧਓਹਦੇ ਸਿੱਖੀਸਿਦਕ ਪ੍ਰੇਮ ਦੀ ਰਾਸ ਲਿਖਯਾ
ਬੈਂਤਾਂਵਿੱਚ ਹੈ ਸਾਰਾ ਕਰਤਾਰਸਿੰਘਾ ਸੋਹਣਾ ਗ੍ਰੰਥ ਖੜਗੇਸ਼ਪ੍ਰਕਾਸ ਲਿਖਯਾ

(ਬੇਨਤੀ)

ਸਤਿਗੁਰਾਂ ਦੀ ਕਥਾ ਅਗਾਧਭਾਰੀ ਮੈਂ ਜੀਵ ਕਿਵੇਂ ਪਾਰ ਜਾਇ ਸੱਕਾਂ
ਭਰਯਾ ਯੱਸ ਸਮੁੰਦ ਅਥਾਹ ਭਾਰਾ ਕਿਵੇਂ ਅੰਤ ਬੇ ਅੰਤ ਦਾ ਪਾਇ ਸੱਕਾਂ
ਮੇਰੀ ਬੁੱਧ ਹੈ ਮੱਛਰੋਂ ਬਹੁਤ ਛੋਟੀ ਸਿਰ ਤੇ ਕਿਵੇਂ ਸੁਮੇਰ ਉਠਾਇ ਸੱਕਾਂ
ਸਤਿਗੁਰੂ ਲਿਖਵਾਨ ਸੋ ਲਿਖੀਜਾਂਦਾ ਅੱਖਰ ਆਪ ਨ ਇੱਕਬਣਾਇ ਸੱਕਾਂ
ਨ ਸ਼ਾਇਰ, ਕਵੀਸ਼ਰ, ਕਵੀ ਭੀ ਨ ਯਮਕ ਦਮਕ ਨ ਕੋਈਦਿਖਾਇ ਸੱਕਾਂ
ਗੁਰੂਪੰਥ ਦੀ ਮਿਹਰ ਕਰਤਾਰ ਸਿੰਘਾ ਭੁੱਲ ਹੋਇ, ਹੋ ਦਾਸ ਬਖ਼ਸ਼ਾਇ ਸੱਕਾਂ

ਪੰਜਾਬੀ ਬੈਂਤਾਂ ਵਿਚ

ਧਰਮ, ਇਖ਼ਲਾਕ, ਰਾਜਨੀਤ ਦੇ ਸਿਖਲਾਨ ਵਾਲਾ

ਕਿੱਸਾ, ਰੂਪ ਬਸੰਤ

ਏਸ ਕਿੱਸੇ ਵਿਚ ਸੰਗਲਾਦੀਪ ਦੇ ਰਾਜੇ ਖੜਗਸੈਨ ਦੇ ਦੂੰਹ ਪੁਤ੍ਰਾਂ,ਰੂਪ ਤੇ ਬਸੰਤ ਦਾ ਪੂਰਾ ਪੂਰਾ ਹਾਲ ਏਸਤਰ੍ਹਾਂ ਦਰਜ ਹੈ:-ਰਾਜੇ ਦੀ ਪਹਿਲੀ ਰਾਣੀਨੇ ਮਰ ਜਾਣਾ,ਬੁੱਢੇ ਵਾਰੇ ਰਾਜੇ ਨੇ ਹੋਰ ਮੁਟਿਆਰ ਰਾਣੀ ਵਿਆਹ ਲੈ ਆਉਣੀ।ਰਾਣੀ ਨੇ ਆਪਣੇ ਮਤ੍ਰੇਏ ਪੁਤ੍ਰ ਬਸੰਤ ਤੇ ਮੋਹਤ ਹੋਕੇ ਧਰਮੋਂ ਡੇਗਨ ਦੀ ਕੋਸ਼ਸ਼ ਕਰਨੀ, ਰਾਜਪੁਤ੍ਰ ਨੇ ਰਾਣੀ ਦੇ ਜਾਲ ਤੋਂ ਬਚਕੇ ਨਿਕਲ ਜਾਣਾ, ਰਾਣੀ ਨੇ ਰਾਜੇ ਪਾਸ ਝੂਠ ਬੋਲਕੇ ਬਸੰਤ ਨੂੰ ਦੇਸ ਨਿਕਾਲਾ ਦਵਾਨਾ,ਬਸੰਤ ਦੇ ਨਾਲ ਰੂਪ ਨੇ ਭੀ ਰਾਜ ਛੱਡ ਜਾਣਾ,ਦੋਹਾਂ ਭਰਾਵਾਂ ਨੂੰ ਬਿਪਤਾ, ਰਾਜ ਪੁਤ੍ਰਾਂ ਨੇ ਮਿਸਰ ਘਾਟ ਵੱਲ ਪਹੁੰਚਨਾ, ਬਸੰਤ ਦੇ ਉਤੇ ਮੁਸੀਬਤਾਂ ਦੇ ਪਹਾੜ ਡਿਗਨੇ,ਰੂਪ ਨੇ ਮਿਸਰ ਘਾਟ ਦੇ ਦੇਸ ਦਾ ਰਾਜਾ ਬਣਨਾ, ਬਸੰਤ ਨੇ ਇਕ ਸੌਦਾਗਰ ਦੇ ਹੱਥ ਆਕੇ ਆਸਾਮ ਦੇਸ ਵਿਚ ਪਹੁੰਚਨਾ,ਓਥੋਂ ਦੇ ਰਾਜੇ ਦੀ ਬੇਟੀ ਨਾਲ ਵਿਆਹ ਹੋਣਾ,ਸੌਦਾਗਰ ਨੇ ਬਸੰਤ ਦੀ ਰਾਣੀ ਤੇ ਮੋਹਤ ਹੋਕੇ ਉਸਨੂੰ ਸਮੁੰਦਰ ਵਿਚ ਸੁੱਟ ਦੇਣਾ, ਬਸੰਤ ਨੇ ਰੁੜ੍ਹਦਿਆਂ ੨ ਮਿਸਰ ਘਾਟ ਤੇ ਪਹੁੰਚਨਾ, ਤਕਦੀਰ ਨੇ ਦੋਹਾਂ ਭਿਰਾਵਾਂ ਦਾ ਫੇਰ ਮੇਲ ਕਰਾ ਦੇਣਾ, ਚਿਰ ਪਿਛੋਂ ਦੋਹਾਂ ਭਿਰਾਵਾਂ ਨੇ ਫੇਰ ਸੰਗਲਾਦੀਪ ਵਿਚ ਆਉਣਾ, ਇਹੋ ਜਹੇ ਬੜੇ ਬੜੇ ਸੋਹਣੇ ਤੇ ਸਵਾਦਲੇ ਪ੍ਰਸੰਗ ਏਸ ਕਿੱਸੇ ਵਿਚ ਦਰਜ ਹਨ, ਕਵਿਤਾ ਬੜੀ ਰਸਭਰੀ ਤੇ ਰੰਗੀਲੀ ਹੈ, ਮੋਖ ॥=)

ਪ੍ਰਸੰਗ

ਬਾਬੇ ਦੀ ਬੇਰ

ਗੁਰਦੁਆਰਾ ਸਿਆਲਕੋਟ

ਹਮਜ਼ਾ ਗੌਂਸ ਨੇ ਇਕ ਖੱਤ੍ਰੀ ਨਾਲ ਗੁਸੇ ਹੋਕੇ ਸਿਆਲਕੋਟ ਸ਼ਹਿਰ ਨੂੰ ਗਰਕ ਕਰਨ ਵਾਸਤੇ ਚਲੀਹੇ ਬੈਠਨਾ ਤੇ ਸਤਿਗੁਰੂ ਨਾਨਕ ਦੇਵ ਜੀ ਨੇ ਬੜੀ ਕਿਰਪਾ ਕਰਕੇ ਸਿਆਲਕੋਟ ਨੂੰ ਬਚਾਉਣ ਵਾਸਤੇ ਆਉਣਾ, ਫ਼ਕੀਰ ਨੇ ਮਕਬਰੇ ਵਿਚੋਂ ਕੱਢਕੇ ਸੱਚ ਝੂਠ ਦਾ ਨਤਾਰਾ ਕਰਨਾ, ਗੁਰੂ ਜੀ ਦਾ ਤੇਜ ਵੇਖਕੇ ਫ਼ਕੀਰ ਨੇ ਮੁਆਫ਼ੀ ਮੰਗਣੀ, ਫੇਰ ਗੁਰੂ ਜੀ ਨੇ ਓਸ ਅਸਥਾਨ ਨੂੰ ਵਰ ਦੇਇਕੇ ਚਲਿਆਂ ਜਾਣਾ,ਤਿੰਨ ਸੌ ਵਰ੍ਹੇ ਪਿਛੋਂ ਬਾਬਾ ਨੱਥਾ ਸਿੰਘ ਸ਼ਹੀਦ ਨੇ ਗੁਰਦੁਆਰੇ ਦੀ ਨੀਂਹ ਰੱਖਣੀ ਆਦਿ ਪ੍ਰਸੰਗ ਰਸੀਲੇ ਪੰਜਾਬੀ ਬੈਂਤਾਂ ਵਿਚ ਦਰਜ ਹਨ।

ਵਾਰਾਂ ਧਰਮ ਸ਼ਹੀਦਾਂ

ਨਿਰਸੰਦੇਹ ਢੱਡ ਸਾਰੰਗੇ, ਵੰਝਲੀ,ਨਗੋਜ਼ਿਆਂ ਅਤੇ ਢੋਲਕੀ ਛੈਣਿਆਂ ਆਦਿ ਨਾਲ ਗਾਉਣ ਵਾਲੇ ਸੱਜਨਾਂ ਲਈ ਇਹ ਪ੍ਰਸੰਗ ਬੜਾ ਹੀ ਸੁੰਦਰ ਹੈ, ਪਹਿਲੇ ਹਿੱਸੇ ਵਿਚ ਸ੍ਰੀ ਦਸ਼ਮੇਸ ਪਿਤਾ ਜੀ ਦਾ ਅਨੰਦ ਪੁਰ ਦਾ ਕਿਲ੍ਹਾ ਛੱਡਕੇ ਸਰਸੇ ਨਦੀ ਤੇ ਘਮਸਾਨ ਕਰ ਚਮਕੌਰ ਪਹੁੰਚਨਾ, ਕੇਵਲ ੪੦ ਸਿੰਘਾਂ ਨਾਲ ਦਸ ਲੱਖ ਵੈਰੀਆਂ ਦਾ ਮੁਕਾਬਲਾ ਕਰਨਾ, ਦੋਹਾਂ ਵੱਡੇ ਸਾਹਿਬਜ਼ਾਦਿਆਂ ਨੇ ਬੇਅੰਤ ਵੈਰੀਆਂ ਨੂੰ ਮਾਰ ਸ਼ਹੀਦ ਹੋਣਾ। ਦੂਜੇ ਹਿੱਸੇ ਵਿਚ ਸਰਹੰਦ ਵਿਚ ਛੋਟੇ ਦੋਹਾਂ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੀ ਸ਼ਹੀਦੀ ਪੌੜੀਆਂ ਵਿਚ ਦਰਜ ਹੈ। ਇਕਵਾਰ ਜ਼ਰੂਰ ਮੰਗਾਕੇ ਪੜ੍ਹੋ